
ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਰਚਨਾਵਲੀ-ਭਾਗ ਬਾਰ੍ਹਵਾਂ



ਸੰਪਾਦਕ ਅਤੇ ਪ੍ਰਕਾਸ਼ਕ

ਪ੍ਰੀਤਮ ਸਿੰਘ ਐਮ. ਏ.

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ - ਭਾਗ ਬਾਰ੍ਹਵਾਂ

Panth Rattan Bhai Ditt Singh Gyani Rachnavali - Bhag Barhvan

© ਸੰਪਾਦਕ ਅਤੇ ਪ੍ਰਕਾਸ਼ਕ :

ਪ੍ਰੀਤਮ ਸਿੰਘ ਐਮ.ਏ.

(ਅਰਥ ਸ਼ਾਸਤਰ ਅਤੇ ਲੋਕ ਪ੍ਰਸ਼ਾਸਨ)
ਜੌਇੰਟ ਡਾਇਰੈਕਟਰ (ਰਿਟਾ:)

ਪਤਾ:-

ਮਕਾਨ ਨੰ: ੪੧੬, ਸੈਕਟਰ ੬੪,
ਐਸ.ਏ.ਐਸ. ਨਗਰ (ਮੋਹਾਲੀ)
ਜ਼ਿਲ੍ਹਾ : ਐਸ.ਏ.ਐਸ. ਨਗਰ (ਪੰਜਾਬ) -੧੬੦੦੬੨
ਫੋਨ : ੦੧੭੨-੨੨੧੨੦੨੦
ਮੋਬਾਈਲ : ੦੯੪੧੭੪੬੧੬੨੫

ਪਹਿਲੀ ਵਾਰ : ੫੦੦ ਕਾਪੀ

ਸੰਨ : ਮਈ, ੨੦੧੦ ਈ:

ਕੀਮਤ : ਮੁਫ਼ਤ ਵੰਡ

ਛਾਪਕ : ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਫੇਜ਼-੭, ਮੋਹਾਲੀ

ਲੇਖਕ ਪ੍ਰੀਤਮ ਸਿੰਘ ਐਮ. ਏ. ਦੀਆਂ ਰਚਨਾਵਾਂ

੧. ਸੱਚੋ ਸੱਚ ਸੁਣੋ ਦੇਖੋ ਬੋਲੋ (ਲੇਖਕ ਅਤੇ ਪ੍ਰਕਾਸ਼ਕ) (ਨਵੰਬਰ, ੨੦੦੦ ਈ:)

੨. ਦਲਿਤ ਰਤਨਾਂ ਦੀ ਮਾਲਾ (ਲੇਖਕ ਅਤੇ ਪ੍ਰਕਾਸ਼ਕ) (ਫ਼ਰਵਰੀ, ੨੦੦੨ ਈ:)

੩. ਦਲਿਤ ਸਿੱਖ ਪੰਥ ਦੇ ਰਾਖੇ (ਲੇਖਕ ਅਤੇ ਪ੍ਰਕਾਸ਼ਕ) (ਜਨਵਰੀ, ੨੦੦੩ ਈ:)

੪. ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਦੀ ਰਚਨਾ- ਪੈਂਤੀ ਅੱਖਰ (ਸੰਪਾਦਕ ਤੇ ਪ੍ਰਕਾਸ਼ਕ) (ਸਤੰਬਰ, ੨੦੦੩ ਈ:)

੫. ਅਣਖੀ ਦਲਿਤ ਰਤਨ (ਲੇਖਕ ਅਤੇ ਪ੍ਰਕਾਸ਼ਕ) (ਜਨਵਰੀ, ੨੦੦੪ ਈ:)

੬. ਸੌ ਸਵਾਲ-ਜਵਾਬ (ਲੇਖਕ ਅਤੇ ਪ੍ਰਕਾਸ਼ਕ) (ਜੁਲਾਈ, ੨੦੦੪ ਈ:)

੭. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਰਚਨਾਵਲੀ-ਭਾਗ ਪਹਿਲਾ (ਸੰਪਾਦਕ ਅਤੇ ਪ੍ਰਕਾਸ਼ਕ) (ਜਨਵਰੀ, ੨੦੦੫ ਈ:)

੮. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਰਚਨਾਵਲੀ-ਭਾਗ ਦੂਜਾ (ਸੰਪਾਦਕ ਅਤੇ ਪ੍ਰਕਾਸ਼ਕ) (ਜੁਲਾਈ, ੨੦੦੫ ਈ:)

੯. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਰਚਨਾਵਲੀ ਭਾਗ ਤੀਜਾ (ਸੰਪਾਦਕ ਅਤੇ ਪ੍ਰਕਾਸ਼ਕ) (ਜਨਵਰੀ, ੨੦੦੬ ਈ:)

੧੦. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਰਚਨਾਵਲੀ ਭਾਗ ਚੌਥਾ (ਸੰਪਾਦਕ ਅਤੇ ਪ੍ਰਕਾਸ਼ਕ) (ਅਪ੍ਰੈਲ, ੨੦੦੬ ਈ:)

੧੧. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਰਚਨਾਵਲੀ ਭਾਗ ਪੰਜਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਸਤੰਬਰ, ੨੦੦੬ ਈ:)

ਲੇਖਕ ਪ੍ਰੀਤਮ ਸਿੰਘ ਐਮ. ਏ. ਦੀਆਂ ਰਚਨਾਵਾਂ

੧੨. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਰਚਨਾਵਲੀ ਭਾਗ ਛੇਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਜਨਵਰੀ, ੨੦੦੭ ਈ:)

੧੩. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਰਚਨਾਵਲੀ ਭਾਗ ਸੱਤਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਅਪ੍ਰੈਲ, ੨੦੦੭ ਈ:)

੧੪. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਰਚਨਾਵਲੀ ਭਾਗ ਅਠੱਵਾਂ (ਸੰਪਾਦਕਅਤੇ ਪ੍ਰਕਾਸ਼ਕ) (ਸਤੰਬਰ, ੨੦੦੭ ਈ:)

੧੫. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਰਚਨਾਂਵਲੀ ਭਾਗ ਨੌਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਮਾਰਚ, ੨੦੦੮ ਈ:)

੧੬. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਰਚਨਾਵਲੀ ਭਾਗ ਦਸਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਜੁਲਾਈ, ੨੦੦੮ ਈ:)

੧੭. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਰਚਨਾਵਲੀ ਭਾਗ ਗਿਆਰ੍ਹਵਾਂ (ਲੇਖਕ ਅਤੇ ਪ੍ਰਕਾਸ਼ਕ) (ਅਕਤੂਬਰ, ੨੦੦੮ ਈ:)

੧੮. ਪੰਜ ਨਾਦ (ਲੇਖਕ ਅਤੇ ਪ੍ਰਕਾਸ਼ਕ) (ਅਪ੍ਰੈਲ, ੨੦੦੯ ਈ:)

੧੯. ਅਨਮੋਲ ਸ਼ਬਦ (ਲੇਖਕ ਅਤੇ ਪ੍ਰਕਾਸ਼ਕ) (ਅਕਤੂਬਰ, ੨੦੦੯ ਈ:)

੨੦. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਮਈ, ੨੦੧੦ ਈ:)
ਰਚਨਾਵਲੀ – ਭਾਗ ਬਾਰ੍ਹਵਾਂ

੨੧. ਖੱਟੇ ਮਿੱਠੇ ਅਨੁਭਵ (ਲੇਖਕ ਅਤੇ ਪ੍ਰਕਾਸ਼ਕ) (ਅਕਤੂਬਰ, ੨੦੧੦ ਈ:)

੨੨-੨੫. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਛਪਾਈ ਅਧੀਨ)
ਰਚਨਾਵਲੀ – ਭਾਗ ਤੇਰ੍ਹਵਾਂ ਤੋਂ ਸੋਲ੍ਹਵਾਂ

੨੬. ਗਿਆਨ ਸਾਗਰ (ਲੇਖਕ ਅਤੇ ਪ੍ਰਕਾਸ਼ਕ) (ਤਿਆਰੀ ਅਧੀਨ)

੨੭. ਗਿਆਨ ਪ੍ਰਕਾਸ਼ (ਲੇਖਕ ਅਤੇ ਪ੍ਰਕਾਸ਼ਕ) (ਤਿਆਰੀ ਅਧੀਨ)

੨੮. Secrets of Success (ਲੇਖਕ ਅਤੇ ਪ੍ਰਕਾਸ਼ਕ) (ਤਿਆਰੀ ਅਧੀਨ)

(ਉਕਤ ਸਮੂਹ ਪੁਸਤਕਾਂ ਦੀ ਵੰਡ ਮੁਫ਼ਤ)

ਸਮਰਪਨ

ਵੀਹਵੀਂ ਪੁਸਤਕ
'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ-ਭਾਗ ਬਾਰ੍ਹਵਾਂ' ਪੰਥ ਦੇ ਮਹਾਨ ਸ਼ਹੀਦ, ਵੱਡੇ ਵਿਦਵਾਨ ਅਤੇ ਪਹਿਲੇ ਪੰਥ ਰਤਨ ਭਾਈ ਮਨੀ ਸਿੰਘ ਜੀ
(੧੬੪੪-੧੭੩੭ ਈ:) ਨੂੰ ਸਮਰਪਨ।

ਵਿਸ਼ੇ -ਸੂਚੀ

ਕ੍ਰਮ ਨੰ:	ਵਿਸ਼ੇ	ਪੰਨਾ ਨੰ:
੧	ਮੁੱਢਲੇ ਸ਼ਬਦ	੭
੨	'ਨੀਤੀ ਗੁਲਦਸਤਾ' ਬਾਰੇ	੧੩
੩	ਪੁਨਰ-ਛਾਪ-ਨੀਤੀ ਗੁਲਦਸਤਾ	੧੫
੪	'ਨੀਤੀ ਬਚਨ' ਬਾਰੇ	੨੩
੫	ਪੁਨਰ-ਛਾਪ-ਨੀਤੀ ਬਚਨ	੨੫
੬	'ਚੋਣਵੇਂ ਲੇਖ' ਬਾਰੇ	੪੬
੭	ਪੁਨਰ-ਛਾਪ-ਚੋਣਵੇ ਲੇਖ	੪੯
੮	ਚੋਣਵੀਆਂ ਪੁਸਤਕਾਂ ਦੀ ਸੂਚੀ	੧੬੭

ਮੁੱਢਲੇ ਸ਼ਬਦ

ਨਿਸਚਿਤ ਕੀਤੇ ਜਾਂ ਆਖ ਲਵੋ ਕਿ ਵਿਉਂਤੇ ਸਮੇਂ ਅਨੁਸਾਰ ਜਦੋਂ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਦੇ ਗਿਆਰਾਂ ਭਾਗ (੧ ਤੋਂ ੧੧) ਸੰਪਾਦਤ ਅਤੇ ਪ੍ਰਕਾਸ਼ਤ ਕਰਨ ਵਿੱਚ ਸਫ਼ਲ ਹੋਇਆ ਤਾਂ ਮੈਂ ਆਪਣੇ ਕੀਤੇ ਪ੍ਰਣ/ਸੰਕਲਪ ਮੁਤਾਬਕ ਆਪਣੀਆਂ ਦੋ ਲਿਖਤਾਂ "ਪੰਜ ਨਾਦ, ਅਤੇ ਅਨਮੋਲ ਸ਼ਬਦ" ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾਉਣ ਵਿੱਚ ਕਾਮਯਾਬ ਹੋਇਆ ਤਾਂ ਵੀ ਮੇਰੇ ਪਾਸ ਪ੍ਰਮਾਤਮਾ ਪਾਸੋਂ ਦਲਿਤ ਸਮਾਜ ਲਈ ਮੰਗੀ ਜ਼ਿੰਦਗੀ ਦੇ ਦੂਜੇ ਰੁੰਗੇ ਵਿਚੋਂ ਅਜੇ ਕੁਝ ਸਮਾਂ ਬਾਕੀ ਬਚਿਆ ਮਾਲੂਮ ਹੋਇਆ। ਵਿਹਲਾ ਬੈਠਣਾਂ ਤਾਂ ਮੇਰੀ ਜ਼ਿੰਦਗੀ ਦਾ ਮਖ਼ਸਦ ਹੀ ਨਹੀਂ ਹੈ ਜਿਸ ਕਰਕੇ ਮੈਂ ਸੋਚਿਆ ਕਿ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੀਆਂ ਮੂਲ ਕ੍ਰਿਤਾਂ ਦੀਆਂ ਪੁਨਰ-ਛਾਪਾਂ ਅਜੇ ਵੀ ਬਾਕੀ ਬਚੀਆਂ ਪਈਆਂ ਹਨ, ਕਿਉਂ ਨਾ ਰਚਨਾਵਲੀ ਦੀ ਲੜੀ ਦੇ ਯੱਗ ਨੂੰ ਅਗੇ ਤੋਰਿਆ ਜਾਵੇ। ਇਸ ਤਰ੍ਹਾਂ ਰਚਨਾਵਲੀ ਦੀ ਲੜੀ ਦੇ ਪੰਜ ਹੋਰ ਭਾਗ ਭਾਵ ਭਾਗ ਬਾਰ੍ਹਵਾਂ,ਤੇਰ੍ਹਵਾਂ, ਚੌਧਵਾਂ, ਪੰਦਰ੍ਹਵਾਂ ਅਤੇ ਸੋਲ੍ਹਵਾਂ ਸੰਪਾਦਤ ਅਤੇ ਪ੍ਰਕਾਸ਼ਤ ਕਰਨ ਉਪਰੰਤ ਮੁਫ਼ਤ ਵੰਡਣ ਦਾ ਕੰਮ ਹੱਥ ਵਿੱਚ ਲੈ ਲਿਆ। ਰਚਨਾਵਲੀ ਦੇ ਸੋਲ੍ਹਵਾਂ ਭਾਗ ਛੱਪਣ ਨਾਲ ਗਿਆਨੀ ਜੀ ਦੀਆਂ ੭੧ ਕ੍ਰਿਤਾਂ ਵਿਚੋਂ ੪੧ ਕ੍ਰਿਤਾਂ ਦੀਆਂ ਪੁਨਰ-ਛਾਪਾਂ ਪੰਜਾਬੀ ਪਾਠਕਾਂ ਤੱਕ ਪਹੁੰਚ ਜਾਣਗੀਆਂ।

ਪੰਜਾਬੀ ਸਾਹਿਤ ਦੇ ਅਮੀਰ ਵਿਰਸੇ ਨੂੰ ਉਜਾਗਰ ਕਰਨ ਲਈ ਅਤੇ ਇਸ ਦਾ ਸਹੀ ਮੁਲਾਂਕਣ ਕਰਨ ਦੇ ਉਦੇਸ਼ ਕਰਕੇ ਭਾਈ ਸਾਹਿਬ ਦੀਆਂ ਕ੍ਰਿਤਾਂ ਦੀ ਪੁਨਰ ਛਾਪ ਰੂਪ ਰਚਨਾਵਲੀ ਦੀ ਲੜੀ ਭਾਗ ਬਾਰ੍ਹਵਾਂ ਤੋਂ ਸੋਲ੍ਹਵਾਂ ਆਰੰਭ ਕੀਤੀ ਗਈ । ਭਾਈ ਦਿੱਤ ਸਿੰਘ ਗਿਆਨੀ ਸਿੱਖ ਧਰਮ ਦੇ ਅਤੇ ਪੰਜਾਬੀ ਸਾਹਿਤ ਦੇ ਪਹਿਲੇ ਅਤੇ ਪ੍ਰਸਿੱਧ ਵਿਦਵਾਨ ਸਨ। ਗੁਰਮਤਿ ਸਾਹਿੱਤ ਦੀ ਵਿਆਖਿਆ ਕਰਨਾ ਉਹਨਾਂ ਦਾ ਜੀਵਨ-ਮਨੋਰਥ ਸੀ। ਇਸ ਸਬੰਧ ਵਿੱਚ ਉਹਨਾਂ ਨੇ ਅਨੇਕਾਂ ਮਹੱਤਵਪੂਰਣ ਪੁਸਤਕਾਂ ਦੀ ਰਚਨਾ ਕੀਤੀ। ਉਹਨਾਂ ਦੀ ਲਿਖੀ ਪੁਸਤਕ 'ਪ੍ਰਤਗਯਾ ਪਾਲਣ' 'ਨੀਤੀ ਪ੍ਰਕਾਸ਼' 'ਨੀਤੀ ਗੁਲਦਸਤਾ' 'ਨੀਤੀ ਬਚਨ, ਗੁਰੂ ਨਾਨਕ ਦਰਸ਼ਨ ਆਦਿ, ਸਿੱਖ ਸਿਧਾਂਤਾਂ ਸਬੰਧੀ ਪ੍ਰਮਾਣਿਕ ਪੁਸਤਕਾਂ ਸਮਝੀਆਂ ਜਾਂਦੀਆਂ ਹਨ। ਉਹਨਾਂ ਨੇ ਪੰਜਾਬੀ ਦੇ ਵਿਕਾਸ ਖੇਤਰ, ਧਾਰਮਕ, ਸਾਹਿੱਤਕ, ਸਮਾਜਕ ਅਤੇ ਇਤਿਹਾਸਕ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਅਤੇ ਉਹਨਾਂ ਦੀ ਛਾਪ ਮੌਜੂਦ ਹੈ। ਸੱਚਮੁੱਚ ਉਹ ਉਨੀਵੀਂ ਸਦੀ ਦੀ ਮਹੱਤਵਪੂਰਣ ਸ਼ਖਸੀਅਤ ਸਨ ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਖਤਮ ਹੋਣ ਪਿਛੋਂ ਬਹੁਤ ਸਾਰੇ ਭਟਕੇ ਹੋਏ ਸਿੱਖ ਆਪਣੇ ਧਰਮ ਤੋਂ ਦੂਰ ਹੋਣੇ ਸ਼ੁਰੂ ਹੋ ਗਏ ਅਤੇ ਸਿੱਖਾਂ ਦੀ ਗਿਣਤੀ ਇੱਕ ਕਰੋੜ ਤੋਂ ਘੱਟ ਕੇ ਕੇਵਲ ੧੮ ਲੱਖ ਰਹਿ ਗਈ ਸੀ । ਬਰਤਾਨੀਆਂ ਸਰਕਾਰ ਨੇ ਤਾਂ ਇਹ ਭਵਿੱਖ ਬਾਣੀ ਵੀ ਕਰ ਦਿੱਤੀ ਸੀ ਕਿ ੧੯੦੦ ਈ: ਤੱਕ ਸਿੱਖ ਕੌਮ ਦਾ ਖਾਤਮਾ ਹੋ ਜਾਵੇਗਾ। ਸਿੱਖ ਕੌਮ ਦੀ ਇਸ ਨਾਜ਼ੁਕ ਘੜੀ ਵਿੱਚ ਅਕਾਲ ਪੁਰਖ ਪ੍ਰਮਾਤਮਾ ਨੇ ੨੧ ਅਪ੍ਰੈਲ, ੧੮੫੦ ਈ: ਨੂੰ ਪਿੰਡ ਕਲੌੜ ਜਿਲ੍ਹਾ ਫਤਿਹਗੜ੍ਹ ਸਾਹਿਬ (ਪੰਜਾਬ) ਵਿੱਚ ਰਵਿਦਾਸੀਆ ਬਰਾਦਰੀ ਦੇ ਸੰਤ ਦੀਵਾਨ ਸਿੰਘ ਅਤੇ ਮਾਤਾ ਰਾਮ ਕੌਰ ਦੇ ਘਰ ਵਿਖੇ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਨੂੰ ਜਨਮ ਦੇ ਕੇ ਭੇਜਿਆ ਸੀ ।

ਬਿਬੇਕਵਾਦੀ ਸੋਚਣੀ ਅਤੇ ਗੁਰਬਾਣੀ ਦੇ ਉੱਚੇ ਸੁਲਹਕੁਲ ਆਦਰਸ਼ਾਂ ਨੇ ਮਿਲ ਕੇ ਭਾਈ ਸਾਹਿਬ ਨੂੰ ਆਪਣੇ ਸਮੇਂ ਦਾ ਅਦੁੱਤੀ ਇਨਸਾਨ ਬਣਾ ਦਿੱਤਾ ਹੋਇਆ ਸੀ। ਉਹ ਆਪਣੇ ਆਪ ਵਿੱਚ ਇਕ ਸੰਸਥਾ ਸਨ, ਤੇ ਉਨ੍ਹਾਂ ਦੇ ਨਿੱਜੀ ਗੁਣ ਸਮੂਹ ਉਪਰ ਹਾਵੀ ਰਹਿੰਦੇ ਸਨ। ਆਪ ਦੇ ਨਿੱਜੀ ਗੁਣਾਂ ਵਿੱਚ ਸੰਜਮ ਤੇ ਵਕਤ ਦੀ ਪਾਬੰਦੀ ਨੂੰ ਖਾਸ ਸਥਾਨ ਹਾਸਲ ਸੀ। ਇਹ ਦੋਵੇਂ ਗੁਣ ਆਪ ਨੇ ਆਪਣੇ ਜੀਵਨ ਦੀਆਂ ਵਿਸ਼ੇਸ਼ ਸਥਿਤੀਆਂ ਤੋਂ ਹਾਸਲ ਕੀਤੇ ਸਨ। ਘਰ ਵਿੱਚ ਗਰੀਬੀ ਸੀ ਤੇ ਜੀਵਨ-ਘੋਲ ਕਰੜਾ ਕਰਨਾ ਪਿਆ ਸੀ। ਇਸ ਹਾਲਤ ਵਿੱਚ ਪਾਈ ਪਾਈ ਤਕ ਦਾ ਧਿਆਨ ਰੱਖਣ ਦੀ ਲੋੜ ਸੀ ਤੇ ਜ਼ਿੰਦਗੀ ਦੇ ਹਰੇਕ ਪਲ ਨੂੰ ਲਾਭਕਾਰੀ ਢੰਗ ਨਾਲ ਵਰਤਣ ਦੀ ਅਵੱਸ਼ਕਤਾ ਸੀ। ਇਸ ਚੀਜ਼ ਨੇ ਆਪ ਨੂੰ ਸੰਗ ਸਰਫੇ ਨਾਲ ਚਲਣ ਤੇ ਵਕਤ ਦੀ ਪਾਬੰਦੀ ਕਰਨੀ ਸਿਖਾ ਦਿੱਤੀ ਸੀ। ਫਿਰ, ਜਦੋਂ ਆਪ ਓਰੀਐਂਟਲ ਕਾਲਜ, ਲਾਹੌਰ ਵਿੱਚ ਧਰਮ-ਸਿੱਖਿਆ ਦੇ ਪ੍ਰੋਫੈਸਰ ਲਗੇ, ਤਾਂ ਇਨ੍ਹਾਂ ਗੁਣਾਂ ਨੂੰ ਸੰਭਾਲਣਾ ਤੇ ਫਲੀਭੂਤ ਕਰਨਾ ਹੋਰ ਵੀ ਜ਼ਰੂਰੀ ਹੋ ਗਿਆ।

ਭਾਈ ਸਾਹਿਬ ਦਾ ਦੂਜਾ ਮੀਰੀ ਗੁਣ ਸੰਜਮ ਸੀ। ਇਕ ਦ੍ਰਿਸ਼ਟੀ ਨਾਲ ਦੇਖਿਆ ਜਾਏ ਤਾਂ ਵਕਤ ਦੀ ਪਾਬੰਦੀ' ਸੰਜਮ ਵਾਲੇ ਗੁਣ ਦਾ ਹੀ ਇਕ ਪ੍ਰਗਟਾਵਾ ਹੈ। ਫ਼ਰਕ ਕੇਵਲ ਇਹ ਹੈ ਕਿ ਵਕਤ ਦੀ ਪਾਬੰਦੀ ਦਾ ਅਸਰ ਦੂਜਿਆ ਉਤੇ ਵੀ ਪੈਂਦਾ ਹੈ, ਜਦੋਂ ਕਿ ਸੰਜਮ ਦਾ ਅਸਰ ਮੁੱਖ ਰੂਪ ਵਿੱਚ ਵਿਅਕਤੀ ਦੇ ਆਪਣੇ ਉੱਤੇ ਪੈਂਦਾ ਹੈ। ਖ਼ੈਰ, ਭਾਈ ਸਾਹਿਬ ਦੀ ਹਰੇਕ ਚੀਜ਼ ਵਿੱਚ ਸੰਜਮ ਵਿਦਮਾਨ ਸੀ, ਤੇ ਇਸ ਕਾਰਣ ਉਨ੍ਹਾਂ ਦੇ ਜੀਵਨ ਵਿੱਚ ਇਕ ਨਿਰਾਲੀ ਸਾਦਗੀ, ਇਕ ਵਿਚਿੱਤਰ ਸਰਲਤਾ ਸੀ। ਉਨ੍ਹਾਂ ਦਾ ਖਾਣਾ ਅਤਿ ਸਾਦਾ ਹੁੰਦਾ ਸੀ- ਅਜੇਹਾ ਜਿਸ ਨੂੰ ਅਸੀਂ "ਸਾਤ੍ਰਿਕ" ਭੋਜਨ ਆਖ ਸਕਦੇ ਹਾਂ। ਸਬਜ਼ੀਆਂ, ਦਾਲ ਰੋਟੀ, ਦੁੱਧ ਦਹੀਂ ਅਤੇ ਫਲ ਉਨ੍ਹਾਂ ਦੀ ਖੁਰਾਕ ਦਾ ਮੁੱਖ ਅੰਗ ਸਨ।

ਪੰਥ ਦੇ ਮਹਾਨ ਵਿਦਵਾਨ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਨੇ ਸਿੱਖੀ ਦਾ ਪ੍ਰਚਾਰ ਕਰਕੇ ਸਿੱਖ ਜਗਤ ਵਿੱਚ ਪ੍ਰਸਿੱਧੀ ਖੱਟੀ ਸੀ। ਆਪ ਜੀ ਦੇ ਉਪਦੇਸ਼ ਸੁਣਨ ਦਾ ਸੁਭਾਗਯ ਸਮਾਂ ਅੱਜ ਦੇ ਕਿਸੇ ਵੀ ਗੁਰਸਿੱਖ ਸੱਜਣ ਨੂੰ ਪ੍ਰਾਪਤ ਤਾਂ ਨਹੀਂ ਹੋਇਆ ਤਾਂ ਆਪ ਜੀ ਨੇ ਅਣਥੱਕ ਮਿਹਨਤ ਅਤੇ ਲਗਣ ਨਾਲ ਸਿੱਖ ਜਗਤ ਦੀ ਝੋਲੀ ੭੧ ਪੁਸਤਕਾਂ ਲਿਖਕੇ ਸਿੱਖ ਸਰਧਾਲੂਆਂ ਤੱਕ ਆਪਣੇ ਬਹੁ-ਮੁੱਲੇ ਵਿਚਾਰ ਪਹੁੰਚਾਣ ਦਾ ਯਤਨ ਕੀਤਾ ਸੀ ਤਾਂ ਕਿ ਸਿੱਖ ਸੰਗਤ ਉਹਨਾਂ ਦੀਆਂ ਰਚਿਤ ਪੁਸਤਕਾਂ ਪੜ੍ਹਕੇ ਉਨ੍ਹਾਂ ਦੇ ਗਿਆਨ ਤੋਂ ਪੂਰਾ-੨ ਲਾਭ ਉਠਾ ਸਕੇ।

ਸਿੱਖ ਜਗਤ ਦੀ ਅਜ਼ੀਮ ਸ਼ਖਸੀਅਤ ਫ਼ਖਰੇ-ਕੌਮ ਅਤੇ ਧੁਰੰਧਰ ਵਿਦਵਾਨ ਗਿਆਨੀ ਦਿੱਤ ਸਿੰਘ ਜੀ ਸਨ। ਉਹ ਲੰਮੇ-ਉੱਚੇ ਕੱਦ ਅਤੇ ਚੁਸਤ ਸਰੀਰ ਦੇ ਮਾਲਕ, ਸਫੇਦ ਦਸਤਾਰ ਸਜਾਉਂਦੇ, ਗੁਰਮੁਖੀ ਦਾੜਾ, ਰੱਬੀ ਸਰੂਰ, ਤੇਜੱਸਵੀ ਨੈਣ, ਕੁੜਤਾ ਅਤੇ ਅਚਕਣ ਅਤੇ ਮੋਢੇ ਉੱਤੇ ਚੱਦਰ ਰੱਖਦੇ ਹੰਸ ਵਰਗੀ ਚਾਲ ਚਲਦੇ ਸਨ। ਕਿਸੇ ਸਿੰਘ ਸਭਾ ਦਾ ਦੀਵਾਨ, ਪੰਥ ਦਾ ਸਮਾਗਮ ਜਾਂ ਸਤਿ ਪੁਰਸ਼ਾਂ ਦੇ ਸੱਦੇ ਇਕੱਠ ਦੀ ਬੇ-ਓੜਕ ਰੌਣਕ ਬਣ ਜਾਂਦੇ ਸਨ ਭਾਵੇਂ ਉਹਨਾਂ ਨੂੰ ਚਾਲੀ-ਪੰਜਾਹ ਮੀਲ ਪੈਦਲ ਕਿਉਂ ਨਾ ਚਲਣਾ ਪੈਂਦਾ।

ਉਹ ਸਮੁੱਚੀ ਮਨੁੱਖਤਾ ਦੇ ਦਰਦੀ ਸਨ। ਦੋਸਤਾਂ ਦੇ ਦੋਸਤ, ਸੋਚ ਦੇ ਸਾਗਰ, ਗੁਰਮਤਿ ਲਈ ਗੌਰਵ, ਦੁਸ਼ਮਣਾਂ ਲਈ ਭੜਪ, ਗੁਰੂ ਪੰਥ ਲਈ ਤੜਪ, ਵਿਰੋਧੀਆਂ ਲਈ ਵੀ ਵਿਰੋਧ ਨਹੀ, ਨਿਰਛਲ ਅਤੇ ਨਿਰੋਈ-ਆਤਮਾ ਦੇ ਮਾਲਕ, ਨਿਧੜਕ ਵਕਤਾ, ਉਪਦੇਸ਼ਕ, ਟੀਕਾਕਾਰ, ਵਿਆਖਿਆਕਾਰ, ਬੋਲਾਂ ਵਿੱਚ ਬਰਕਤ ਅਤੇ ਕਦਮਾਂ ਵਿੱਚ ਇਨਕਲਾਬ ਝਲਕਦਾ ਸੀ। ਗੁਰਮਤਿ ਲਈ ਸਾਹਸ, ਅੰਮ੍ਰਿਤ ਲਈ ਦ੍ਰਿੜਤਾ, ਨਿੱਤ ਨੇਮੀ, ਗੁਰੂ ਪ੍ਰਤੀ ਅਥਾਹ ਪਿਆਰ ਅਤੇ ਸ਼ਰਧਾ ਰੱਖਦੇ ਹੋਏ ਆਪਜੀ ਨੇ ੧੮੭੩ ਈ: ਤੋਂ ੬ ਸਤੰਬਰ,੧੯੦੧ ਈ: ਭਾਵ ਅੰਤਮ ਚਲਾਣੇ ਤੱਕ ਸਿੱਖੀ ਦੇ ਬੂਟੇ ਨੂੰ ਆਪਣੇ ਖ਼ੂਨ ਨਾਲ ਸਿੰਜਿਆ ਅਤੇ ਪ੍ਰਫੁੱਲਤ ਕੀਤਾ ਸੀ।

ਗਿਆਨੀ ਜੀ ਦੇ ਜੀਵਨ ਅਤੇ ਸ਼ਖਸ਼ੀਅਤ ਬਾਰੇ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ-ਪਹਿਲਾ ਦੇ ਪੰਨਾ ੧੧ ਤੋਂ ੩੬ ਉਤੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਗਿਆਨੀ ਜੀ ਨੇ ਆਪਣੇ ਛੋਟੇ ਜਿਹੇ ਜੀਵਨ ਕਾਲ (੧੮੫੦-੧੯੦੧ ਈ:) ਦੌਰਾਨ ਮਾਂ ਬੋਲੀ ਪੰਜਾਬੀ ਸਾਹਿਤ ਦੀ ਝੋਲੀ ੭੧ ਪੁਸਤਕਾਂ ਨਾਲ ਹਰੀ ਭਰੀ ਕੀਤੀ ਸੀ ਅਤੇ ਉਹਨਾਂ ਦੀਆਂ ਕ੍ਰਿਤਾਂ ਦੀ ਸੂਚੀ ਹੇਠ ਦਿੱਤੀ ਹੈ:-

੧. ਸ਼ੀਰੀਂ ਫਰਹਾਦ
੨. ਅਬਲਾ ਨਿੰਦ
੩. ਮਨ ਸੰਬੋਧਨ ਗ੍ਰੰਥ
੪. ਧੰਮਾ ਪ੍ਰਬੋਧ
੫ ਗੁੱਗਾ ਗਪੋੜਾ
੬ ਮੀਰਾਂ ਮਨੌਤ
੭ ਡਰਪੋਕ ਸਿੰਘ ਅਤੇ ਦਲੇਰ ਸਿੰਘ
੮ ਮੇਰਾ ਅਤੇ ਸਾਧੂ ਦਯਾ ਨੰਦ ਦਾ ਸੰਬਾਦ
੯ ਸ੍ਰੀ ਗੁਰੂ ਅਰਜਨ ਚਰਿੱਤ (ਸਹੀਦੀ)
੧੦. ਭਾਈ ਬੋਤਾ ਸਿੰਘ ਦੀ ਸਹੀਦੀ
੧੧. ਭਾਈ ਤਾਰਾ ਸਿੰਘ ਵਾਈਏਂ ਦੀ ਸਹੀਦੀ
੧੨. ਮੀਰਾਂ ਕੋਟੀਏ ਭਾਈ ਮਤਾਬ ਸਿੰਘ ਦੀ ਬਹਾਦਰੀ
੧੩. ਭਾਈ ਤਾਰੂ ਸਿੰਘ ਦੀ ਸਹੀਦੀ
੧੪. ਭਾਈ ਸੁਬੇਗ ਸਿੰਘ ਦੀ ਸਹੀਦੀ
੧੫. ਸਿੱਖ ਬੱਚੇ ਦੀ ਸਹੀਦੀ
੧੬. ਸਿੰਘਣੀਆਂ ਦੇ ਸਿੱਦਕ
੧੭. ਸਰਹੱਦ ਤੇ ਪਲਟਨ ਨੰ: ੧੫ ਦੀ ਬਹਾਦਰੀ
੧੮. ਸੁਪਨ ਨਾਟਕ
੧੯ ਗੁਰਮਤ ਆਰਤੀ ਪ੍ਰਬੋਧ
੨੦. ਧਰਮ ਦਰਪਣ
੨੫. ਜੀਵਨ ਕਥਾ ਗੁਰੂ ਅੰਗਦ ਦੇਵ ਜੀ
੨੬. ਗੁਰੂ ਅਮਰ ਪ੍ਰਬੋਧ(ਭਾਗ ੧)
੨੭. ਜੀਵਨ ਕਥਾ ਗੁਰੂ ਅਮਰਦਾਸ ਜੀ
੨੮. ਸ੍ਰੀ ਗੁਰੂ ਰਾਮਦਾਸ ਪ੍ਰਬੋਧ (ਭਾਗ ੧)
੨੯. ਜੀਵਨ ਕਥਾ ਗੁਰੂ ਅਰਜਨ ਦੇਵ ਜੀ
੩੦. ਸ੍ਰੀ ਗੁਰੂ ਅਰਜਨ ਪ੍ਰਬੋਧ (ਭਾਗ ੧)
੩੧. ਜੀਵਨ ਕਥਾ ਗੁਰੂ ਹਰਿ ਰਾਇ ਜੀ
੩੨. ਜੀਵਨ ਕਥਾ ਗੁਰੂ ਹਰਿ ਕ੍ਰਿਸ਼ਨ ਜੀ
੩੩. ਜੀਵਨ ਕਥਾ ਗੁਰੂ ਤੇਗ ਬਹਾਦਰ ਜੀ
੩੪. ਕਲਗੀਧਰ ਉਪਕਾਰ
੩੫. ਦਸਮ ਗੁਰੂ ਜੀ ਦੇ ਚਰਿੱਤ
੩੬. ਭਾਰਤ ਮੰਗਲ
੩੭. ਸ੍ਰੀ ਗੁਰਬਾਣੀ ਪ੍ਰਬੋਧ
੩੮. ਪ੍ਰਤੱਗਯਾ ਪਾਲਨ
੩੯. ਅੰਮ੍ਰਿਤ ਵਧਾਈ
੪੦. ਨੀਤੀ ਗੁਲਦਸਤਾ
੪੧. ਨੀਤੀ ਪ੍ਰਕਾਸ
੪੨. ਰਾਜ ਪ੍ਰਬੋਧ ਨਾਟਕ
੪੩. ਅਵਤਾਰ ਪ੍ਰਬੋਧ
੪੪. ਪੰਥ ਸੁਧਾਰ ਬਿਨਯ ਪੱਤਰ

੨੧. ਸੁਲਤਾਨ ਪੁਆੜਾ
੨੨. ਜਨਮ ਸਾਖੀ ਗੁਰੂ ਨਾਨਕ ਦੇਵ ਜੀ
੨੩. ਸ੍ਰੀ ਗੁਰੂ ਨਾਨਕ ਪ੍ਰਬੋਧ
੨੪. ਸ੍ਰੀ ਗੁਰੂ ਨਾਨਕ ਦਰਸਨ
੪੯. ਦੰਭ ਵਿਦਾਰਨ
੫੦. ਦੁਰਗਾ ਪ੍ਰਬੋਧ
੫੧. ਦਿੱਤ ਹਰੀ ਉਪਦੇਸ ਮਾਲਾ
੫੨. ਵੇਦਕ ਰਿਸੀਆਂ ਦੇ ਇਲਮ ਤੇ ਹੁਨਰ
੫੩* ਸਹੀਦੀ ਪ੍ਰਬੋਧ(ਸਹੀਦੀ ਸਾਕੇ)
੫੪* ਪੁਜਾਰੀ ਪ੍ਰਬੋਧ
੫੫* ਪਤਿਤ ਪਾਵਨ
੫੬* ਧਰਮ ਸੰਸਕਾਰ
੫੭* ਗੁਰੂ ਹਰਿ ਰਾਇ ਪ੍ਰਬੋਧ
੫੮* ਪੰਥ ਪ੍ਰਬੋਧ
੫੯* ਮੀਰਾਂ ਮਨੌਤ ਸੈਲਾਨੀ ਸਿੰਘ (ਭਾਗ ੨)
੬੦* ਨੀਤੀ ਵਿਚਾਰ
੪੫. ਖਾਲਸਾ ਪੱਤਰ
੪੬. ਸਮਸਿਆ ਪੂਰਤੀ
੪੭. ਨਕਲੀ ਸਿੱਖ ਪ੍ਰਬੋਧ
੪੮*. ਨੀਤੀ ਬਚਨ
੬੧+ ਬਿਨੰਤੀ
੬੨** ਗੁਰ ਗਿਯਾਨ ਪ੍ਰਬੋਧ
੬੩** ਖਾਲਸਾ ਪ੍ਰਬੋਧ
੬੪** ਗੁਰਮਤ ਉਪਦੇਸ ਪ੍ਰਬੋਧ
੬੫.++ ਕਿਆ ਵੇਦ ਇਲਹਾਮੀ ਹੈ?
੬੬.++ ਵੇਦਾਂ ਦੀ ਜਾਦੂਗਰੀ
੬੭.++ ਵੇਦਕ ਯੱਗ ਤੇ ਕੁਰਬਾਨੀਆਂ
੬੮.++ ਵੇਦਕ ਰਿਸੀਆਂ ਦੀ ਤਹਿਜੀਬ
੬੯.++ ਵੇਦਕ ਮੱਤ
੭੦.++ ਵੇਦਕ ਰੀਤਾਂ ਰਸਮਾਂ
੭੧. ਚੋਣਵੇਂ ਲੇਖ

'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ-ਬਾਰ੍ਹਵਾਂ' ਵਿੱਚ ਗਿਆਨੀ ਜੀ ਦੀਆਂ ਤਿੰਨ ਕ੍ਰਿਤਾਂ (੧) ਨੀਤੀ ਗੁਲਦਸਤਾ (੨) ਨੀਤੀ ਬਚਨ (੩) ਚੋਣਵੇ ਲੇਖ ਬਤੌਰ ਪੁਨਰ-ਛਾਪ ਸ਼ਾਮਲ ਕੀਤੀਆਂ ਗਈਆਂ ਹਨ। ਗਿਆਨੀ ਜੀ ਨੇ 'ਨੀਤੀ ਗੁਲਦਸਤਾ' ਦੇ ੩੧ ਨੀਤੀ ਦੋਹਰਿਆਂ ਵਿੱਚ ਸੱਜਨ ਪੁਰਖਾਂ ਦੇ ਗੁਣਾਂ ਸਬੰਧੀ ਉਲੇਖ ਕੀਤਾ ਹੈ ਅਤੇ ਫੁੱਲ, ਸੋਨਾ, ਹਵਾ, ਸੂਰਜ, ਚੰਦਨ, ਬ੍ਰਿਖ ਆਦਿ ਦੀਆਂ ਉਧਾਰ੍ਹਨਾਂ ਦੇ ਕੇ ਉਪਦੇਸ਼ ਦਿੰਦੇ ਹਨ ਕਿ ਅੱਛੇ ਪੁਰਖ ਦੁੱਖ ਵਿੱਚ ਵੀ ਹਮੇਸ਼ਾਂ ਆਪਣੇ ਗੁਣਾਂ ਦਾ ਤਿਆਗ ਨਹੀਂ ਕਰਦੇ ਅਤੇ ਮੂਰਖ ਆਦਮੀਆਂ ਨੂੰ ਆਪਣੇ ਗੁਣਾਂ ਦੀ ਸੁਗੰਧੀ ਦਿੰਦੇ ਰਹਿੰਦੇ ਹਨ।

'ਨੀਤੀ ਬਚਨ' ਪੁਸਤਕ ਵਿੱਚ ੫੯ ਨੀਤੀ ਬਚਨਾਂ ਸਬੰਧੀ ਗਿਆਨੀ ਜੀ ਦੇ ਰਚੇ ਦੋਹਰੇ ਹਨ। ਜਿਨਾਂ ਦੀ ਗਿਆਨੀ ਜੀ ਨੇ ਆਪਣੀ ਕਲਮ ਨਾਲ ਵਿਆਖਿਆ ਵੀ ਕੀਤੀ ਹੋਈ ਹੈ। ਇਹਨਾਂ ਦੋਹਰਿਆਂ ਵਿੱਚ ਰਾਜਿਆਂ ਪ੍ਰਤੀ ਉਪਦੇਸ਼, ਉਹਨਾਂ ਦੇ ਪ੍ਰਜਾ ਪ੍ਰਤੀ ਫ਼ਰਜ ਵੀ ਦਸੇ ਹਨ। ਸੱਚੇ ਅਤੇ ਅੱਛੇ ਮਿੱਤਰ ਬਾਰੇ ਨੀਤੀ ਬਚਨ ਉਚਾਰੇ ਮਿਲਦੇ ਹਨ। ਸੁਆਰਥੀ ਮਿੱਤਰ ਅਤੇ ਮੂਰਖ ਮਿੱਤਰ ਬਾਰੇ ਵੀ ਦੋਹਰੇ ਕਾਫ਼ੀ ਹਨ। ਗਿਆਨੀ ਜੀ ਆਖਦੇ ਹਨ ਕਿ

*ਕ੍ਰਮ ਨੰ: ੫੩-੫੯ ਤੱਕ ਸੱਤ ਪੁਸਤਕਾਂ ਜੋ ਗਿਆਨੀ ਜੀ ਦੀਆਂ ਰਚਨਾਵਾਂ ਹਨ, 'ਪੰਜਾਬੀ ਲੇਖਕ ਕੋਸ਼' (ਸੰਨ ੨੦੦੩ ਈ:) ਸੰਪਾਦਕ ਪ੍ਰੋ: ਪ੍ਰੀਤਮ ਸਿੰਘ ਦੇ ਕੋਸ਼ ਦੇ ਪੰਨਾ ੩੯੨ ਉੱਤੇ ਦਰਜ਼ ਹਨ।

++ਕ੍ਰਮ ਨੰ: ੬੫-੭੦ ਪੁਸਤਕਾਂ ਗਿਆਨੀ ਜੀ ਦੀਆਂ ਕ੍ਰਿਤਾਂ ਹਨ ਜੋ ਉਹਨਾਂ ਦੀ ਪੁਸਤਕ ਵੇਦਕ ਰਿਸ਼ੀਆਂ ਦੇ ਇਲਮ ਤੇ ਹੁਨਰ ਦੀ ਭੂਮਿਕਾ ਦੇ ਪੰਨਾ ੨ ਉੱਤੇ ਦਰਜ ਹਨ।+ਡਾ: ਕਰਨੈਲ ਸਿੰਘ ਸੋਮਲ ਦੀ ਲਿਖੀ ਪੁਸਤਕ ਭਾਈ ਦਿੱਤ ਸਿੰਘ ਗਿਆਨੀ ਜੀਵਨ ਰਚਨਾ ਤੇ ਸੁਖਸ਼ੀਅਤ ਸੰਨ ੨੦੦੫ ਈ: ਵਿੱਚ ਛੱਪੀ ਪੁਸਤਕ ਵਿੱਚ ਦਰਜ ਹੈ।

** ਸੰਨ ੧੯੩੨ ਈ: ਵਿੱਚ ਭਾਈ ਤਾਰਾ ਸਿੰਘ ਕਿਸ਼ਨ ਸਿੰਘ ਮਾਲਿਕ ਦਿੱਤ ਹਰੀ ਬੁੱਕ ਡਿਪੋ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਵਲੋਂ ਇਹ ਪੁਸਤਕਾਂ ਛਾਪਕੇ ਵੇਚੀਆਂ ਸਨ।* ਨਵੀਆਂ ਖੋਜੀਆਂ ਪੁਸਤਕਾਂ।

ਮੂਰਖ ਮਿੱਤਰ ਦੀ ਪ੍ਰੀਤੀ ਤੇ ਕਦੀ ਵੀ ਸੁੱਖ ਦੀ ਪ੍ਰਾਪਤ ਨਹੀਂ ਹੁੰਦੀ ।

ਇਸ ਰਚਨਾਵਲੀ ਦੇ ਬਾਰ੍ਹਵੇਂ ਭਾਗ ਵਿੱਚ ਗਿਆਨੀ ਜੀ ਦੀ ਕਲਮ ਦੇ ਲਿਖੇ ਸੈਂਕੜਿਆਂ ਦੀ ਗਿਣਤੀ ਵਿੱਚੋਂ ਲਿਖੇ ਲੇਖਾਂ ਵਿਚੋਂ ਕੇਵਲ ਤਿਰਵੰਜਾ ਲੇਖ ਹੀ ਬਤੌਰ ਪੁਸਤਕ ਦੇ ਰੂਪ ਵਿੱਚ ਪੁਨਰ-ਛਾਪ ਵਜੋਂ ਸ਼ਾਮਲ ਕੀਤੇ ਹਨ। ਗਿਆਨੀ ਜੀ ਨੇ ਸਮੇਂ ਸਮੇਂ ਉਤੇ ਮਹੱਤਵਪੂਰਣ ਲੇਖ ਖਾਲਸਾ ਪੰਥ ਦੇ ਸੁਧਾਰ ਲਈ, ਜਾਤ-ਪਾਤ ਵਿਰੁੱਧ, ਸਿੱਖ ਕੌਮ ਲਈ, ਗੁਰੂਆਂ ਦੀ ਬਰਕਤਾਂ, ਖਾਲਸਾ ਪੰਥ ਦੇ ਫੈਲਾਅ ਲਈ ਉਦੱਮ, ਸਿੱਖ ਧਰਮ ਉਤੇ ਵਿਰੋਧੀਆਂ ਦੇ ਹਮਲੇ, ਸਿੱਖ ਧਰਮ ਦੀਆਂ ਬੁਰਾਈਆਂ ਨੂੰ ਦੂਰ ਕਰਨਾ, ਪੰਥ ਨੂੰ ਅਸੂਲਾਂ ਉਤੇ ਚਲਣ ਲਈ ਉਪਦੇਸ਼ ਦੇਣਾਂ ਅਤੇ ਆਖਰੀ ਬੇਨਤੀ ਤੇ ਖਾਲਸਾ ਪੰਥ ਆਪਣੇ ਆਪ ਨੂੰ ਸੰਭਾਲ ਆਦਿ ਭਿੰਨ-2 ਵਿਸ਼ਿਆਂ ਉਤੇ ਚਾਨਣਾ ਪਾਇਆ ਹੈ ।

ਮੈਂ, ਸ੍ਰ: ਨਸੀਬ ਸਿੰਘ ਸੇਵਕ, ਪ੍ਰਧਾਨ ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ (ਰਜਿ.) ਕਜਹੇੜੀ (ਚੰਡੀਗੜ੍ਹ) ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਗਿਆਨੀ ਜੀ ਦੇ ਅੱਠ ਲੇਖਾਂ ਦੀਆਂ ਫੋਟੋ ਕਾਪੀਆਂ ਦਿੱਤੀਆਂ ਜਿਸ ਸੱਦਕਾ ਗਿਆਨੀ ਜੀ ਦੀ ਕ੍ਰਿਤ 'ਚੌਣਵੇ ' ਲੇਖ' ਦੀ ਪੁਨਰ-ਛਾਪ ਹੋਂਦ ਵਿੱਚ ਆ ਸਕੀ।

ਮੈਂ, ਡਾ: ਕਰਨੈਲ ਸਿੰਘ ਸੋਮਲ ਮੋਹਾਲੀ ਨਿਵਾਸੀ ਦਾ ਅਤਿ ਆਭਾਰੀ ਹਾਂ ਜਿੰਨਾਂ ਨੇ ਇਸ ਰਚਨਾਵਲੀ ਦੇ ਭਾਗ ਵਿੱਚ ਸ਼ਾਮਲ ਦੋ ਪੁਸਤਕਾਂ (੧) ਨੀਤੀ ਗੁਲਦਸਤਾ (੨) ਨੀਤੀ ਬਚਨ ਦੀ ਕੰਪਿਊਟਰ ਸੀ.ਡੀ. ਮੈਨੂੰ ੨੧-੨-੦੯ ਈ: ਨੂੰ ਸਤਿਕਾਰ ਨਾਲ ਪ੍ਰਕਾਸ਼ਤ ਕਰਨ ਲਈ ਦਿੱਤੀ ਅਤੇ ਗਿਆਨੀ ਜੀ ਦੇ ਰੱਚੇ ਸਾਹਿਤ ਸੰਭਾਲਣ ਲਈ ਬਤੌਰ ਵਾਰਸ ਗਰਮ ਸ਼ਾਲ ਨਾਲ ਮੇਰਾ ਮਾਣ ਵੀ ਕੀਤਾ। ਡਾ: ਸੋਮਲ ਜੀ ਦੇ ਉੱਦਮਾਂ ਸੱਦਕਾ ਹੀ ਗਿਆਨੀ ਜੀ ਦੀਆਂ ਇਹ ਦੋਵੇਂ ਕ੍ਰਿਤਾਂ ਦੀ ਪੁਨਰ-ਛਾਪ ਹੋਂਦ ਵਿੱਚ ਆ ਸਕੀ ਹੈ ।

ਮੈਂ, ਇਸ ਰਚਨਾਵਲੀ ਦੇ ਯੱਗ ਨੂੰ ਅੱਗੇ ਤੋਰਨ ਲਈ ਸਿਰਦਾਰ ਜਤਿੰਦਰ ਸਿੰਘ ਹੁੰਦਲ ਪੋਸਟ ਆਫਿਸ ਬੋਕਸ ੧੧੬੭ ਰੋਜਵਿਲਾ ਸੀ ਏ ੯੫੬੭੮-੯੧੬੭ ਯੂ. ਐਸ. ਏ. ਦਾ 50 ਡਾਲਰ ਵਿੱਤੀ ਸਹਾਇਤਾ ਭੇਜਣ ਦਾ ਧੰਨਵਾਦੀ ਹਾਂ।

ਮੈਂ, ਆਪਣੇ ਸਮੂਹ ਪ੍ਰੀਵਾਰ ਦਾ ਵੀ ਧੰਨਵਾਦੀ ਹਾਂ ਜਿੰਨਾਂ ਦੇ ਸਹਿਯੋਗ ਅਤੇ ਹੌਸਲੇ ਨਾਲ ਰਚਨਾਵਲੀ ਦਾ ਭਾਗ- ਬਾਰ੍ਹਵਾਂ ਸੰਪਾਦਤ ਅਤੇ ਪ੍ਰਕਾਸ਼ਤ ਕਰਨ ਵਿੱਚ ਸਫਲ ਹੋਇਆ ਹਾਂ। ਮੈਨੂੰ ਵਿਸ਼ਵਾਸ ਹੈ ਕਿ ਭਾਈ ਦਿੱਤ ਸਿੰਘ ਗਿਆਨੀ ਦੇ ਰੱਚੇ ਸਾਹਿੱਤ ਸਬੰਧੀ ਅਧਿਐਨ ਵਿੱਚ ਰੁਚੀ ਰੱਖਣ ਵਾਲੇ ਪਾਠਕਾਂ ਲਈ ਇਸ ਰਚਨਾਵਲੀ ਦੇ ਭਾਗ ।।ਪਹਿਲਾ ਤੋਂ ਬਾਰ੍ਹਵਾਂ' ਉਪਯੋਗੀ ਸਿੱਧ ਹੋਣਗੇ ਕਿਉਂਕਿ ਉਹਨਾਂ ਦੀਆਂ ਰਚਨਾਵਾਂ ਸਦੀਵਤਾ ਦੇ ਅੰਸ਼ਾਂ ਤੋਂ ਖਾਲੀ ਨਹੀਂ ਹਨ। ਇਸ ਰਚਨਾਵਲੀ ਦੇ ਪ੍ਰਕਾਸ਼ਨ ਨਾਲ ਨਿਸਚੇ ਹੀ ਪੰਥ ਰਤਨ ਭਾਈ ਦਿੱਤ ਸਿੰਘ ਜੀ ਦਾ ਰਚਿਤ ਸਾਹਿਤ ਆਮ ਲੋਕਾਂ/ਸੰਗਤਾਂ ਤੱਕ ਪੁੱਜਦਾ ਹੋ ਸਕੇਗਾ। ਉਹਨਾਂ ਦੀਆਂ ਕ੍ਰਿਤਾਂ ਦੇ ਪੁਨਰ-ਛਾਪ ਰੂਪ ਰਾਹੀਂ ਪੰਜਾਬੀ ਦੇ ਵਿਸ਼ਾਲ ਸਾਹਿਤਕ ਪਿੜ ਵਿੱਚ ਪ੍ਰਸਤੁਤ ਕਰਦੇ ਹੋਏ ਮੈਨੂੰ ਅਤਿਅੰਤ ਖੁਸ਼ੀ ਹੋ ਰਹੀ ਹੈ। ਉਮੀਦ ਕਰਦਾ ਹਾਂ ਕਿ ਬੁਧੀਵੇਤਾ ਵੀ ਇਸ ਦਾ ਖੁਸ਼ੀ ਨਾਲ ਸਵਾਗਤ ਕਰਨਗੇ ਅਤੇ ਇਹ ਭੀ ਆਸ ਰੱਖਦਾ ਹਾਂ ਕਿ ਗਿਆਨੀ ਜੀ ਦੀਆਂ ਕ੍ਰਿਤਾਂ ਦੀ ਪੁਨਰ-ਛਾਪ ਨੂੰ ਪਾਠਕ ਬਤੌਰ ਸੌਗਾਤ ਸੰਭਾਲਣਗੇ।

ਪ੍ਰੀਤਮ ਸਿੰਘ

ਮਿਤੀ ੬ ਸਤੰਬਰ, ੨੦੦੯ ਈ: — ਪ੍ਰੀਤਮ ਸਿੰਘ ਐਮ.ਏ.
ਸਥਾਨ: ਮੋਹਾਲੀ (ਪੰਜਾਬ) — ਸੰਪਾਦਕ ਅਤੇ ਪ੍ਰਕਾਸ਼ਕ

ੴ ਸਤਿਗੁਰ ਪ੍ਰਸਾਦਿ ।।

੩੪ ਨੀਤੀ ਗੁਲਦਸਤਾ



ਕ੍ਰਿਤ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਸੰਨ : ਮਈ, ੨੦੧੦ ਈ:

ਸੰਪਾਦਕ ਅਤੇ ਪ੍ਰਕਾਸ਼ਕ

ਪ੍ਰੀਤਮ ਸਿੰਘ ਐੱਮ. ਏ.

'ਨੀਤੀ ਗੁਲਦਸਤਾ' ਬਾਰੇ

ਪੰਥ ਰਤਨ ਭਾਈ ਦਿੱਤ ਸਿੰਘ ਜੀ ਦੀ ਇਹ ਛੋਟੀ ਜਿਹੀ ਪੁਸਤਕਾ ਵਿੱਚ ਕੇਵਲ ਇਕੱਤੀ ਦੋਹਰੇ ਸ਼ਾਮਲ ਹਨ ਜੋ ਦਸ ਕੁ ਪੰਨਿਆਂ ਵਿੱਚ ਸਮੋਏ ਹੋਏ ਹਨ। ਮੇਰੇ ਵਿਚਾਰ ਵਿੱਚ ਇਹ ਪੁਸਤਕਾ ਗਿਆਨੀ ਜੀ ਨੇ 'ਨੀਤੀ ਪ੍ਰਕਾਸ਼' ਪੁਸਤਕ ਤੋਂ ਬਾਅਦ ਵਿੱਚ ਰਚੀ ਹੋਵੇਗੀ। ਇਸ ਤਰ੍ਹਾਂ ਇਸ ਪੁਸਤਕਾ ਦਾ ਰਚਨਾ ਕਾਲ ੧੮੯੩ ਈ: ਠੀਕ ਜਾਪਦਾ ਹੈ। ਇਸ ਪੁਸਤਕ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ 'ਨੀਤੀ ਗੁਲਦਸਤਾ' ਦੇ ਦੋਹਰੇ ਭਾਵੇਂ ਗਿਆਨੀ ਜੀ ਦੀ ਪੁਸਤਕ 'ਨੀਤੀ ਪ੍ਰਕਾਸ਼' ਵਿੱਚ ਵੀ ਆ ਚੁੱਕੇ ਹਨ। ਪਰੰਤੂ ਗਿਆਨੀ ਜੀ ਨੇ ਹੱਥਲੀ ਪੁਸਤਕਾ ਦੇ ੩੧ ਦੋਹਰਿਆਂ ਵਿੱਚ ਕੁਝ ਕੁ ਸੋਧ ਕਰਕੇ 'ਨੀਤੀ ਗੁਲਦਸਤਾ' ਵਿੱਚ ਕੇਵਲ ਚੋਣਵੇਂ ਨੀਤੀ ਬਚਨਾਂ ਨੂੰ ਇਕੱਠਾ ਕਰਕੇ ਆਪਣੇ ਕਲਮ ਦੇ ਮੋਤੀਆਂ ਦਾ ਗੁਲਦਸਤਾ ਬਣਾਕੇ ਪੇਸ਼ ਕੀਤਾ ਸੀ।

ਇਸ ਪੁਸਤਕ ਦੀ ਪਹਿਲੀ ਛਾਪ ਤਾਂ ਉਪਲੱਬਧ ਨਹੀਂ ਹੋ ਸਕੀ। ਪਰੰਤੂ 'ਨੀਤੀ ਗੁਲਦਸਤਾ' ਦੀ ਦੂਜੀ ਛਾਪ ਜੋ ਗਿਆਨੀ ਲਾਲ ਸਿੰਘ ਨੇ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਪਾਸੋਂ ਗਿਆਨੀ ਜੀ ਅਤੇ ਭਾਈ ਵਜ਼ੀਰ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਪਿਛੋਂ ਪ੍ਰਕਾਸ਼ਤ ਕਰਵਾਈ ਸੀ, ਉਸ ਛਾਪ ਦੀ ਇੱਕ ਕਾਪੀ ਉਪਲੱਬਧ ਹੋਈ ਹੈ। ਗਿਆਨੀ ਲਾਲ ਸਿੰਘ ਨੇ ਹੀ ਉਸ ਪੁਸਤਕਾ ਦੀ ਭੂਮਿਕਾ ਲਿਖੀ ਹੋਈ ਹੈ। ਸੰਨ ਪੁਸਤਕਾ ਉੱਤੇ ਛੱਪਿਆ ਹੋਇਆ ਨਹੀਂ ਹੈ । ਫਿਰ ਭੀ ਇਹ ਛਾਪ ੧੯੧੪ ਈ: ਦੀ ਹੋ ਸਕਦੀ ਹੈ। 'ਨੀਤੀ ਗੁਲਦਸਤਾ' ਪੁਸਤਕਾ ਦੀ ਫੋਟੋ ਕਾਪੀ ਮੈਨੂੰ ਡਾ: ਕਰਨੈਲ ਸਿੰਘ ਸੋਮਲ, ਮੋਹਾਲੀ ਨੇ ੨੧ ਫ਼ਰਵਰੀ, ੨੦੦੮ ਈ: ਨੂੰ ਦਿੱਤੀ ਅਤੇ ਨਾਲ ਹੀ ਪੁਸਤਕਾ ਦੀ ਕੰਪਿਊਟਰ ਸੀ.ਡੀ. ਦਸਤੀ ਦਿੱਤੀ ਸੀ, ਉਹਨਾਂ ਦੇ ਉੱਦਮਾਂ ਸੱਦਕਾ ਹੀ 'ਨੀਤੀ ਗੁਲਦਸਤਾ' ਬਤੌਰ ਪੁਨਰ-ਛਾਪ ਰਚਨਾਵਲੀ-ਭਾਗ ਬਾਰ੍ਹਵਾਂ' ਵਿੱਚ ਸ਼ਾਮਲ ਕੀਤੀ ਜਾ ਸਕੀ। ਡਾ: ਕਰਨੈਲ ਸਿੰਘ ਸੋਮਲ ਨੇ ਗਿਆਨੀ ਜੀ ਦੇ ਰੱਚੇ ਦੋਹਰਿਆਂ ਬਾਰੇ ਲਿਖਿਆ ਹੈ ਕਿ "ਭਾਰਤੀ ਸਾਹਿਤ ਵਿੱਚ ਨੀਤੀ ਦੋਹੇ ਰਚਣ ਦੀ ਲੰਮੀ ਪ੍ਰੰਪਰਾ ਹੈ। ਭਾਈ ਦਿੱਤ ਸਿੰਘ ਇਸ ਵਿਧਾ ਨੂੰ ਅਪਣਾਕੇ ਇਸ ਪ੍ਰੰਪਰਾ ਨਾਲ ਤਾਂ ਜੁੜਦੇ ਹੀ ਹਨ ਉਹ ਇਸ ਦਾ ਵਿਸਤਾਰ ਵੀ ਕਰਦੇ ਹਨ। ਇਨ੍ਹਾਂ ਦਾ ਵਿਸ਼ਾ ਸਾਮਿਅਕ ਸਮੱਸਿਆਵਾਂ ਬਣੀਆਂ ਹਨ"।

ਗਿਆਨੀ ਜੀ ਨੇ 'ਨੀਤੀ ਗੁਲਦਸਤਾ' ਦੇ ਨੀਤੀ ਦੋਹਰਿਆਂ ਵਿੱਚ ਖਾਸ ਕਰਕੇ ਸੱਜਨ ਪੁਰਖਾਂ ਦੇ ਗੁਣਾਂ ਸਬੰਧੀ ਦੋਹੇ ਰਚੇ ਸਨ ਅਤੇ ਇਸ ਛੋਟੀ ਜਿਹੀ ਪੁਸਤਕਾ ਵਿੱਚ ਵੱਖ-੨ ਪ੍ਰਕਾਰ ਦੇ ੩੧ ਦੋਹਰੇ ਸ਼ਾਮਲ ਹਨ ਜਿੰਨਾਂ ਵਿੱਚ ਚੰਦਨ, ਬ੍ਰਿਖ, ਸਰਸੋਂ, ਨਦੀ, ਬਾਦਲ, ਸੂਰਜ, ਕਵਲ ਫੂਲ, ਧੁੱਪ, ਹਵਾ, ਮਧੂ ਮੱਖੀ, ਪੱਥਰ ਅਤੇ ਸੋਨਾ ਆਦਿ ਦੀਆਂ ਉਧਾਰ੍ਹਨਾਂ ਦੇ ਕੇ ਉਪਦੇਸ਼ ਦਿੱਤੇ ਹਨ ਕਿ ਅੱਛੇ ਪੁਰਖ ਦੁੱਖ ਵਿੱਚ ਵੀ ਹਮੇਸ਼ਾਂ ਆਪਣੇ ਗੁਣਾਂ ਦਾ ਤਿਆਗ ਨਹੀਂ ਕਰਦੇ ਅਤੇ ਮੂਰਖ ਆਦਮੀਆਂ ਨੂੰ ਆਪਣੇ ਗੁਣਾਂ ਦੀ ਸੁਗੰਧੀ ਦਿੰਦੇ ਰਹਿੰਦੇ

ਹਨ। ਇਸ ਪੁਸਤਕ 'ਨੀਤੀ ਗੁਲਦਸਤਾ' ਦੇ ਪਹਿਲੇ, ਦੋਹਰੇ ਅਤੇ ਉਹਨਾਂ ਦੇ ਭਾਵ ਜੋ ਗਿਆਨੀ ਜੀ ਵੱਲੋਂ ਦਿੱਤੇ ਗਏ ਹਨ, ਉਸ ਦੀ ਵੰਨਗੀ ਇਸ ਤਰ੍ਹਾਂ ਹੈ:-

ਦੋਹਰਾ

ਜਿਉਂ ਚੰਦਨ ਸੁਭ ਗੰਧ ਤੇ ਸਭ ਬਨ ਕਰਤ ਸੁਗੰਧ।
ਤਿਉਂ ਸਾਜਨ ਜਨ ਗੁਨ ਜਿਤੇ ਹਰਤ ਅਨਕ ਜਨ ਬੰਧ। ।੧। ।

ਟੀਕਾ- ਜਿਸ ਤਰ੍ਹਾਂ ਮਲੀਆਗਰ ਚੰਦਨ ਅਪਨੀ ਸੁਗੰਧੀ ਨਾਲ ਸਾਰੇ ਬਨ ਨੂੰ ਸੁਗੰਧਤ ਕਰ ਦਿੰਦਾ ਹੈ ਤਿਸੀ ਤਰ੍ਹਾਂ ਸ੍ਰੇਸ਼ਟ ਸੱਜਨ ਪੁਰਸ਼ ਆਪਨੇ ਸੁਭ ਗੁਨੋ ਦੁਆਰਾ ਅਨਗਿਨਤ ਪਾਮਰ ਪੁਰਸ਼ਾਂ ਨੂੰ ਗੁਣਵਾਨ ਕਰ ਦਿੰਦੇ ਹਨ ਤੇ ਉਨਾਂ ਦੀ ਅਵਿਦਯਾ ਰੂਪੀ ਦੁਰਗੰਧੀ ਨੂੰ ਦੂਰ ਕਰਦੇ ਹਨ।

ਦੋਹਰਾ

ਜਿਉਂ ਬਾਦਲ ਬਿਨ ਲੋਭ ਤੇ ਔਰਨ ਕੋ ਜਲ ਦੇਤ।
ਤਿਉਂ ਉੱਤਮ ਨਿਜ ਗੁਨੋ ਸੇ ਔਰਨ ਕੋ ਸੁਖ ਹੇਤ। ।੨੩। ।

ਇਸ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬੱਦਲ ਆਪਣੇ ਜਲ ਨਾਲ ਬਿਨਾਂ ਕਿਸੇ ਲਾਲਚ ਦੇ ਬਰਸ ਕੇ ਲੋਕਾਂ ਨੂੰ ਸੁੱਖ ਦਿੰਦਾ ਹੈ, ਇਸੀ ਪ੍ਰਕਾਰ ਅੱਛੇ ਪੁਰਖ ਵੀ ਬਿਨਾਂ ਸੁਆਰਥ ਪਰਤਾ ਦੇ ਆਪਣੇ ਅੱਛੇ ਗੁਣਾਂ ਨਾਲ ਹੋਰਨਾਂ ਨੂੰ ਲਾਭ ਦੇ ਕੇ ਸੁਖੀ ਕਰਦੇ ਹਨ।

ਦੋਹਰਾ

ਜਿਉਂ ਸੋਨਾ ਤਨ ਦੁਖ ਸਹੇ ਪਰ ਸੋਭਾ ਦੇ ਮਾਨ।
ਤਿਉਂ ਸਾਜਨ ਤਨ ਖੇਦ ਲੈ ਦੇਵਤ ਹੈ ਸੁਖ ਆਨ। ।੩੧। ।

ਇਸ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਸੋਨਾ ਕਈ ਪ੍ਰਕਾਰ ਦੇ ਕਸ਼ਟ ਸਹਾਰਕੇ ਵੀ ਭੂਖਨ ਬਣਕੇ ਦੂਜੇ ਨੂੰ ਹੀ ਮਾਨ ਦੇਂਦਾ ਹੈ ਇਸੀ ਪ੍ਰਕਾਰ ਮਹਾਤਮਾ ਪੁਰਖ ਵੀ ਆਪ ਕਸ਼ਟ ਸਹਾਰਕੇ ਦੂਜੇ ਦਾ ਹੀ ਭਲਾ ਕਰਦੇ ਹਨ।

ਪ੍ਰੀਤਮ ਸਿੰਘ ਐਮ.ਏ.
ਸੰਪਾਦਕ ਅਤੇ ਪਕਾਸ਼ਕ

ੴ ਸਤਿਗੁਰ ਪ੍ਰਸਾਦਿ॥

ਨੀਤੀ ਗੁਲਦਸਤਾ

ਦੋਹਰਾ

ਜਿਉਂ ਚੰਦਨ ਸੁਭ ਗੰਧ ਤੇ ਸਭ ਬਨ ਕਰਤ ਸੁਗੰਧ॥
ਤਿਉਂ ਸਾਜਨ ਜਨ ਗੁਨ ਜਿਤੇ ਹਰਤ ਅਨਕ ਜਨਬੰਧ॥ ੧॥

ਟੀਕਾ -ਜਿਸ ਤਰ੍ਹਾਂ ਮਲੀਆਗਰ ਚੰਦਨ ਅਪਨੀ ਸੁਗੰਧੀ ਨਾਲ ਸਾਰੇ ਬਨ ਨੂੰ ਸੁਗੰਧਤ ਕਰ ਦੇਂਦਾ ਹੈ ਤਿਸੀ ਤਰ੍ਹਾਂ ਸ੍ਰੇਸ਼ਟ ਸੱਜਨ ਪੁਰਸ ਅਪਨੇ ਸੁਭ ਗੁਨੋ ਦੁਆਰਾ ਅਨਗਿਨਤ ਪਾਮਰ ਪੁਰਸ਼ਾਂ ਨੂੰ ਗੁਣਵਾਨ ਕਰ ਦੇਂਦੇ ਹਨ ਤੇ ਉਨਾਂ ਦੀ ਅਵਿਦਯਾ ਰੂਪੀ ਦੁਰਗੰਧੀ ਨੂੰ ਦੂਰ ਕਰਦੇ ਹਨ।

ਦੋਹਰਾ

ਜਿਵੇਂ ਬ੍ਰਿਖ ਨਿਜ ਫਲਨ ਸੋ ਆਪ ਨ ਕਰਤੋ ਕਾਜ॥
ਤਿਉਂ ਸਾਜਨ ਨਿਜ ਹਿਤ ਨਹੀਂ ਔਰਨ ਕੋ ਸੁਖ ਸਾਜ॥ ੨॥

ਜਿਸ ਤਰਾਂ ਦਰਖਤ ਫਲਾਂ ਦੇ ਨਾਲ ਫਲਕੇ ਉਨ੍ਹਾਂ ਤੋਂ ਆਪ ਕੁਛ ਵੀ ਲਾਭ ਨਹੀਂ ਉਠਾਂਵਦਾ ਸਗੋਂ ਦੂਜਿਆਂ ਨੂੰ ਸੁਖ ਦੇਂਦਾ ਹੈ ਇਸੀ ਤਰਾਂ ਉੱਤਮ ਪੁਰਸ਼ ਅਪਨੇ ਉੱਤਮ ਗੁਨਾਂ ਤੇ ਕੁਛ ਵੀ ਫਲਦੀ ਇੱਛਾ ਨਹੀਂ ਰੱਖਦੇ ਦੂਜੇ ਪੁਰਸ਼ਾਂ ਨੂੰ ਆਪਣੇ ਉੱਤਮ ਗੁਨਾਂ ਰੂਪੀ ਫਲ ਦੇ ਕੇ ਪਰਉਪਕਾਰ ਕਰਦੇ ਹਨ। ਜਿਸ ਤਰਾਂ ਰੱਜਬ ਮਹਾਤਮਾ ਦਾ ਕਥਨ ਹੈ ਯਥਾ :- *"ਰੱਜਬ ਔਖਧ ਅੰਨ ਜਿਮ ਮਰੇ ਔਰ ਉਪਕਾਰ ਕਰ"* ਅਰਥਾਤ ਜਿਸ ਤਰਾਂ ਔਖਧੀ (ਦਵਾਈ) ਅੰਨ ਅਪਨਾ ਨਾਸ ਕਰਕੇ ਵੀ ਪਰਉਪਕਾਰ ਕਰਕੇ ਦੂਸਰੇ ਨੂੰ ਸੁਖ ਦੇਂਦੇ ਹਨ।

ਦੋਹਰਾ

ਸਰਸੋ ਕੋਲੂ ਪੈ ਜਿਵੇਂ ਪੀੜਤ ਦੇਵੇ ਤੇਲ॥
ਤਿਉਂ ਸਾਜਨ ਦੁਖ ਦੇਤ ਜਨ ਕਰਤ ਆਪਣੇ ਹੇਤ॥ ੩॥

ਸਰਸੋਂ (ਸਰਹੋਂ) ਜਿਵੇਂ ਆਪਨੇ ਆਪਨੂੰ ਕੋਹਲੂ ਵਿਚ ਸਿਟਕੇ ਪੀੜਾ ਖਾ ਕੇ ਤੇਲ ਨੂੰ ਦੇਂਦੀ ਹੈ ਔਰ ਵਰਤਨ ਵਾਲਯਾਂ ਨੂੰ ਕੋਮਲਤਾ ਦੇਂਦੀ ਹੈ। ਇਸੀ ਪ੍ਰਕਾਰ ਪਿਆਰੇ ਪ੍ਰੀਤਮ ਪੁਰਖ ਨੂੰ ਭਾਵੇਂ ਕੋਈ ਦੁਖ ਵੀ ਦੇਵੇ ਉਸਦੇ ਦੁਖਾਂ ਨੂੰ ਸਹਾਰਕੇ ਦੁਖ ਦੇਣ ਵਾਲੇ ਸਜਨ ਨੂੰ ਸੁਖ ਦੇਂਦੇ ਹਨ ਕਿਉਂਕਿ ਜਦ ਹਰ ਇਕ ਵਸਤੂ ਸੰਸਾਰ ਵਿਚ ਆਪਨੇ ਆਪਨੇ ਸੁਭਾਵ ਨੂੰ ਤਿਆਗ ਕੇ ਦੂਸਰੇ ਸੁਭਾਵ ਵਿਚ ਪ੍ਰਵਿਰਤ ਨਹੀਂ ਹੁੰਦੀ ਤੈਸੇ ਸਜਨ ਪੁਰਖ ਆਪਨੇ ਸੁਭਾਵ ਵਿਚ ਸਦਾ ਹੀ ਤਤਪਰ ਰਹਿੰਦੇ ਹਨ।

ਦੋਹਰਾ

ਜਿਉਂ ਸੂਰਜ ਜਿਤਨੋ ਤਪੇ ਤਿਤਨੋ ਬਰਸੇ ਮੇਹੁ॥
ਤਿਉਂ ਸਾਜਨ ਜਨ ਕੁਪਤ ਭੀ ਦੇਵਤ ਸੁਖਦ ਸਨੇਹ॥ ੪॥

ਸੂਰਜ ਜਿਸ ਤਰਾਂ ਜੇਠ ਹਾੜ ਨੂੰ ਬਹੁਤ ਤਪਦਾ ਹੈ ਉਸ ਦੇ ਤਪਨ ਨਾਲ ਲੋਗਾਂ ਨੂੰ ਕਈ ਪ੍ਰਕਾਰ ਦੀ ਗਰਮੀ ਕਰਕੇ ਦੁਖਾਂ ਦੀ ਪ੍ਰਾਪਤੀ ਹੁੰਦੀ ਹੈ। ਪ੍ਰੰਤੂ ਉਸਦੇ ਤਪਨ ਦਾ ਫਲ ਇਹ ਹੁੰਦਾ ਹੈ ਜੋ ਬਰਖਾ ਬਰਸ ਕੇ ਪ੍ਰਜਾ ਦਾ ਪਾਲਨ ਕਰਦੀ ਹੈ। ਸਾਰੇ ਹੀ ਬਿਨ ਤ੍ਰਿਣ ਨੂੰ ਹਰਿਆਂ ਕਰਕੇ ਪ੍ਰਿਥਵੀ ਪਰ

ਸ਼ਾਂਤੀ ਵਰਤਾ ਦੇਂਦੀ ਹੈ, ਇਸੀ ਪ੍ਰਕਾਰ ਸਜਨਜਨ ਭੀ ਜੇ ਕਦਾਚਿਤ ਕਿਸੇ ਪ੍ਰਕਾਰ ਦਾ ਕੋਪ ਪ੍ਰਗਟ ਕਰਕੇ ਕਈ ਪੁਰਖਾਂ ਨੂੰ ਦੁਖ ਦਾ ਸਾਧਨ ਹੁੰਦੇ ਹਨ ਅਰ ਲੋਕਾਂ ਦੀ ਦ੍ਰਿਸ਼ਟੀ ਵਿਚ ਏਹ ਉਨ੍ਹਾਂ ਦੀ ਪ੍ਰਕਿਰਤੀ ਤੇ ਵਿਲੱਖਣ ਪ੍ਰਤੀਤ ਹੁੰਦਾ ਹੈ। ਕਿੰਤੂ ਅੰਤ ਨੂੰ ਉਸਦਾ ਇਹ ਹਾਲ ਹੁੰਦਾ ਹੈ ਜੋ ਉਸਤੇ ਕਈ ਪ੍ਰਕਾਰ ਦੇ ਜ਼ੁਲਮ ਜਾਂ ਸੰਸਾਰਕ ਅਤੇ ਧਾਰਮਕ ਕਲੇਸ਼ ਦੂਰ ਹੋ ਕੇ ਪੁਰਖਾਂ ਦੇ ਰਿਦੇ ਵਿਚ ਸ਼ੁਭ ਗੁਨਾਂ ਦੇ ਅੰਕੁਰ ਜਨਮ ਕੇ ਸੰਸਾਰ ਨੂੰ ਸੁਖ ਪ੍ਰਦਾਨ ਕਰਦੇ ਹਨ।

ਦੋਹਰਾ

ਜਿਉਂ ਜਲ ਊਚੀ ਠੌਰ ਤਦ ਨੀਵੇਂ ਰਹਤ ਸਮਾਇ॥
ਤਿਉਂ ਸਾਜਨ ਅਭਮਾਨ ਤਜ ਰਹਤ ਸੁ ਹਿਰਦ ਸੁਭਾਇ॥ ੫॥

ਜਿਸ ਪ੍ਰਕਾਰ ਪਾਣੀ ਦਾ ਇਹ ਸੁਭਾਵਕ ਸੁਭਾਵ ਹੈ ਜੋ ਉੱਚੀ ਜਗਾ ਨੂੰ ਛੱਡ ਕੇ ਨੀਂਵੇ ਸਥਾਨ ਪਰ ਨਿਵਾਸ ਕਰਦਾ ਹੈ। ਇਸੀ ਤਰਾਂ ਵਾਹਿਗੁਰੂ ਦੇ ਪਿਆਰਿਆਂ ਦਾ ਵੀ ਇਹ ਸੁਤੇ ਸੁਭਾਵ ਹੈ ਜੋ ਅਭਮਾਨ ਨੂੰ ਛੱਡਕੇ ਆਪ ਨਿਰਅਭਮਾਨ ਜੀਵਾਂ ਦੇ ਪਾਸ ਜਾਕਰ ਨਿਵਾਸ ਕਰਦੇ ਹਨ ਉਸੀ ਵਾਸਤੇ ਉਨ੍ਹਾਂ ਦਾ ਨਾਮ ਦੀਨਬੰਧੂ ਪ੍ਰਗਟ ਹੁੰਦਾ ਹੈ।

ਦੋਹਰਾ

ਪੈਰ ਤਲੇ ਹੀਰਾ ਦਏ ਤਊ ਨ ਘਟਤੋ ਮੋਲ॥
ਤਿਉਂ ਸਾਜਨ ਅਪਮਾਨ ਤੇ ਹਾਨ ਨ ਧਰਤੇ ਬੋਲ॥ ੬॥

ਇਸ ਦਾ ਭਾਵ ਇਹ ਹੈ ਜਿਸ ਪ੍ਰਕਾਰ ਕੋਈ ਅਜਾਨ ਪੁਰਖ ਬਿਨਾਂ ਵਿਚਾਰ ਤੋਂ ਹੀਰੇ ਨੂੰ ਪੈਰਾਂ ਦੇ ਹੇਠ ਦਲ ਦੇਵੇ ਤਾਂ ਭੀ ਜਆਹਰੀ ਦੇ ਅੱਗੇ ਉਸਦੇ ਮੁੱਲ ਵਿਚ ਕੁਛ ਫਰਕ ਨਹੀਂ ਆਉਂਦਾ ਇਸੀ ਪ੍ਰਕਾਰ ਜੇ ਕਦੀ ਕੋਈ ਦੁਸ਼ਟ ਪੁਰਸ਼ ਮਹਾਤਮਾ ਦੀ ਨਿਰਾਦਰੀ ਵੀ ਕਰੇ ਤਦ ਉਨ੍ਹਾਂ ਦੇ ਬਚਨਾਂ ਦੇ ਅਸਰ ਜਾਂ ਸ਼ਕਤੀ ਕੁਛ ਘਟ ਨਹੀਂ ਹੁੰਦੀ ਪ੍ਰੰਤੂ ਜਿਸ ਤਰਾਂ ਹੀਰੇ ਨੂੰ ਪੈਰਾਂ ਹੇਠ ਲੈਣ ਵਾਲਾ ਮੂਰਖ ਸਮਝਿਆ ਜਾਂਦਾ ਹੈ ਏਸੇ ਪ੍ਰਕਾਰ ਸ੍ਰੇਸ਼ਟ ਪੁਰਸ਼ਾਂ ਦੀ ਨਿਰਾਦਰੀ ਕਰਨ ਵਾਲਾ ਵੀ ਅਗਿਆਨੀ ਸਮਝਿਆ ਜਾਂਦਾ ਹੈ।

ਦੋਹਰਾ

ਜਿਉਂ ਸੂਰਜ ਪਿਖ ਕਵਲ ਅਤਿ ਹਰਖ ਹੋਤ ਤਤਕਾਲ॥
ਨਿਸ ਮੁਰਝਾਵਤ ਤੁਰਤ ਹੀ ਤਿਉਂ ਗੁਨ ਸੁਜਨ ਬਿਸਾਲ॥ ੭॥

ਜਿਸ ਪ੍ਰਕਾਰ ਕਵਲ ਦਾ ਇਹ ਸੁਭਾਵ ਹੈ ਜੋ ਸੂਰਜ ਨੂੰ ਦੇਖ ਕੇ ਉਸੀ ਸਮਯ ਖਿੜ ਜਾਂਦਾ ਹੈ ਅਤੇ ਰਾਤ੍ਰੀ ਨੂੰ ਦੇਖ ਕੇ ਮੁਰਝਾ ਜਾਂਦਾ ਹੈ ਇਸੀ ਪ੍ਰਕਾਰ ਸਜਨ ਪੁਰਖ ਭੀ ਗੁਨਾਂ ਨੂੰ ਦੇਖਕੇ ਅਤੀ ਪ੍ਰਸੰਨ ਹੋ ਜਾਂਦੇ ਹਨ ਅਤੇ ਦੋਖਾਂ ਵਲੋਂ ਉਨ੍ਹਾਂ ਦੀ ਬਿਰਤੀ ਸਦਾ ਹੀ ਉਪਰਾਮ ਰਹਿੰਦੀ ਹੈ ਅਤੇ ਸਦਾ ਹੀ ਗਿਲਾਨੀ ਕਰਦੇ ਹਨ।

ਦੋਹਰਾ

ਜਿਉਂ ਮਨ ਸਰਪਨ ਤਿਆਗਤੋ ਤਿਆਗ ਦੇਤ ਨਿਜ ਪ੍ਰਾਨ॥
ਤਿਉਂ ਸਾਜਨ ਬਚ ਨਹ ਤਜੈ ਕਰਤ ਸੁਬੰਸਹ ਹਾਨ॥ ੮॥

ਇਸਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਮਨੀ ਵਾਲਾ ਸਰਪ ਅਪਨੀ ਮਨੀ ਨੂੰ ਆਪਣੇ ਪ੍ਰਾਣਾਂ ਨਾਲੋਂ ਭੀ ਪਿਆਰੀ ਜਾਨਦਾ ਹੈ ਕਿੰਤੂ ਓਹ ਮਨੀ ਦੇ ਪਿਛੇ ਅਪਨੀ ਜਾਨ ਨੂੰ ਭੀ ਦੇਨਾ ਕੁਛ ਵੱਡੀ

ਬਾਤ ਨਹੀਂ ਮੰਨਦਾ ਇਸੀ ਤਰ੍ਹਾਂ ਸੱਜਨ ਪੁਰਸ਼ ਭੀ ਅਪਨੀ ਕੀਤੀ ਹੋਈ ਪਰਤਗਯਾ (ਬਾਣੀ) ਨੂੰ ਭੰਗ ਨਹੀਂ ਕਰਦੇ ਭਾਵੇਂ ਆਪੋਨ ਸਰਬੰਸ ਨੂੰ ਕਿਉਂ ਨਾ ਨੁਕਸਾਨ ਪਹੁੰਚਾ ਲੈਣ ਇਸੀ ਤੇ ਉੱਤਮ ਪੁਰਸ਼ਾਂ ਨੇ ਆਪਨੇ ਬਚਨਾਂ ਨੂੰ ਤਿਆਗ ਨਹੀਂ ਕੀਤਾ। ਉਸਦੇ ਪਲਟੇ ਵਿਚ ਅਪਨਾ ਸਰਬੰਸ ਹੀ ਕੁਰਬਾਨ ਕਰ ਦਿੱਤਾ ਹੈ।

ਦੋਹਰਾ

ਜਿਉਂ ਪਾਨੀ ਕੋ ਦੂਧ ਲੈ ਅਪਨੋ ਰੂਪ ਬਨਾਇ॥
ਤਿਉਂ ਸਾਜਨ ਕਰ ਪ੍ਰੇਮ ਅਤਿ ਦੁਰਜਨ ਕੋ ਸੁਖ ਦਾਇ॥ ੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਦੁਧ ਦਾ ਇਹ ਸੁਭਾਵਕ ਧਰਮ ਹੈ ਜਦ ਜਲ ਨੂੰ ਉਸਦੇ ਵਿਚ ਪਾ ਦੇਈਏ ਤਦ ਉਸਨੂੰ ਵੀ ਅਪਨਾ ਰੂਪ ਹੀ ਬਨਾ ਲੈਂਦਾ ਹੈ ਅਰ ਅਪਨਾ ਭਾਉ ਨਾਲ ਹੀ ਮਹਿੰਗਾ ਵਿਕਵਾ ਦੇਂਦਾ ਹੈ। ਇਸੀ ਤਰਾਂ ਸਰੇਸ਼ਟ ਪੁਰਸ਼ ਭੀ ਵੱਡੇ ਵੱਡੇ ਪਾਪੀ ਅਤੇ ਦੁਸ਼ਟ ਪੁਰਸ਼ਾਂ ਨੂੰ ਭੀ ਅਪਨੇ ਸ਼ੁਭ ਗੁਨਾਂ ਦੇ ਪਰਤਾਪ ਕਰਕੇ ਅਪਨੇ ਜੇਹੇ ਕਰ ਲੈਂਦੇ ਹਨ ਅਤੇ ਉਹ ਭੀ ਮਹਾਤਮਾ ਦੀ ਤਰਾਂ ਜਗਤ ਵਿਚ ਪੂਜ ਬਨ ਜਾਂਦੇ ਹਨ। ਪੁਰਾਤਨ ਪੁਸਤਕਾਂ ਦੇ ਪੜ੍ਹਨ ਤੋਂ ਪਰਤੀਤ ਹੁੰਦਾ ਹੈ ਕਿ ਜਦ ਚੋਰਾਂ ਅਤੇ ਰਾਹ ਮਾਰਨ ਵਾਲਿਆਂ ਨੇ ਉੱਤਮ ਪੁਰਸ਼ਾਂ ਦੇ ਮਾਰਨ ਲਈ ਯਤਨ ਕੀਤੇ ਤਦ ਉਨਾਂ ਨੇ ਉਸ ਕਰੂਰਤਾਂ ਦੇ ਬਦਲੇ ਉਨ੍ਹਾਂ ਨੂੰ ਸੁਹਿਰਦਤਾ ਦੇਕਰ ਅਕਾਲ ਪੁਰਖ ਦੇ ਪੂਰੇ ਪੂਰੇ ਭਗਤ ਬਨਾ ਲਿਆ।

ਦੋਹਰਾ

ਜਿਉਂ ਬਾਲੂ ਚਮਕਤ ਮਹਾਂ ਲੈ ਰਵਿ ਕਿਰਨ ਪ੍ਰਤਾਪ॥
ਤਿਉਂ ਸਾਜਨ ਸੰਗਤ ਭਏ ਅਧਮ ਲਹਤ ਦੁਤ ਆਪ॥ ੧੦॥

ਇਸਦਾ ਭਾਵ ਇਹ ਹੈ ਕਿ ਜਿਸ ਤਰਾਂ ਸੂਰਜ ਵੀ ਕਿਰਨਾਂ ਦੀ ਸੰਗਤ ਪਾਇਕੇ ਰੇਤਾ ਭੀ ਸ੍ਵਰਨ ਦੀ ਤਰਾਂ ਚਮਕ ਦਮਕ ਮਾਰਨ ਵਾਲਾ ਹੋ ਜਾਂਦਾ ਹੈ ਤਿਸੀ ਤਰਾਂ ਮਹਾਂ ਪੁਰਖਾਂ ਦੀ ਸੰਗਤ ਕਰਕੇ ਮਹਾਂ ਪਾਤਕੀ ਜੀਵ ਭੀ ਪ੍ਰਤਾਪਵਾਨ ਹੋਕਰ ਜਗਤ ਵਿਚ ਪ੍ਰਗਟ ਹੋ ਜਾਂਦੇ ਹਨ।

ਦੋਹਰਾ

ਪਵਨ ਸੰਗ ਧੂਲੀ ਮਿਲੇ ਮੇਘ ਬਨਤ ਨਭ ਮਾਹਿ॥
ਤਿਉਂ ਸਾਜਨ ਕੇ ਸੰਗ ਤੇ ਕੁਟਲ ਊਚ ਪਦ ਪਾਹਿ॥ ੧੧॥

ਇਸ ਨੀਤੀ ਬਚਨ ਦਾ ਭਾਵਾਰਥ ਇਹ ਹੈ ਕਿ ਜਿਸ ਪਰਕਾਰਧੂਲੀ (ਮਿੱਟੀ) ਜਦ ਪੌਨ ਨਾਲ ਉਡਦੀ ਹੈ ਤਦ ਉਹ ਅਕਾਸ਼ ਵਿਚ ਠਹਰਕੇ ਜਲ ਦੇ ਭਾਗ ਨਾਲ ਮਿਲ ਕਰ ਬੱਦਲ ਹੋ ਜਾਂਦੀ ਹੈ ਜਿਸਤੇ ਵਰਖਾ ਹੋਕਰ ਸਾਰੀ ਪ੍ਰਿਥਵੀ ਨੂੰ ਸੁਖ ਦੇਂਦੀ ਹੈ। ਇਸੀ ਤਰਾਂ ਮਹਾਤਮਾ ਪੁਰਖਾਂ ਦੀ ਸੰਗਤ ਨੂੰ ਪਾ ਕੇ ਬੁਰੇ ਪੁਰਖ ਭੀ ਚੰਗੇ ਬਣਕੇ ਸੰਸਾਰ ਪਰ ਉਪਕਾਰ ਕਰਨ ਦੇ ਯੋਗ ਹੋ ਜਾਂਦੇ ਹਨ ਅਤੇ ਆਪਨੇ ਪਹਲੇ ਗੁਨਾਂ ਤੇ ਸੁਭਾਵਾਂ ਨੂੰ ਬਿਲਕੁਲ ਤਿਆਗ ਕੇ ਉਨ੍ਹਾਂ ਦਾ ਰੂਪ ਹੀ ਹੋ ਜਾਂਦੇ ਹਨ।

ਦੋਹਰਾ

ਜਿਉਂ ਧਾਨਾ ਕੇ ਸੰਗ ਤੇ ਘਾਸ ਲਹਤ ਜਲ ਮੀਤ॥
ਤਿਉਂ ਦੁਰਜਨ ਭੀ ਜਸ ਲਹੇ ਕਰ ਸਾਜਨ ਸੇ ਪ੍ਰੀਤ॥ ੧੨॥

ਇਸ ਉਪਰੋਕਤ ਦੋਹੇ ਦਾ ਭਾਵ ਅਰਥ ਇਹ ਹੈ ਕਿ ਜਿਸ ਤਰਾਂ ਧਾਨਾਂ ਦੀ ਸੰਗਤ ਹੋਨੇ ਕਰਕੇ ਡੀਲੇ

ਤੇ ਘਾਉ ਨੂੰ ਭੀ ਪਾਣੀ ਮਿਲ ਜਾਂਦਾ ਹੈ ਅਤੇ ਉਹ ਭੀ ਧਾਨਾਂ ਦੀ ਤਰਾਂ ਹਰਾ ਭਰਾ ਹੋ ਕੇ ਵੱਧਦਾ ਰਹਿੰਦਾ ਹੈ ਇਸੀ ਤਰਾਂ ਮਹਾਂ ਪੁਰਖਾਂ ਦੀ ਸੰਗਤ ਕਰਕੇ ਨੀਚ ਪੁਰਸ਼ ਭੀ ਗੁਨਾਂ ਨੂੰ ਪ੍ਰਾਪਤ ਕਰਕੇ ਅੱਛੇ ਹੋ ਜਾਂਦੇ ਹਨ।

ਦੋਹਰਾ

ਜਿਉਂ ਭ੍ਰਿੰਗੀ ਦੇਸਬਦ ਤੇ ਕੀਟ ਭ੍ਰਿੰਗ ਹੋ ਜਾਤ॥
ਤਿਉਂ ਛੁਦ੍ਰ ਦੀਰਘ ਬਨੇ ਸੁਨਤ ਸੁ ਜਨ ਕੀ ਬਾਤ॥ ੧੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਤਰਾਂ ਇਕ ਮੁਰਦਾਰ ਕੀੜਾ ਜੋ ਮੁਰਦਾ ਹੁੰਦਾ ਹੈ ਓਹ ਭ੍ਰਿੰਗੀ ਦੇ ਸਬਦ ਨੂੰ ਸੁਨਦਾ ਆਪਨੀ ਕਾਇਆ ਪਲਟ ਕੇ ਭ੍ਰਿੰਗੀ ਰੂਪ ਹੀ ਹੋ ਜਾਂਦਾ ਹੈ ਇਸੀ ਪ੍ਰਕਾਰ ਸਜਨ ਪੁਰਖਾਂ ਦੇ ਵਾਕ ਸੁਨ ਸੁਨ ਕੇ ਮਹਾਂ ਤੁੱਛ ਬੁਧੀ ਵਾਲਾ ਮੂਰਖ ਬੁੱਧ ਭੀ ਮਹਾਤਮਾ ਬਨ ਜਾਂਦਾ ਹੈ।

ਦੋਹਰਾ

ਕੰਚਨ ਸੋ ਕਾਚਨ ਮਿਲੇ ਸੋਭ ਦੇਤ ਬਹੁ ਭਾਇ॥
ਤਿਉਂ ਦੁਰਜਨ ਸੁਜਨ ਮਿਲੇ ਅਤਿ ਸੁੰਦਰ ਦਰਸਾਇ॥ ੧੪॥

ਇਸ ਉਪਰੋਕਤ ਦੋਹੇ ਦਾ ਭਾਵਾਰਥ ਇਹ ਹੈ ਕਿ ਜਿਸ ਪ੍ਰਕਾਰ ਸੁਇਨੇ ਦੀ ਮੁੰਦਰੀ ਵਿਚ ਇਕ ਕੱਚ ਦਾ ਥੇਵਾ ਜੜ ਦੇਈਏ ਤਦ ਉਹ ਆਪਨੀ ਅਸਲੀਅਤ ਨੂੰ ਛੱਡ ਕੇ ਅਜਿਹੇ ਸੁੰਦਰ ਲੱਗਦਾ ਹੈ ਜੈਸਾ ਕਿ ਸੁੱਚਾ ਨਗ ਹੁੰਦਾ ਹੈ ਇਸੀ ਤਰ੍ਹਾਂ ਭਾਵੇਂ ਕੈਸਾ ਹੀ ਮੂਰਖ ਅਤੇ ਦੁਸ਼ਟ ਪੁਰਖ ਭੀ ਕਿਉਂ ਨਾ ਹੋਵੇ ਪ੍ਰੰਤੂ ਮਹਾਤਮਾ ਪੁਰਖਾਂ ਦੀ ਸੰਗਤ ਕਰਕੇ ਉਸਦੇ ਸਾਰੇ ਔਗੁਨ ਛੁਪ ਜਾਂਦੇ ਹਨ ਅਤੇ ਓਹ ਭੀ ਮਹਾਨ ਪੁਰਖ ਹੋ ਕੇ ਲੋਕਾਂ ਵਿਚ ਸੋਭਾ ਪਾਉਂਦਾ ਹੈ।

ਦੋਹਰਾ

ਸਜਨ ਕੋ ਔਗੁਨ ਜਗਤ ਗੁਨ ਸਮ ਹੋਤ ਸੁਭਾਇ॥
ਜਿਉਂ ਸੁਰਹੀ ਗੋਬਰ ਬਿਕੇ ਮੁਸ਼ਕੰਬਰ ਕਹਲਾਇ॥ ੧੫॥

ਇਸ ਦਾ ਭਾਵ ਇਹ ਹੈ ਕਿ ਮਹਾਤਮਾ ਪੁਰਖਾਂ ਦੇ ਵਿਚ ਜੇ ਕਰਕੇ ਕਦਾਚਿਤ ਕੋਈ ਦੋਖ ਭੀ ਹੋਵੇ ਤਾਂ ਉਨਾਂ ਦੇ ਗੁਨਾਂ ਦੀ ਅਧਕਤਾ ਦੇ ਕਾਰਨ ਸ੍ਰੇਸ਼ਟ ਗੁਨ ਹੀ ਪ੍ਰਤੀਤ ਹੁੰਦਾ ਹੈ ਜੈਸਾ ਕੇ ਹੋਰਨਾਂ ਗਊਆਂ ਦਾ ਗੋਬਰ ਤਾਂ ਮਨਾਂ ਮੂੰਹੀ ਵਿਕਕੇ ਚੁਲਿਆਂ ਵਿਚ ਜੱਲਦਾ ਹੈ ਪ੍ਰੰਤੂ ਜੋ ਸੁਰਹੀ ਗਊ ਦਾ ਗੋਹਾ ਹੈ ਸੋ ਮੁਸ਼ਕੰਬ੍ਰ ਵਾਂਙੂ ਬਨ ਕੇ ਅਤਰਾਂ ਦੀ ਦੁਕਾਨ ਤੇ ਰਤੀ-ਰਤੀ ਅਤੇ ਮਾਸਾ-ਮਾਸਾ ਵਿਕਕੇ ਬਹੁਤ ਕੀਮਤ ਪਾਉਂਦਾ ਹੈ।

ਦੋਹਰਾ

ਜਿਉਂ ਭੁਸ ਖਾਕਰ ਦੂਧ ਦੇ ਗਊ ਸੁ ਮਨ ਸੁਖਦਾਇ॥
ਤਿਉਂ ਸਾਜਨ ਅਮਾਨ ਲੈ ਦੇਵਤ ਗੁਨ ਸ਼ੁਭ ਭਾਇ॥ ੧੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਗਊ ਖਲ ਅਤੇ ਸੁਖ ਭੋਹ (ਤੂੜੀ) ਖਾ ਕੇ ਭੀ ਪੁਰਖਾਂ ਨੂੰ ਦੁੱਧ ਪ੍ਰਦਾਨ ਕਰਦੀ ਹੈ ਇਸੀ ਤਰਾਂ ਸ੍ਰੇਸ਼ਟ ਜਨ ਭੀ ਅਪਨਾ ਆਪ ਮਾਨ ਤੇ ਨਿਰਾਦਰੀ ਸਹਾਰ ਕੇ ਅਪਨੇ ਉੱਤਮ ਗੁਨਾਂ ਨੂੰ ਦੇ ਕੇ ਲਾਭ ਪਹੁੰਚਾਉਂਦੇ ਹਨ।

ਦੋਹਰਾ

ਜਿਉਂ ਮਧ ਮਾਖੀ ਮਧ ਚੁਨੇ ਤਜੇ ਪਾਤ ਅਰ ਫੂਲ॥
ਤਿਉਂ ਸਾਜਨ ਗੁਨ ਲੇਤ ਹੈ ਔਗੁਨ ਗਹਤ ਨ ਭੂਲ॥ ੧੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਸ਼ਹਦ ਦੀ ਮੱਖੀ ਸਾਰੀ ਬਨਸਪਤੀ ਦੇ ਬ੍ਰਿਖਾਂ ਦੇ ਪਤੇ ਅਰ ਫੁਲਾਂ ਵਿਚੋਂ ਸ਼ਹਦ ਅੰਗੀਕਾਰ ਕਰ ਲੈਂਦੀ ਹੈ ਅਰ ਉਨ੍ਹਾਂ ਦੇ ਪਤ੍ਰ ਅਰ ਫੁਲਾਂ ਆਦਕਾਂ ਨੂੰ ਅੰਗੀਕਾਰ ਨਹੀਂ ਕਰਦੀ ਇਸੀ ਤਰਾਂ ਸਜਨ ਪੁਰਖ ਭੀ ਸੰਸਾਰ ਵਿਖੇ ਹਰ ਇਕ ਪ੍ਰਾਣੀ ਦੇ ਗੁਨਾਂ ਰੂਪੀ ਸ਼ਹਦ ਨੂੰ ਲੈ ਲੈਂਦੇ ਹਨ ਅਤੇ ਉਨਾਂ ਦੇ ਔਗੁਨਾਂ ਵੱਲ ਧਿਆਨ ਨਹੀਂ ਕਰਦੇ।

ਦੋਹਰਾ

ਜਿਉਂ ਨਿਜ ਜਰ ਪ੍ਰਕਾਸ਼ ਕਰ ਪਰਉਪਕਾਰ ਸਨੇਹ॥
ਤਿਉਂ ਸਾਜਨ ਨਿਜ ਅਰਪ ਕਰ ਕਰਤ ਸਕਲ ਸੋਂ ਨੇਹ॥ ੧੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਜਿਸ ਤਰ੍ਹਾਂ ਤੇਲ ਅਪਨੇ ਆਪਨੂੰ ਜਲਾ ਕੇ ਦੂਸਰਿਆਂ ਨੂੰ ਪ੍ਰਕਾਸ਼ ਕਰਦਾ ਹੈ ਇਸੇ ਤਰਾਂ ਉੱਤਮ ਪੁਰਸ਼ ਭੀ ਆਪਨੇ ਆਪਦਾ ਬਲੀਦਾਨ ਕਰਕੇ ਦੂਸਰਿਆਂ ਦਾ ਭਲਾ ਕਰਦੇ ਹਨ।

ਦੋਹਰਾ

ਮ੍ਰਿਦ ਬਚਨ ਜਲ ਭੂਮ ਤਲ ਰਿਦੇ ਸੁਹਿਰਦ ਸੁਭਾਇ॥
ਏ ਸਾਜਨ ਜਨ ਕੇ ਰਹੇ ਸਦਹੀ ਨੀਤ ਸਹਾਇ॥ ੧੯॥

ਇਸ ਦੋਹੇ ਦਾ ਭਾਵਾਰਥ ਇਹ ਹੈ ਕਿ ਹਮੇਸ਼ਾਂ ਆਏ ਪੁਰਖ ਨਾਲ ਮਿੱਠਾ ਬੋਲਨਾ ਤੇ ਠੰਡਾ ਜਲ ਪਿਲਾਉਨਾ ਅਤੇ ਬੈਠਨ ਜੋਗੀ ਜਗਾ ਦੇਵਨੀ ਔਰ ਪ੍ਰੇਮ ਕਰਨਾ। ਇਹ ਉੱਤਮ ਸੁਭਾਵ ਵਾਲੇ ਮਹਾਤਮਾ ਪੁਰਖਾਂ ਦੇ ਨਾਲ ਸਦਾ ਹੀ ਸਹਾਈ ਰਹਿੰਦੇ ਹਨ।

ਦੋਹਰਾ

ਜਿਉਂ ਚੱਕਰ ਚਹੁ ਦਿਸ ਫਿਰੇ ਪੁਨ ਸੂਦਾ ਪਥ ਜਾਇ॥
ਤਿਉਂ ਸਾਜਨ ਸਭ ਕਰਮ ਮਹਿਂ ਚਾਖਤ ਨੀਤ ਸੁਭਾਇ॥ ੨੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਵੇਲੇ ਚੱਕਰ ਚਲਾਇਆ ਜਾਂਦਾ ਹੈ ਤਦ ਉਹ ਚਾਰੇ ਪਾਸਿਓਂ ਘੁੰਮਦਾ ਜਾਂਦਾ ਹੈ ਪ੍ਰੰਤੂ ਉਹ ਆਪਨੇ ਨਿਸ਼ਾਨੇ ਤੇ ਟੇਢਾ ਨਹੀਂ ਜਾਂਦਾ। ਕਿੰਤੂ ਉਸਨੂੰ ਸਿੱਧ ਹੀ ਜਾਂਦਾ ਹੈ ਇਸੀ ਪ੍ਰਕਾਰ ਮਹਾਤਮਾ ਪੁਰਖ ਭੀ ਭਾਵੇਂ ਸੰਸਾਰਕ ਵਿਵਹਾਰਾਂ ਵਿਚ ਕਿਤਨੇ ਹੀ ਘੁਮਨ ਘੇਰ ਖਾਂਦੇ ਹਨ ਪਰ ਆਪਨੇ ਨੀਤੀ ਦੇ ਸਿੱਧੇ ਰਸਤੇ ਨੂੰ ਤਿਆਗਦੇ ਨਹੀਂ।

ਦੋਹਰਾ

ਸੰਪਤ ਬਿਪਤਾ ਕੇ ਬਿਖੇ ਰਹਤ ਸੁਜਨ ਇਕ ਸਾਰ॥
ਜਿਉਂ ਅਕਾਸ ਇਕ ਰਸ ਰਹੇ ਸਾਰੇ ਦਿਵਸ ਮਝਾਰ॥ ੨੧॥

ਇਸ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬੱਦਲਾਂ ਦੀ ਬਰਖਾ ਅਰ ਜੇਠ ਹਾੜ ਦੀ ਅੰਧੇਰੀਆਂ ਅਤੇ ਪੋਹ ਮਾਘ ਦੀਆਂ ਧੁੰਧਾਂ ਦੇ ਪੈਨ ਤੇ ਵੀ ਅਕਾਸ਼ ਆਪਨੇ ਸੁਭਾਵ ਨੂੰ ਨਹੀਂ ਤਿਆਗਦਾ ਅਤੇ ਇਨ੍ਹਾਂ ਸਾਰਿਆਂ ਉਪਦਰਾਂ ਵਿਚ ਇਕ ਰਸ ਰਹਿੰਦਾ ਹੈ ਇਸੀ ਪ੍ਰਕਾਰ ਮਹਾਤਮਾ ਪੁਰਖ ਭੀ ਸੰਪਤੀ ਅਤੇ ਬਿਪਤਾ ਵਿਚ ਆਪਨੇ ਆਪ ਨੂੰ ਇਕ ਰਸ ਰੱਖਦੇ ਹਨ।

ਦੋਹਰਾ

ਅਪਨੇ ਸਿਰ ਧੁਪ ਸਹਿ ਬ੍ਰਿਖ ਔਰਹਿ ਸੁਖ ਦੇਤ॥
ਤਿਉਂ ਤਨ ਪਰ ਦੁਖ ਕੋਟ ਲੈ ਸੁਜਨ ਔਰ ਸੁਖ ਹੇਤ॥ ੨੨॥

ਇਸਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬ੍ਰਿਖ (ਦਰਖਤ) ਆਪਨੇ ਸਿਰ ਪਰ ਅਨੇਕ ਤਰ੍ਹਾਂ ਦੇ ਕਸ਼ਟ ਧੁੱਪ ਅਤੇ ਹਨੇਰੀ ਆਦਿਕ ਸਹਾਰ ਕੇ ਦੂਸਰੇ ਪੁਰਖ ਅਤੇ ਪਸ਼ੂ ਪੰਖੀਆਂ ਲਈ ਸੁਖ ਪ੍ਰਦਾਨ ਕਰਦਾ ਹੈ ਇਸੀ ਤਰਾਂ ਸੱਜਨ ਪੁਰਖ ਭੀ ਆਪਨੇ ਸਰੀਰ ਪਰ ਕਈ ਪ੍ਰਕਾਰ ਦੇ ਕਸ਼ਟ ਸਹਾਰ ਕੇ ਦੂਸਰਿਆਂ ਨੂੰ ਸੁਖ ਦੇਂਦੇ ਹਨ।

ਦੋਹਰਾ

ਜਿਉਂ ਬਾਦਲ ਬਿਨ ਲੋਭ ਤੇ ਔਰਨ ਕੋ ਜਲ ਦੇਤ॥
ਤਿਉਂ ਉੱਤਮ ਨਿਜ ਗੁਨੋ ਸੇ ਔਰਨ ਕੋ ਸੁਖ ਹੇਤ॥ ੨੩॥

ਇਸ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬੱਦਲ ਆਪਣੇ ਜਲ ਨਾਲ ਬਿਨਾ ਕਿਸੇ ਲਾਲਚ ਦੇ ਬਰਸ ਕੇ ਲੋਕਾਂ ਨੂੰ ਸੁਖ ਦੇਂਦਾ ਹੈ ਇਸੀ ਪ੍ਰਕਾਰ ਅੱਛੇ ਪੁਰਖ ਵੀ ਬਿਨਾਂ ਕਿਸੇ ਸੁਆਰਥ ਪਰਤਾ ਦੇ ਆਪਨੇ ਅੱਛੇ ਗੁਨਾਂ ਨਾਲ ਹੋਰਨਾਂ ਨੂੰ ਲਾਭ ਦੇ ਕੇ ਸੁਖੀ ਕਰਦੇ ਹਨ।

ਦੋਹਰਾ

ਜਿਉਂ ਸਰਤਾ ਜਲ ਨਹਿ ਅਚੇ ਔਰਨ ਦੇਇ ਆਰਾਮ॥
ਤਿਉਂ ਸਾਜਨ ਜਨ ਜਗਤ ਮੇਂ ਪਰ ਹਿਤ ਕਰਹੈ ਕਾਮ॥ ੨੪॥

ਇਸ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਨਦੀ ਆਪਨੇ ਵਾਸਤੇ ਇਕ ਬੂੰਦ ਵੀ ਨਹੀਂ ਚਾਹੁੰਦੀ ਕਿੰਤੂ ਉਹ ਸਾਰੇ ਜੀਵਾਂ ਵਾਸਤੇ ਲਾਭ ਲਈ ਹੁੰਦਾ ਹੈ ਇਸੀ ਤਰ੍ਹਾਂ ਸ੍ਰੇਸ਼੍ਰ ਪੁਰਸ਼ ਭੀ ਆਪਨੇ ਸ਼ੁਭ (ਅੱਛੇ) ਕਰਮਾਂ ਤੇ ਆਪ ਇਤਨਾ ਲਾਭ ਨਹੀਂ ਉਠਾਂਵਦੇ ਕਿੰਤੂ ਉਨ੍ਹਾਂ ਦਾ ਸਾਰਾ ਉਪਾਓ ਹੋਰਨਾਂ ਵਾਸਤੇ ਹੁੰਦਾ ਹੈ।

ਦੋਹਰਾ

ਚੰਦਨ ਕਟੇ ਕੁਠਾਰ ਜਿਉਂ ਓਹ ਦੇਵਤ ਤਹਿ ਗੰਧ॥
ਤਿਉਂ ਸਾਜਨ ਸੁਖ ਦੇਤ ਤਹਿ ਜੋ ਦੇਖਤ ਦੁਖ ਅੰਧ॥ ੨੫॥

ਇਸਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕੁਹਾੜਾ ਤਾਂ ਚੰਦਨ ਨੂੰ ਕੱਟਦਾ ਹੈ ਪ੍ਰੰਤੂ ਉਹ ਉਸਦੇ ਬਦਲੇ ਵਿਚ ਉਸਨੂੰ ਸੁਗੰਧੀ ਦਾ ਦਾਨ ਦੇਂਦਾ ਹੈ ਇਸੀ ਪ੍ਰਕਾਰ ਜੋ ਮੂਰਖ ਮਹਾਤਮਾ ਪੁਰਸ਼ਾਂ ਨੂੰ ਦੁਖ ਦੇ ਕੇ ਨਾਸ ਕਰਨਾ ਚਾਹੁੰਦੇ ਹਨ ਪਰ ਉਹ ਉਸਨੂੰ ਉਲਟੇ ਸੁਖ ਹੀ ਦੇਂਦੇ ਹਨ।

ਦੋਹਰਾ

ਪਥਰ ਤੋੜੇ ਸੀਪ ਜਿਉਂ ਵੋਹ ਮੋਤੀ ਦੇ ਦਾਨ॥
ਤਿਉਂ ਸਾਜਨ ਸੁਖ ਦੇਤਹੈ ਜੌਨ ਕਰੇ ਅਪਮਾਨ॥ ੨੬॥

ਇਸਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਪੱਥਰ ਸਿਪ ਨੂੰ ਤੋੜਦਾ ਹੈ ਅਤੇ ਉਹ ਫੇਰ ਵੀ ਉਸਨੂੰ ਮੋਤੀ ਬਖਸ਼ਦਾ ਹੈ ਇਸੀ ਤਰ੍ਹਾਂ ਭਾਵੇਂ ਬੁਰੇ ਪੁਰਖਾਂ ਤੋਂ ਮਹਾਤਮਾ ਨੂੰ ਦੁਖ ਮਿਲਦਾ ਹੈ ਪਰ ਤਾਂ ਵੀ ਉਹ ਅੱਗੋਂ ਸੁਖ ਹੀ ਦੇਂਦੇ ਹਨ।

ਦੋਹਰਾ

ਜਿਉਂ ਚੰਦਨ ਸਰਪਨ ਵਿਖੈ ਸੀਤਲ ਹੈ ਵਿਖ ਹੀਨ॥
ਤਿਉਂ ਸੁਰਜਨ ਦੁਰਜਨ ਤੇ ਹੋਤ ਨ ਕਬੀ ਮਲੀਨ॥ ੨੭॥

ਇਸਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਚੰਦਨ ਭਾਵੇਂ ਸਰਪਾਂ ਕਰਕੇ ਵੇਹੜਿਆ ਹੋਇਆ ਵੀ ਹੁੰਦਾ ਹੈ ਪਰੰਤੂ ਫੇਰ ਵੀ ਉਹ ਆਪਨੀ ਸੀਤਲਤਾ ਨੂੰ ਤਜਕੇ ਵਿਖ ਨਹੀਂ ਧਾਰਨ ਕਰਦਾ ਇਸੀ ਪ੍ਰਕਾਰ ਮਹਾਤਮਾ ਪੁਰਖ ਭੀ ਭਾਵੇਂ ਮਹਾਂ ਦੁਸ਼ਟਾਂ ਵਿਚ ਹੀ ਕਿਉਂ ਨਾ ਰਹਿਨ ਪਰੰਤੂ ਆਪਨੀ ਬੁੱਧੀ ਨੂੰ ਮਲੀਨ ਨਹੀਂ ਕਰਦੇ ਸਗੋਂ ਜਿਸ ਤਰਾਂ ਚੰਦਨ ਸਪਾਂ ਦੀ ਜ਼ਹਿਰ ਨੂੰ ਦੂਰ ਕਰਦਾ ਹੈ ਇਸੀ ਪ੍ਰਕਾਰ ਉਹ ਬੁਰੇ ਪੁਰਖਾਂ ਦੀ ਬੁਰਿਆਈਆਂ ਨੂੰ ਦੂਰ ਕਰਦੇ ਰਹਿੰਦੇ ਹਨ।

ਦੋਹਰਾ

ਤਾਰਾ ਗਨ ਮੇਂ ਚਾਂਦ ਜਿਉਂ ਰਹਤ ਸਦਾ ਨਿਰਲੇਪ॥
ਤਿਉਂ ਦੁਰਜਨ ਕੇ ਸੰਗ ਤੇ ਲਹਤ ਨਹੀਂ ਵਿਖਖੇਪ॥ ੨੮॥

ਇਸਦਾ ਭਾਵ ਇਹ ਹੈ ਜਿਸ ਤਰ੍ਹਾਂ ਚੰਦਰਮਾਂਤਾਰਿਆਂ ਦੇ ਵਿਚ ਵੀ ਨਿਰਲੇਪ ਹੋ ਕੇ ਚਲਿਆ ਜਾਂਦਾ ਹੈ ਇਸੀ ਪ੍ਰਕਾਰ ਉੱਤਮ ਪੁਰਖ ਭੀ ਭਾਵੇਂ ਕਈ ਪ੍ਰਕਾਰ ਦੇ ਦੁਸ਼ਟ ਪੁਰਸ਼ਾਂ ਨਾਲ ਭੀ ਵਰਤ ਰਹੇ ਹੋਨ ਪਰੰਤੂ ਫੇਰ ਭੀ ਉਹ ਉਨ੍ਹਾਂ ਦੇ ਦੋਖਾਂ ਤੋਂ ਨਿਰਲੇਪ ਰਹਿੰਦੇ ਹਨ।

ਦੋਹਰਾ

ਨੌ ਨੇਜੇ ਜਲ ਕੇ ਵਿਖੇ ਕਮਲ ਰਹਤ ਨਿਰਲੇਪ॥
ਤਿਉਂ ਦੁਰਜਨ ਮੇਂ ਬਸਤ ਹੀ ਲਹਤ ਨ ਸਜਨ ਵਿਖਖੇਪ॥ ੨੯॥

ਇਸਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕਵਲ ਦਾ ਫੁਲ ਭਾਵੇਂ ਕਿੰਨੇ ਹੀ ਡੂੰਘੇ ਪਾਨੀ ਵਿਚ ਕਿਉਂ ਨਾ ਹੋਵੇ ਪ੍ਰੰਤੂ ਉਸਨੂੰ ਜਲ ਡੁਬਾ ਨਹੀਂ ਸਕਦਾ ਇਸੀ ਪ੍ਰਕਾਰ ਮਹਾਤਮਾ ਪੁਰਖ ਭਾਵੇਂ ਚਾਰੇ ਪਾਸਿਓਂ ਦੁਰਜਨਾਂ ਨਾਲ ਘੇਰੇ ਕਿਉਂ ਨਾ ਹੋਵਣ ਕਿੰਤੂ ਓਹ ਲਿਪਾਇਮਾਨ ਨਹੀਂ ਹੁੰਦੇ।

ਦੋਹਰਾ

ਸੀਤਲ ਮੰਦ ਸੁਗੰਧਤਾ ਜਿਉਂ ਭੂਖਨ ਧਰ ਪੌਨ॥
ਸਭ ਜਨ ਕੋ ਸੁਖ ਦੇਤ ਹੈ ਤਿਉਂ ਸਾਜਨ ਸੁਖ ਭੌਨ॥ ੩੦॥

ਇਸਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਪੌਨ ਵਿਖੇ ਸ਼ੀਤਲਤਾ ਤੇ ਹੌਲੀ ਹੌਲੀ ਚੱਲਣਾ ਅਤੇ ਸੁਗੰਧੀ ਵਾਲੀ ਹੋਣਾ ਇਕ ਸੁਭਾਵਿਕ ਗੁਨ ਹੈ ਇਸੀ ਪ੍ਰਕਾਰ ਮਹਾਤਮਾ ਪੁਰਖ ਆਪਨੇ ਸ਼ੁਭ ਗੁਨਾਂ ਦੁਆਰੇ ਸਭ ਨੂੰ ਸੁਖ ਹੀ ਦੇਂਦੇ ਹਨ।

ਦੋਹਰਾ

ਜਿਉਂ ਸੋਨਾ ਤਨ ਦੁਖ ਸਹੇ ਪਰ ਸੋਭਾ ਦੇ ਮਾਨ॥
ਤਿਉਂ ਸਾਜਨ ਤਨ ਖੇਦ ਲੈ ਦੇਵਤ ਹੈ ਸੁਖ ਆਨ॥ ੩੧॥

ਇਸਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਸੋਨਾ ਕਈ ਪ੍ਰਕਾਰ ਦੇ ਕਸ਼ਟ ਸਹਾਰ ਕੇ ਭੀ ਭੂਖਨ ਬਣਕੇ ਦੂਜੇ ਨੂੰ ਹੀ ਮਾਨ ਦੇਂਦਾ ਹੈ ਇਸੀ ਪ੍ਰਕਾਰ ਮਹਾਤਮਾ ਪੁਰਖ ਭੀ ਆਪ ਕਸ਼ਟ ਸਹਾਰ ਕੇ ਦੂਜੇ ਦਾ ਹੀ ਭਲਾ ਕਰਦੇ ਹਨ।

– ਇਤਿ –

ੴ ਸਤਿਗੁਰ ਪ੍ਰਸਾਦਿ।।

੩੫ ਨੀਤੀ ਬਚਨ



ਕ੍ਰਿਤ
ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਸੰਨ : ਮਈ, ੨੦੧੦ ਈ:

ਸੰਪਾਦਕ ਅਤੇ ਪ੍ਰਕਾਸ਼ਕ
ਪ੍ਰੀਤਮ ਸਿੰਘ ਐਮ.ਏ.

'ਨੀਤੀ ਬਚਨ' ਬਾਰੇ

ਗਿਆਨੀ ਜੀ ਦੀ ਇਹ ਪੁਸਤਕ 'ਨੀਤੀ ਬਚਨ' ਕਦੇ ਵੇਖਣ ਵਿੱਚ ਨਜ਼ਰ ਨਹੀਂ ਆਈ। ਗਿਆਨੀ ਨੇ ੫੯ ਦੋਹਰੇ ਨੀਤੀ ਬਚਨ ਹੈਡਿੰਗ ਤਹਿਤ ਅਤੇ ਉਹਨਾਂ ਦੇ ਭਾਵ ਅਰਥ ਸਿਤੰਬ੍ਰ, ੧੮੯੮ ਤੋਂ ਦਸੰਬ੍ਰ, ੧੯੦੦ ਈ: ਦੇ, ਖਾਲਸਾ ਅਖ਼ਬਾਰ, ਲਾਹੌਰ' ਦੇ ਅੰਕਾਂ ਵਿੱਚ ਆਪ ਹੀ ਬਤੌਰ ਅਡੀਟਰ ਛਾਪਿਆ ਸੀ। ਡਾ: ਕਰਨੈਲ ਸਿੰਘ ਸੋਮਲ, ਮੋਹਾਲੀ ਨੇ ਅਣਥੱਕ ਮਿਹਨਤ ਅਤੇ ਲਗਣ ਨਾਲ ਉਸ ਸਮੇਂ ਦੇ ਛੱਪੇ 'ਖਾਲਸਾ ਅਖ਼ਬਾਰਾਂ' ਤੋਂ ੫੯ ਦੋਹਰੇ ਨੀਤੀ ਬਚਨ' ਦੇ ਰੂਪ ਵਿੱਚ ਸੰਕਲਣ ਕਰਨ ਉਪਰੰਤ ਕੰਪਿਊਟਰ, ਸੀ.ਡੀ. ਬਣਾਈ ਅਤੇ ਉਹੋ ਸੀ.ਡੀ. ਉਹਨਾਂ ਨੇ ਮੈਨੂੰ ਮਿਤੀ ੨੧ ਫਰਵਰੀ, ੨੦੦੮ ਈ: ਨੂੰ ਆਪਣੇ ਮੋਹਾਲੀ ਨਿਵਾਸ ਨੰ: ੩੩੭ ਫੇਜ਼ ੬, ਮੋਹਾਲੀ ਵਿਖੇ ਆਪਣੇ ਕਰ ਕਮਲਾਂ ਨਾਲ ਦਿੱਤੀ ਸੀ। ਇਸੇ ਮੂਲ ਅਧਾਰ ਕਰਕੇ ੫੯ ਨੀਤੀ ਬਚਨ ਦੋਹਰਿਆਂ ਨੂੰ ਵੱਖਰੀ ਪੁਸਤਕ ਦਾ ਰੂਪ ਦਿੱਤਾ ਗਿਆ ਹੈ। ਦੋਹਾਂ ਵਿਦਵਾਨਾਂ ਦੀ ਇਸ ਪ੍ਰਤੀ ਕੋਈ ਖੋਟ ਨੀਤੀ ਨਹੀਂ ਹੈ ਬਲਕਿ ਗਿਆਨੀ ਜੀ ਦੇ ਰਚਿਤ ਸਾਹਿਤ ਨੂੰ ਸਦੀਵਤਾ ਤੱਕ ਅਮਰ ਰੱਖਣ ਦਾ ਹੀ ਉੱਦਮ ਹੈ। ਉੱਕਤ ਦੇ ਅਧਾਰ ਉਤੇ ਇਹ ਸਪਸ਼ਟ ਹੈ ਕਿ ਇਸ ਪੁਸਤਕ ਦਾ ਰਚਨਾਕਾਲ ੧੮੯੩ ਈ: ਬਣਦਾ ਹੈ ਕਿਉਂਕਿ ਅਜਿਹੀ ਹੀ ਪੁਸਤਕ ਨੀਤੀ ਪ੍ਰਕਾਸ਼' ਉਹਨਾਂ ਨੇ ੧੮੯੨ ਈ: ਵਿੱਚ ਲਿਖੀ ਸੀ ਅਤੇ ਇਹ ਪੁਸਤਕ ਬਾਈ ਕੁ ਪੰਨਿਆ ਵਿੱਚ ਸਮੋਈ ਹੋਈ ਹੈ। ਕੇਵਲ ਡਾ: ਕਰਨੈਲ ਸਿੰਘ ਸੋਮਲ ਦੇ ਉੱਦਮਾਂ ਸੱਦਕੇ ਹੀ ਇਸ ਪੁਸਤਕ ਦੀ ਪੁਨਰ-ਛਾਪ ਇਸ ਰਚਨਾਵਲੀ ਵਿੱਚ ਸ਼ਾਮਲ ਹੋ ਸਕੀ।

ਨੀਤੀ ਬਚਨਾਂ ਦੇ ਅਰੰਭਿਕ ਤਿੰਨ ਦੋਹਰਿਆਂ ਵਿੱਚ ਗਿਆਨੀ ਜੀ ਨੇ ਰਾਜਿਆਂ ਦੇ ਲੋਕਾਂ ਪ੍ਰਤੀ ਫ਼ਰਜ ਦੱਸੇ ਹਨ ਜਿਵੇਂਕਿ ਜਿੰਨਾਂ ਦਾ ਕ੍ਰਮਵਾਰ ਸੰਖਪਿਤ ਰੂਪ ਹੀ ਇਥੇ ਦਿੱਤਾ ਜਾਂਦਾ ਹੈ :-

ਦੋਹਰਾ

ਭੂਪਤਿ ਕੋ ਨਹਿ ਚਾਹੀਏ ਮਹਾਂ ਕੋਪ ਦ੍ਰਿੜ ਕਾਲ ।।
ਜਾਕੇ ਬਲ ਸੇ ਪੁਰਖ ਤਿਨ ਕਹੇ ਨ ਸਾਚੇ ਹਾਲ ।।੧।।

"ਰਾਜਾ ਨੂੰ ਚਾਹੀਦਾ ਹੈ ਜੋ ਜਿਸ ਪਰ ਕੋਪ ਕਰੇ ਉੱਪਰ ਕ੍ਰਿਪਾ ਦਾ ਖਯਾਲ ਭੀ ਰੱਖੇ।"

ਧਨ ਆਯੂ ਪ੍ਰਤਾਪ ਤੇ ਜੋ ਨਹਿ ਲੇਵਤ ਕਾਮ।।
ਸੂਨੇ ਘਰ ਮਹਿ ਦੀਪ ਜਿਉਂ ਨਹੀਂ ਫੂਲ ਬਨ ਕਾਮ।।੨।।

"ਜੇ ਰਾਜਾ ਉਸ ਅਪਨੀ ਦੌਲਤ ਅਰ ਉਮਰਾ ਅਤੇ ਪ੍ਰਤਾਪ ਨਾਲ ਅਪਨੇ ਲੋਕ ਪ੍ਰਲੋਕ ਦਾ ਸੁਧਾਰ ਚਾਹੇ ਤਾਂ ਹੋਰਨਾਂ ਲੋਗਾਂ ਤੇ ਬਹੁਤ ਠੀਕ ਕਰ ਸਕਦਾ ਹੈ ਪਰੰਤੂ ਜੋ ਰਾਜਾ ਇਨ੍ਹਾਂ ਬਾਤਾਂ ਨੂੰ ਪਾਕੇ ਇਨ੍ਹਾਂ ਦਾ ਵਰਤਨਾ ਨਹੀਂ ਜਾਨਦਾ ਤਦ ਉਸ ਦੇ ਇਹ ਸਾਰੇ ਅਮੋਲਕ ਪਦਾਰਥ ਇਸ ਤਰ੍ਹਾਂ ਨਿਸਫ਼ਲ ਜਾਂਦੇ ਰਹਿੰਦੇ ਹਨ ਜਿਸ ਤਰ੍ਹਾਂ ਸੁਵੇਂ ਮੰਦ੍ਰ ਦੇ ਵਿੱਚ ਦੀਵੇ ਦਾ ਪ੍ਰਕਾਸ਼ ਅਰ ਬਨ ਦੇ ਫੁੱਲਾਂ ਦੀ ਸੁੰਦ੍ਰਤਾ ਨਿਸਫਲ ਜਾਂਦੀ ਹੈ, ਇਸ ਵਾਸਤੇ ਰਾਜਾ ਨੂੰ ਚਾਹੀਦਾ ਹੈ ਕਿ ਇਸ ਅਮਲੋਕ ਨਿਧੀ ਨੂੰ ਪਾ ਕੇ ਅਪਨਾ ਜਨਮ ਜੂਏ ਨਾ ਹਰੇ"।

ਜੋ ਭੂਪਤ ਨਿਰਭਰ ਕਰੇ ਮੂੜਨ ਬਚਨ ਪਮਾਨ।।
ਕਹੋ ਕੌਨ ਬਿਧ ਨਾ ਲਹੇ ਸਦਾ ਜਗਤ ਮਹਿ ਮਾਨ।।੩।।

"ਜਿਸ ਰਾਜਾ ਦੇ ਪਾਸ ਨੀਤੀ ਗਯਾਤਾ ਮੰਤ੍ਰੀ ਨਹੀਂ ਹੁੰਦੇ ਤਦ ਉਹ ਕੁਮੰਤ੍ਰੀਆਂ ਦੇ ਅਧੀਨ ਹੋਕੇ

ਅਪਨੇ ਰਾਜ ਭਾਗ ਅਤੇ ਯਸ਼ ਨੂੰ ਖੋਹ ਬੈਠਦਾ ਹੈ ਇਸ ਵਾਸਤੇ ਰਾਜਾ ਨੂੰ ਚਾਹੀਦਾ ਹੈ ਕਿ ਸਦਾ ਹੀ ਅੱਛੇ ਆਦਮੀਆਂ ਦਾ ਸਤਕਾਰ ਕਰੇ ਅਤੇ ਮੂਰਖ ਪੁਰਖਾਂ ਦੇ ਅੜਿ ਨਾ ਚੜ੍ਹ ਜਾਏ।"

ਗਿਆਨੀ ਜੀ ਨੇ ਇਸ ਪੁਸਤਕ ਦੇ ਦੋਹਰਿਆਂ ਵਿੱਚ ਸੱਚੇ ਅਤੇ ਅੱਛੇ ਮਿੱਤਰ ਬਾਰੇ ਨੀਤੀ ਬਚਨ ਉਚਾਰੇ ਅਤੇ ਉਹਨਾਂ ਬਚਨਾਂ ਦੀ ਅਪਣੀ ਕਲਮ ਨਾਲ ਵਿਆਖਿਆ ਕੀਤੀ ਜਿਸ ਦਾ ਸੰਖਿਪਤ ਰੂਪ ਇਥੇ ਦਿੱਤਾ ਜਾਂਦਾ ਹੈ:-

ਧਨ ਸੰਪਦ ਸੁਤ ਨਾਰ ਲਗ ਮਾਤਾ ਪਿਤਾ ਨਿਜ ਦੇਹ ।।
ਸਭ ਤੋਂ ਉਤਮ ਹੋਤ ਹੈ ਸਾਚੋ ਮੀਤ ਸਨੇਹ।।੪।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ "ਮਿੱਤ੍ਰ ਪਦ ਇਕ ਐਸਾ ਉਤਮ ਪਦ ਹੈ ਜਿਸ ਦੇ ਬਰਾਬਰ ਦੂਸਰਾ ਕੋਈ ਭੀ ਨਹੀਂ ਹੈ।"

ਸਕਲ ਵਸਤ ਜਗ ਮਹਿ ਮਿਲੇ ਯਤਨ ਅਯਤਨ ਪਛਾਨ।।
ਪਰ ਮਿੱਤ੍ਰ ਨਹਿ ਪਾਈਏ ਧਨ ਸੰਪਤ ਦੇ ਪ੍ਰਾਨ ।।੫।।

ਇਸ਼ ਨੀਤੀ ਬਚਨ ਦਾ ਭਾਵ ਇਹ ਹੈ ਕਿ ਮਿੱਤ੍ਰ ਦੀ ਪ੍ਰਾਪਤੀ ਸੰਸਾਰ ਪਰ ਬਹੁਤ ਹੀ ਕਠਨ ਹੈ, ਪਰ ਮਿੱਤ੍ਰ ਪਦ ਦਾ ਅਧਿਕਾਰੀ ਮਿਲਨਾ ਮਹਾਂ ਦੁਰਘਟ ਹੈ, ਜਿਸ ਤੇ ਸਾਬਤ ਹੁੰਦਾ ਹੈ ਕਿ ਮਿੱਤ੍ਰ ਸਾਰੇ ਪਦਾਰਥਾਂ ਤੇ ਦੁਰਲਭ ਹੈ।

ਇਸ ਪੁਸਤਕ ਵਿੱਚ ਗਿਆਨੀ ਜੀ ਨੇ ਨੀਤੀ ਬਚਨਾਂ ਵਿੱਚ ਸਵਾਰਥੀ ਮਿੱਤਰ ਅਤੇ ਮੂਰਖ ਮਿੱਤਰ ਬਾਰੇ ਉਚਾਰੇ ਦੋਹਰਿਆਂ ਦੀ ਆਪਣੀ ਕਲਮ ਤੋਂ ਵਿਆਖਿਆ ਕੀਤੀ ਹੈ ਜਿਸ ਦਾ ਸੰਖਿਪਤ ਰੂਪ ਦਿੱਤਾ ਜਾਂਦਾ ਹੈ:-

ਫੂਲ ਮਾਲ ਨਿਰ ਗੰਧ ਜਿਉਂ ਤਯਾਗਤ ਹੈ ਨਰ ਬੇਗ ।।
ਤਿਉਂ ਸਵਾਰਥ ਤੇ ਹੀਨ ਪਿਖ ਤਜਤ ਸੁਮਾਰਗ ਲੋਗ।।੧੧।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ "ਸਵਾਰਥੀਯ ਮਿੱਤ੍ਰ ਜਿਤਨਾ ਚਿਰ ਕੋਈ ਸਵਾਰਥ ਹੁੰਦਾ ਹੈ ਉਤਨਾ ਚਿਰ ਬਹੁਤ ਪਰੇਮ ਜਤਾ ਦੇਂਦਾ ਹੈ ਅਰ ਜਦ ਸਵਾਰਥ ਸਿੱਧੀ ਨਹੀਂ ਦੇਖਦਾ ਤਦ ਝੱਟ ਪਟ ਤਯਾਗ ਕੇ ਰਸਤਾ ਲੈਂਦਾ ਹੈ।"

ਮੂਰਖ ਮਿੱਤ੍ਰ ਤੇ ਮਿਲੇ ਸਰਬ ਦੁੱਖ ਕੋ ਪੁੰਜ।
ਜਿਉਂ ਤਨ ਕੋ ਦੁੱਖ ਦੇਤ ਹੈ ਪਰਸਨ ਤੇ ਤ੍ਰਿਣ ਮੁੰਜ।।੧੫।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ "ਮੂਰਖ ਮਿੱਤ੍ਰ ਤੇ ਜੇ ਕੋਈ ਪੁਰਖ ਸੁਖ ਚਾਹੇ ਸੋ ਕਦਾ ਚਿੱਤ ਭੀ ਨਹੀਂ ਹੋ ਸਕਦਾ ਜਿਸ ਪ੍ਰਕਾਰ ਮੁੰਜ ਦੀ ਰਸੀ ਨੂੰ ਪਰਸਨ ਤੇ ਸਰੀਰ ਨੂੰ ਕਦੇ ਸੁੱਖ ਪ੍ਰਾਪਤ ਨਹੀਂ ਹੁੰਦਾ"।

ਜਿਉਂ ਬਾਲੂ ਤੋਂ ਮਿਲਤ ਨਾਹਿ ਕਬਹੀ ਕਿਸੇ ਸਨੇਹ।
ਤਿਉਂ ਸਠਮਿੱਤ੍ਰ ਭੀ ਨਹੀਂ ਦੇਵਤ ਸੁਖ ਸਨੇਹ।।੧੮।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ "ਮੂਰਖ ਮਿੱਤ੍ਰ ਦੀ ਪ੍ਰੀਤੀ ਤੇ ਕਦੇ ਭੀ ਸੁਖ ਦੀ ਪ੍ਰਾਪਤ ਨਹੀਂ ਹੁੰਦੀ, ਇਸ ਵਾਸਤੇ ਜਦੋਂ ਕੋਈ ਪੁਰਖ ਮਿੱਤ੍ਰ ਬਨਨੇ ਦਾ ਇਕਰਾਰ ਕਰੇ ਤਦ ਉਸ ਦੀ ਪਹਲੇ ਪ੍ਰੀਛਾ ਕਰ ਲੈਨੀ ਉਚਤ ਹੈ, ਕਿ ਇਹ ਮਿੱਤ੍ਰਤਾ ਦੇ ਜੋਗ ਹੈ ਕਿ ਨਹੀਂ।"

ਪ੍ਰੀਤਮ ਸਿੰਘ ਐਮ.ਏ.
ਸੰਪਾਦਕ ਅਤੇ ਪ੍ਰਕਾਸ਼ਕ

ੴ ਸਤਿਗੁਰ ਪ੍ਰਸਾਦਿ॥

ਨੀਤੀ ਬਚਨ

ਦੋਹਰਾ

ਭੂਪਤਿ ਕੋ ਨਹਿ ਚਾਹੀਏ ਮਹਾਂ ਕੋਪ ਦ੍ਰਿੜ ਕਾਲ ॥
ਜਾਕੇ ਬਲ ਸੇ ਪੁਰਖ ਤਿਨ ਕਹੇ ਨ ਸਾਚੋ ਹਾਲ॥੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਰਾਜਾ ਨੂੰ ਅਪਨੇ ਮੰਤ੍ਰੀ ਅਤੇ ਪ੍ਰਜਾ ਦੇ ਲੋਗ ਐਸੇ ਖਯਾਲ ਕਰਨੇ ਚਾਹੀਦੇ ਹਨ ਜਿਸ ਤਰ੍ਹਾਂ ਇੱਕ ਗ੍ਰਹ ਦੇ ਮਾਲਕ ਦਾ ਪਰਵਾਰ ਹੁੰਦਾ ਹੈ ਜਿਸਤੇ ਰਾਜਾ ਨੂੰ ਕਦੇ ਭੀ ਕਿਸੇ ਪਰ ਦ੍ਰਿੜ੍ਹ ਕੋਪ ਨਹੀਂ ਕਰਨਾ ਚਾਹੀਦਾ ਅਰਥਾਤ ਐਸਾ ਕੋਪ ਕਰਨਾ ਅਨੁਚਿਤ ਹੈ ਜਿਸ ਥੋਂ ਲੋਗ ਇਹ ਖਯਾਲ ਕਰ ਬੈਠਨ ਕਿ ਹੁਨ ਇਸ ਨੇ ਸਾਡੇ ਪਰ ਕ੍ਰਿਪਾ ਕਰਨੀ ਹੀ ਨਹੀਂ ਕਿਉਂਕਿ ਜੇ ਐਸਾ ਖਯਾਲ ਕਰ ਲੈਨਗੇ ਤਦ ਗੁਸੇ ਹੋਨ ਥੋਂ ਡਰਕੇ ਸੱਚਾ ਹਾਲ ਉਸ ਦੇ ਕੰਨਾਂ ਤਕ ਨਹੀਂ ਪਹੁੰਚਾਉਨਗੇ,ਇਸ ਵਾਸਤੇ ਰਾਜਾ ਨੂੰ ਚਾਹੀਦਾ ਹੈ ਜੋ ਜਿਸ ਪਰ ਕੋਪ ਕਰੇ ਉਸ ਪਰ ਕ੍ਰਿਪਾ ਦਾ ਖਯਾਲ ਭੀ ਰੱਖੇ ॥

(ਖਾ.ਅ. ਅੱਸੂ ਦੀ ੧੬ ਸੰ ੧੯੫੫ ਬਿ:,ਸਿਤੰਬ੍ਰ ਦੀ ੩੦ ਸੰ: ੧੮੯੮ ਈ.)

ਦੋਹਰਾ

ਧਨ ਆਯੂ ਪ੍ਰਤਾਪ ਤੇ ਜੋ ਨਹਿ ਲੇਵਤ ਕਾਮ ॥
ਸੂਨੇ ਘਰ ਮਹਿ ਦੀਪ ਜਿਉਂ ਨਹੀਂ ਫੂਲ ਬਨ ਕਾਮ ॥੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਰਾਜਾ ਨੂੰ ਹੋਰਨਾਂ ਲੋਗਾਂ ਨਾਲੋਂ ਧਨ,ਮਨੁਖਾ ਜਨਮ ਅਤੇ ਤੇਜ ਪ੍ਰਤਾਪ ਈਸ਼ੁਰ ਦੀ ਸ੍ਰਿਸ਼ਟੀ ਵੱਲੋਂ ਇਕ ਪ੍ਰਕਾਰ ਦਾ ਵਿਲਖ ਨਹੀਂ ਪ੍ਰਾਪਤ ਹੁੰਦਾ ਹੈ ਕਿਉਂਕਿ ਉਸ ਦਾ ਧਨ ਅਰ ਉਸ ਦਾ ਤਨ, ਇਸੇ ਪ੍ਰਕਾਰ ਉਸ ਦਾ ਪਰਤਾਪ ਅਪਨਾ ਪ੍ਰਤਾਪ ਹੁੰਦਾ ਹੈ,ਜਿਸ ਤੇ ਉਹ ਪ੍ਰਜਾ ਦੇ ਜੀਵਾਂ ਦੀ ਨਿਸਬਤ ਬਹੁਤ ਹੀ ਸੁਤੰਤ੍ਰ ਹੁੰਦਾ ਹੈ,ਇਸੇ ਵਾਸਤੇ ਜੇ ਰਾਜਾ ਉਸ ਅਪਨੀ ਦੌਲਤ ਅਰ ਉਮਰਾ ਅਤੇ ਪ੍ਰਤਾਪ ਨਾਲ ਅਪਨੇ ਲੋਕ ਪ੍ਰਲੋਕ ਦਾ ਸੁਧਾਰ ਚਾਹੇ ਤਾਂ ਹੋਰਨਾਂ ਲੋਗਾਂ ਤੇ ਬਹੁਤ ਠੀਕ ਕਰ ਸਕਦਾ ਹੈ ਪ੍ਰੰਤੂ ਜੋ ਰਾਜਾ ਇਨ੍ਹਾਂ ਬਾਤਾਂ ਨੂੰ ਪਾਕੇ ਇਨ੍ਹਾਂ ਦਾ ਵਰਤਨਾ ਨਹੀਂ ਜਾਨਦਾ ਤਦ ਉਸਦੇ ਇਹ ਸਾਰੇ ਅਮੋਲਕ ਪਦਾਰਥ ਇਸ ਤਰ੍ਹਾਂ ਨਿਸਫਲ ਜਾਂਦੇ ਰਹਿੰਦੇ ਹਨ ਜਿਸ ਤਰ੍ਹਾਂ ਸੁਞੇ ਮੰਦ੍ਰ ਦੇ ਵਿੱਚ ਦੀਵੇ ਦਾ ਪ੍ਰਕਾਸ਼ ਅਰ ਬਨ ਦੇ ਫੁੱਲਾਂ ਦੀ ਸੁੰਦ੍ਰਤਾ ਨਿਸਫਲ ਜਾਂਦੀ ਹੈ,ਇਸ ਵਾਸਤੇ ਰਾਜਾ ਨੂੰ ਚਾਹੀਦਾ ਹੈ ਕਿ ਇਸ ਅਮੋਲਕ ਨਿਧੀ ਨੂੰ ਪਾਕੇ ਅਪਨਾ ਜਨਮ ਜੂਏ ਨਾ ਹਾਰੇ ॥

(ਖਾ.ਅ.੨੧ ਜੇਠ ਸੰ.੧੯੫੬ ਬਿਕ੍ਰਮੀ,ਜੂਨ ਦੀ ੨ ਸੰ. ੧੮੯੯ ਈ.)

ਦੋਹਰਾ

ਜੋ ਭੂਪਤ ਨਿਰਭਰ ਕਰੇ ਮੂੜਨ ਬਚਨ ਪਮਾਨ॥
ਕਹੋ ਕੌਨ ਬਿਧ ਨਾ ਲਹੇ ਸਦਾ ਜਗਤ ਮਹਿ ਮਾਨ ॥੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਰਾਜਾ ਦੇ ਸਾਰਾ ਭਾਗ ਅਤੇ ਯਸ਼ ਨਿਰਭਰ

ਕੇਵਲ ਮੰਤ੍ਰੀਆਂ ਪਰ ਹੀ ਹੁੰਦਾ ਹੈ ਜਿਸ ਵਾਸਤੇ ਓਹਦੇ ਹੀ ਅਧੀਨ ਰਾਜਾ ਦਾ ਯਸ਼ ਅਤੇ ਅਪਯਸ਼ ਹੁੰਦਾ ਹੈ ਇਸ ਵਾਸਤੇ ਰਾਜਾ ਨੂੰ ਚਾਹੀਦਾ ਹੈ ਕਿ ਅਪਨੇ ਪਾਸ ਸਦਾ ਹੀ ਅੱਛੇ ਲਾਇਕ ਮੰਤ੍ਰੀ ਰੱਖੇ ਜੋ ਸਰਬ ਪ੍ਰਕਾਰ ਨੀਤੀ ਵੇਤਾ ਹੋਨ ਕਿਉਂ ਕਿ ਜਿਸ ਰਾਜਾ ਦੇ ਪਾਸ ਨੀਤੀ ਗਜਾਤਾ ਮੰਤ੍ਰੀ ਨਹੀਂ ਹੁੰਦੇ ਤਦ ਉਹ ਕੁਮੰਤ੍ਰੀਆਂ ਦੇ ਅਧੀਨ ਹੋਕੇ ਅਪਨੇ ਰਾਜ ਭਾਗ ਅਤੇ ਯਸ਼ ਨੂੰ ਖੋਹ ਬੈਠਦਾ ਹੈ ਇਸ ਵਾਸਤੇ ਰਾਜਾ ਨੂੰ ਚਾਹੀਦਾ ਹੈ ਕਿ ਸਦਾ ਹੀ ਅੱਛੇ ਆਦਮੀਆਂ ਦਾ ਸਤਕਾਰ ਕਰੇ ਅਤੇ ਮੂਰਖ ਪੁਰਖਾਂ ਦੇ ਅੱੜੇ ਨਾ ਚੜ੍ਹ ਜਾਏ ॥

(ਖਾ.ਅ.੨੮ ਜੇਠ ਸੰ.੧੯੫੬ ਬਿਕ੍ਰਮੀ,ਜੂਨ ਦੀ ੯ ਸੰ. ੧੮੯੯ ਈ.)

ਦੋਹਰਾ

ਧਨ ਸੰਪਦ ਸੁਤ ਨਾਰ ਲਗ ਮਾਤਾ ਪਿਤਾ ਨਿਜ ਦੇਹ ॥
ਸਭ ਤੋਂ ਉੱਤਮ ਹੋਤ ਹੈ ਸਾਚੋ ਮੀਤ ਸਨੇਹ ॥੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਧਨ ਸੰਪਦਾ ਇਸਤ੍ਰੀ ਪੁੱਤ੍ਰ ਅਤੇ ਮਾਤਾ ਪਿਤਾ ਅਰ ਅਪਨੇ ਸਰੀਰ ਆਦਿਕ ਨੂੰ ਪੁਰਖ ਸਭ ਤੇ ਪਿਆਰਾ ਜਾਨਦਾ ਹੈ ਪ੍ਰੰਤੂ ਇਨ੍ਹਾਂ ਸਭਨਾਂ ਨਾਲੋਂ ਸੱਚਾ ਮਿੱਤ੍ਰ ਅਧਕ ਹੀ ਪਿਆਰਾ ਹੁੰਦਾ ਹੈ ਇਸ ਦਾ ਕਾਰਨ ਇਹ ਹੈ ਕਿ ਓਹ ਇਨ੍ਹਾਂ ਉੱਪਰ ਕਥਨ ਕੀਤੇ ਪ੍ਰਾਨੀਆਂ ਪਰ ਪ੍ਰਗਟ ਨਹੀਂ ਕਰ ਸਕਦਾ ਕਿੰਤੂ ਅਪਨੇ ਮਿੱਤ੍ਰ ਪਾਸ ਸਭ ਕੁਛ ਦਿਲੇ ਦਾ ਭਾਵ ਨਿਰਸੰਕੋਚ ਪ੍ਰਗਟ ਕਰ ਦੇਂਦਾ ਹੈ,ਇਸ ਤੇ ਬਿਨਾਂ ਇਸ ਸਾਮੱਗ੍ਰੀ ਨੂੰ ਮਿੱਤ੍ਰ ਦੀ ਪ੍ਰਸੰਨਤਾ ਲਈ ਤਿਆਗ ਦੇਨ ਲਈ ਭੀ ਉੱਦਤ ਹੋ ਜਾਂਦਾ ਹੈ, ਇਸ ਵਾਸਤੇ ਮਿੱਤ੍ਰ ਪਦ ਇਕ ਐਸਾ ਉੱਤਮ ਪਦ ਹੈ ਜਿਸ ਦੇ ਬਰਾਬਰ ਦੂਸਰਾ ਕੋਈ ਭੀ ਨਹੀਂ ਹੈ ॥

(ਖਾ.ਅ.੪ ਹਾੜ੍ਹ ਸੰ.੧੯੫੬ ਬਿਕ੍ਰਮੀ,ਜੂਨ ਦੀ ੧੬ ਸੰ. ੧੮੯੯ ਈ.)

ਦੋਹਰਾ

ਸਕਲ ਵਸਤ ਜਗ ਮਹਿ ਮਿਲੇ ਯਤਨ ਅਯਤਨ ਪਛਾਨ॥
ਪਰ ਮਿੱਤ੍ਰ ਨਹਿ ਪਾਈਏ ਧਨ ਸੰਪਤ ਦੇ ਪ੍ਰਾਨ॥੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਇਸ ਸੰਸਾਰ ਵਿਚ ਜਿਤਨੇ ਪਦਾਰਥ ਹਨ ਜੋ ਕਿਸੀ ਪ੍ਰਕਾਰ ਦੇ ਯਤਨ ਕਰਨੇ ਯਾ ਅਯਤਨ ਹੀ ਪ੍ਰਾਪਤ ਹੋ ਸਕਦੇ ਹਨ,ਕਿਉਂਕਿ ਧਨ ਕਰਕੇ ਪ੍ਰਪਤ ਹੋਨ ਵਾਲੇ ਧਨ ਤੇ ਅਰ ਸਰੀਰ ਕਰਕੇ ਉੱਦਮ ਵਾਲੇ ਉੱਦਮ ਤੇ,ਇਸੀ ਪ੍ਰਕਾਰ ਵਿੱਦਯਾ ਕਰਕੇ ਮਿਲਨੇ ਵਾਲੇ ਪਦਾਰਥ ਵਿੱਦਯਾ ਤੇ ਪ੍ਰਾਪਤ ਹੋ ਸਕਦੇ ਹਨ,ਇਸੇ ਤਰ੍ਹਾਂ ਕਈ ਵਸਤੂਆਂ ਜੋ ਅਪਨੇ ਤਾਈਂ ਇਸ਼ਟ ਹੁੰਦੀਆਂ ਹਨ ਸੋ ਸੁਭਾਵਕ ਹੀ ਮਿਲ ਜਾਂਦੀਆਂ ਹਨ ਜਿਨ੍ਹਾਂ ਪਰ ਕੋਈ ਯਤਨ ਕਰਨਾ ਨਹੀਂ ਪੈਂਦਾ,ਪਰੰਤੂ ਭਾਵੇਂ ਸੰਸਾਰ ਦੇ ਸਾਰੇ ਪਦਾਰਥ ਇਸ ਪੁਰਖ ਨੂੰ ਯਤਨ ਅਥਵਾ ਅਯਤਨ ਕਰਕੇ ਪ੍ਰਾਪਤ ਹੋ ਸਕਦੇ ਹਨ ਕਿੰਤੂ ਮਿੱਤ੍ਰ ਕਿਸੀ ਪ੍ਰਕਾਰ ਭੀ ਪ੍ਰਾਪਤ ਨਹੀਂ ਹੋ ਸਕਦਾ,ਜਿਸ ਦਾ ਭਾਵ ਇਹ ਹੈ ਕਿ ਧਨ ਕਰਕੇ ਅਸੀਂ ਕੋਈ ਖਰੀਦ ਭੀ ਨਹੀਂ ਸਕਦੇ,ਅਰ ਸਰੀਰ ਕਰਕੇ ਕਿਤੇ ਢੂੰਡ ਨਹੀਂ ਸਕਦੇ,ਅਰ ਏਸੇ ਤਰ੍ਹਾਂ ਕਿਤੇ ਸੁਭਾਵਕ ਚਲਦਾ ਭੀ ਲੱਭ ਨਹੀਂ ਸਕਦਾ,ਜਿਸ ਤੇ ਮਿੱਤ੍ਰ ਦੀ ਪ੍ਰਾਪਤੀ ਸੰਸਾਰ ਪਰ ਬਹੁਤ ਹੀ ਕਠਨ ਹੈ,ਅਰ ਮਿੱਤ੍ਰ ਪਦ ਦਾ ਅਧਿਕਾਰੀ ਮਿਲਨਾ ਮਹਾਂ ਦੁਰਘਟ ਹੈ,ਜਿਸ ਤੇ ਸਾਬਤ ਹੁੰਦਾ ਹੈ ਕਿ ਮਿੱਤ੍ਰ ਸਾਰੇ ਪਦਾਰਥਾਂ ਤੇ ਦੁਰਲਭ ਹੈ॥

(ਹਾੜ੍ਹ ਦੀ ੧੧ ਸੰ:੧੯੫੬ ਬਿ:,ਜੂਨ ਦੀ ੨੩ ਸੰ: ੧੯੧੯ ਈ:)

ਦੋਹਰਾ

ਮਿੱਤ੍ਰ ਯਾ ਸੰਸਾਰ ਮਹਿ ਸਾਚੋ ਕਹੀਯਤ ਈਸ ॥ .
ਜਾਂ ਸਮ ਦੂਸਰ ਕੋ ਨਹੀਂ ਕਰੇ ਤਾਂਹਿ ਕੀ ਰੀਸ॥ ੬॥

ਇਸ ਨੀਤੀ ਦਾ ਭਾਵ ਇਹ ਹੈ ਕਿ ਇਸ ਸੰਸਾਰ ਵਿਚ ਮਿੱਤ੍ਰ ਕੇਵਲ ਈਸ਼੍ਵਰ ਹੀ ਹੈ ਅਤੇ ਮਿੱਤ੍ਰ ਪਦ ਓਸੇ ਪਰ ਘਟ ਸਕਦਾ ਹੈ,ਜਿਸਤੇ ਸੰਸਾਰਕ ਹੋਰ ਕੋਈ ਐਸਾ ਜੀਵ ਨਹੀਂ ਹੈ ਜੋ ਉਸ ਦੀ ਸਾਦਰਸਤਾ ਰੱਖਦਾ ਹੋਵੇ,ਕਿਉਂਕਿ ਸੰਸਾਰਕ ਮਿੱਤ੍ਰ ਕਿਸੇ ਗੁਣ ਯਾ ਲਾਭ ਦੇ ਕਾਰਨ ਮਿੱਤ੍ਰਤਾ ਰੱਖਦੇ ਹਨ ਪਰੰਤੂ ਅਕਾਲ ਪੁਰਖ ਬਿਨਾਂ ਕਿਸੇ ਗੁਣ ਦੋਖ ਅਤੇ ਲਾਭ ਤੇ ਇਸ ਪ੍ਰਾਣੀ ਦਾ ਮਿਤ੍ਰ ਰਹਿੰਦਾ ਹੈ,ਇਸੀ ਪ੍ਰਕਾਰ ਸੰਸਾਰਕ ਮਿੱਤ੍ਰ . .ਲ ਪਾਇਕੇ ਅਪਨੀ ਮਿੱਤ੍ਰਤਾ ਨੂੰ ਤੋੜ ਜਾਂਦੇ ਹਨ ਕਿੰਤੂ ਅਕਾਲ ਪੁਰਖ ਸਦਾ ਹੀ ਸਰਬ ਕਾਲ ਵਿਚ ਸਨੇਹੀ ਰਹਿੰਦਾ ਹੈ,ਜੈਸਾ ਕਿ ਸੰਸਾਰਕ ਮਿੱਤ੍ਰਾਂ ਪਰ ਸਮਜ ਅਨੁਸਾਰ ਇਕ ਹਾਸ਼ਮ ਕਵਿ ਨੇ ਇਸ ਤਰ੍ਹਾਂ ਕਥਨ ਕੀਤਾ ਹੈ,ਯਥਾ:-

"ਪਿਛਲਾ ਨੇਕ ਜ਼ਮਾਨਾ ਆਹਾ ਲੋਕ ਸਫਾਈ ਵਾਲੇ॥
. . . . ਕਿਸ ਵੱਲ ਕਰਦੇ ਸਾਰੀ ਉਮਰ ਸੁਖਾਲੇ" ॥

ਇਸ ਕਥਨ ਤੇ ਇਹੋ ਸਿਧ ਹੁੰਦਾ ਹੈ ਕਿ ਸੰਸਾਰਕ ਮਿੱਤ੍ਰ ਅਪਨੇ ਮਨ ਬਚਨ ਕਾਇਆਂ ਕਰਕੇ ਸਦਾ ਇਕ ਰਸ ਨਹੀਂ ਰਹਿੰਦੇ ਕਿੰਤੂ ਉਹ ਬਦਲ ਜਾਂਦੇ ਹਨ,ਜਿਸ ਤੇ ਉਹ ਮਿੱਤ੍ਰ ਪਦ ਦੇ ਅਧਿਕਾਰੀ ਨਹੀਂ ਹੋ ਸਕਦੇ,ਇਸ ਵਾਸਤੇ ਸੱਚਾ ਮਿੱਤ੍ਰ ਜੇ ਹੈ ਤਾਂ ਕੋਈ ਸਜਾਂ ਵਿੱਚ ਇੱਕ ਹੀ ਹੋਵੇਗਾ ਪਰੰਤੂ ਨਹੀਂ ਤਾਂ ਮਿੱਤ੍ਰ ਪਦ ਈਸ਼੍ਵਰ ਦੇ ਵਾਸਤੇ ਹੀ ਸੱਚ ਮੁੱਚ ਘਟ ਸੱਕਦਾ ਹੈ ॥

ਦੋਹਰਾ

ਮੀਤ ਸਵਾਨੀ ਜਗਤ ਮਹਿ ਪਈਯਤ ਕਈ ਹਜ਼ਾਰ॥
ਨਿਜ ਸ੍ਵਾਰਥ ਪਰ ਕਹਤ ਜੋ ਹੈਂ ਹਮ ਦਾਸ ਤਿਹਾਰ॥੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਇਸ ਪਰ ਸ੍ਵਾਨੀ ਮਿੱਤ੍ਰ ਬਹੁਤ ਸਾਰੇ ਪਾਏ ਜਾਂਦੇ ਹਨ ,ਜਿਸ ਤਰ੍ਹਾਂ ਕੁੱਤਾ ਜਦ ਕਿਸੇ ਨੂੰ ਰੋਟੀ ਖਾਂਦਾ ਦੇਖਦਾ ਹੈ ਤਦ ਅਪਨੇ ਸ੍ਵਾਰਥ ਲਈ ਉਸ ਦੇ ਅਗੇ ਪਿੱਛੇ ਫਿਰਦਾ ਹੈ ਅਰ ਪੂਛ ਹਲਾ ੨ ਕੇ ਖ਼ੁਸ਼ਾਮਦ ਕਰਦਾ ਹੈ,ਪਰੰਤੂ ਜਦ ਅਪਨਾ ਮਤਲਬ ਨਿਕਲ ਜਾਂਦਾ ਹੈ ਤਦ ਚੁੱਪ ਕਰਕੇ ਤੁਰ ਜਾਂਦਾ ਹੈ ਅਰ ਮੁੜਕੇ ਭੀ ਨਹੀਂ ਝਾਕਦਾ । ਇਸੇ ਪ੍ਰਕਾਰ ਜਦ ਕਿਸੇ ਪੁਰਖ ਪਾਸ ਦੌਲਤ ਅਥਵਾ ਹੋਰ ਕੋਈ ਵਸਤ ਦੇਖਦੇ ਹਨ ਤਦ ਸੰਸਾਰ ਪਰ ਐਸੇ ਬਹੁਤ ਸੱਜਨ ਹਨ ਜੋ ਮਿੱਤ੍ਰ ਬਨਕੇ ਅੱਗੇ ਪਿੱਛੇ ਫਿਰਦੇ ਹਨ ਕਿ ਅਸੀਂ ਮਨ ਬੱਚ ਕਾਇਆਂ ਕਰਕੇ ਆਪਦੇ ਹਾਂ ਪਰੰਤੂ ਜਦ ਸਵਾਰਥ ਨਿਕਲ ਜਾਂਦਾ ਹੈ ਯਾ ਉਸ ਦੀ ਪ੍ਰਾਪਤੀ ਤੇ ਨਾ ਉਮੇਦ ਹੋ ਜਾਂਦੇ ਹਨ ਓਸੁਨੂੰ ਤਿਆਗ ਕੇ ਚਲੇ ਜਾਂਦੇ ਹਨ ਅਰ ਕਦੇ ਭੀ ਮੁਖ ਨਹੀਂ ਦਖਾਉਂਦੇ॥

(ਹਾੜ੍ਹ ਦੀ ੨੫ ਸੰ:੧੯੫੬ ਬਿ:,ਜੁਲਾਈ ਦੀ ੭ ਸੰ:੧੯੧੯ ਈ:)

ਦੋਹਰਾ

ਮੀਤ ਸਤਾਨੀ ਬਹੁਤ ਹੈਂ ਜੋ ਕਰਤੇ ਅਤਿ ਪਿਆਰ॥

ਦੇਖਾ ਦੇਖੀ ਜਗਤ ਮਹਿ ਰਹਤ ਸਦਾ ਸਹਿਕਾਰ॥੮॥

ਇਸ ਨੀਤੀ ਦਾ ਭਾਵ ਇਹ ਹੈ ਕਿ ਨਿਰੇ ਕੱਠੇ ਬੈਠਕੇ ਹੀ ਮਨ ਪਰਚਾਉਨ ਲਈ ਕਈ ਤਰ੍ਹਾਂ ਦੇ ਖੇੜੇ ਜੋ ਸ਼ੈਤਾਨਪੁਣੇ ਦੇ ਹੁੰਦੇ ਹਨ, ਦਿਨ ਗੁਜ਼ਾਰ ਲੈਨੇ ਵਾਲੇ ਬਹੁਤ ਮਿਤ੍ਰ ਪਾਏ ਜਾਂਦੇ ਹਨ ਜੋ ਚਿੱਤੋਂ ਲਾਭ ਅਤੇ ਹਾਨੀ ਦਾ ਕੋਈ ਖਯਾਲ ਨਹੀ ਰਖਦੇ ਕਿੰਤੂ ਅਪਨੇ ਚਾਰ ਦਿਨਾਂ ਦੇ ਲਾਭ ਲੈਨ ਵਾਸਤੇ ਪ੍ਰੇਮ ਪ੍ਰਗਟ ਕਰਦੇ ਹਨ ਅੱਛੇ ਮਿਤ੍ਰ ਉਹ ਹੁੰਦੇ ਹਨ ਜੋ ਗੱਦੋਂ ਖੁਰਕੀ ਵਾਂਗ ਸੱਜਣ ਪਾਏ ਜਾਂਦੇ ਹਨ,ਜਿਸ ਪ੍ਰਕਾਰਗਧੇ ਆਪਸ ਵਿਚ ਮਿਲਦੇ ਹਨ ਅਤੇ ਇਕ ਦੂਜੇ ਨੂੰ ਦੇਖਕੇ ਹੀਂਗਦੇ ਹਨ ਓਹ ਫਿਰ ਇਕ ਦੂਜੇ ਦੇ ਗਲ ਨੂੰ ਖੁਰਕਦੇ ਹਨ ਇਸਤੇ ਮਗਰੋਂ ਓਹ ਦੁਲੱਤੀਂ ਹੋ ਪੈਂ ਦੇ ਹਨ ਜਿਸ ਤੇ ਇਕ ਦੂਜੇ ਦੇ ਮੂੰਹ ਦੁਲੱਤਯਾਂ ਨਾਲ ਭੰਨ ਦੇਂਦੇ ਹਨ । ਇਸੇ ਤਰ੍ਹਾਂ ਸ਼ੈਤਾਨੀ ਮਿੱਤ੍ਰ ਭੀ ਪਹਲੇ ਵਡੀਆਂ ਵਡੀਆਂ ਬਾਤਾਂ ਕਰਦੇ ਹਨ ਅਰ ਇਕ ਦੂਜੇ ਦੀਆਂ ਬਾਤਾਂ ਕਰਦੇ ਹਨ ਅਰ ਇਕ ਦੂਜੇ ਦੇ ਦੁਖ ਸੁਖ ਦੇ ਸਾਂਝੀ ਹੋ ਜਾਂਦੇ ਹਨ ਪ੍ਰੰਤੂ ਥੋੜੀ ਹੀ ਬਾਤ ਪਿੱਛੇ ਸਾਰੀ ਮਿੱਤ੍ਰਤਾ ਨੂੰ ਖੋਹ ਕੇ ਉਸ ਦੇ ਔਗਣਾਂ ਨੂੰ ਪ੍ਰਗਟ ਕਰਨ ਲੱਗ ਜਾਂਦੇ ਹਨ ਅਤੇ ਦੁਰਬਚਨ ਰੂਪ ਦੁਲੱਤੇ ਨਾਉਂਨੋਂ ਫਰਕ ਨਹੀਂ ਕਰਦੇ,ਅਤੇ ਉਹ ਸਾਰਾ ਪ੍ਰੇਮ ਇੱਕ ਪਲ ਦੇ ਅੰਦਰ ਦੂਰ ਕਰ ਦਿੰਦੇ ਹਨ,ਇਸ ਵਾਸਤੇ ਅਜੇਹੇ ਮਿੱਤ੍ਰ ਜੋ ਗਰਧਵ ਸਨੇਹੀ ਹੀ ਹੁੰਦੇ ਹਨ,ਸੋ . . ਉਚਪਦ ਦੇ ਅਧਿਕਾਰੀ ਨਹੀਂ ਕਹਾ ਸਕਦੇ॥

(ਸੌਣ ਦੀ ੭ ਸੰ:੧੯੫੬ਬਿ:,ਜਲਾਈ ਦੀ ੨੧ ਸੰ:੧੮੯੯ ਈ:)

ਦੋਹਰਾ

ਜਿਉਂ ਗੁੜ ਆਗੇ ਮੱਖੀਆਂ ਮਰਤੀ ਮਨ ਧਰ ਚਾਇ॥
ਤਿਉਂ ਲੋਭੀ ਮਿਤ੍ਰ ਘਨੇ ਕਰਤ ਪ੍ਰੇਮ ਅਧਿਕਾਇ॥੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਮੱਖੀ ਦਾ ਸੁਭਾਵ ਹੈ ਜੋ ਜਿਸ ਜਗ੍ਹਾ ਉਸ ਨੂੰ ਕੁਝ ਭੀ ਸ੍ਵਾਰਥ ਨਾ ਦਿਸੈ ਓਥੇ ਕਦੇ ਵੀ ਨਹੀਂ ਜਾਂਦੀ ਪਰੰਤੂ ਗੁੜ ਨੂੰ ਦੇਖ ਕੇ ਵੱਡੇ ਆਨੰਦ ਨਾਲ ਲਾਲਚ ਦੇ ਵਸ ਹੋਕੇ ਪ੍ਰਾਨ ਦੇਨੇ ਤਕ ਭੀ ਦਰੇਗ ਨਹੀਂ ਕਰਦੀ,ਏਸੇ ਪ੍ਰਕਾਰ ਸੰਸਾਰ ਵਿਚ ਐਸੇ ਮਿਤ੍ਰ ਬਹੁਤ ਪਾਏ ਜਾਂਦੇ ਹਨ ਜੋ ਨਿਰਵਾਸਨਾ ਹੋ ਕਰ ਕਿਸੇ ਪੁਰਖ ਨਾਲ ਭਾਵੇਂ ਉਹ ਕੈਸਾ ਹੀ ਉੱਤਮ ਕਿਉਂ ਨਾ ਹੋਵੇ ਪ੍ਰੇਮ ਨਹੀਂ ਕਰਦੇ ਅਰਥਾਤ ਉਸ ਤੇ ਉਦਾਸੀਨ ਰਹਿਦੇ ਹਨ,ਪਰੰਤੂ ਜਦ ਕਿਸੇ ਪ੍ਰਕਾਰ ਦੀ ਕਿਤੋਂ ਪ੍ਰਾਪਤੀ ਦੇਖਦੇ ਹਨ ਤਦ ਪ੍ਰਾਨਾਂ ਦੇ ਤਿਆਗ ਤਕ ਭੀ ਮਿੱਤ੍ਰਤਾ ਪ੍ਰਗਟ ਕਰਕੇ ਅਪਨਾ ਮਤਲਬ ਸਾਧਦੇ ਹਨ,ਇਸ ਵਾਸਤੇ ਐਸੇ ਪ੍ਰਾਨੀ ਸੱਚੇ ਮਿੱਤ੍ਰ ਨਹੀਂ ਹੋ ਸਕਦੇ ਕਿੰਤੂ ਸ੍ਵਾਰਥੀ ਸਮਝਣੇ ਚਾਹੀਦੇ ਹਨ॥

(ਸੌਣ ਦੀ ੧੪ ਸੰ:੧੯੫੬ਬਿ:,ਜਲਾਈ ਦੀ ੨੮ ਸੰ:੧੮੯੯ ਈ:)

ਦੋਹਰਾ

ਦੁਖ ਸੁਖ ਸੰਪਤ ਬਿਪਤ ਮਹਿ ਰਹੇ ਸਦਾ ਜੋ ਸੰਗ॥
ਸੋ ਮਿੱਤ੍ਰ ਜਗ ਜਾਨੀਯਹ ਕਰੇ ਨ ਪ੍ਰੀਤੀ ਭੰਗ॥੧੦॥

ਇਸ ਨੀਤੀ ਦਾ ਭਾਵ ਇਹ ਹੈ ਕਿ ਜੋ ਪੁਰਖ ਅਪਨੇ ਮਿੱਤ੍ਰ ਦਾ ਦੁੱਖ ਦੇ ਸਮਜ ਪਰ ਉਸੇ ਤਰ੍ਹਾਂ ਸਹਾਈ ਰਹੇ ਜਿਸ ਤਰ੍ਹਾਂ ਸੁਖ ਦੇ ਵੇਲੇ ਸਾ ਫਿਰ ਬਿਪਦਾ ਵਿੱਚ ਭੀ ਸੰਪਦਾ ਕਾਲ ਦੇ ਸਮਾਨ ਸਹਾਈ ਹੋਵੇ ਸੋਈ ਸੱਚਾ ਮਿੱਤ੍ਰ ਕਿਹਾ ਜਾਂਦਾ ਹੈ,ਕਿੰਤੂ ਅਕਸਰ ਦੇਖਨੇ ਵਿੱਚ ਆਉਂਦਾ ਹੈ ਕਿ

ਸੰਸਾਰਕ ਜੀਵ ਸੁਖ ਸੰਪਦੀ ਦੇ ਵੇਲੇ ਅਤਿਯੰਤ ਹੀ ਸਨੇਹੀ ਹੁੰਦੇ ਹਨ ਅਰ ਦੁੱਖ ਅਤੇ ਬਿਪਦਾ ਕਾਲ ਵਿੱਚ ਤੁਰਤ ਹੀ ਸੰਗ ਤਿਆਗ ਜਾਂਦੇ ਹਨ,ਇਸ ਵਾਸਤੇ ਓਹ ਮਿੱਤ੍ਰ ਪਦ ਦੇ ਅਧਿਕਾਰੀ ਨਹੀਂ ਹੁੰਦੇ,ਕਿੰਤੂ ਸੱਚਾ ਮਿੱਤ੍ਰ ਓਹੋ ਹੈ ਜੋ ਸਦਾ ਹੀ ਸਾਥੀ ਰਹਿੰਦਾ ਹੈ॥

(ਸੌਣ ਦੀ ੨੧ ਸੰ:੧੯੫੬ਬਿ:, ਅਗਸਤ ਦੀ ੪ ਸੰ:੧੮੯੯ ਈ:)

ਦੋਹਰਾ

ਫੂਲ ਮਾਲ ਨਿਰ ਗੰਧ ਜਿਉਂ ਤਜਾਗਤ ਹੈ ਨਰ ਬੇਗ॥
ਤਿਉਂ ਸ੍ਵਾਰਥ ਤੇ ਹੀਨ ਪਿਖ ਤਜਤ ਸੁਮਾਰਗ ਲੇਗ॥੧੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਫੁੱਲਾਂ ਦੀ ਮਾਲਾ ਵਿੱਚ ਜਿਤਨੀ ਦੇਰ ਸੁਗੰਧੀ ਹੁੰਦੀ ਹੈ ਉਤਨਾ ਚਿਰ ਆਦਮੀ ਉਸ ਨੂੰ ਗਲ ਵਿਚ ਪਾਈ ਰੱਖਦਾ ਹੈ,ਪਰੰਤੂ ਜਦ ਓਹ ਨਿਰਗੰਧ ਹੋ ਜਾਂਦੀ ਹੈ ਤਦ ਓਸੇ ਸਮਜ ਉਤਾਰ ਕੇ ਪਰੇ ਸੁਟਾ ਦਿੰਦਾ ਹੈ,ਇਸੇ ਤਰ੍ਹਾਂ ਸ੍ਵਾਰਥੀਯ ਮਿਤ੍ਰ ਜਿਤਨਾ ਚਿਰ ਕੋਈ ਸ੍ਵਾਰਥ ਹੁੰਦਾ ਹੈ ਉਤਨਾ ਚਿਰ ਬਹੁਤ ਪਰੇਮ ਜਤਾ ਦੇਂਦਾ ਹੈ ਅਰ ਜਦ ਸ੍ਵਾਰਥ ਸਿੱਧੀ ਨਹੀਂ ਦੇਖਦਾ ਤਦ ਝੱਟ ਪਟ ਤਜਾਗ ਕੇ ਰਸਤਾ ਲੈਂਦਾ ਹੈ ॥

(ਭਾਦ੍ਰੋਂ ਦੀ ੪ ਸੰ:੧੯੫੬ ਬਿ:, ਅਗਸਤ ਦੀ ੧੮ ਸ: ੧੮੯੯ ਈ:)

ਦੋਹਰਾ

ਜਿਉਂ ਦਾਵਾਨਲ ਦਾਹਤੇ ਤਜਤ ਮ੍ਰਿਗ ਬਨ ਜੇਤ॥
ਤਿਉਂ ਅਪਦਾ ਪਿਖ ਤਜਤ ਹੈ ਮੀਤ ਸੁਮਾਰਗ ਲੇਤ॥੧੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਜਿਤਨਾ ਚਿਰ ਬਨ ਨੂੰ ਕੋਈ ਕਸ਼ਟ ਨਹੀਂ ਮਿਲਦਾ ਉਤਨਾ ਚਿਰ ਜੰਗਲੀ ਮ੍ਰਿਗ ਵੱਡੇ ਆਨੰਦ ਨਾਲ ਉਸ ਵਿੱਚ ਬ੍ਰਾਜਦੇ ਹਨ ਅਰ ਉਸ ਨੂੰ ਅਪਨੀ ਪਨਾਹ ਜਾਨਦੇ ਹਨ ਪਰੰਤੂ ਜਦ ਦੇਵਨੇਤ ਨਾਲ ਉਸ ਪਰ ਕੋਈ ਐਸਾ ਸਮਾਂ ਆਇ ਜਾਇ ਜੋ ਦਾਵਾਨਲ ਅਗਨੀ ਲੱਗ ਜਾਏ ਤਦ ਸਾਰੇ ਪਸ਼ੂ ਪੰਖੀ ਉਸ ਬਨ ਨੂੰ ਛੱਡ ਕੇ ਨੱਸ ਜਾਂਦੇ ਹਨ ਅਤੇ ਪੁਰਾਣਾਂ ਹਿਤ ਰੰਚਕ ਭੀ ਯਾਦ ਨਹੀਂ ਰੱਖਦੇ॥ ਇਸੇ ਪ੍ਰਕਾਰ ਸਵਾਰਥੀ ਮਿੱਤ੍ਰ ਭੀ ਜਿਤਨਾ ਚਿਰ ਪੁਰਖ ਪਾਸ ਸੰਪਦਾ ਦੇਖਦੇ ਹਨ ਉਤਨਾ ਚਿਰ ਵਡੇ ਆਨੰਦ ਨਾਲ ਉਸ ਪੁਰਖ ਸਾਥ ਪ੍ਰੇਮ ਰੱਖਦੇ ਹਨ ਅਤੇ ਲਾਭ ਉਠਾਉਂਦੇ ਹਨ ਪਰੰਤੂ ਜਦ ਦੇਵਨੇਤ ਨਾਲ ਉਸ ਨੂੰ ਕੋਈ ਬਿਪਦਾ ਆਨ ਪੈਂਦੀ ਹੈ ਤਦ ਸਭ ਆਪੋ ਆਪਨੀਆਂ ਜਾਨਾਂ ਲੈ ਕੇ ਤੁਰ ਜਾਂਦੇ ਹਨ ਅਰ ਜਾਨਦੇ ਹਨ ਕਿ ਹੁਣ ਇਨ੍ਹਾਂ ਤੇ ਮੇਰੀ ਕੋਈ ਸ੍ਵਾਰਥ ਸਿੱਧੀ ਨਹੀਂ ਹੈ, ਤਾਂਤੇ ਅਜੇਹੇ ਮਿੱਤ੍ਰਾਂ ਤੇ ਕਦੇ ਭੀ ਕੋਈ ਲਾਭ ਨਹੀਂ ਪਹੁੰਚਦਾ॥ (ਭਾਦ੍ਰੋਂ ਦੀ ੧੮ ਸੰ:੧੯੫੬ ਬਿ:, ਸਤੰਬਰ ਦੀ ੧ ਸੰ: ੧੮੯੯ ਈ)

ਦੋਹਰਾ

ਖਿਨ ਤੁਸਟੇ ਖਿਨ ਰੁਸਟ ਹੋ ਖਿਨ ਪ੍ਰੀਤੀ ਖਿਨ ਬੋਧ ॥
ਐਸੋ ਮੀਤ ਨ ਹੋਤ ਹੈ ਸੁਖ ਕੋ ਕਾਰਨ ਸੋਧ॥ ੧੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਮਿੱਤ੍ਰ ਇੱਕ ਪਲ ਵਿੱਚ ਆਨੰਦ ਅਤੇ ਦੂਸਰੇ ਪਲ ਵਿੱਚ ਤੰਗ ਹੋ ਜਾਂਦਾ ਹੈ,ਅਰ ਇਸੇ ਤਰ੍ਹਾਂ ਇਕ ਖਿਨ ਵਿੱਚ ਪ੍ਰੇਮ ਅਤੇ ਖਿਨ ਵਿੱਚ ਕ੍ਰੋਧ ਕਰ ਲੈਂਦਾ ਹੈ,ਐਸਾ ਮਿੱਤ੍ਰ ਪ੍ਰੀਤੀ ਰੱਖਨ ਦੇ ਯੋਗ ਨਹੀਂ ਹੋ ਸਕਦਾ ਕਜੋਂਕਿ ਐਸੇ ਸੱਜਨ ਦੀ ਪ੍ਰੀਤੀ

ਤੇ ਸਰਬਦਾ ਸੁਖ ਦੀ ਸੰਭਾਵਨਾ ਨਹੀਂ ਹੁੰਦੀ,ਇਸ ਵਾਸਤੇ ਮਿੱਤ੍ ਐਸਾ ਹੋਨਾ ਚਾਹੀਦੇ ਜੋ ਅਕਾਰਣ ਅਪਨੇ ਸੁਭਾਵ ਨੂੰ ਖਿਣ ਭੰਗਰ ਨਾ ਕਰੇ॥ (ਅੱਸੂ ਦੀ ੮ ਸੰ:੧੯੫੬ ਬਿ:, ਸਤੰਬਰ ਦੀ ੨੨ ਸੰ: ੧੮੯੯ ਈ:)

ਦੋਹਰਾ

ਮਿੱਤ੍ ਕੋ ਨਹਿ ਆਸ ਹੈ ਨਹਿ ਦੁਸ਼ਮਨ ਭੈ ਹੋਇ ॥
ਐਸੋ ਨਿਰਬਲ ਮੀਤ ਸੇ ਕਾਮ ਸਰੇਗੋ ਕੋਇ॥੧੪॥

ਇਸ ਨੀਤੀ ਬਚਨ ਦਾ ਭਾਵ ਹੈ ਇਹ ਹੈ ਕਿ ਜਿਸ ਪੁਰਖ ਤੇ ਉਸ ਦੇ ਮਿੱਤ੍ ਨੂੰ ਕਿਸੀ ਪ੍ਰਕਾਰ ਦੀ ਉਮੇਦ ਨਹੀਂ ਅਤੇ ਉਸ ਕੋਲੋਂ ਦੁਸ਼ਮਨ ਨੂੰ ਕੋਈ ਡਰ ਨਹੀਂ ਫਿਰ ਅਜਿਹਾ ਤੁੱਛ ਪੁਰਖ ਜੇਕਰ ਮਿੱਤ੍ਰਪੁਣੇ ਦਾ ਦਮ ਮਾਰੇਗਾ ਤਾਂ ਉਸ ਤੇ ਕਿਸ ਕਾਰਜ ਦੀ ਸਿੱਧੀ ਹੋਵੇਗੀ,ਇਸ ਵਾਸਤੇ ਮਿੱਤ੍ ਓਹੋ ਹੋ ਸਕਦਾ ਹੈ ਜਿਸਤੇ ਸੱਜਨਾਂ ਨੂੰ ਦਲੇਰੀ ਅਤੇ ਦੁਸ਼ਮਨਾਂ ਨੂੰ ਡਰ ਹੋਵੇ, ਤਾਂਤੇ ਹਰ ਇੱਕ ਪੁਰਖ ਨੂੰ ਬਿਅਰਥ ਜੀਵਨ ਵਾਲੇ ਆਦਮੀ ਨੂੰ ਮਿੱਤ੍ ਪਦ ਦਾ ਅਧਿਕਾਰੀ ਕਰਨਾ ਜੋਗ ਨਹੀਂ । (ਅੱਸੂ ਦੀ ੨੯ ਸੰ:੧੯੫੬ ਬਿ:, ਅਕਤੂਬਰ ਦੀ ੧੩ ਸੰ: ੧੮੯੯ ਈ☺

ਦੋਹਰਾ

ਮੂਰਖ ਮਿੱਤ੍ ਤੇ ਮਿਲੇ ਸਰਬ ਦੁੱਖ ਕੋ ਪੁੰਜ ॥
ਜਿਉਂ ਤਨ ਕੋ ਦੁੱਖ ਦੇਤ ਹੈ ਪਰਸਨ ਤੇ ਤ੍ਰਿਣ ਮੁੰਜ॥੧੫॥

ਇਸ ਨੀਤੀ ਦਾ ਭਾਵ ਇਹ ਹੈ ਕਿ ਮੂਰਖ ਮਿੱਤ੍ ਤੇ ਜੇ ਕੋਈ ਪੁਰਖ ਸੁਖ ਚਾਹੇ ਸੋ ਕਦਾ ਚਿੱਤ ਭੀ ਨਹੀਂ ਹੋ ਸਕਦਾ ਜਿਸ ਪ੍ਰਕਾਰ ਮੁੰਜ ਦੀ ਰਸੀ ਨੂੰ ਪਰਸਨ ਤੇ ਸਰੀਰ ਨੂੰ ਕਦੇ ਸੁਖ ਪ੍ਰਾਪਤ ਨਹੀਂ ਹੁੰਦਾ। ਬਾਲ ਉਪਦੇਸ਼ ਦੇ ਹੋਰਨਾਂ ਛੋਟੇ ੨ ਉਪਦੇਸ਼ਾਂ ਵਿੱਚ ਇਕ ਇਹ ਭੀ ਕਹਾਣੀ ਹੈ ਕਿ ਮੂਰਖ ਪੁਰਖ ਦੀ ਮਿੱਤ੍ਰਤਾ ਅੰਤ ਨੂੰ ਕਲੇਸ਼ਦਾਇਨੀ ਹੁੰਦੀ ਹੈ ਜੈਸਾ ਕਿ ਇੱਕ ਪੁਰਖ ਦੀ ਕਿਸੇ ਰਿੱਛ ਨਾਲ ਪ੍ਰੀਤੀ ਹੋ ਗਈ ਸੀ ਜਿਸ ਪਰ ਉਹ ਇੱਕ ਵੇਰ ਰਿੱਛ ਦੇ ਮਿਲਨੇ ਲਈ ਬਨ ਵਿੱਚ ਗਿਆ ਅਰ ਉਸ ਰਿੱਛ ਨੇ ਉਸ ਨਾਲ ਬਹੁਤ ਹੀ ਮਿੱਤ੍ਰਤਾ ਜਤਾਈ,ਜਿਸਤੇ ਇਕ ਦਿਨ ਪੁਰਖ ਸੁੱਤਾ ਪਿਆ ਸਾ ਜਿਸਦੇ ਮੂੰਹ ਪਰ ਇਕ ਮੱਖੀ ਆ ਬੈਠੀ ਤਦ ਉਸ ਰਿੱਛ ਨੇ ਅਪਨੇ ਮਿੱਤ੍ ਨੂੰ ਇਹ ਸਮਝਕੇ ਕਿ ਮੱਖੀ ਇਸ ਨੂੰ ਜਗ੍ਹਾ ਨਾ ਦੇਵੇ ਉਸ ਨੂੰ ਉਡਾਨਾ ਚਾਹਿਆ,ਅਰ ਵੱਡੇ ਜੋਰ ਨਾਲ ਇੱਕ ਅਜੇਹਾ ਤਮਾਚਾ ਉਸ ਦੇ ਮੂੰਹ ਪਰ ਛੱਡਿਯਾ ਜੋ ਉਸਦੀਆਂ ਨੌਹਿਦਰਾਂ ਉਸ ਮਿੱਤ੍ ਦੇ ਮੂੰਹ ਵਿੱਚ ਧਸ ਗਈਆਂ ਅਤੇ ਤੜਫ ਕੇ ਪ੍ਰਾਨ ਦੇ ਦਿੱਤੇ ਇਸੀ ਪ੍ਰਕਾਰ ਮੂਰਖ ਮਿੱਤ੍ ਦੀ ਪ੍ਰੀਤੀ ਪਰ ਇਹੋ ਸਿੱਖਜਾ ਦਿਤੀ ਹੈ ਕਿ ਉਸਤੇ ਬਚੇ ਰਹਿਨਾ ਠੀਕ ਹੁੰਦਾ ਹੈ ਤਾਂਤੇ ਬੁਧਿਵਾਨ ਪੁਰਖਾਂ ਨੂੰ ਚਾਹੀਦਾ ਹੈ ਜੋ ਸਦਾ ਹੀ ਮਿੱਤ੍ਰਤਾ ਅੱਛੇ ਪੁਰਖਾਂ ਨਾਲ ਕਰਨ॥ (ਕੱਤਕ ਦੀ ੫ ਸੰ:੧੯੫੬ ਬਿ:, ਅਕਤੂਬਰ ਦੀ ੨੦ ਸੰ: ੧੮੯੯ ਈ☺

ਦੋਹਰਾ

ਲਾਭ ਹਾਨ ਮੇਂ ਹੈ ਨਹੀਂ ਜਿਸ ਕਾ ਕੁਛ॥
ਸੋ ਮਿੱਤ੍ ਨਿਸਫਲ ਅਹੇ ਅਜਬ ਕੁਚਨ ਪ੍ਰਕਾਰ॥੧੬॥

ਇਸ ਨੀਤੀ ਬਚਨ ਦਾ ਭਾਵ ਹੈ ਕਿ ਮਿੱਤ੍ਰਾਂ ਤੋਂ ਬਿਨਾ ਸੰਸਾਰ ਵਿੱਚ ਕੋਈ ਪੁਰਖ ਸਫ਼ਲ

ਨਹੀਂ ਹੁੰਦਾ ਜਿਸਤੇ ਮਿੱਤ੍ਰ ਪੈਦਾ ਹੋਨਾ ਜ਼ਰੂਰ ਚਾਹੀਦਾ ਹੈ,ਪ੍ਰੰਤੂ ਜਿਸ ਦੇ ਮਿੱਤ੍ਰ ਕਰਨ ਵਿੱਚ ਕਿਸੇ ਪ੍ਰਕਾਰ ਦਾ ਲਾਭ ਅਤੇ ਹਾਨੀ ਨਹੀਂ ਹੈ ਸੋ ਇਸੀ ਪ੍ਰਕਾਰ ਬਿਅਰਥ ਹੈ ਜਿਸ ਪ੍ਰਕਾਰ ਬੱਕਰੀ ਦੇ ਗਲੇ ਵਿੱਚ ਦੋ ਥਣ ਹੁੰਦੇ ਹਨ ਜਿਨ੍ਹਾਂ ਵਿੱਚੋਂ ਕਿਸੇ ਪ੍ਰਕਾਰ ਦਾ ਲਾਭ ਯਾ ਹਾਨੀ ਨਹੀਂ ਪਹੁੰਚਦੀ ਇਸ ਵਾਸਤੇ ਐਸੇ ਮਿੱਤ੍ਰ ਦੀ ਮਿੱਤ੍ਰਤਾ ਨਿਰੀ ਕਲਪਨਾ ਮਾਤ੍ਰ ਹੀ ਹੁੰਦੀ ਹੈ ਤਾਂਤੇ ਉੱਤਮ ਪੁਰਖਾਂ ਵਿੱਚ ਉੱਚਤ ਹੈ ਜੋ ਮਿੱਤ੍ਰਾਂ ਦੀ ਪ੍ਰੀਛਾ ਲੈ ਕੇ ਮਿੱਤ੍ਰਤਾ ਪਾਉਨ॥ (ਕੱਤਕ ਦੀ ੧੨ ਸੰ:੧੯੫੬ ਬਿ:, ਅਕਤੂਬਰ ਦੀ ੨੭ ਸੰ: ੧੮੯੯ ਈ)

ਦੋਹਰਾ

ਅਹੋ ਮੀਤ ਅੱਜ ਕੱਲ ਦੇ ਖੇਲਨ ਕੈਸੇ ਦਾਉ॥
ਮੈਂ ਭੋਜਨ ਤੇਰਾ ਛਕਾਂ ਤੂੰ ਮੁਹਿ ਪੂਤ ਖਿਲਾਉ॥੧੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਪੁਰਾਨੇ ਪੁਰਸ਼ਾਂ ਮਿੱਤ੍ਰਤਾ ਦੇ ਵਾਸਤੇ ਦੁਧ ਅਤੇ ਜਲ ਦੇ ਦ੍ਰਿਸ਼ਟਾਂਤ ਦੇਕੇ ਸਾਬਤ ਕੀਤਾ ਹੈ ਕਿ ਜਿਸ ਤਰ੍ਹਾਂ ਪਾਣੀ ਦੁੱਧ ਦੀ ਜਗ੍ਹਾ ਆਪ ਜਲਦਾ ਹੈ ਅਰ ਦੁੱਧ ਉਸ ਨੂੰ ਅਪਨੇ ਜੇਹਾ ਬਨਾਕੇ ਬਰਾਬਰ ਵਡਾਈ ਦੇਂਦਾ ਹੈ ਏਸੇ ਤਰ੍ਹਾਂ ਮਿੱਤ੍ਰ ਹਰ ਵਕਤ ਅਪਨੇ ਮਿੱਤ੍ਰ ਲਈ ਤਨ ਮਨ ਅਤੇ ਧਨ ਤਕ ਕੁਰਬਾਨ ਕਰਨ ਲਈ ਤਿਆਰ ਰਹਿੰਦੇ ਹਨ। ਪਰੰਤੂ ਅੱਜ ਕੱਲ ਦੇ ਮਿੱਤ੍ਰ ਇਸ ਪ੍ਰਕਾਰ ਦੇ ਹਨ ਜੈਸਾ ਕਿ ਇੱਕ ਪੁਰਖ ਨੇ ਮਿੱਤ੍ਰਤਾ ਗੰਢ ਕੇ ਆਖਿਆ ਕਿ ਭਾਈ ਤੂੰ ਮੇਰਾ ਮਿੱਤ੍ਰ ਹੈਂ ਇਸ ਵਾਸਤੇ ਮੇਰੇ ਬਾਲਕ ਦੇ ਖਡਾਉਨ ਦੀ ਸਹਾਇਤਾ ਮੈਨੂੰ ਦੇਹ,ਅਰ ਇਸ ਉਪਕਾਰ ਦਾ ਬਦਲਾ ਮੈਂ ਤੇਰਾ ਭੋਜਨ ਖਾ ਲੈਂਦਾ ਹਾਂ,ਜਿਸ ਤੇ ਉਸ ਨੇ ਪ੍ਰੀਤੀ ਦਾ ਲਾਭ ਦੋਨੋ ਪ੍ਰਕਾਰ ਆਪ ਹੀ ਉਠਾਉਨਾ ਚਾਹਿਆ ਜੋ ਅਪਨਾ ਬਾਲਕ ਖਿਡਾਕੇ ਉਸ ਮਿੱਤ੍ਰ ਥੋਂ ਕੰਮ ਲੀਤਾ ਅਤੇ ਉਸ ਦਾ ਭੋਜਨ ਖਾਕੇ ਅਪਨੀ ਭੁੱਖ ਦੂਰ ਕੀਤੀ,ਇਸ ਵਾਸਤੇ ਅੱਜ ਕੱਲ ਅਕਸਰ ਦੇਖਨੇ ਵਿੱਚ ਆਉਂਦਾ ਹੈ ਜੋ ਅਜੇਹੇ ਮਿੱਤ੍ਰ ਹੀ ਮਿਲਦੇ ਹਨ॥(ਕੱਤਕ ਦੀ ੧੯ ਸੰ:੧੯੫੬ ਬਿ:, ਨਵੰਬਰ ਦੀ ੩ ਸੰ: ੧੮੯੯ ਈ)

ਦੋਹਰਾ

ਜਿਉਂ ਬਾਲੂ ਤੋਂ ਮਿਲਤ ਨਾਹਿ ਕਬਹੀ ਕਿਸੇ ਸਨੇਹ ॥
ਤਿਉਂ ਸਠਮਿੱਤ੍ਰ ਭੀ ਨਹੀਂ ਦੇਵਤ ਸੁਖ ਸਨੇਹ॥੧੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਰੇਤੇ ਵਿੱਚੋਂ ਕਈ ਪ੍ਰਕਾਰ ਦੇ ਯਤਨ ਕਰਨ ਥੋਂ ਭੀ ਤੇਲ ਨਹੀਂ ਮਿਲਦਾ ਏਸੇ ਤਰ੍ਹਾਂ ਮੂਰਖ ਮਿੱਤ੍ਰ ਦੀ ਪ੍ਰੀਤੀ ਤੇ ਕਦੇ ਭੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ,ਇਸ ਵਾਸਤੇ ਜਦੋਂ ਕੋਈ ਪੁਰਖ ਮਿੱਤ੍ਰ ਬਨਨੇ ਦਾ ਇਕਰਾਰ ਕਰੇ ਤਦ ਉਸ ਦੀ ਪਹਲੇ ਜਰੂਰ ਪ੍ਰੀਛਾ ਕਰ ਲੈਨੀ ਉੱਚਤ ਹੈ,ਕਿ ਇਹ ਮਿੱਤ੍ਰਤਾ ਦੇ ਜੋਗ ਹੈ ਕਿ ਨਹੀਂ,ਬਿਨਾਂ ਵਿਚਾਰੇ ਮਿੱਤ੍ਰਤਾ ਕਰਨ ਵਿੱਚ ਅੰਤ ਨੂੰ ਕਈ ਪ੍ਰਕਾਰ ਦੇ ਕਲੇਸ਼ਾਂ ਦੀ ਹੀ ਪ੍ਰਾਪਤੀ ਹੁੰਦੀ ਹੈ॥ (ਕੱਤਕ ਦੀ ੨੬ ਸੰ:੧੯੫੬ ਬਿ:, ਨਵੰਬਰ ਦੀ ੧੦ ਸੰ: ੧੮੯੯ ਈ:)

ਦੋਹਰਾ

ਅੰਬ੍ਰ ਬੇਲੀ ਬ੍ਰਿਖ ਕੋ ਹੋ ਲੰਪਟ ਖਾ ਜਾਤ॥
ਤਿਉਂ ਲੋਭੀ ਮਿੱਤ੍ਰ ਬਨੇ ਸਗਲੀ ਗਿੱਲ ਸੁਕਾਤ॥੧੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਅੰਥ੍ਰ ਬੇਲ ਜਿਸ ਰੁੱਖ ਪਰ ਛਾ ਜਾਂਦੀ ਹੈ ਸੋ ਉਸ ਦੇ ਨਾਲ ਐਸਾ ਪ੍ਰੇਮ ਕਰਦੀ ਹੈ ਜੋ ਸਾਰੀਆਂ ਸ਼ਾਖਾਂ ਨੂੰ ਲੰਪਟ ਹੋ ਕੇ ਬ੍ਰਿਖ ਨੂੰ ਅਛਾਦਨ ਕਰ ਲੈਂਦੀ ਹੈ,ਪਰੰਤੂ ਉਸ ਦਾ ਫਲ ਇਹ ਨਿਕਲ ਦਾ ਹੈ ਜੋ ਉਸ ਬ੍ਰਿਖ ਦੀ ਸਾਰੀ ਹਰਜਾਵਲ ਨੂੰ ਮਾਤ ਕਰਕੇ ਆਪ ਹੀ ਬਾਕੀ ਰਹ ਜਾਂਦੀ ਹੈ ਅਤੇ ਰੁਖ ਖੜਾ ਹੀ ਸੁੱਕ ਜਾਂਦਾ ਹੈ॥ ਇਸੇ ਪ੍ਰਕਾਰ ਲੋਭੀ ਮਿੱਤ੍ਰ ਭੀ ਜਦ ਕਿਸੇ ਪੁਰਖ ਨੂੰ ਧਨੀ ਜਾਨਕੇ ਉਸ ਨਾਲ ਪ੍ਰੇਮ ਪਾਉਂਦਾ ਹੈ ਸੋ ਐਸਾ ਅਭੇਦ ਹੋ ਜਾਂਦਾ ਹੈ ਜੋ ਦੂਸਰਾ ਨਹੀਂ ਦਿਖਾਈ ਦੇਂਦਾ ਪਰੰਤੂ ਇਸਦਾ ਫਲ ਇਹ ਨਿਕਲ ਦਾ ਹੈ ਜੋ ਅੰਤ ਨੂੰ ਉਸ ਦਾ ਘਰ ਬਾਰ ਸਭ ਬਰਬਾਦ ਕਰਕੇ ਮਗਰੋਂ ਆਪ ਹੀ ਰਹ ਜਾਂਦਾ ਹੈ ਐਸੇ ਦ੍ਰਿਸ਼ਟਾਂਤ ਅਸੀਂ ਕਈ ਅਪਨੀ ਅੱਖੀਂ ਦੇਖੇ ਹਨ ਜੋ ਦੁਰਾਚਾਰੀ ਮਿੱਤ੍ਰਾਂ ਦੇ ਹੱਥੋਂ ਹੋਏ ਹਨ,ਇਸ ਵਾਸਤੇ ਪੁਰਖ ਨੂੰ ਚਾਹੀਦਾ ਹੈ ਜੋ ਪੁਰਖ ਦੇ ਦੇਖਨ ਮਾਤ੍ਰ ਯਾ ਮਿਠੀਆਂ੨ ਬਾਤਾਂ ਪਰ ਹੀ ਆਨੰਦ ਹੋਕੇ ਮਿੱਤ੍ਰਤਾ ਨਾ ਗੰਢ ਲੇਵੇ ਕਿੰਤੂ ਗੁਲਿਸਤਾਂ ਦੇ ਕਥਨ ਵਾਂਗ ਖੁਬਸ ਇਨਸਾਨੀ ਬਾਰਾਂ ਸਾਲਾਂ ਤਕ ਭੀ ਪ੍ਰਗਟ ਨਹੀਂ ਹੁੰਦੀ॥(ਮੱਘਰ ਦੀ ੧੦ ਸੰ:੧੯੫੬ ਬਿ:, ਨਵੰਬਰ ਦੀ ੨੪ ਸੰ: ੧੮੯੯ ਈ:)

ਦੋਹਰਾ

ਆਸਾ ਇਸ਼ਟ ਉਪਾਸਨਾ ਖਾਨ ਪੀਨ ਪਹਿਰਾਨ॥
ਚਲਤ ਜਾਂਹਿ ਕੇ ਮਿੱਤ੍ਰ ਸੋਂ ਤੁਲਸੀ ਕਰਤ ਬਖਾਨ॥੨੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਤੁਲਸੀ ਜੀ ਕਵੀ ਨੇ ਮਿੱਤ੍ਰਪੁਣੇ ਦੇ ਇਹ ਛੇ ਲੱਖਨ ਦੱਸੇ ਹਨ ਕਿ ਜਿਨ੍ਹਾਂ ਪੁਰਖਾਂ ਦੇ ਮਿਲ ਜਾਨ ਸੋ ਪੂਰੇ ੨ ਮਿੱਤ੍ਰ ਹੋ ਸਕਦੇ ਹਨ,ਜਿਨ੍ਹਾਂ ਵਿੱਚੋਂ ਪਹਲਾ ਉਨ੍ਹਾਂ ਦਾ "ਇਸ਼ਟ" ਅਰਥਾਤ ਉਪਾਸਜ ਯਾ ਮਤ ਇੱਕ ਹੋਣਾ ਚਾਹੀਦਾ ਹੈ ਫਿਰ ਉਸਦੇ ਮਗਰੋਂ ਉਪਾਸ਼ਨਾ ਕਰਨ ਦਾ ਭੀ ਤਰੀਕਾ ਇੱਕ ਹੋਵੇ ਕਿਉਂਕਿ ਇਸ਼ਟ ਇੱਕ ਹੋਨ ਤੇ ਭੀ ਉਪਾਸ਼ਨਾ ਦਾ ਢੰਗ ਜੁਦਾ ਹੋਨੇ ਪਰ ਮਿੱਤ੍ਰਤਾ ਨਹੀਂ ਬਨਦੀ ਜੈਸਾਕਿ ਸ਼ੀਆ ਅਤੇ ਸੁੰਨੀ ਮੁਸਲਮਾਨ ਇਸੇ ਤਰ੍ਹਾਂ ਰੋਮਨ ਅਤੇ ਪ੍ਰੋਟੈਸਟੈਂਟ ਫਿਰਕਜਾਂ ਦੇ ਈਸਾਈ ਮਹੰਮਦ ਸਾਹਿਬ ਕੁਰਾਨ ਨੂੰ ਅਤੇ ਅੰਜੀਲ ਨੂੰ ਇਕੋ ਜੇਹਾ ਮੰਨਕੇ ਭੀ ਆਪਸ ਵਿੱਚ ਉਪਾਸ਼ਨਾ ਦੇ ਭੇਦ ਕਰਨੇ ਪਰ ਮਿਲ ਨਹੀਂ ਸਕਦੇ,ਇਸ ਵਾਸਤੇ ਉਨ੍ਹਾਂ ਦੀ ਉਪਾਸ਼ਨਾ ਦੇ ਭੇਦ ਕਰਨੇ ਪਰ ਮਿਲ ਨਹੀਂ ਸਕਦੇ,ਇਸ ਵਾਸਤੇ ਉਨ੍ਹਾਂ ਦੀ ਉਪਾਸ਼ਨਾ ਇੱਕ ਹੋਨੀ ਚਾਹੀਦੀ ਹੈ॥ ਇਸੀ ਤਰ੍ਹਾਂ ਖਾਣਾ ਪੀਣਾ ਅਤੇ ਪਹਰਨਾ ਭੀ ਆਪਸ ਵਿੱਚ ਮਿਲਦਾ ਹੋਵੇ ਕਿਉਂਕਿ ਸੰਸਾਰ ਵਿੱਚ ਇਨ੍ਹਾਂ ਦੇ ਨਾ ਮਿਲਨੇ ਕਰਕੇ ਭੀ ਬਹੁਤ ਸਾਰਾ ਭੇਦ ਦੇਖਜਾ ਜਾਂਦਾ ਹੈ,ਇਸ ਵਾਸਤੇ ਮਿੱਤ੍ਰ ਬਨਨੇ ਯਾ ਬਨਾਉਨ ਤੇ ਪਹਿਲੇ ਇਨ੍ਹਾਂ ਬਾਤਾਂ ਵੱਲ ਖਿਆਲ ਕਰਨਾ ਅਤਿ ਜੋਗ ਹੈ॥ (ਮੱਘਰ ਦੀ ੧੭ ਸੰ:੧੯੫੬ ਬਿ:, ਨਵੰਬਰ ਦੀ ੧ ਸੰ: ੧੮੯੯ ਈ:)

ਦੋਹਰਾ

ਦੁਖਦਾਈ ਲਖ ਵਸੱਤ ਕੋ ਜੋ ਨਰ ਪਾਵੇ ਹੱਥ ॥
ਤਿਆਗ ਜੋਗ ਲਖ ਨਹਿ ਤਜੇ ਸੋ ਨਰ ਮੂਰਖ ਲੱਖ॥੨੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਕਿਸੇ ਵਸਤੂ ਨੂੰ ਦੁਖ ਦਾਈ ਜਾਨ ਕੇ ਵੀ ਹੱਥੋਂ ਨਹੀਂ ਛੱਡਦਾ ਅਰ ਤਿਆਗਨ ਦੇ ਜੋਗ ਸਮਝ ਕੇ ਭੀ ਉਸ ਨੂੰ ਹੱਥ ਪਾਉਂਦਾ ਹੈ ਸੋ

ਪੁਰਖ ਲੱਖਾਂ ਮੂਰਖਾਂ ਜੈਸਾ ਇੱਕੋ ਮੂਰਖ ਹੈ । ਇਸ ਦਾ ਕਾਰਨ ਇਹ ਹੈ ਕਿ ਕਈ ਕਲੇਸ਼ ਐਸੇ ਹੁੰਦੇ ਹਨ ਜੋ ਪੁਰਖ ਅਪਨੇ ਤਯਾਗਨ ਤੇ ਅਸਮਰਥ ਹੁੰਦਾ ਹੈ ਅਰ ਚਿੱਤੋਂ ਦੁਖੀ ਹੋਕੇ ਉਨ੍ਹਾਂ ਨੂੰ ਤਿਆਗਨਾ ਚਾਹੁੰਦਾ ਹੈ ਪਰੰਤੂ ਉਹ ਦੁਖ ਦਾਈ ਬਿਆਧੀਆਂ ਉਸ ਨੂੰ ਨਹੀਂ ਤਿਆਗ ਦੀਆਂ ਜਿਸ ਪਰ ਉਹ ਲਾਚਾਰ ਹੋਕੇ ਦੁਖ ਸਹਾਰਦਾ ਹੈ,ਕਿੰਤੂ ਜੋ ਵਸਤੂ ਪੁਰਖ ਦੁਖਦਾਈ ਜਾਨਕੇ ਤਯਾਗ ਸਕਦਾ ਹੈ ਅਤੇ ਫਿਰ ਭੀ ਨਹੀਂ ਤਯਾਗਦਾ ਸੋ ਪੁਰਖ ਮਹਾਂ ਮੂਰਖਾਂ ਦਾ ਸਰਦਾਰ ਹੈ॥
(ਪੋਹ ਦੀ ੨ ਸੰ:੧੯੫੬ ਬਿ:, ਦਸੰਬ੍ਰ ਦੀ ੧੫ ਸੰ: ੧੮੯੯ ਈ:)

ਦੋਹਰਾ

ਜੋ ਨਹਿ ਰਾਖਤ ਅਕਲ ਨਿਜ ਅਰ ਲੇਵਤ ਨਹਿ ਔਰ॥
ਸੋ ਨਿਸਚੈ ਪੀਚਾਨੀਏ ਮੂੜਨ ਕੋ ਸਿਰ ਮੌਰ॥੨੨॥

ਇਸ ਨੀਤੀ ਦਾ ਭਾਵ ਇਹ ਹੈ ਕਿ ਜੋ ਪੁਰਖ ਅਪਨੀ ਬੁੱਧੀ ਨਹੀਂ ਰਖਦਾ ਅਰ ਬਾਤ ਗੁਨ ਦੋਖ ਅਤੇ ਲਾਭ ਹਾਨ ਨੂੰ ਨਹੀਂ ਸਮਝ ਸਕਦਾ ਅਤੇ ਨਾ ਹੀ ਦੂਸਰੇ ਦੀ ਦਿੱਤੀ ਹੋਈ ਅਕਲ ਨੂੰ ਲੈਂਦਾ ਹੀ ਹੈ,ਸੋ ਪੁਰਖ ਅਤਿਜੈਤ ਕਰਕੇ ਮੂਰਖਾਂ ਦਾ ਸਰਦਾਰ ਸਮਝਨਾ ਚਾਹੀਦਾ ਹੈ॥ ਇਸ ਦਾ ਭਾਵ ਹੈ ਕਿ ਪ੍ਰਿਥਮੇਂ ਤਾਂ ਪੁਰਖ ਨੂੰ ਹਰ ਪਰਕਾਰ ਦੀ ਵਿਚਾਰ ਵਾਲੀ ਬੁਧੀ ਆਪ ਥੋਂ ਪੈਦਾ ਕਰਨੀ ਚਾਹੀਦੀ ਹੈ ਅਤੇ ਜੇ ਇਤਨੀ ਸਮਰੱਥਾ ਨਾ ਰਖਦਾ ਹੋਵੇ ਤਾਂ ਦੂਸਰੇ ਪਾਸੋਂ ਜਿਸ ਨੂੰ ਉਹ ਆਪ ਤੇ ਸਿਆਣਾ ਸਮਝੇ ਸਲਾਹ ਲੈਕੇ ਕੰਮ ਕਰੇ ਜੋ ਇਨ੍ਹਾਂ ਦੋਨਾਂ ਵਿੱਚੋਂ ਕੁਝ ਭੀ ਨਹੀਂ ਕਰਦਾ ਉਹ ਪੁਰਖ ਮੂਰਖਾਂ ਦਾ ਸਰਦਾਰ ਸਮਝਨਾ ਚਾਹੀਦਾ ਹੈ ॥ (ਪੋਹ ਦੀ ੧੬ ਸੰ:੧੯੫੬ ਬਿ:, ਦਸੰਬ੍ਰ ਦੀ ੨੯ ਸੰ: ੧੮੯੯ ਈ:)

ਦੋਹਰਾ

ਅਪਨੀ ਗੌਰਵ ਮਾਨ ਕੋ ਸੋ ਨਰ ਖੋਵਤ ਆਪ ॥
ਜਾਨ ਬੂਝ ਨਿਰ ਸੂਝ ਹੋ ਸੋ ਮੂਰਖ ਕੋ ਬਾਪ॥੨੩॥

ਇਸ ਨੀਤੀ ਦਾ ਭਾਵ ਇਹ ਹੈ ਕਿ ਜੋ ਪੁਰਖ ਅਪਨੀ ਵਡਾਈ ਅਤੇ ਸਤਕਰ ਨੂੰ ਅਪਨੀ ਬੁਧਿ ਅਤੇ ਵਿਚਾਰ ਤੇ ਰਹਿਤ ਅਗਯਾਨ ਵਿੱਚ ਗੁਵਾ ਲੇਵੇ ਸੋ ਕੋਈ ਬੁਰਾ ਪ੍ਰਤੀਤ ਨਹੀਂ ਹੁੰਦਾ ਕਿਉਂਕਿ ਉਸ ਨੂੰ ਇਹ ਆਖ ਸੱਕੀਦਾ ਹੈ ਕਿ ਇਸ ਨੂੰ ਅਪਨੀ ਇੱਜ਼ਤ ਰੱਖਨ ਦਾ ਕੋਈ ਤਰੀਕਾ ਯਾਦ ਨਹੀਂ ਸਾ,ਅਰ ਇਸ ਵਿੱਚ ਗੁਨ ਔਗੁਨ ਦੇ ਵਿਚਾਰ ਵਾਲੀ ਬੁੱਧੀ ਨਹੀਂ ਸੀ,ਜਿਸਤੇ ਇਹ ਅਪਨੀ ਮਾਨ ਵਡਾਈ ਖੋਹ ਬੈਠਾ ਹੈ॥

ਪ੍ਰੰਤੂ ਜੋ ਪੁਰਖ ਇਹ ਗਜਾਨ ਰੱਖਦਾ ਹੈ ਕਿ ਇਸ ਕਾਰਜ ਵਿੱਚ ਮੇਰੀ ਹਾਨੀ ਹੈ ਅਤੇ ਇਸ ਵਿੱਚ ਮੇਰਾ ਲਾਭ ਹੈ ਇਤਨਾ ਸਮਝ ਕੇ ਫਿਰ ਉਸ ਬਨੀ ਹੋਈ ਮਾਨ ਵਡਾਈ ਅਤੇ ਸ਼ੋਭਾ ਨੂੰ ਖੋਂਦਾ ਹੈ ਸੋ ਪੁਰਖ ਨਿਸਚੇ ਕਰਕੇ ਮੂਰਖਾਂ ਦਾ ਬਾਪ ਸਮਝਨਾ ਚਾਹੀਦਾ ਹੈ ਇਸ ਵਾਸਤੇ ਹਰ ਇੱਕ ਪੁਰਖ ਨੂੰ ਚਾਹੀਦਾ ਹੈ ਕਿ ਸਭ ਕਾਰਜ ਦੇ ਆਰੰਭ ਵਿੱਚ ਇਹ ਖ਼ਯਾਲ ਕਰ ਲੇਵੇ ਕਿ ਜੋ ਮੈਂ ਕਰਦਾ ਹਾਂ ਸੋ ਕਿੱਥੋਂ ਤਕ ਮੈਨੂੰ ਲਾਭ ਅਤੇ ਹਾਨੀ ਦਾ ਕਾਰਨ ਹੈ॥ (ਪੋਹ ਦੀ ੨੩ ਸੰ:੧੯੫੬ ਬਿ:, ਜਨਵਰੀ ਦੀ ੨੯ ਸੰ: ੧੯੦੦ ਈ:)

ਦੋਹਰਾ

ਅਪ੍ਰਾਪਤ ਹਿਤ ਦੌਰ ਹੈ ਪ੍ਰਾਪਤ ਵਸਤ ਤਿਆਗ ॥
ਸੋ ਮੂੜਨ ਕੋ ਮੂੜ ਹੈ ਨਿਸਚੇ ਪੁਰਖ ਅਭਾਗ॥੨੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਲੋਗ ਅਪਨੀ ਪ੍ਰਾਪਤ ਵਸਤੂ ਨੂੰ ਤਿਆਗ ਦੇਂਦੇ ਹਨ ਅਰ ਅਪ੍ਰਾਪਤ ਦੇ ਮਗਰ ਨੱਸਦੇ ਹਨ,ਸੋ ਪੁਰਖ ਮਹਾਂਮੂਰਖਾਂ ਦੇ ਮੂਰਖ ਹਨ,ਉਨ੍ਹਾਂ ਦਾ ਉੱਦਮ ਐਸਾ ਹੈ ਜਿਸ ਪਰਕਾਰ ਕਿਸੇ ਆਦਮੀ ਨੇ ਕੜਾਹ ਪਰਸ਼ਾਦ ਦਾ ਛਾਂਦਾ ਲੈਕੇ ਹੱਥ ਪਿੱਛੇ ਕਰ ਲੀਤਾ ਅਰ ਅਸੰਤੁਸ਼ਟ ਹੋ ਕੇ ਦੂਸਰਾ ਹੱਥ ਅੱਗੇ ਕੀਤਾ ਜਿਸ ਪਰ ਪਿਛਲੇ ਹੱਥ ਦਾ ਤਾਂ ਕੁੱਤੇ ਨੇ ਚੁੱਕ ਲਿਆ ਅਰ ਅੱਗੋਂ ਵਰਤਾਵੇ ਨੇ ਜਵਾਬ ਦੇ ਦਿੱਤਾ ਤਦ ਦੋਨੋਂ ਪਾਸਿਆਂ ਤੇ ਰਹਿ ਗਿਆ॥ ਇਸੀ ਪ੍ਰਕਾਰ ਜੋ ਪੁਰਖ ਪਰਾਪਤ ਵਸਤੂ ਨੂੰ ਛੱਡ ਕੇ ਅਪ੍ਰਾਪਤ ਵਸਤੂ ਭੀ ਜਾਂਦੀ ਰਹਿੰਦੀ ਹੈ ਅਰ ਅਗਲੀ ਹੱਥ ਨਹੀਂ ਆਉਂਦੀ ਇਸੀ ਤੇ ਨੀਤੀ ਵਿੱਚ ਲਿਖਿਆ ਹੈ ਕਿ"ਏਕ ਪਾਂਵ ਕੋ ਦ੍ਰਿੜ੍ਹ ਕਰੇ ਤਬੀ ਉਠਾਵੇ ਔਰ॥ ਜਬ ਲਗ ਆਗਾ ਦ੍ਰਿੜ੍ਹ ਨਹੀਂ ਤਬ ਲਗ ਤਜੇ ਨ ਠੌਰ"॥ ਇਸ ਦਾ ਭਾਵ ਏਹੋ ਹੈ ਕਿ ਜਿਸ ਤਰ੍ਹਾਂ ਦੂਜਾ ਪੈਰ ਤਦ ਚੁਕੀਦਾ ਹੈ ਜਦ ਅਗਲਾ ਧਰਤੀ ਪਰ ਟਿਕ ਜਾਂਦਾ ਹੈ ਪਰੰਤੂ ਜਿਤਨਾ ਚਿਰ ਅਗਲਾ ਨਹੀਂ ਟਿਕਦਾ ਉਤਨਾ ਚਿਰ ਦੂਜਾ ਨਹੀਂ ਉਠਾਈਦਾ ਇਸੇ ਪਰਕਾਰ ਹਰ ਇੱਕ ਕਾਰਜ ਵਿੱਚ ਪੁਰਖ ਨੂੰ ਚਾਹੀਦਾ ਹੈ ਕਿ ਵਿਚਾਰ ਕੇ ਕਰੇ॥ (ਮਾਘ ਦੀ ੧੨ ਸੰ:੧੯੫੬ ਬਿ:, ਫਰਵਰੀ ਦੀ ੨ ਸੰ: ੧੯੦੦ ਈ:)

ਦੋਹਰਾ

ਜੋ ਬੁਧਿ ਜਨ ਮਹਿ ਬੈਠ ਕਰ ਨਿਜ ਗੁਨ ਕਰੇ ਉਚਾਰ॥
ਨਿਜ ਮੁਖ ਨਿਜ ਉਪਮਾਂ ਭਨੇ ਸੋ ਮੂਰਖ ਸਰਦਾਰ॥੨੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਅਪਨੇ ਸਮਾਨ ਯਾ ਅਪਨੇ ਤੇ ਅਧਕ ਵਿੱਦ੍ਵਾਨਾਂ ਯਾ ਗੁਨੀਆਂ ਵਿੱਚ ਬਠਕੇ ਆਪਨੀ ਸ਼ੋਭਾ ਆਪ ਹੀ ਕਰਦਾ ਹੈ ਸੋ ਪੁਰਖ ਮੂਰਖਾਂ ਦਾ ਸਰਦਾਰ ਹੈ॥ ਇਸ ਦਾ ਕਾਰਨ ਇਹ ਹੈ ਕਿ ਗੁਨੀ ਯਾ ਵਿਦ੍ਵਾਨ ਦੇ ਗੁਨ ਨੂੰ ਜੋ ਲੋਗ ਖੁਦ ਹੀ ਜਾਨਦੇ ਹਨ ਅਰ ਜੋ ਪੁਰਖ ਅੱਗੇ ਹੀ ਅਪਨੇ ਗੁਣ ਦੋਖ ਤੇ ਗਿਆਤ ਹਨ ਉਨ੍ਹਾਂ ਵਿੱਚ ਬੈਠਕੇ ਅਪਨੀ ਪ੍ਰਸੰਸਾ ਆਪ ਹੀ ਕਰਨੀ ਅਪਨੇ ਮੂੰਹ ਮੀਆਂ ਮਿੱਠੂ ਬਣਨੇ ਦੀ ਨਿਆਈਂ ਮਹਾਂ ਅਜੋਗ ਹੈ,ਇਸ ਵਾਸਤੇ ਪੁਰਖ ਨੂੰ ਚਾਹੀਦਾ ਹੈਕਿ ਬੁਧਿਮਾਨਾਂ ਦੀ ਸਭਾ ਵਿੱਚ ਵਿਚਾਰਕੇ ਬੋਲੇ॥(ਮਾਘ ਦੀ ੧੯ ਸੰ:੧੯੫੬ ਬਿ:, ਫਰਵਰੀ ਦੀ ੯ ਸੰ: ੧੯੦੦ ਈ:)

ਦੋਹਰਾ

ਜੋ ਸਿਰ ਪਰ ਰਿਣ ਲੈ ਕਰੇ ਬਾਗ ਧਾਮ ਸੇਤ ॥
ਸੋ ਮੂਰਖ ਪਹਿਚਾਨੀਏ ਸੋਘੜ ਗੁਵਾਹੀ ਦੇਤ॥੨੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਆਦਮੀ ਦੇ ਪਾਸ ਅਪਨਾ ਧਨ ਤਾਂ ਹੈ ਨਹੀਂ ਪਰੰਤੂ ਉਹ ਅਖਨੇ ਸੁਖ ਦੇ ਵਾਸਤੇ ਕਰਜ਼ਾ ਲੈ ਕੇ ਵੱਡੇ੨ ਮੰਦਰ ਬਨਾਉਂਦਾ ਹੈ ਅਰ ਇਸੇ

ਤਰ੍ਹਾਂ ਸੈਰ ਕਰਨ ਲਈ ਚੰਗੇ ੨ ਬਾਗ਼ ਲਗਾਉਂਦਾ ਹੈ,ਸੋ ਪੁਰਖ ਨਿਸਚੇ ਕਰਕੇ ਮੂਰਖ ਸਮਝਨਾ ਚਾਹੀਦਾ ਹੈ ਕਿਉਂਕਿ ਜੋ ਮਕਾਨ ਯਾ ਬਾਗ਼ ਬਜਾਜੀ ਰੁਪੱਯਾ ਕਰਜ਼ਾ ਲੈਕੇ ਬਨਾਏ ਗਏ ਹਨ ਸੋ ਮੁੜਕੇ ਉਹ ਕਰਜ਼ ਵਿੱਚ ਹੀ ਲਾਏ ਜਾਂਦੇ ਹਨ,ਇਸ ਵਾਸਤੇ ਹਰ ਇੱਕ ਪੁਰਖ ਨੂੰ ਚਾਹੀਦਾ ਹੈ ਕਿ ਉਹ ਪਹਲੇ ਧਨ ਨੂੰ ਇਕੱਤ੍ਰ ਕਰੇ,ਉਸਤੇ ਮਗਰੋਂ ਧਨ ਦਾ ਫਲ ਜੋ ਸੁਖ ਹੈ ਉਸ ਲਈ ਘਰ ਅਤੇ ਬਾਗ਼ ਆਦਿਕ ਵਿੱਚ ਪਰਵਿਰਤ ਹੋਵੇ॥(ਚੇਤਰ ਦੀ ੧੧ ਸੰ:੧੯੫੬ ਬਿ:, ਫਰਵਰੀ ਦੀ ੨੩ ਸੰ: ੧੯੦੦ ਈ:)

ਦੋਹਰਾ

ਬਿਨਾਂ ਸਮਜ ਬਹੁਧਾ ਬਕੈ ਸਮ ਯੁਕਤ ਤੇ ਹੀਨ॥
ਭੋਜਨ ਛਕਨੇ ਕੇ ਸਮੈਂ ਕੋਪ ਕਰੇ ਮਤਿ ਹੀਨ॥੨੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਲੋਗ ਜਦ ਕਿਸੇ ਬਾਤ ਚੀਤ ਕਰਨ ਦਾ ਸਮਜ ਨਾ ਹੋਵੇ ਤਦ ਐਵੇਂ ਬੋਲਦੇ ਚਲਨ ਅਰ ਜਦ ਕਦੇ ਉਕਤੀ ਯੁਕਤੀ ਦਾ ਸਮਜ ਬਨੇ ਤਦ ਚੁਪਕੇ ਰਹਨ,ਇਸੇ ਤਰ੍ਹਾਂ ਜੋ ਸਾਰਾ ਦਿਨ ਤਾਂ ਆਨੰਦ ਰਹੇ ਪਰ ਜਦ ਭੋਜਨ ਕਰਨ ਦਾ ਵੇਲਾ ਹੋਵੇ ਤਦ ਲੜਾਈ ਝਗੜਾ ਅਤੇ ਕ੍ਰੋਧਵਾਨ ਹੋਕੇ ਕਲੇਸ਼ ਨਾਲ ਦੁਖੀ ਹੋਵੇ ਸੋ ਆਦਮੀ ਮਹਾਂ ਮਤ ਤੇ ਹੀਨ ,ਸਮਝਨਾ ਜੋਗ ਹੈ॥(ਵੈਸਾਖ ਦੀ ੨ ਸੰ:੧੯੫੬ ਬਿ:, ਅਪ੍ਰੈਲ ਦੀ ੧੩ ਸੰ: ੧੯੦੦ ਈ:)

ਦੋਹਰਾ

ਰਿਣ ਲੈ ਕਰ ਸੌਦਾ ਕਰੇ ਤ੍ਰਿਅ ਦਰਬ ਪਰ ਮਾਨ ॥
ਨਿਜ ਧਨ ਸੌਂਪੇ ਆਨ ਕੋ ਸੋ ਮੂਰਖ ਪਰਵਾਨ॥੨੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਲੋਗ ਅਪਨੇ ਪਾਸ ਤਾਂ ਕੌਡੀ ਨਹੀਂ ਰੱਖਦਾ ਅਰ ਦੂਸਰੇ ਤੇ ਕਰਜ਼ਾ ਲੈਕੇ ਬਜਪਾਰ ਕਰਦਾ ਹੈ ਅਰ ਜੋ ਇਸਤ੍ਰੀ ਦੀ ਕਮਾਈ ਪਰ ਅਪਨਾ ਜੀਵਨ ਕਰਕੇ ਆਨੰਦ ਹੁੰਦਾ ਹੈ ਇਸੇ ਪ੍ਰਕਾਰ ਜਸ ਅਪਨਾ ਧਨ ਦੂਸਰੇ ਪੁਰਖ ਪਾਸ ਧਰੋਹ ਰੱਖਕੇ ਜਿਥੋਂ ਆਉਨ ਦੀ ਆਸ਼ਾ ਨਾ ਹੋਵੇ ,ਖ਼ੁਸ਼ ਹੁੰਦਾ ਹੈ ਸੋ ਪੁਰਖ ਅਤਿ ਮੂਰਖ ਹੈ॥(ਵੈਸਾਖ ਦੀ ੯ ਸੰ:੧੯੫੭ ਬਿ:, ਅਪ੍ਰੈਲ ਦੀ ੨੦ ਸੰ: ੧੯੦੦ ਈ:)

ਦੋਹਰਾ

ਨਿਜ ਸੁਖ ਹਿਤ ਸੁਤ ਸੁਖ ਹਨੇ ਧਨ ਬੇਸਿਆ ਕੋ ਦੇਇ ॥
ਸ੍ਵਾਰਥ ਜਨ ਕੀਰਤ ਮੁਦੇ ਸੋ ਮੂਰਖ ਲਖ ਲੇਇ॥੨੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਅਪਨੇ ਸੁਖ ਦੇ ਪਿੱਛੇ ਪੁੱਤ੍ਰ ਦੀ ਸਾਮੱਗ੍ਰੀ ਨੂੰ ਖਰਚ ਕਰਕੇ ਉਸ ਨੂੰ ਦੁਖ ਦਾ ਸਾਧਨ ਪੈਦਾ ਕਰਨੇ ਵਾਲਾ ਅਰ ਅਪਨੇ ਸੰਚਤ ਧਨ ਗਨਕਾਦਿਕ ਦੇ ਰੰਗ ਤੁਮਾਸ਼ਜਾਂ ਪਰ ਉਡਾ ਦੇਨ ਵਾਲਾ ਅਤੇ ਝੂਠੇ ਖ਼ੁਸ਼ਾਮਦੀਆਂ ਦੀ ਸ਼ੋਭਾ ਪਰ ਪਰਸੰਨ ਹੋਨ ਵਾਲਾ ਆਦਮੀ ਅਤਿ ਮੂਰਖ ਸਮਝਨਾ ਚਾਹੀਦਾ ਹੈ॥(ਵੈਸਾਖ ਦੀ ੧੬ ਸੰ:੧੯੫੭ ਬਿ:, ਅਪ੍ਰੈਲ ਦੀ ੨੭ ਸੰ: ੧੯੦੦ ਈ:)

ਦੋਹਰਾ

ਬਿਨ ਪੀੜਾ ਔਖਧ ਭਖੇ ਤਨ ਬ੍ਰਿਧੀ ਸੁਖ ਹੇਤ ॥
ਮਾਰਗ ਤਜੇ ਜੁਗਾਤ ਡਰ ਸੋ ਮੂਰਖ ਨਿਰ ਚੇਤ ॥੩੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਤੰਦਰੁਸਤ ਹੋ ਕੇ ਅਪਨੇ ਸਰੀਰ ਨੂੰ ਬਲਵਾਨ ਬਨਾਉਣ ਲਈ ਅਥਵਾ ਦਿਲ ਦੇ ਪ੍ਰਚਾਵੇ ਲਈ ਕਿਸੇ ਔਖਧੀ ਦਾ ਸੇਵਨ ਕਰਦਾ ਹੈ ਇਸੀ ਪ੍ਰਕਾਰ ਜੋ ਆਦਮੀ ਮਾਲ ਲੈ ਕੇ ਜੁਗਾਤ ਤੋਂ ਡਰਦਾ,ਔਝੜ ਦੇ ਰਸਤੇ ਪੈਕੇ ਖੁਆਰ ਹੁੰਦਾ ਹੈ,ਜਿਸ ਤੇ ਫਿਰ ਭੀ ਸ਼ਹਿਰ ਦੇ ਦਰਵਾਜ਼ੇ ਪਰ ਜੁਗਾਤ ਭਰੇ ਬਿਨਾਂ ਲੰਘਨਾ ਕਠਨ ਹੈ ਸੋ ਪੁਰਖ ਅਤਿ ਮੂਰਖ ਸਮਝਨਾ ਚਾਹੀਦਾ ਹੈ॥ ਐਸੇ ਪੁਰਖ ਅਕਸਰ ਦੇਖਨੇ ਵਿੱਚ ਆਉਂਦੇ ਹਨ ਕਿ ਅਪਨੇ ਮਨ ਦੇ ਪ੍ਰਚਾਵੇ ਨਾਲ ਅਰੋਗ ਹੋਨ ਪਰ ਭੀ ਔਖਧੀਆਂ ਖਾ ਲੈਂਦੇ ਹਨ ਫਿਰ ਉਹ ਕਈ ਪ੍ਰਕਾਰ ਦੀਆਂ ਬੀਮਾਰੀਆਂ ਸਹਿੰਦੇ ਦੇਖੀਦੇ ਹਨ,ਇਸੀ ਤਰ੍ਹਾਂ ਮਾਸੂਲ ਤੇ ਡਰ ਕੇ ਉਜਾੜ ਭੰਨਦੇ ਹਨ ਅਰ ਫਿਰ ਭੀ ਮਾਸੂਲ ਦੇਨਾ ਪੈਂਦਾ ਹੈ,ਜਿਸਤੇ ਪੂਰੇ ਮੂਰਖ ਸਮਝੇ ਜਾਂਦੇ ਹਨ ॥ (ਜੇਠ ਦੀ ੧੩ ਸੰ:੧੯੫੭ ਬਿ:, ਮਈ ਦੀ ੨੫ ਸੰ: ੧੯੦੦ ਈ:)

ਦੋਹਰਾ

ਲੋਭ ਅਰਥ ਬੰਧੂ ਤਜੇ ਪੁਨ ਮਿਤ੍ਰਨ ਸੋ ਰਾਰ ॥
ਬਲਵਾਨਨ ਸੇ ਝਗਰ ਹੈ ਸੋ ਨਰ ਮਹਾਂ ਗੁਵਾਰ ॥੩੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਆਦਮੀ ਲੋਭ ਦੇ ਅਧੀਨ ਹੋਕੇ ਅਪਨੇ ਸਬੰਧੀਆਂ ਨਾਲ ਵਿਗਾੜ ਪਾ ਲੈਂਦਾ ਹੈ ਅਰ ਉਨ੍ਹਾਂ ਨੂੰ ਤਿਆਗ ਦੇਂਦਾ ਹੈ,ਅਤੇ ਮਿੱਤ੍ਰਾਂ ਨਾਲ ਹੀ ਝਗੜਾ ਆਰੰਭ ਦਾ ਹੈਇਸੀ ਪ੍ਰਕਾਰ ਜੋ ਅਪਨੇ ਤੇ ਬਲਵਾਨਾਂ ਨਾਲ ਬਿਵਾਦ ਕਰਦਾ ਹੈ ਸੋ ਇਨ੍ਹਾਂ ਗੁਨਾਂ ਵਾਲਾ ਪੁਰਖ ਜ਼ਰੂਰ ਹੀ ਸਮਝਨਾ ਚਾਹੀਦਾ ਹੈ॥(ਜੇਠ ਦੀ ੨੦ ਸੰ:੧੯੫੭ ਬਿ:, ਜੂਨ ਦੀ ੧ ਸੰ: ੧੯੦੦ ਈ:)

ਦੋਹਰਾ

ਪ੍ਰਾਪਤ ਮਹਿ ਆਲਸ ਕਰੇ ਜੋਤਸ਼ ਪਰ ਵਿਸ਼੍ਵਾਸ ॥
ਮੂੜ ਸਲਾਘਾ ਮੁਦਤ ਹੋ ਸੋ ਮੂਰਖ ਉਪਹਾਸ ॥੩੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਜਦ ਕਿਸੇ ਜਗਹ ਤੇ ਕੁਛ ਪ੍ਰਾਪਤੀ ਹੁੰਦੀ ਵੇਖੇ ਤਦ ਤਾਂ ਆਲਸ ਕਰੇ ਅਰ ਜਦ ਪ੍ਰਾਪਤ ਹੋਨ ਦਾ ਨਿਸਚਾ ਨਾ ਹੋਵੇ ਤਦ ਉਸ ਲਈ ਉੱਦਮ ਕਰੇ ਇਸੀ ਪ੍ਰਕਾਰ ਜੋ ਅਪਨੇ ਕਾਰਜ ਨੂੰ ਜੋਤਸ਼ੀਆਂ ਦੇ ਪੁੱਛੇ ਬਿਨਾਂ ਨਾ ਕਰੇ,ਅਰ ਉਨ੍ਹਾਂ ਦੇ ਆਖਨੇ ਪਰ ਸਮਝੇ ਕਿ ਮੈਨੂੰ ਧੁਨ ਅਤੇ ਸੁਖ ਆਦਿਕ ਦੀ ਪ੍ਰਾਪਤੀ ਇਨ੍ਹਾਂ ਤੇ ਹੀ ਹੋਵੇਗੀ ਇਸੇ ਤਰ੍ਹਾਂ ਜੋ ਮੂਰਖ ਪੁਰਖਾਂ ਦੇ ਮੂੰਹੋਂ ਅਪਨੀ ਸ਼ੋਭਾ ਸੁਨ ਕੇ ਪ੍ਰਸੰਨ ਹੁੰਦਾ ਹੈ ਸੋ ਪੁਰਖ ਮਹਾਂ ਮੂਰਖ ਜਾਨਣਾ ਜੋਗ ਹੈ ॥(ਜੇਠ ਦੀ ੨੭ ਸੰ:੧੯੫੭ ਬਿ:, ਜੂਨ ਦੀ ੮ ਸੰ: ੧੯੦੦ ਈ:)

ਦੋਹਰਾ

ਨਿਰਬਲ ਕੋ ਦੁਖ ਦੇਨ ਪਰ ਸੂਰ ਕਹਾਵੇ ਜੋਇ ॥
ਦੇਖ ਦੋਖ ਫਿਰ ਰੀਝ ਹੈ ਮੂੜ ਕਹਾਵੇ ਸੋਇ ॥੩੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਲੋਗ ਨਿਰਬਲ ਆਦਮੀਆਂ ਪਰ ਜ਼ੋਰ ਦਖਾਕਰ ਅਪਨੇ ਤਾਈਂ ਸੂਰਬੀਰ ਸਮਝੇ ਇਸੇ ਤਰ੍ਹਾਂ ਜਿਸ ਪੁਰਖ ਨੇ ਕਿਸੇ ਵਿੱਚ ਅਪਨੇ ਅੱਖੀਂ ਦੋਖ ਦੇਖ ਲੀਤਾ ਹੋਵੇ ਫਿਰ ਭੀ ਉਸ ਪਰ ਐਤਬਾਰ ਕਰੇ ਲੇਵੇ ਸੋ ਪੁਰਖ ਮਹਾਂ ਮੂਰਖ ਸਮਝਨਾ ਚਾਹੀਦਾ ਹੈ ॥ (ਹਾੜ੍ਹ ਦੀ ੨ ਸੰ:੧੯੫੭ ਬਿ:, ਜੂਨ ਦੀ ੧੫ ਸੰ: ੧੯੦੦ ਈ:)

ਦੋਹਰਾ

ਮੂਰਖ ਬਚ ਪ੍ਰਤੀਤ ਕਰ ਪੁਨ ਨਾਰੀ ਬਚ ਸੇਵ ॥
ਬਿਨ ਅਭਿਆਸ ਵਿੱਦਯਾ ਚਹੇ ਸੋ ਮੂਰਖ ਲਖ ਲੇਵ ॥੩੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਮੂਰਖ ਲੋਗਾਂ ਦੀ ਬਾਤਾਂ ਪਰ ਵਿਸ਼੍ਵਾਸ ਕਰਕੇ ਅਪਨੇ ਮਨੋਰਥਾਂ ਨੂੰ ਪੂਰਾ ਕਰਨਾ ਚਾਹੁੰਦਾ ਹੈ ਅਤੇ ਜੋ ਇਸਤ੍ਰੀ ਦੀ ਹੀ ਆਗਯਾ ਪਾਲਨ ਕਰਦਾ ਹੈ ਅਰਥਾਤ ਜੋ ਕੁਛ ਉਹ ਕਹੇ ਉਸੀ ਨੂੰ ਈਸ਼੍ਵਰੀ ਬਾਣੀ ਜਾਨਕੇ ਸੇਵਨ ਕਰਦਾ ਹੈ,ਸੋ ਪੁਰਖ ਅਤਯੰਤ ਕਰਕੇ ਮੂਰਖ ਸਮਝਨਾ ਜੋਗ ਹੈ ॥ (ਹਾੜ੍ਹ ਦੀ ੯ ਬਿ:, ਜੂਨ ਦੀ ੨੨ ਸੰ: ੧੯੦੦ ਈ:)

ਦੋਹਰਾ

ਗੁਨ ਸੰਗ੍ਰਹ ਮਹਿ ਆਲਸੀ ਭੂਪ ਬਚਨ ਪਰਿਤਯਾਗ ॥
ਸਭ ਸਨਮੁਖ ਸ੍ਵਾਮੀ ਸਕੋ ਨਿੰਦੇ ਮੂੜ ਅਭਾਗ ॥੩੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਗੁਨ ਦੇ ਸੰਗ੍ਰਹ ਸਮਯ ਪਰ ਤਾਂ ਆਲਸ ਕਰਦਾ ਰਹੇ ਅਰ ਰਾਜਾ ਦੇ ਬਚਨ ਨੂੰ ਹਠ ਕਰਕੇ ਮੋੜੇ ਅਰਥਾਤ ਸ੍ਵੀਕਾਰ ਨਾ ਕਰੇ ਇਸੇ ਪ੍ਰਕਾਰ ਜੋ ਸਭ ਦੇ ਸਨਮੁਖ ਅਪਨੇ ਸ੍ਵਾਮੀ ਦੀ ਨਿੰਦਾ ਕਰਦਾ ਲੱਜਤ ਨਹੀਂ ਹੁੰਦਾ ਸੋ ਪੁਰਖ ਮਹਾਂ ਦੁਰਭਾਗ ਹੈ ॥ (ਹਾੜ੍ਹ ਦੀ 16 ਸੰ: ੧੯੫੭ ਬਿ:, ਜੂਨ ਦੀ ੨੯ ਸੰ: ੧੯੦੦ ਈ:)

ਦੋਹਰਾ

ਬਿਪਦਾ ਮਹਿ ਅਤਿ ਦੀਨ ਹੁਵੇ ਧੀਰਜ ਤਿਆਗੀ ਜੋਇ ॥
ਸੁਖ ਮਹਿ ਅਤਿ ਅਭਿਮਾਨ ਧਰ ਸੋ ਮੂਰਖ ਅਤਿ ਹੋਇ ॥੩੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਮਨੁੱਖ ਬਿਪਤਾ ਪਨੇ ਪਰ ਤਾਂ ਵੱਡਾ ਦੁਖੀ ਹੋਨੇ ਵਾਲਾ ਹੈ, ਪਰੰਤੂ ਜਦ ਬਿਪਤਾ ਦੇ ਮਗਰੋਂ ਸੁਖ ਦੀ ਪ੍ਰਾਪਤੀ ਹੋਵੇ ਤਦ ਪਹਿਲੀ ਬਿਪਤਾ ਨੂੰ ਝੱਟ ਪੱਟ ਭੁੱਲਕੇ ਅਤਯੰਤ ਹੀ ਹੰਕਾਰੀ ਹੋਜਾਏ ਸੋ ਪੁਰਖ ਮਹਾਂ ਮੂਰਖ ਸਮਝਨਾ ਯੋਗ ਹੈ ॥ (ਹਾੜ੍ਹ ਦੀ ੨੩ ਸੰ: ੧੯੫੭ ਬਿ:, ਜੁਲਾਈ ਦੀ ੬ ਸੰ: ੧੯੦੦ ਈ:)

ਦੋਹਰਾ

ਥੋੜੇ ਧਨ ਰੱਖਯਾ ਅਰਥ ਖਰਚੇ ਚੌਗਨ ਜੋਇ ॥
ਪ੍ਰੀਛਾ ਹਿਤ ਵਿਖ ਖਾਇ ਜੋ ਸੋ ਮੂਰਖ ਅਤਿ ਹੋਇ ॥੩੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਥੋੜੇ ਧਨ ਦੀ ਰੱਖਯਾ ਵਾਸਤੇ ਉਸ ਨਾਲੋਂ ਚੌਗਨਾ ਖਰਚ ਕਰਨੇ ਵਾਲਾ ਹੈ ਅਰ ਇਸੀ ਪ੍ਰਕਾਰ ਜੋ ਆਦਮੀ ਇਹ ਖਯਾਲ ਕਰਕੇ ਕਿ ਦੇਖੀਏ ਇਸ ਵਿਖ ਵਿਚ ਕਿਤਨੀ ਕੁ ਜ਼ਹਰ ਹੈ ਐਵੇਂ ਪ੍ਰੀਛਾ ਲਈ ਵਿਖ ਖਾਕੇ ਦੇਖਦਾ ਹੈ ਸੋ ਪੁਰਖ ਠੀਕ ਹੀ ਮੂਰਖ ਸਮਝਨਾ ਚਾਹੀਦਾ ਹੈ॥ (ਹਾੜ੍ਹ ਦੀ ੩੦ ਸੰ: ੧੯੫੭ ਬਿ:, ਜੁਲਾਈ ਦੀ ੧੩ ਸੰ: ੧੯੦੦ ਈ)

ਦੋਹਰਾ

ਰਸਾਇਣ ਕੇ ਸਿੱਧ ਹਿਤ ਖਰਚ ਕਰੇ ਧਨ ਜੋਇ ॥
ਖਹੀ ਰੋਗ ਧਾਤੂ ਬਣੇ ਭਖੇ ਬਲਹਿਤ ਮੂਰਖ ਸੋਇ॥੩੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਅਪਨੇ ਧਨ ਨੂੰ ਰਸਾਇਨ ਦੇ ਲਾਲਚ ਪਰ ਖਰਚ ਕੇ ਉਸ ਨੂੰ ਸਾਧਕੇ ਧਨੀ ਬਨਨ ਦੀ ਇੱਛਾ ਰੱਖਦਾ ਹੈ ਅਰ ਇਸੀ ਪ੍ਰਕਾਰ ਜੋ ਪੁਰਖ ਖਹ ਰੋਗਾਂ ਆਦਿਕ ਨਾਲ ਦੁਰਬਲ ਹੋਨੇ ਦੇ ਕਾਰਨ ਕਿਸੇ ਧਾਤੂ ਨੂੰ ਖਾਕੇ ਅਪਨਾ ਬਲ ਵਧਾਉਨ ਦੀ ਇੱਛਾ ਕਰਦਾ ਹੈ ਸੋ ਪੁਰਖ ਅਤਜੰਤ ਕਰਕੇ ਮੂਰਖ ਸਮਝਨਾ ਚਾਹੀਦਾ ਹੈ॥ ਇਸ ਦਾ ਕਾਰਨ ਇਹ ਹੈ ਕਿ ਇਸ ਦੇਸ ਵਿੱਚ ਕਈ ਪੁਰਖ ਐਸੇ ਮੂਰਖ ਦੇਖੇ ਗਏ ਹਨ ਜਿਨ੍ਹਾਂ ਨੇ ਕਿਸੇ ਪਖੰਡੀ ਰਸਾਇਨੀ ਦੇ ਆਖਨੇ ਪਰ ਅਪਨੇ ਘਰ ਦੇ ਸਭ ਪੈਸੇ ਉਨ੍ਹਾਂ ਔਖਧੀਆਂ ਪਰ ਲਗਾ ਦਿੱਤੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਇਹ ਲਾਲਚ ਦਿੱਤਾ ਹੈ ਕਿ ਇਤਨੇ ਤਾਂਬੇ ਵਿੱਚ ਇਤਨੀ ਇਹ ਵਸਤੂ ਪਾਉਨ ਤੇ ਇਹ ਸੋਇਨਾ ਹੋ ਸਕਦਾ ਹੈ ਇਸੀ ਤਰ੍ਹਾਂ ਇਤਨੀ ਕਲੀ ਵਿੱਚ ਇੱਕ ਰੱਤੀ ਪਾਕੇ ਸਭ ਚਾਂਦੀ ਬਨ ਜਾਏਗੀ,ਜਿਸ ਦੇ ਨਾ ਬਣਨੇ ਪਰ ਓਹ ਆਖਦੇ ਹਨ ਕਿ ਇਸ ਵਿੱਚ ਇਤਨੀ ਕਸਰ ਰਹਿ ਗਈ ਸੀ ਇਸ ਵਾਸਤੇ ਹੁਣ ਜੇ ਫੇਰ ਇਹ ਕੰਮ ਕੀਤਾ ਜਾਏ ਤਾਂ ਠੀਕ ਰਸ ਜਾਇਗਾ,ਇਸੀ ਤਰ੍ਹਾਂ ਉੱਦਮ ਕਰਦਿਆਂ ਅਪਨੇ ਧਨ ਨੂੰ ਬਰਬਾਦ ਕਰ ਬੈਠਦੇ ਹੈ॥

ਇਸੀ ਪ੍ਰਕਾਰ ਜੋ ਪੁਰਖ ਅਪਨੇ ਸਰੀਰ ਦੀ ਨਿਰਬਲਤਾ ਦੂਰ ਕਰਨੇ ਲਈ ਕਿਸੇ ਨ ਕਿਸੇ ਧਾਤੂ ਨੂੰ ਖਾਣਾ ਆਰੰਭ ਕਰਦੇ ਹਨ ਜਿਸ ਦਾ ਫਲ ਅਕਸਰ ਇਹ ਮਿਲਦਾ ਹੈ ਸੋ ਓਹ ਕਈ ਅੰਗ ਭੰਗ ਹੋ ਜਾਂਦੇ ਹਨ ਅਤੇ ਕਈਆਂ ਨੂੰ ਕੋਈ ਬੁਰੀ ਬੀਮਾਰੀ ਲੱਗ ਜਾਂਦੀ ਹੈ,ਜਿਸ ਤੇ ਉਨ੍ਹਾਂ ਦੀ ਜਾਨ ਭੀ ਚਲੀ ਜਾਂਦੀ ਹੈ ਇਸ ਵਾਸਤੇ ਐਸੇ ਬੇਅਰਥ ਕੰਮ ਕਰਨੇ ਵਾਲੇ ਪੁਰਖ ਮੂਰਖ ਸਮਝਨੇ ਚਾਹੀਦੇ ਹਨ॥ (ਸਾਉਣ ਦੀ ੬ ਸੰ: ੧੯੫੭ ਬਿ:, ਜੁਲਾਈ ਦੀ ੨੦ ਸੰ: ੧੯੦੦ ਈ:)

ਦੋਹਰਾ

ਅਪਨੀ ਆਕੜ ਮੈਂ ਰਹੇ ਬਦੇ ਨ ਕਿਸ ਹੀ ਜੋਇ॥
ਕਾਜ ਹਨੇ ਵੱਸ ਕ੍ਰੋਧ ਹੋ ਮੂਰਖ ਜਾਨੋ ਸੋਇ॥ ੩੯ ॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਆਦਮੀ ਅਪਨੇ ਹੀ ਘਮੰਡ ਵਿੱਚ ਆਕੜਿਆ ਰਹਿੰਦਾ ਹੈ ਅਰ ਦੂਸਰੇ ਦੀ ਬਾਤ ਨੂੰ ਪਸਿੰਦ ਹੀ ਨਹੀਂ ਰਖਦਾ ਇਸੇ ਤਰ੍ਹਾਂ ਜੋ ਪੁਰਖ ਅਪਨੇ ਕਰੋਧ ਦੇ ਵੱਸ ਹੋਕੇ ਸ਼ੁਭ ਕੰਮ ਨੂੰ ਵਿਗਾੜ ਲੈਂਦਾ ਹੈ ਸੋ ਪੁਰਖ ਮਹਾਂ ਮੂਰਖ ਸਮਝਣਾ ਚਾਹੀਦਾ ਹੈ ਜਿਸ ਦਾ ਭਾਵ ਇਹ ਹੈ ਕਿ ਪੁਰਖ ਨੂੰ ਇਹ ਖਿਆਲ ਕਦੇ ਭੀ ਕਰਨਾ ਜੋਗ ਨਹੀਂ ਹੈ ਕਿ ਮੇਰੇ ਸਮਾਨ ਬੁਧਿ ਵਿੱਦਜਾ ਅਤੇ ਰੂਪ ਧਨ ਆਦਿਕ ਵਿੱਚ ਹੁਨ ਕੋਈ ਨਹੀਂ ਹੈ ਇਸੇ ਪ੍ਰਕਾਰ ਐਸਾ ਕ੍ਰੋਧ ਕਰਕੇ ਅੰਧਾ ਭੀ ਨਹੀਂ ਹੋਨਾ ਚਾਹੀਦਾ ਜਿਸਤੇ ਅਪਨੇ ਮਨੋਰਥ ਦਾ ਭੀ ਨਾਸ ਹੋ ਜਾਏ॥ (ਸਾਉਣ ਦੀ ੧੩ ਸੰ: ੧੯੫੭ ਬਿ:, ਜੁਲਾਈ ਦੀ ੨੭ ਸੰ: ੧੯੦੦ ਈ:)

ਦੋਹਰਾ

ਅਪਨੇ ਕੋ ਬੁਧਿਵੰਤ ਲਖ ਕਰੇ ਜੋਇ ਬਕਵਾਸ॥
ਨਿਜ ਮਦ ਸੇ ਨਿਰ ਭੈ ਰਹੇ ਸੋ ਜਨ ਮੂਰਖ ਰਾਸ॥੪੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਅਪਨੇ ਆਪ ਨੂੰ ਹੀ ਵੱਡਾ ਪੰਡਤ ਯਾ ਵਿਦ੍ਵਾਨ ਜਾਨ ਕੇ ਬਕਵਾਸ ਕਰਦਾ ਹੈ ਅਰ ਅਪਨੇ ਘਮੰਡ ਵਿੱਚ ਹੀ ਅਪਨੇ ਆਪ ਨੂੰ ਅੱਛਾ ਜਾਨਦਾ ਹੈ ਸੋ ਪੁਰਖ ਮੂਰਖਤਾ ਦਾ ਪੁੰਜ ਹੈ ॥ (ਸਾਉਣ ਦੀ ੨੦ ਸੰ: ੧੯੫੭ ਬਿ:, ਅਗਸਤ ਦੀ ੩ ਸੰ: ੧੯੦੦ ਈ:)

ਦੋਹਰਾ

ਬਲੀ ਪੁਰਖ ਸੋਂ ਵੈਰ ਕਰ ਸੁਖ ਸੋਵਤ ਨਰ ਜੋਇ॥
ਕਰੇ ਘਾਤ ਨਿਜ ਕ੍ਰੋਧ ਵਸ ਮੂਰਖ ਕਹੀਏ ਜੋਇ॥੪੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਆਦਮੀ ਅਪਨੇ ਤੇ ਬਲੀ ਪੁਰਖ ਨਾਲ ਵਿਰੋਧ ਕਰਕੇ ਸੁਖ ਨਾਲ ਸੌਂਦਾ ਹੈ ਅਰ ਜੋ ਕ੍ਰੋਧ ਦੇ ਵਸ ਹੋਕੇ ਅਪਨਾ ਖੂਨ ਕਰ ਲੈਂਦਾ ਹੈ ਸੋ ਪੁਰਖ ਅਤਜੰਤ ਕਰਕੇ ਮੂਰਖ ਸਮਝਣਾ ਯੋਗ ਹੈ ।(ਸਾਉਣ ਦੀ ੨੭ ਸੰ: ੧੯੫੭ ਬਿ:, ਅਗਸਤ ਦੀ ੧੦ ਸੰ: ੧੯੦੦ ਈ:)

ਦੋਹਰਾ

ਬਿਨਾਂ ਪ੍ਰਯੋਜਨ ਰੈਨ ਦਿਨ ਇਤ ਉਤ ਭਰਮੇਂ ਜੋਇ॥
ਘਾਇਲ ਹੋ ਕਰ ਯੁੱਧ ਚਹਿ ਸੋ ਮੂਰਖ ਨਰ ਹੋਇ॥੪੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਅਪਨਾ ਸਮਯ ਬਿਰਥਾ ਹੀ ਇਧਰ ਉਧਰ ਭਟਕ ਕੇ ਖੋਹਿੰਦਾ ਹੈ,ਅਰ ਇਸੀ ਪਰਕਾਰ ਜੋ ਯੁੱਧ ਵਿੱਚ ਸ਼ਸਤਰ ਨਾਲ ਘਾਇਲ ਹੋਕੇ ਫਿਰ ਜੰਗ ਦਾ ਤਮਾਸ਼ਾ ਦੇਖਦਾ ਹੈ ਸੋ ਮੂਰਖ ਹੈ॥ ਇਸ ਦਾ ਤਾਤਪ੍ਰਜ ਇਹ ਹੈ ਕਿ ਪੁਰਖ ਬਿਨਾਂ ਪ੍ਰਯੋਜਨ ਕਦੇ ਵੀ ਭਰਮਦਾ ਨਾ ਫਿਰੇ ਅਤੇ ਜੰਗ ਵਿੱਚ ਜ਼ਖਮੀ ਹੋਨ ਕਰ ਜ਼ਖਮ ਦਾ ਇਲਾਜ ਕਰਕੇ ਫਿਰ ਯੁਧ ਦਾ ਉਮਾਹਾ ਕਰੇ॥ (ਭਾਦ੍ਰੋਂ ਦੀ ੨ਸੰ: ੧੯੫੭ ਬਿ: ਅਗਸਤ ਦੀ ੧੭ ਸੰ: ੧੯੦੦ ਈ)

ਦੋਹਰਾ

ਧੂਰੇ ਧਰੋ ਹਰ ਰੰਕ ਪੈ ਧਨ ਰਖਜਾ ਕੇ ਹੇਤ ॥
ਸੰਦੇਹ ਕਾਜ ਮਹਿ ਧਨ ਦਏ ਸੋ ਮੂਰਖ ਲਖ ਲੇਤ ॥੪੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਅਪਨੇ ਧਨ ਨੂੰ ਮਹਾਂ ਕੰਗਾਲ ਪਾਸ ਧਰੋਹਰ ਰੱਖਦਾ ਹੈ ਅਰ ਜੋ ਉਸ ਕਾਰਜ ਪਰ ਧਨ ਨੂੰ ਖਰਚ ਦਾ ਹੈ ਜਿਸ ਵਿੱਚ ਲਾਭ ਹੋਨ ਦੀ ਪੱਕੀ ਆਸ ਨਹੀਂ ਹੈ ਸੋ ਪੁਰਖ ਮਹਾਂ ਮੂਰਖ ਸਮਝਨਾ ਚਾਹੀਏ॥ (ਭਾਦ੍ਰੋਂ ਦੀ ੯ ਸੰ: ੧੯੫੭ ਬਿ: ਅਗਸਤ ਦੀ ੨੪ ਸੰ: ੧੯੦੦ ਈ)

ਦੋਹਰਾ

ਕਰੇ ਭਰੋਸਾ ਭਾਗ ਪਰ ਉੱਦਮ ਤਿਆਗੇ ਜੋਇ ॥
ਲਾਭ ਹਾਨ ਬਿਵਹਾਰ ਮਹਿ ਤਜੇ ਮੂੜ ਨਰ ਸੋਇ॥੪੪॥

ਇਸ ਨੀਤੀ ਦਾ ਭਾਵ ਇਹ ਹੈ ਕਿ ਜੋ ਮਨੁਖਜ ਇਹ ਸਮਝਕੇ ਕਿ ਜੋ ਮੇਰੇ ਭਾਗ ਵਿੱਚ ਹੈ ਸੋ ਤੋ ਮਿਲਨਾ ਹੀ ਹੈ ਇਸ ਵਾਸਤੇ ਉੱਦਮ ਨੂੰ ਤਿਆਗਦਾ ਹੈ ਅਰ ਜੋ ਅਪਨੇ ਕਾਰੋ ਵਿਹਾਰ ਵਿੱਚ ਲਾਭ ਹਾਨੀ ਦਾ ਵਿਚਾਰ ਨਹੀਂ ਕਰਦਾ ਸੋ ਪੁਰਖ ਮੂਰਖ ਸਮਝਨਾ ਚਾਹੀਦਾ ਹੈ॥ (ਭਾਦ੍ਰੋਂ ਦੀ ੧੬ ਸੰ: ੧੯੫੭ ਬਿ: ਅਗਸਤ ਦੀ ੩੧ ਸੰ: ੧੯੦੦)

ਦੋਹਰਾ

ਨਿਰਧਨ ਹੋ ਕਰ ਰੁਚ ਕਰੇ ਧਨਵਾਂਨਨ ਸੌਂ ਮੇ ॥
ਨਿਰ ਗੁਨ ਉਸਤਤਿ ਕਰੇ ਸੋ ਮੂਰਖ ਭਲ ਭੇਲ॥੪੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਮਨੁੱਖ ਧਨ ਤੇ ਹੀਨ ਹੋ ਕੇ ਆਪ ਤੇ ਵੱਡੇ ੨ ਧਨਵਾਨਾਂ ਨਾਲ ਮਿੱਤ੍ਰਤਾ ਪਾਕੇ ਬਿਵਹਾਰ ਕਰਨਾ ਚਾਹੁੰਦਾ ਹੈ,ਅਰ ਇਸੀ ਪ੍ਰਕਾਰ ਜੋ ਉਸ ਖਾਨਦਾਨ ਦੀ,ਜਿਸ ਵਿੱਚ ਕੋਈ ਉੱਤਮ ਗੁਨ ਨਹੀਂ ,ਲੋਗਾਂ ਵਿੱਚ ਬੈਠਕੇ ਵਡਾਈ ਕਰਦਾ ਹੈ ਸੋ ਪੁਰਖ ਨਿਸਚੇ ਕਰਕੇ ਮੂਰਖ ਹੈ॥ (ਭਾਦ੍ਰੋਂ ਦੀ ੨੩ ਸੰ: ੧੯੫੭ ਬਿ: ਸਿਤੰਬ੍ਰ ਦੀ ੭ ਸੰ: ੧੯੦੦)

ਦੋਹਰਾ

ਭਰੀ ਸਭਾ ਮੋਂ ਅੱਗਰ ਹੋ ਬੈਠੇ ਧਰ ਅਭਿਮਾਨ ॥
ਪੁਨ ਸਭ ਤੇ ਆਗੇ ਉਠੇ ਸੋ ਮੂਰਖ ਅਨਜਾਨ॥੪੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਪਹਿਲੇ ਤਾਂ ਦੇਰ ਨਾਲ ਕਿਸੇ ਸਭਾ ਵਿੱਚ ਆਏ ਅਰ ਫਿਰ ਅਪਨੇ ਆਪ ਨੂੰ ਵੱਡਾ ਜਾਨਕੇ ਵੱਡੇ ਅਭਮਾਨ ਨਾਲ ਸਭ ਤੋਂ ਅੱਗੇ ਹੋਕੇ ਬੈਠੇਕਿੰਤੂ ਜੋ ਉਸ ਸਭਾਂ ਦੇ ਉਠਨੇ ਤੇ ਪਹਿਲੇ ਹੀ ਉਠਕੇ ਚਲਾ ਜਾਏ ਸੋ ਪੁਰਖ ਮੂਰਖ ਅਤੇ ਸਭਾ ਦੇ ਵਰਤਾਓ ਤੇ ਬੇਖਬਰ ਹੈ॥ (ਭਾਦ੍ਰੋਂ ਦੀ ੩੦ ਸੰ: ੧੯੫੭ ਬਿ: ਸਿਤੰਬ੍ਰ ਦੀ ੧੪ ਸੰ: ੧੯੦੦)

ਦੋਹਰਾ

ਤਜ ਭੋਜਨ ਸੋਭਾ ਚਹੇ ਸੂਮ ਪਨੋ ਧਰ ਨੰਦਾ ॥
ਦੇਖ ਦੇਖ ਉਸਤਤ ਕਰੇ ਸੋ ਮੂਰਖ ਲੱਖ ਇੰਦਾ ॥੪੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਅਪਨੇ ਅਹਾਰ ਤੋਘਟ ਖਾਕੇ ਅਪਨੀ ਵਡਾਈ ਕਰਾਉਂਦਾ ਹੈ,ਇਸੀ ਤਰ੍ਹਾਂ ਜੋ ਸੂਮਪਣੇ ਦੇ ਕਾਰਨ ਅਪਨੀ ਲੋਗਾਂ ਪਾਸੋਂ ਨਿੰਦਾ ਕਰਾਉਂਦਾ ਹੈ,ਫਿਰ ਜੋ ਆਦਮੀ ਉਸ ਆਦਮੀ ਦੀ ਸੋਭਾ ਕਰਕੇ ਵਡਾਈ ਚਾਹੁੰਦਾ ਹੈ ਜਿਸ ਦੇ ਦੋਖ ਨੂੰ ਸਾਰੇ ਜਾਨਦੇ ਹੋਨ ਸੋ ਪੁਰਖ ਮੂਰਖਤਾ ਦਾ ਮਾਨੋ ਚੰਦ੍ਮਾਂ ਚੜ੍ਹਿਆ ਹੈ ॥ (ਅੱਸੂ ੧੩ ਦੀ ਸੰ: ੧੯੫੭ ਬਿ:,ਸਿਤੰਬ੍ਰ ਦੀ੨੯ਸੰ:੧੯੦੦ ਈ)

ਦੋਹਰਾ

ਭੂਪ ਕ੍ਰਿਪਾ ਸਦ ਸਿਰ ਲਖੇ ਵਧੇ ਸਹਤ ਅਨਜਾਇ ॥
ਨਿਰਧਨ ਦੇ ਲਾਭ ਹਿਤ ਸੋ ਮੂਰਖ ਭਲ ਭਾਇ ॥੪੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਰਾਜਾ ਦੀ ਕ੍ਰਿਪਾ ਪਰ ਇਹ ਭਰੋਸਾ ਰੱਖਦਾ ਹੈ ਕਿ ਇਹ ਮੇਰੇ ਪਰ ਸਦਾ ਹੀ ਬਨੀ ਰਹੇਗੀ ਅਰ ਜੋ ਨਿਰਧਨਾਂ ਨੂੰ ਧਨ ਦਾ ਰਿਣ ਦੇ ਕੇ ਇਹ ਜਾਨਦਾ ਹੈ ਕਿ ਇਸ ਤੇ ਧਨ ਦੀ ਬ੍ਰਿਧੀ ਹੋਵੇਗੀ ਫਿਰ ਜੋ ਅਪਨੀ ਅਜੋਗ ਕ੍ਰਿਯਾ ਯਾ ਕਰਮਾਂ ਦੁਆਰੇ ਉਨਤੀ ਕਰਨੀ ਚੰਗੀ ਸਮਝ ਦਾ ਹੈ ਸੋ ਪੁਰਖ ਅੱਛੀ ਤਰ੍ਹਾਂ ਮੂਰਖ ਹੈ ॥ (ਅੱਸੂ ੨੭ ਦੀ ਸੰ: ੧੯੫੭ ਬਿ:, ਅਕਤੂਬ੍ਰ ਦੀ ੧੨ ਸੰ:੧੯੦੦ ਈ)

ਦੋਹਰਾ

ਗੁਪਤਿ ਬਾਤਿ ਸਭ ਪੇ ਕਹੇ ਹਿਤੂ ਬਚਨ ਪਰ ਦ੍ਰੋਹ ॥
ਜਾਮਨ ਹੋਇ ਅਜਾਨ ਕੋ ਸੋ ਮੂਰਖ ਭਲ ਸੋਹਿ ॥੪੯॥

ਇਹ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਅਪਨੀ ਗੁਪਤ ਰੱਖਨ ਵਾਲੀ ਬਾਤ ਨੂੰ ਸਭ ਅੱਗੇ ਪ੍ਰਗਟ ਕਰਦਾ ਹੈ ਅਰ ਅੱਛੇ ਉਪਦੇਸ਼ ਪਰ ਕਪਟ ਬਾਤ ਹੈ ਇਸੀ ਪ੍ਰਕਾਰ ਜੋ ਐਸੇ ਪੁਰਖ ਦੀ ਜ਼ਮਾਨਤ ਦੇਂਦਾ ਹੈ ਜਿਸ ਦਾ ਨਾਮ ਗਾਮ ਅਰ ਬਵਹਾਰ ਤਕ ਭੀ ਨਹੀਂ ਜਾਨਦਾ ਸੋ ਪੁਰਖ ਅਤਯੰਤ ਕਰਕੇ ਮੂਰਖ ਸਮਝਨਾ ਯੋਗ ਹੈ ॥ (ਕੱਤਕ ਦੀ ੪ ਸੰ: ੧੯੫੭ ਬਿ:, ਅਕਤੂਬ੍ਰ ਦੀ ੧੯ ਸੰ:੧੯੦੦ ਈ)

ਦੋਹਰਾ

ਸਭ ਜਨ ਪਰ ਨਿਰਭਰ ਕਰੇ ਹਿਤੂ ਬਚਨ ਪਰ ਰੋਸ਼ ॥
ਲੋਕ ਮ੍ਰਯਾਦਾ ਸੁਨ ਜੋ ਸੋ ਮੂਰਖ ਨਿਰਦੋਸ਼ ॥੫੦॥

ਇਸ ਨੀਤੀ ਦਾ ਭਾਵ ਇਹ ਹੈ ਕਿ ਜੋ ਪੁਰਖ ਹਰ ਇੱਕ ਆਦਮੀ ਪਰ ਉਸ ਦੇ ਗੁਨ ਔਗੁਨ ਅਤੇ ਸੀਲ ਸੁਭਾਓ ਆਦਿਕ ਦੀ ਪ੍ਰੀਛਾ ਬਿਨਾਂ ਹੀ ਵਿਸ਼੍ਵਾਸ ਕਰਨੇ ਵਾਲਾ ਹੈ ਅਰ ਜਦ ਕੋਈ ਭਲਾ ਉਪਦੇਸ਼ ਕਰੇ ਤਦ ਉਸ ਪਰ ਗੁੱਸੇ ਹੋ ਜਾਂਦਾ ਹੈ ਇਸੀ ਤਰ੍ਹਾਂ ਜੋ ਪੁਰਖ ਲੋਕ ਮ੍ਰਯਾਦਾ

ਪਰ ਕੁਝ ਖ਼ਿਆਲ ਨ ਕਰਕੇ ਅਪਨੇ ਮਨ ਅਨੁਸਾਰ ਚਲਦਾ ਹੈ ਸੋ ਪੁਰਖ ਪੂਰਨ ਤੌਰ ਪਰ ਮੂਰਖ ਸਮਝਨਾ ਚਾਹੀਦਾ ਹੈ ।(ਕੱਤਕ ਦੀ ੧੧ ਸੰ: ੧੯੫੭ ਬਿ:, ਅਕਤੂਬ੍ਰ ਦੀ ੨੬ ਸੰ:੧੯੦੦ ਈ:)

ਦੋਹਰਾ

ਭਿਖਕ ਹੋ ਕਰ ਸੁਆਦ ਰਤ ਗੁਰ ਹੋ ਭ੍ਰਿਸ਼ਟਾਚਾਰ॥
ਬੁਰੇ ਕਰਮ ਮਹਿ ਲਾਜ ਨਹਿ ਸੋ ਮੂਰਖ ਵਡ ਭਾਰ॥੫੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਭਿਖੂ ਹੋ ਕੇ ਫਿਰ ਇਹ ਇੱਛਾ ਰੱਖਦਾ ਹੈ ਕਿ ਮੈਨੂੰ ਬਜੰਜਨ ਭੋਜਨ ਮਿਲਨ ਅਰ ਜੋ ਅਪਨੇ ਆਪ ਨੂੰ ਪੂਜਜ ਸਦਾ ਕੇ ਫਿਰ ਮੰਦ ਕਰਮਾਂ ਵਿੱਚ ਪਰਵਿਰਤ ਹੁੰਦਾ ਹੈ,ਇਸੀ ਪ੍ਰਕਾਰ ਜੋ ਪੁਰਖ ਬੁਰੇ ਕਰਮ ਕਰਨੇ ਵਿੱਚ ਲੱਜਤ ਨਹੀਂ ਹੁੰਦਾ ਸੋ ਵਡਾ ਭਾਰੀ ਮੂਰਖ ਹੈ॥(ਕੱਤਕ ਦੀ ੧੮ ਸੰ: ੧੯੫੭ ਬਿ:, ਨਵੰਬਰ ਦੀ ੨ ਸੰ:੧੯੦੦ ਈ:)

ਦੋਹਰਾ

ਪ੍ਰਾਪਤ ਪਰ ਸੰਤੋਖ ਨਹਿ ਅਪ੍ਰਾਪਤ ਪਰ ਚਾਹਿ ॥
ਅਲਪ ਲਾਭ ਹਿਤ ਹਾਨ ਬਹੁ ਕਰੇ ਸੁ ਮੂਰਖ ਨਾਹਿ॥੫੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਪ੍ਰਾਪਤ ਪਦਾਰਥ ਪਰ ਤਾਂ ਸੰਤੋਖ ਨਾ ਕਰੇ ਅਰ ਜੋ ਪ੍ਰਾਪਤ ਨਹੀਂ ਉਸ ਦੇ ਮਗਰ ਤ੍ਰਿਸ਼ਨਾ ਕਰਕੇ ਦੌੜੇ,ਇਸੇ ਪ੍ਰਕਾਰ ਜੋ ਆਦਮੀ ਥੋੜੇ ਲਾਭ ਪਰ ਬਹੁਤ ਹਾਨੀ ਕਰਨੋਂ ਲੱਜਤ ਨਹੀਂ ਹੁੰਦਾ ਸੋ ਮੂਰਖਾਂ ਦਾ ਸਰਦਾਰ ਹੁੰਦਾ ਹੈ॥(ਕੱਤਕ ਦੀ ੨੫ਸੰ: ੧੯੫੭ ਬਿ:, ਨਵੰਬਰ ਦੀ ੯ ਸੰ:੧੯੦੦ ਈ:)

ਦੋਹਰਾ

ਜਾਨ ਬੂਝ ਕਰ ਜੋ ਕਰੇ ਦੁਖਦਾਇਕ ਨਰ ਕਾਮ॥
ਵਿਖ ਵੱਲੀ ਤੇ ਅਮੀਫਲ ਚਹੇ ਮੂੜ ਦੁਖ ਧਾਮ॥੫੩॥

ਇਸ ਨੀਤੀ ਦਾ ਭਾਵ ਇਹ ਹੈ ਕਿ ਜੋ ਪੁਰਖ ਇਤਨਾ ਜਾਨਕੇ ਭੀ ਕਿ ਜੋ ਮੈਂ ਕਰਦਾ ਹਾਂ ਸੋ ਠੀਕ ਨਹੀਂ ਹੈ ਅਰ ਫਿਰ ਵਿਖ ਦੇ ਬੂਟੇ ਤੇ ਅੰਮ੍ਰਿਤ ਚਾਹੁਨ ਦੀ ਨਿਆਈਂ ਉਸ ਕਰਮ ਤੇ ਸੁਖ ਦੀ ਆਸ਼ਾ ਰੱਖਦਾ ਹੈ ਸੋ ਪੁਰਖ ਮਹਾਂ ਮੂਰਖਤਾ ਦਾ ਘਰ ਹੈ॥ (ਮੱਘਰ ਦੀ ੯ ਸੰ: ੧੯੫੭ ਬਿ:, ਨਵੰਬ੍ਰ ਦੀ ੨੩ ਸੰ:੧੯੦੦ ਈ:)

ਦੋਹਰਾ

ਸ਼ਤ੍ਰ ਅਗਨਿ ਬੰਬੂਲ ਦਾ ਪ੍ਰਥਮੇਂ ਕਰੇ ਉਪਾਓ ॥
ਅਧਿਕ ਹੋਇ ਦੁਖ ਦੇਤ ਹੈ ਜੈਸਾ ਇਨਹੁ ਸੁਭਾਓ॥੫੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਸ਼ਮਨ ਨੂੰ ਵਧਨੇ ਤੇ ਪਹਿਲੇ ਹੀ ਪ੍ਰਾਜਜ ਕਰ ਲੈਨਾ ਯੋਗ ਹੈ,ਅਰ ਅਗਨੀ ਨੂੰ ਲੱਗ ਦੇ ਸਾਰ ਹੀ ਬੁਝਾਉਨਾ ਉਚੱਤ ਹੈ ਇਸੀ ਪ੍ਰਕਾਰ ਕਰੰਜੂਏ ਦੇ ਬੂਟੇ ਨੂੰ ਬਹੁਤ ਛੋਟੇ ਹੀ ਪੱਟਨਾ ਚਾਹੀਏ ਕਿੰਤੂ ਜਦ ਇਹ ਵਧ ਜਾਂਦੇ ਹਨ ਤਦ ਦੁਰਜਨ ਕਲੇਸ਼ ਅਗਨੀ ਦਾਹੁ ਅਤੇ ਬੰਬੂਲ ਕੰਡਜਾਂ ਦੀ ਬਹੁਤ ਪੀੜਾ ਦੇਂਦਾ ਹੈ॥(ਮੱਘਰ ਦੀ ੨੩ ਸੰ: ੧੯੫੭ ਬਿ:, ਦਸੰਬ੍ਰ ਦੀ ੭ ਸੰ:੧੯੦੦ ਈ:)

ਦੋਹਰਾ

ਪਹਿਲੇ ਕਾਰਜ ਕਰਨ ਤੇ ਫਲ ਸਿਮਰੇ ਬੁਧਮਾਨ ॥
ਸੋਇ ਸਦਾ ਸੁਖ ਦੇਤ ਹੈ ਹੋਤ ਨਾ ਕਬ ਹੀ ਹਾਨ ॥੫੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਹਰ ਇੱਕ ਬੁੱਧਿਮਾਨ ਪੁਰਖ ਜੋ ਕਾਰਜ ਕਰਨ ਲੱਗੇ ਉਸ ਦੇ ਪਹਿਲੇ ਫਲ ਦਾ ਚਿੰਤਨ ਕਰ ਲੇਵੇ,ਜਿਸ ਕਾਰਜ ਦਾ ਫਲ ਅੰਤ ਨੂੰ ਚੰਗਾ ਹੋਵੇ ਉਸ ਵਿਚ ਪ੍ਰਵਿਰਤ ਅਤੇ ਜਿਸ ਦਾ ਬੁਰਾ ਹੋਵੇ ਉਸ ਦੀ ਨਿਵਿਰਤੀ ਤੇ ਕਦੇ ਭੀ ਦੁਖ ਨਹੀਂ ਹੁੰਦਾ ਕਿੰਤੂ ਸਦਾ ਹੀ ਸੁਖ ਦੀ ਪ੍ਰਾਪਤੀ ਰਹਿੰਦੀ ਹੈ॥ (ਪੋਹ ਦੀ ੧ ਸੰ: ੧੯੫੭ ਬਿ:, ਦਸੰਬ੍ਰ ਦੀ ੧੪ ਸੰ:੧੯੦੦ ਈ:)

ਦੋਹਰਾ

ਅਪਨੇ ਹੀ ਸੁਖ ਮੈਂ ਨਹੀਂ ਚਹੀਏ ਸੁਖ ਕੀ ਬੁੱਧ ॥
ਪਰ ਸੁਖ ਹਿਤ ਦੁਖ ਸਹਨ ਮੈਂ ਸਗਲ ਜਨਮ ਲਖ ਸੁਧ ॥੫੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਅਪਨੇ ਹੀ ਸੁਖ ਲਈ ਸਾਧਨ ਕਰਕੇ ਸੁਖ ਪਾਉਨਾ ਕੋਈ ਵਿਸ਼ੇਸ਼ ਬੁਧਿ ਮਤਾ ਦੀ ਬਾਤ ਨਹੀਂ ਹੈ ਕਿੰਤੂ ਪਰਾਏ ਸੁਖ ਦੇ ਵਾਸਤੇ ਆਪ ਦੁਖ ਸਹਾਰਨਾ ਹੀ ਸ੍ਰਿਸ੍ਰ ਬੁਧਿ ਵਾਲਜਾਂ ਮਹਾਤਮਾਂ ਦੀ ਸੁਧਤਾਈ ਹੈ,ਕਿਉਂ ਜੋ ਅਪਨੇ ਸੁਖ ਲਈ ਪਸ਼ੂ ਪੰਖੀ ਆਦਿਕ ਭੀ ਉਪਾਇ ਕਰ ਲੈਂਦੇ ਹਨ॥
(ਪੋਹ ਦੀ ੮ ਸੰ: ੧੯੫੭ ਬਿ:, ਦਸੰਬ੍ਰ ਦੀ ੨੧ ਸੰ:੧੯੦੦ ਈ:)

ਦੋਹਰਾ

ਨਿਜ ਬੁੱਧਿ ਕੋ ਸ਼੍ਰਿਸਟ ਲਖ ਸੁਨੇ ਨ ਜੋ ਉਪਦੇਸ਼॥
ਕੁਲ ਮਦ ਤੇ ਸੇਵਾ ਤਜੇ ਸੋ ਮੂਰਖ ਖਲ ਏਸ ॥੫੭॥

ਇਸ ਨੀਤੀ ਦਾ ਭਾਵ ਇਹ ਹੈ ਕਿ ਜੋ ਪੁਰਖ ਅਪਨੀ ਹੀ ਬੁਧਿ ਨੂੰ ਪਰਮਸ੍ਰਿਸ਼ਟ ਜਾਨਕੇ ਦੂਸਰੇ ਪੁਰਖ ਦਾ ਭਲਾ ਉਪਦੇਸ਼ ਨਹੀਂ ਸੁਨ ਦਾ,ਅਤੇ ਜੋ ਪੁਰਖ ਅਪਨੇ ਜਾਤਿ ਅਤੇ ਕੁਲ ਦੇ ਘੁਮੰਡ ਕਰਕੇ ਕਿਸੇ ਪਾਸ ਨੌਕਰੀ ਆਦਿਕ ਸੇਵਾ ਤੇ ਅਪਨੀ ਜੀਤ ਕਰਨੋਂ ਘ੍ਰਿਣਾ ਕਰਦਾ ਹੈ ਸੋ ਪੁਰਖ ਮਹਾਂ ਮੂਰਖਾਂ ਦਾ ਈਸ਼੍ਵਰ ਹੈ॥ (ਵਿਸਾਖ ਦੀ ੨੩ ਸੰ: ੧੯੫੭ ਬਿ: ਮਈ ਦੀ ੪ ਸੰ: ੧੯੦੦)

ਦੋਹਰਾ

ਸੂਮ ਨ੍ਰਿਪ ਤੇ ਧਨ ਚਹੇ ਮੂਰਖ ਪੈ ਗੁਣ ਗਾਇ॥
ਦੂਰ ਮੰਤ੍ਰੀ ਤੇ ਭੈ ਰਹਤ ਸੋ ਮੂਰਖ ਕੁਲ ਭਾਇ ॥੫੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਪੁਰਖ ਕਿਸੇ ਸੂਮ ਰਾਜਾ ਪਾਸੋਂ ਧਨ ਦੀ ਪ੍ਰਾਪਤੀ ਦੀ ਆਸ਼ਾ ਰੱਖਕੇ ਉਸ ਦੀ ਸੇਵਾ ਕਰਦਾ ਹੈ ਅਤੇ ਜੋ ਪੁਰਖ ਮੂਰਖਾਂ ਅੱਗੇ ਜਿਨ੍ਹਾਂ ਨੂੰ ਕੁਝ ਸਾਰ ਨਹੀਂ ਅਪਨੇ ਗੁਨ ਪ੍ਰਗਟ ਕਰਕੇ ਅਪਨਾ ਸਨਮਾਨ ਚਾਹੁੰਦਾ ਹੈ,ਇਸੀ ਪ੍ਰਕਾਰਖੋਟੇ ਮੰਤ੍ਰੀ ਨੂੰ ਪਾਸ ਰੱਖਕੇ ਜੋ ਉਸ ਤੇ ਨਿਰਭੈ ਹੋਕੇ ਰਹਿੰਦਾ ਹੈ ਸੋ ਪੁਰਖ ਮਹਾਂ ਮੂਰਖ ਸਮਝਨਾ ਯੋਗ ਹੈ॥ (ਵਿਸਾਖ ਦੀ ੩੦ ਸੰ: ੧੯੫੭ ਬਿ: ਮਈ ਦੀ ੧੧ ਸੰ: ੧੯੦੦)

ਦੋਹਰਾ

ਨ੍ਰਿਪ ਮੰਤ੍ਰਨ ਹਿਤ ਪਰ ਵਿਸੈ ਅਕ੍ਰਿਤਘਨੋ ਸੁਖ ਆਸ॥
ਅਨਜਾਈ ਸੇ ਨਜਾਇ ਚਹਿ ਸੋ ਮੂਰਖ ਬਲ ਭਾਸ॥੫੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਜੋ ਪੁਰਖ ਰਾਜਾ ਦੇ ਅਹਿਲਕਾਰਾਂ ਨੂੰ ਅਪਨਾ ਮਿੱਤ੍ ਸਮਝ ਕਰ ਉਨ੍ਹਾਂ ਦੀ ਮਿੱਤ੍ਰਤਾ ਪਰ ਭਰੋਸਾ ਰੱਖਨੇ ਵਾਲਾ ਹੈ,ਅਰ ਇਸੀ ਪ੍ਰਕਾਰ ਜੋ ਅਨਜਾਇ ਕਰਨੇ ਵਾਲੇ ਹਾਕਮ ਸੇ ਨਜਾਇ ਦੀ ਇਛਾ ਕਰਦਾ ਹੈ ਫਿਰ ਜੋ ਪੁਰਖ ਕਿਸੇ ਅਕ੍ਰਿਤਘਨ ਆਦਮੀ ਪਰ ਉਪਕਾਰ ਕਰਕੇ ਉਸ ਤੇ ਉੱਤਮ ਬਦਲਾ ਲੈਨ ਦੀ ਆਸ਼ਾ ਰੱਖਦਾ ਹੈ ਸੋ ਪੁਰਖ ਅੱਛੀ ਤਰ੍ਹਾਂ ਮੂਰਖ ਸਮਝਨਾ ਚਾਹੀਦਾ ਹੈ।

ਇਸ ਦਾ ਕਾਰਨ ਇਹ ਹੈ ਕਿ ਰਾਜ ਮੰਤ੍ਰੀ ਸਦਾ ਹੀ ਅਪਨੇ ਹਿਤ ਲਈ ਪਰ ਹਿਤ ਕਰਦੇ ਹਨ ਅਰ ਅਨਜਾਈ ਪੁਰਖ ਨਜਾਇ ਦੀ ਪੁਰਤੀ ਨੂੰ ਬਹੁਤ ਕਠਨ ਜਾਨਦਾ ਹੈ,ਇਸੀ ਪ੍ਰਕਾਰ ਜੋ ਕਿਸੇ ਅਕ੍ਰਿਤਘਨ ਪੁਰਖ ਪਰ ਉਪਕਾਰ ਕਰਕੇ ਉਸ ਦਾ ਬਦਲਾ ਨੇਕੀ ਚਾਹੇ ਸੋ ਪੁਰਖ ਕਦੇ ਭੀ ਅਪਨੇ ਸੰਕਲਪ ਨੂੰ ਪੂਰਾ ਨਹੀਂ ਕਰ ਸਕਦਾ,ਕਿਉਂਕਿ ਅਕ੍ਰਿਤਘਨ ਆਦਮੀ ਕਦੇ ਭੀ ਉਪਕਾਰ ਦੀ ਕਦਰ ਨਹੀਂ ਕਰਦਾ॥ (ਜੇਠ ਦੀ ੬ ਸੰ: ੧੯੫੭ ਬਿ:,ਮਈ ਦੀ ੧੯ ਸੰ: ੧੯੦੦ ਈ:)

– ਇਤਿ –

ੴ ਵਾਹਿਗੁਰੂ ਜੀ ਕੀ ਫਤਹਿ।।

੩੯ ਚੋਣਵੇ ਲੇਖ



ਕ੍ਰਿਤ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਪੁਨਰ-ਛਾਪ
ਸੰਨ : ਮਈ, ੨੦੧੦ ਈ:

ਸੰਪਾਦਕ ਅਤੇ ਪ੍ਰਕਾਸ਼ਕ
ਪ੍ਰੀਤਮ ਸਿੰਘ ਐਮ.ਏ.

'ਚੋਣਵੇਂ ਲੇਖ' ਬਾਰੇ

ਗਿਆਨੀ ਜੀ ਕਲਮ ਦੇ ਧਨੀ ਅਤੇ ਗਿਆਨ ਦੀ ਖੜਗ ਦੇ ਵੀ ਧਨੀ ਸਨ ਜਿਨ੍ਹਾਂ ਨੇ ਪੰਥ ਦੀ ਬੇਨਤੀ ਉਤੇ ਓਰੀਐਂਟਲ ਕਾਲਜ, ਲਾਹੌਰ ਦੀ ਪ੍ਰੋਫੈਸਰੀ ਛੱਡਕੇ ੧੮੮੬ ਈ: ਵਿੱਚ ਬਿਨਾਂ ਤਨਖਾਹ ਤੋਂ ਖਾਲਸਾ ਅਖ਼ਬਾਰ ਲਾਹੌਰ ਦੀ ਐਡੀਟਰੀ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਸੀ। ਆਪ ਜੀ ਨੇ ਖਾਲਸਾ ਅਖ਼ਬਾਰ ਵਿੱਚ ਵੱਖ-੨ ਵਿਸ਼ਿਆਂ ਉਤੇ ਅਨੇਕਾਂ ਲੇਖ ਬਲਕਿ ਸੈਂਕੜਿਆਂ ਦੀ ਗਿਣਤੀ ਵਿੱਚ ਆਪਣੀ ਕਲਮ ਨਾਲ ਲੇਖ ਲਿਖੇ ਜੋ ਖਾਲਸਾ ਅਖਬਾਰ, ਲਾਹੌਰ ਦੇ ਭਿੰਨ-੨ ਅੰਕਾਂ ਵਿੱਚ ਆਪ ਜੀ ਵੱਲੋਂ ਪ੍ਰਕਾਸ਼ਤ ਕੀਤੇ ਗਏ। ਪਰੰਤੂ ਅਤਿ ਮਹੱਤਵਪੂਰਣ ਲੇਖ ਸਿੱਖ ਪੰਥ ਦੀ ਅਗਿਆਨਤਾ ਦੀ ਧੜ ਹੇਠ ਦੱਬਕੇ ਰਹਿ ਗਏ ਅਤੇ ਖਾਲਸਾ ਪੰਥ ਉਨ੍ਹਾਂ ਅਤਿ ਅੱਛੇ ਲੇਖਾਂ ਨੂੰ ਭੁੱਲ ਹੀ ਗਿਆ।

ਜਦੋਂ ਮੇਰੀ ਸੱਤਵੀਂ ਪੁਸਤਕ ਜਨਵਰੀ, 2005 ਈ: ਵਿੱਚ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ-ਭਾਗ 'ਪਹਿਲਾ ਛਪੀ' ਉਸ ਸਮੇਂ ਤੋਂ ਮੈਂ ਗਿਆਨੀ ਜੀ ਦੀ ਕਲਮ ਨਾਲ ਲਿਖੇ ਲੇਖਾਂ ਨੂੰ ਲੱਭਣ ਦੇ ਯਤਨ ਕਰਨ ਲੱਗਾ ਅਤੇ ਮਨ ਵਿੱਚ ਇਛਾ ਜਾਗੀ ਕਿ ਗਿਆਨੀ ਜੀ ਦੇ 'ਚੋਣਵੇਂ ਲੇਖ' ਦੇ ਟਾਈਟਲ ਹੇਠ ਉਹਨਾਂ ਦੀ ਵੱਖਰੀ ਪੁਸਤਕ ਵਜੋਂ ਸੰਪਾਦਤ ਅਤੇ ਪ੍ਰਕਾਸ਼ਤ ਕੀਤੀ ਜਾਵੇ। ਕਈ ਸਾਲਾਂ ਦੀ ਮਿਹਨਤ ਸੱਦਕਾ ਮੈਂ ਗਿਆਨੀ ਜੀ ਦੇ ਲਿਖੇ ਕੇਵਲ ੫੩ ਲੇਖ ਹੀ ਲੱਭ ਸਕਿਆ ਹਾਂ ਜਿਨ੍ਹਾਂ ਨੂੰ ਤਿੰਨ ਪੜਾਵਾਂ ਵਿੱਚ ਵੰਡਿਆ ਜਾ ਸਕਦਾ ਹੈ ਜਿਵੇਂ ਕਿ

(੧) ੧੮੮੬ ਤੋਂ ੧੮੮੯ ਈ: ਤੱਕ ਜਦੋਂ ਖਾਲਸਾ ਅਖ਼ਬਾਰ, ਲਹੌਰ ਚੱਲ੍ਹਕੇ ਪਹਿਲੀ ਵਾਰ ਬੰਦ ਹੋਇਆ ਸੀ। ਇਸ ਪੜਾਉ ਵਿੱਚ ੧੪ ਲੇਖ ਸ਼ਾਮਲ ਹਨ।

(੨) ੧੮੯੩ ਤੋਂ ੧੮੯੯ ਈ: ਤਕ ਜਦੋਂ ਖਾਲਸਾ ਅਖ਼ਬਾਰ, ਲਹੌਰ ਦੁਵਾਰਾ ਚਾਲੂ ਹੋਇਆ ਅਤੇ ਆਪਣੀ ਸਿਖਰ ਉਤੇ ਪਹੁੰਚ ਗਿਆ ਸੀ। ਇਸ ਪੜਾਉ ਵਿੱਚ ੧੮ ਲੇਖ ਸ਼ਾਮਲ ਹਨ।

(੩) ੧੯੦੦ ਤੋਂ ੧੯੦੧ ਈ: ਤੱਕ ਜੋ ਗਿਆਨੀ ਜੀ ਦੇ ਜੀਵਨ ਕਾਲ ਦਾ ਅੰਤਮ ਪੜਾਉ ਸੀ ਇਸ ਪੜਾਉ ਵਿੱਚ ੨੧ ਲੇਖ ਸ਼ਾਮਲ ਹਨ। ਇਹਨਾਂ ਚੋਣਵੇਂ ਲੇਖਾਂ ਦੀ ਤਰਤੀਵ ਸਾਲ ਵਾਰ ਕ੍ਰਮ ਬੱਧ ਕੀਤੀ ਗਈ ਹੈ। ਪੁਸਤਕ ਦਾ ਰਚਨਾ ਕਾਲ ੧੯੦੧ ਈ: ਬਣਦਾ ਹੈ।

ਗਿਆਨੀ ਜੀ ਨੇ ਭਿੰਨ ਭਿੰਨ ਸਿਰਲੇਖਾਂ ਹੇਠ ਵੱਖ ਵੱਖ ਵਿਸ਼ਿਆਂ ਉਤੇ ਅੱਡ ਅੱਡ ਸਮਿਆਂ ਵਿੱਚ ਖਾਲਸਾ ਅਖ਼ਬਾਰ, ਲਹੌਰ ਵਿੱਚ ਲੇਖ ਛਾਪੇ ਸਨ ਜਿਨ੍ਹਾਂ ਦੀਆਂ ਵੰਨਗੀਆਂ ਇਸ ਪੁਸਤਕ 'ਚੋਣਵੇਂ ਲੇਖ' ਵਿੱਚ ਵੇਖਣ ਨੂੰ ਮਿਲਣਗੀਆਂ ਜਿਸ ਤੋਂ ਗਿਆਜੀ ਜੀ ਦੀ ਤੀਖਣ ਬੁੱਧੀ ਅਤੇ ਤਰਕ ਵਿਚਾਰਧਾਰਾ ਦਾ ਸਹਿਜੇ ਹੀ ਪਤਾ ਚਲੇਗਾ। ਲੇਖਾਂ ਦੀ ਲੜੀ ਵਿਚੋਂ ਕੁਝ ਕੁ ਚੋਣਵੇਂ ਲੇਖਾਂ ਦੇ ਨਾਵਾਂ ਦਾ ਜ਼ਿਕਰ ਕਰਨਾ ਜਰੂਰੀ ਹੈ ਜਿਵੇਂਕਿ ਅੱਜ ਦੇ ਮਸੰਦਾਂ ਤੋਂ ਬਚੋ, ਸੱਚਾ ਉਤਸ਼ਾਹ, ਸੱਚੀ ਸੂਰਬੀਰਤਾ, ਸੱਚਾ ਗਿਯਾਨ, ਸਿੰਧ ਦੀ ਯਾਤਰਾ, ਪਿੰਡਾਂ ਦੇ ਸਿੱਖਾਂ ਦਾ ਹਾਲ, ਧਰਮ ਅਤੇ ਭਾਈਚਾਰਾ, ਸੁਤੰਤਰਤਾ, ਬਚਨ ਦੀ ਸਿੱਖਯਾ, ਸਾਡਾ ਦੁਨੀਆਂ ਪਰ ਫੈਲਨ ਦਾ ਉਪਾਉ, ਖਾਲਸਾ ਵਿੱਚ ਸਦਾ ਤੋਂ ਧੋਖਾ ਖਾਕੇ ਦੁੱਖ ਪਾਉਣੇ, ਬਿਮਾਰ ਅਤੇ ਉਸ ਦਾ ਇਲਾਜ, ਜਿਥੇ ਧਰਮ ਉਥੇ ਸੱਭੋ ਕੁਛ, ਐ ਪੰਥ ਤੂੰ ਅਪਨੇ ਅਸੂਲਾਂ ਪਰ ਪੱਕਾ ਰਹੁ, ਸਿੰਘਣੀਆਂ ਦੀ ਉਨਤੀ ਲਈ ਇਕ ਬੇਨਤੀ, ਖਾਲਸਾ ਪੰਥ ਪਰ ਵਿਚਾਰ ਅਤੇ ਐ ਕੌਮ ਤੂੰ ਗੁਰੂ ਦੀਆਂ ਬਰਕਤਾਂ ਭੁਲ ਗਈ ਹੈਂ ਅਤੇ ਹੇ ਖਾਲਸਾ ਪੰਥ ਅਪਨੇ ਆਪ ਨੂੰ ਸੰਭਾਲ ਆਦਿ ਇਸ ਤੋਂ ਇਲਾਵਾ ਮਹਾਰਾਜਾ ਦਲੀਪ ਸਿੰਘ ਸਾਹਿਬ ਦੀ ਅਕਾਲ ਮ੍ਰਿਤੂ ਜਿਹੇ ਇਤਿਹਾਸਕ ਲੇਖ ਸਿੱਖ ਰਾਜ ਦੇ ਗਿਰਨੇ ਉਤੇ ਬੇਹੱਦ ਚਾਨਣਾ ਪਾਉਂਦੇ ਹਨ। ਇਸ ਪੁਸਤਕ ਵਿੱਚ ਗਿਆਨੀ ਜੀ ਦੀ ਕਲਮ ਤੋਂ ਲਿਖਿਆ ਅੰਤਮ ਲੇਖ 'ਮੁੰਡਨ' ਈਸ਼ਵਰ ਵੱਲੋਂ ਨਹੀਂ' ਜੋ ਮਿਤੀ ੧੯ ਅਗਸਤ, ੧੯੦੧ ਈ: ਨੂੰ ਖ.ਅ.ਲ ਵਿੱਚ ਛੱਪਿਆ ਸੀ, ਦਿੱਤਾ ਜਾਂਦਾ ਹੈ ਜਿਸ ਨਾਲ ਹੀ ਪੁਸਤਕ ਦਾ ਅੰਤ ਹੋ ਜਾਂਦਾ ਹੈ ।

ਪ੍ਰੀਤਮ ਸਿੰਘ ਐਮ.ਏ.
ਸੰਪਾਦਕ ਅਤੇ ਪ੍ਰਕਾਸ਼ਕ

ੴ ਵਾਹਿਗੁਰੂ ਜੀ ਕੀ ਫਤਹਿ।।

ਚੋਣਵੇਂ ਲੇਖ

੧. ਖਾਲਸਾ ਅਖਬਾਰ, ਲਹੌਰ ਦੇ ਇੱਕ ਸਾਲ ਪੂਰੇ ਹੋਣ ਤੇ (ਖ.ਅ.ਲ.੧੮੮੭ ਈ:)

ਖਾਲਸਾ ਅਖ਼ਬਾਰ ਦੇ ਪਾਠਕਗਣਾਂ ਨੂੰ ਵਿਦਤ ਹੋਵੇ ਕਿ ਜੋ ਅੱਜ ਇਸ ਅਖਬਾਰ ਦੀ ਉਮਰ ਇਕ ਬਰਸ ਦੀ ਹੋਈ ਹੈ ਅਤੇ ਇਨ੍ਹਾਂ ਬਾਰਾਂ ਮਹੀਨਿਆਂ ਵਿੱਚ ਇਸ ਪੱਤ੍ਰ ਰੂਪੀ ਬਾਲਕ ਨੇ, ਆਪਣੀ ਖਾਲਸਾ ਕੌਮ ਦੀ ਗੋਦ ਵਿਚਿ ਖੇਲਕੇ ਆਪਣੀ ਮਾਤਾ ਕੌਮ ਦੇ ਚਿਤਿ ਨੂੰ ਤਸੱਲੀ ਅਤੇ ਅਨੰਦ ਦਿੱਤਾ ਹੈ ਪ੍ਰੰਤੂ ਜਿਸ ਪ੍ਰਕਾਰ ਕ੍ਰਿਸ਼ਨ ਜੀ ਮਹਾਰਾਜ ਜਦ ਆਪਣੀ ਮਾਈ ਦੀ ਗੋਦ ਵਿੱਚ ਖੇਲਦੇ ਹੁੰਦੇ ਸਨ ਤਦ ਕੰਸ ਨੂੰ ਡਰ ਪੈ ਗਿਆ ਸੀ ਕਿ ਇਸ ਬਾਲਕ ਦੇ ਹਥੋਂ ਮੇਰਾ ਕਾਲ ਹੈ ਤਦ ਕ੍ਰਿਸ਼ਨ ਜੀ ਦੇ ਮਾਰਨ ਲਈ ਕੰਸ ਨੇ ਕਈ ਪ੍ਰਕਾਰ ਦੇ ਉਦਮ ਕੀਤੇ ਸਨ- ਜੈਸਾ ਕਿ ਪੂਦਨਾ ਨਾਮੇ ਇਕ ਕੁਟਨੀ ਨੂੰ ਆਗਿਯਾ ਦਿੱਤੀ ਸੀ ਕਿ ਤੂੰ ਜਾਹ ਉਸ ਬਾਲਕ ਨੂੰ ਮਾਰ ਆਉ ਤਦ ਪੂਦਨਾ ਨੇ ਆਪਣੇ ਸਥਣਾਂ ਨੂੰ ਬਿਖ ਲਗਾ ਕਰਕੇ ਨੰਦ ਜੀ ਦੇ ਘਰ ਪਈ ਗਈ ਅਤੇ ਕ੍ਰਿਸ਼ਨ ਜੀ ਨੂੰ ਗੋਦ ਵਿਚਿ ਲੈ ਕੇ ਚੁੰਘਾਉਣ ਲੱਗੀ ਤਦ ਕ੍ਰਿਸ਼ਨ ਜੀ ਨੇ ਉਸ ਦੇ ਦੋਨੋਂ ਸਥਨ ਦੋਨਾਂ ਹੱਥਾਂ ਵਿੱਚ ਪਕੜ ਕਰਕੇ ਛਾਤੀਓਂ ਉਖੇੜ ਕਰਕੇ ਦੂਰ ਮਾਰੇ ਜਿਸ ਦੇ ਦੁੱਖ ਤੋਂ ਦੁਖੀ ਹੋਕੇ ਉਸ ਦੇ ਪ੍ਰਾਨ ਨਾਲ ਹੀ ਨਿਕਲ ਗਏ ।

ਇਸ ਪ੍ਰਕਾਰ ਖਾਲਸਾ ਅਖਬਾਰ ਰੂਪੀ ਬਾਲਕ ਨੂੰ ਭੀ ਜੋ ਲੋਕ ਜਾਨਦੇ ਹਨ ਕਿ ਸਾਡੇ ਕਪਟ ਅਤੇ ਛਲ ਦੇ ਨਾਸ ਕਰਨ ਨੂੰ ਇਹ ਉਤਪਤਿ ਹੋਇਆ ਹੈ ਉਨ੍ਹਾਂ ਆਦਮੀਆਂ ਨੇ ਇਸ ਬਾਲਕ ਦੇ ਵਿਨਾਸ ਲਈ ਕਈ ਪ੍ਰਕਾਰ ਦੇ ਉਦਮ ਕੀਤੇ ਪਰ ਇਸ ਨੇ ਉਨ੍ਹਾਂ ਦੇ ਸਾਰੇ ਪੁਰਖਾਰਥਾਂ ਨੂੰ ਨਿਰਮੂਲ ਕੀਤਾ ਅਤੇ ਅਕਾਲ ਪੁਰਖ ਅੱਗੇ ਇਸ ਪ੍ਰਕਾਰ ਹਾਥ ਜੋੜ ਕਰਕੇ ਪ੍ਰਾਰਥਨਾ ਕਰਦਾ ਰਿਹਾ। (ਖੜਗ ਕੇਤ ਮੈਂ ਸਰਨਿ ਤੁਮਾਰੀ । ਦਾਸ ਜਾਨ ਮੁਹਿ ਲੇਹੁ ਉਬਾਰੀ।) ਸੋ ਉਸ ਅਕਾਲ ਪੁਰਖ ਨੇ ਇਸ ਪਹਲੇ ਸਾਲ ਵਿਚਿ ਇਸ ਨੂੰ ਸਭ ਪ੍ਰਕਾਰ ਦੀਯਾਂ ਬੀਮਾਰੀਆਂ ਤੋਂ ਬਚਾ ਰਖਿਆ ਹੈ। ਇਸ ਬਾਲਕ ਨੇ ਇਸ ਸਾਲ ਵਿਚਿ ਜਿਸ ਵਿਚਿ ਇਸ ਦੀ ਬਹੁਤ ਛੋਟੀ ਉਮਰ ਸੀ ਨਿਰੀ ਚੁੱਪ ਹੀ ਨਹੀਂ ਕੀਤੀ ਪ੍ਰੰਤੂ ਆਪਣੀ ਤੋਤਲੀ ਜੀਭ ਨਾਲ ਆਪਣੀ ਮਾਤਾ ਨੂੰ ਇਸ ਪ੍ਰਕਾਰ ਦੇ ਭੋਲੇ ਭਾਲੇ ਬਚਨ ਸੁਨਾਕੇ ਅਨੰਦ ਕਰਦਾ ਰਿਹਾ ਜਿਨਾਂ ਦਾ ਅਸੀਂ ਹੇਠ ਕਥਨ ਕਰਦੇ ਹਾਂ:-

ਸੱਤਜ ਦਾ ਮੁਹਾਤਮ, ਕੌਮ ਕਿਯਾ ਚੀਜ਼ ਹੈ, ਖਾਲਸਾ ਧਰਮ ਦੇ ਅਰਥ ਕਿਯਾ ਹਨ, ਰਿਦੇ ਦੇ ਪ੍ਰਕਾਸ ਕਰਨ ਨੂੰ ਵਿਦਯਾ ਦਾ ਦੀਪਕ ਹੈ, ਇਸਤ੍ਰੀ ਸਿਖਯਾ ਦਾ ਕਥਨ, ਖਾਲਸਾ ਕੌਮ ਦੇ ਕਿਯਾ-੨ ਰੰਗ ਬਦਲਦੇ ਹਨ,

ਸੱਚਾ ਦਾਨ ਪੁੰਨ ਕਿਯਾ ਹੈ, ਬਾਲ ਵਿਵਾਹ ਦੇ ਕਿਯਾ-੨ ਨੁਕਸਾਨ ਹੁੰਦੇ ਹਨ, ਸਰਾਧ

ਕਿਯਾ ਚੀਜ ਹੈ, ਕੌਮ ਅਤੇ ਅਕਾਲ ਪੁਰਖ ਅੱਗੇ ਪ੍ਰਾਰਥਨਾ, ਦੀਵਾਲੀ ਦੇ ਜੂਏ ਦਾ ਖੰਡਨ, ਦੇਸ਼ ਯਾ ਕੌਮ ਦੇ ਪਿਯਾਰਿਆਂ ਦੇ ਕੰਮ ਅਤੇ ਉਨ੍ਹਾਂ ਦੇ ਹਾਲ, ਪ੍ਰਮੇਸਵਰ ਨੂੰ ਕਿਯਾ ਪਯਾਰਾ ਹੈ, ਵਿਦਯਾ ਦੇ ਕਿਯਾ-੨ ਲਾਭ ਹੁੰਦੇ ਹਨ, ਸੱਚਾ ਗੁਰੂ ਕੌਣ ਹੋ ਸਕਦਾ ਹੈ, ਬਿਬੇਕੀ ਸਿੰਘ ਕੌਣ ਹੈ, ਮੂਰਤੀ ਪੂਜਨ ਦਾ ਹਾਲ ਦੱਸਿਆ ਹੈ, ਕੌਮ ਕਿਸ ਪ੍ਰਕਾਰ ਨੀਚੇ ਗਿਰਿ ਜਾਂਦੀ ਹੈ ਅਤੇ ਦੂਸਰੇ ਅਖਬਾਰਾਂ ਨੂੰ ਜੁਬਾਬ ਦਿੱਤੇ ਗਏ ਹਨ, ਇਹੋ ਜਿਹੇ ਭੋਲੇ ਭਾਲੇ ਉਪਦੇਸ਼ ਇਸ ਬਾਲਕ ਨੇ ਕੀਤੇ ਹਨ।

ਖਾਲਸਾ ਅਖਬਾਰ ਲੱਗਭੱਗ ਸਾਢੇ ਤਿੰਨ ਸਾਲ ਬੰਦ ਰਿਹਾ ਅਤੇ ਇਸ ਅਖ਼ਬਾਰ ਨੂੰ ਮੁੜ ਚਾਲੂ ਕਰਨ ਲਈ ਗਿਆਨੀ ਜੀ ਨੇ ਅਜਿਹੀ ਦ੍ਰਿੜਤਾ ਦਿਖਾਈ ਜਿਸਦਾ ਪਤਾ ਖਾਲਸਾ ਅਖ਼ਬਾਰ, ਲਹੌਰ ਦੇ ਅੰਕ ੧ ਮਈ, ੧੯੯੩ ਈ: ਤੋਂ ਪਤਾ ਚਲਦਾ ਹੈ:-

ਉਹ ਅਖ਼ਬਾਰ ਸ੍ਰੀ ਗੁਰੂ ਸਿੰਘ ਸਭਾ ਲਹੌਰ ਦੇ ਵਲੋਂ ਨਿਕਲਦਾ ਸੀ ਪਰੰਤੂ ਉਸ ਦੇ ਐਡਟ ਕਰਨੇ ਦੀ ਸੇਵਾ ਸਭਾ ਨੇ ਮੈਨੂੰ ਦਿੱਤੀ ਹੋਈ ਸੀ ਜਿਸ ਨੂੰ ਮੈਂ ਯਥਾ ਬ੍ਰੁੱਧੀ ਐਡਟ ਕਰਦਾ ਰਿਹਾ। ਹੁਣ ਜਦ ਮੈਂ ਕਈ ਸਾਲ ਤੇ ਉਸ ਨੂੰ ਬੰਦ ਦੇਖਿਆ ਅਤੇ ਨਾਲ਼ ਹੀ ਇਹ ਨੁਕਸਾਨ ਦੇਖਿਆ ਕਿ ਜੋ ਅਖ਼ਬਾਰ ਦੇ ਜਾਰੀ ਰਹਿਣ ਨਾਲ ਆਪਸੀ ਸਬੰਧ ਬਣਿਆ ਰਹਿੰਦਾ ਸੀ ਸੋ ਬਿਲਕੁਲ ਨਹੀਂ ਰਿਹਾ, ਇਕ ਦੂਜੇ ਦੀ ਕਾਰਵਾਈ ਮਲੂਮ ਨਹੀਂ ਹੁੰਦੀ। ਜਦ ਮੈਂ ਸਭਾ ਅਗੇ ਬੇਨਤੀ ਕੀਤੀ ਕਿ ਅਖ਼ਬਾਰ ਫਿਰ ਜਾਰੀ ਕੀਤਾ ਜਾਵੇ ਜਿਸ ਪਰ ਸਿੰਘ ਸਭਾ, ਲਹੌਰ ਨੇ ਇਹ ਫੈਸਲਾ ਕੀਤਾ ਜੋ ਇਹ ਅਖ਼ਬਾਰ ਦਾਸ ਨੂੰ ਹੀ ਦੇ ਦਿਤਾ ਅਤੇ ਆਖਿਆ ਕਿ ਸਭਾ ਦਾ ਇਸ ਨਾਲ ਜਾਤੀ ਲਾਭ ਹਾਨੀ ਦਾ ਕੋਈ ਸਬੰਧ ਨਹੀਂ ਹੈ। ਇਸ ਵਾਸਤੇ ਹੁਣ ਇਸ ਅਖ਼ਬਾਰ ਦਾ ਭਾਰ ਮੇਰੇ ਅੱਕਲੇ ਪੁਰ ਹੀ ਆਨ ਪਿਆ ਹੈ ਪਰੰਤੂ ਮੈਂ ਅਪਨੇ ਚਿੱਤ ਵਿੱਚ ਇਹ ਜਾਨ ਲੀਤਾ ਹੈ ਕਿ ਖਾਲਸਾ ਅਖ਼ਬਾਰ ਪੰਥ ਦਾ ਹੈ। ਮੇਰਾ ਇਸ ਦੇ ਵਿੱਚ ਸਿਰਫ ਇਤਨਾ ਹਿੱਸਾ ਹੈ ਜਿਤਨਾ ਮਜ਼ਦੂਰ ਦਾ ਮਕਾਨ ਬਨਾਉਣ ਵਿੱਚ ਹੁੰਦਾ ਹੈ।ਸੋ ਇਸ ਅਖਬਾਰ ਰੂਪੀ ਮਕਾਨ ਦਾ ਮਾਲਕ ਜੋ ਖਾਲਸਾ ਪੰਥ ਹੈ ਇਸ ਦੀ ਖਬਰ ਰੱਖੇਗਾ।

ਇਸ ਵਾਸਤੇ ਪੰਥ ਦੇ ਪਯਾਰਿਆਂ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਹੈ ਕਿ ਜੋ ਇਸ ਅਖਬਾਰ ਨੂੰ ਸਭ ਪ੍ਰਕਾਰ ਮਦਦ ਦੇਣ ਅਤੇ ਇਹ ਖਯਾਲ ਨਾ ਕਰਨ ਕਿ ਇਹ ਅਖਬਾਰ ਇਸ ਦਾ ਜਾਤੀ ਅਖਬਾਰ ਹੈ। ਬਲਕਿ ਉਹ ਇਹ ਸਮਝਨ ਜੋ ਇਹ ਕੌਮੀ ਅਖ਼ਬਾਰ ਹੋਣ ਕਰਕੇ ਕੌਮ ਦਾ ਹੈ। ਮੈਂ ਤਾਂ ਇਸ ਪ੍ਰਕਾਰ ਇਸ ਮਜ਼ਮੂਨ ਨੂੰ ਆਪਣੀ ਕਲਮ ਨਾਲ ਕੱਠੇ ਕਰਨੇ ਵਾਲਾ ਹਾਂ ਜਿਸ ਪ੍ਰਕਾਰ ਪਿੰਡ ਦੇ ਵਗ ਨੂੰ ਇਕ ਪਾਲੀ ਸੋਟੀ ਨਾਲ ਕੱਠੇ ਰਖਦਾ ਹੈ। ਮੈਨੂੰ ਪੂਰੀ ਆਸ ਹੈ ਜੋ ਸਾਡੇ ਸਿੰਘ ਭਾਈ ਇਸ ਪਰਚੇ ਦੀ ਸਹਾਇਤਾ ਕਰਨਗੇ।

੨. ਜਦੋਂ ਅਛੂਤ ਈਸਾਈ ਬਣਨ ਲੱਗੇ (ਖ.ਅ.ਲ.੧੯੮੭ ਈ:)

ਐ ਸੰਸਾਰ ਦੇ ਪੁਰਸ਼ੋ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸਿੱਖੀ ਕਿਸੇ ਖਾਸ ਜਾਤੀ ਜਾਂ ਫਿਰਕੇ ਲਈ ਨਹੀਂ, ਇਹ ਤਾਂ ਸਭ ਸੰਸਾਰ ਦੇ ਪ੍ਰਾਣੀਆਂ ਲਈ ਇਕਸ ਜਿਹੀ ਹੈ। ਇਸ ਵਿੱਚ ਜਾਤ ਵੰਡ ਜਾਂ ਵਿਤਕਰੇ ਭਾਵ ਦੀ ਕੋਈ ਗੁੰਜਾਇਸ਼ ਨਹੀਂ ਹੈ। ਫਿਰ ਸਿੱਖੀ ਤਾਂ ਸਾਜੀ ਹੀ ਪਰਉਪਕਾਰ ਲਈ ਗਈ ਸੀ, ਸਭਸ ਪ੍ਰਾਣੀਆਂ ਨਾਲ ਇਕਸ ਜਿਹਾ ਵਰਤਾਉ ਕਰਨ ਲਈ ਹੀ ਹੋਂਦ ਵਿੱਚ ਆਈ ਤੇ ਬ੍ਰਾਹਮਣੀ ਧਰਮ ਦੇ ਜ਼ੁਲਮ ਦੇ ਪੰਜੇ ਵਿੱਚ ਅੜੇ ਦੁਖੀ ਮੁਜ਼ਲੂਮਾਂ ਦੀ ਖਾਤਰ ਸਿੱਖੀ ਹੋਂਦ ਵਿੱਚ ਆਈ। ਇਸੇ ਲਈ ਇਹ ਉਪਦੇਸ਼ ਦਿੱਤਾ ਗਿਆ ਹੈ:

ਅਵਲਿ ਅਲਹੁ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ।।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।

(ਪ੍ਰਭਾਤੀ ਕਬੀਰ ਜੀ, ਪੰਨਾ ੧੩੪੯)

ਸੋ ਪ੍ਰੇਮੀ ਤੇ ਸ੍ਰੋਤੇ ਜਨੋਂ । ਅਸੀਂ ਸਿੱਖ ਬਣ ਕੇ ਕਿਸੇ ਪਰ ਕੋਈ ਅਹਿਸਾਨ ਨਹੀਂ ਕਰ ਸਕੇ, ਸਗੋਂ ਸਿੱਖ ਤਾਂ ਅਸੀਂ ਬਣ ਰਹੇ ਹਾਂ, ਆਪਣਾ ਆਪ ਸਵਾਰਨ ਲਈ, ਆਪਣਾ ਭਵਿੱਖਤ ਸੁਚੱਜਾ ਬਣਾਉਣ ਲਈ ਤੇ ਜੋ ਭੁੱਲ ਇਸ ਅਸੂਲ ਤੇ ਸਤਿਗੁਰਾਂ ਦੇ ਪਵਿੱਤਰ ਤੇ ਮਹਾਨ ਆਦਰਸ਼ਾਂ ਨੂੰ ਭੁੱਲ ਕੇ ਜਾਤ-ਪਾਤ ਜਾਂ ਵਿਤਕਰੇ ਵਾਲੀ ਕੋਈ ਗੱਲ ਕਰਦੇ ਹਨ, ਅਸਲ ਵਿੱਚ ਉਹ ਸਿੱਖੀ ਦੀ ਵਿਰੋਧਤਾ ਕਰ ਰਹੇ ਹਨ, ਸਿੱਖ ਧਰਮ ਦੇ ਪ੍ਰਚਾਰਕਾਂ ਦੀ ਥਾਂ ਮੱਲ ਕੇ ਸਿੱਖ ਧਰਮ ਦੇ ਵੈਰੀਆਂ ਦਾ ਕੰਮ ਕਰ ਰਹੇ ਹਨ। ਜਾਤ ਅਭਿਮਾਨੀ ਜੇ ਸਾਡੇ ਨਾਲ ਅਛੂਤਾਂ ਜਿਹਾ ਸਲੂਕ ਕਰਦੇ ਹਨ ਤਾਂ ਸਾਨੂੰ ਇਸ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ, ਗੁਰਦੁਆਰਿਆਂ ਵਿੱਚ ਹਰ ਕਿਸੇ ਦੀ ਅਰਦਾਸ ਹੋ ਸਕਦੀ ਹੈ ਤੇ ਗੁਰਦੁਆਰੇ ਚਹੁੰ ਵਰਨਾਂ ਲਈ ਇਕੋ ਜਿਹੇ ਹਨ, ਪਰ ਇਹ ਭੁੱਲੜ ਪੁਜਾਰੀ ਅਛੂਤਾਂ ਤੇ ਵਿਰੋਧੀਆਂ ਦੀਆਂ ਅਰਦਾਸਾਂ ਬੰਦ ਕਰਨ ਤਕ ਪੁੱਜ ਗਏ ਹਨ। ਗੁਰਸਿੱਖੋ । ਸੱਚੇ ਗੁਰਸਿੱਖ ਬਣਕੇ ਇਨ੍ਹਾਂ ਕੁਰੀਤੀਆਂ ਦਾ ਮੁਕਾਬਲਾ ਕਰਨ ਲਈ ਕਮਰਬਸਤਾ ਹੋ ਜਾਓ, ਤੁਹਾਡੇ ਉਦਮਾਂ ਨੂੰ ਜ਼ਰੂਰ ਸਤਿਗੁਰੂ ਭਾਗ ਲਾਉਣਗੇ। ਤੇ ਇਨ੍ਹਾਂ ਗੁਰਮਤਿ ਦੇ ਉਲਟ ਚੱਲਣ ਵਾਲੇ ਪੁਰਸ਼ਾਂ ਨੂੰ ਜ਼ਰੂਰ ਆਪਣੀਆਂ ਕਰਨੀਆਂ ਤੇ ਪਛਤਾਉਣਾ ਪਵੇਗਾ।

੩. ਸੱਚਾ ਉਤਸ਼ਾਹ (ਖ.ਅ.ਲ.੧੯੮੭ ਈ:)

ਪਿਆਰੇ ਪਾਠਕ ਗਣੋਂ ਆਪਨੈ ਇਸ ਖਾਲਸਾ ਅਖਬਾਰ ਨੂੰ ਉਤਪਤ ਹੋਨ ਦੇ ਦਿਨ ਤੋਂ ਲੈ ਕਰਕੇ ਅੱਜ ਤੱਕ ਦੇਖਿਆ ਹੋਵੇਗਾ ਕਿ ਇਸ ਨੈਂ ਆਪਣੇ ਉੱਦਮ ਨੂੰ ਕਿਸੇ ਦੁਨਯਾਵੀ ਕੰਮ ਵਲ ਨਹੀਂ ਖਰਚ ਕੀਤਾ-ਪ੍ਰੰਤੂ ਆਪਣੀ ਖਾਲਸਾ ਕੌਮ ਜੋ ਧਰਮ ਵਿਚਿ ਅਤਯੰਤ ਗਿਰੀ ਹੋਈ ਹੈ ਇਸ ਨੂੰ ਆਪਣੇਂ ਸਤਿਗੁਰਾਂ ਦੇ ਉਪਦੇਸ਼ਾਂ ਪਰ ਚਲਣ ਲਈ ਪੁਕਾਰ ਕਰਦਾ ਰਿਹਾ ਹੈ ਅਤੇ ਜੋ ਜੋ ਬਾਤਾਂ ਕੌਮ ਉਨਤੀ ਲਈ ਪ੍ਰਤਿਬੰਦਕ ਹਨ ਉਨਾਂ ਦੇ ਦੂਰ ਕਰਨ ਲਈ ਇਸ ਦਾ ਸਾਰਾ

ਪੁਰਖਾਰਥ ਰਿਹਾ ਹੈ - ਪਰ ਕੇਹੀ ਅਫਸੋਸ ਦੀ ਗੱਲ ਹੈ ਕਿ ਇਸ ਪੱਤ੍ਰ ਨੇ ਜਿਸ ਕੌਮ ਦੀ ਉਨਤੀ ਪਰ ਕਮਰ ਬੰਨੀ ਹੈ ਓਸੇ ਕੌਮ ਦੇ ਸਵਾਰਥਪਤੀ (ਅਰਥਾਤ ਖੁਦਗ਼ਰਜ) ਲੋਗ ਇਸ ਪੱਤ੍ਰ ਨੂੰ ਬੁਰਾ ਭਲਾ ਆਖਦੇ ਹਨ ਤੇ ਦਿਲ ਵਿਚਿ ਹਰ ਵਕਤ ਏਹੋ ਕਾਮਨਾ ਰੱਖਦੇ ਹਨ ਕਿ ਇਸ ਪੱਤ੍ਰ ਨੂੰ ਕਿਸੇ ਪ੍ਰਕਾਰ ਦੁੱਖ ਪਹੁੰਚੇ- ਪਰ ਖਾਲਸਾ ਅਖ਼ਬਾਰ ਉਨਾਂ ਭਾਈਆਂ ਦੇ ਇਸ ਖਿਯਾਲ ਪਰ ਬਿਲਕੁਲ ਧਿਆਨ ਨਹੀਂ ਦਿੰਦਾ ਇਸ ਦਾ ਆਪਣੀ ਸੱਚੀ ਖੈਰਖਵਾਹੀ ਵਲ ਧਿਆਨ ਹੈ ਅਰ ਉਨਾਂ ਭਾਈਆਂ ਨੂੰ ਜੋ ਇਸ ਦਾ ਬੁਰਾ ਚਿਤਮਦੇ ਹਨ ਉਸ ਬੀਮਾਰ ਦੀ ਤਰਹਿ ਜਾਣਦਾ ਹੈ ਜੋ ਬਿਲਕੁੱਲ ਅਨਜਾਨ ਹਨ- ਜਿਸ ਪ੍ਰਕਾਰ ਹਸਪਤਾਲ ਵਿਚਿ ਬਹੁਤ ਬੀਮਾਰ ਡਾਕਟਰ ਦੇ ਹੱਥ ਵਿਚਿ ਛੁਰੀ ਕਟਾਰੀ ਦੇਖ ਕੇ ਡਰਦੇ ਅਤੇ ਰੌਲਾ ਪਾਉਂਦੇ ਹਨ ਕਿ ਇਹ ਸਾਨੂੰ ਇਨਾ ਨਾਲ ਵੱਡ ਕੇ ਮਾਰ ਸਿਟੇਗਾ ਪਰ ਡਾਕਟਰ ਉਨ੍ਹਾਂ ਦੀ ਇਸ ਪੁਕਾਰ ਪਰ ਬਿਲਕੁਲ ਧਿਯਾਨ ਨਹੀਂ ਦਿੰਦਾ ਅਤੇ ਉਨ੍ਹਾਂ ਦੇ ਨਾਲ ਦਿਲੋਂ ਪ੍ਰੀਤੀ ਕਰਦਾ ਹੈ-ਅਰ ਜਾਣਦਾ ਹੈ ਕਿ ਇਹਿ ਲੋਕ ਮੇਰੇ ਤਾਤਪਰਜ ਨੂੰ ਨਹੀਂ ਸਮਝਦੇ ਏਹੋ-ਹਾਲ ਸਾਡੇ ਭਾਈਆਂ ਦਾ ਹੈ-ਪਰ ਖਾਲਸਾ ਅਖ਼ਬਾਰ ਉਨ੍ਹਾਂ ਭਾਈਆਂ ਦਾ ਸੱਚਾ ਪਿਯਾਰਾ ਹੈ ਅਤੇ ਆਸ਼ਾ ਰਖਦਾ ਹੈ ਕਿ ਜਦ ਉਹੁ ਭਾਈ ਅਗਿਯਾਨ ਦੀ ਬੀਮਾਰੀ ਤੋਂ ਤੰਦਰੁਸਤ ਹੋਣਗੇ-ਤਦ ਇਸ ਪੱਤ੍ਰ ਨੂੰ ਅਸੀਸਾਂ ਦੇਣਗੇ-ਪਰ ਜਿਸ ਪ੍ਰਕਾਰ ਰੋਂਦਿਆਂ ਚਿਰਲਾਂਦਿਆਂ ਬਚਿਆਂ ਦੀ ਮਾਤਾ ਪਕੜ ਕੇ ਸਿਰਿ ਧੋ ਦਿੰਦੀ ਹੈ ਇਸੀ ਪ੍ਰਕਾਰ ਇਨਾਂ ਭਾਈਆਂ ਦੇ ਬੁਰਾ ਭਲਾ ਆਖਦਿਯਾਂ ਹੀ ਇਹ ਖਾਲਸਾ ਅਖ਼ਬਾਰ ਉਨਹਾਂ ਨੂੰ ਸਤ ਦਾ ਉਪਦੇਸ਼ ਕਰ ਰਿਹਾ ਹੈ ਅਤੇ ਇਸ ਦੇ ਸੱਚੇ ਉਪਦੇਸ਼ਾਂ ਨੂੰ ਦੇਖ ਕੇ ਇਹਿ ਗਲ ਬੀ ਦੂਰੁ ਨਹੀਂ ਹੈ ਜੋ ਬਹੁਤ ਕੁਰੀਤੀਆਂ ਖਾਲਸਾ ਕੌਮ ਵਿਚੋਂ ਦੂਰੁ ਹੋ ਜਾਣਗੀਆਂ ਅਤੇ ਨਾਲ ਹੀ ਇਹਿ ਗੱਲ ਬੀ ਦੂਰੁ ਨਹੀਂ ਜੋ ਬਹੁਤ ਭਾਈ ਇਸ ਦੇ ਤਾਤਪਰਜ ਨੂੰ ਨਹੀਂ ਸਮਝਦੇ-ਇਸਨੂੰ ਦੁਖੁ ਦੇਣਾਂ ਬੀ ਚਾਹੁਣਗੇ ਜਿਸ ਪ੍ਰਕਾਰ ਸੰਸਕ੍ਰਿਤਿ ਵਿਚਿ ਇਕ ਸਲੋਕ ਹੈ ਜਿਸ ਦਾ ਇਹਿ ਤਾਤਪਰਜ ਹੈ (ਕਾਇਰ ਮਨੁੱਖ ਜੈਸਾ ਚਾਹੇ ਕਰ ਸਕਦਾ ਹੈ ਜਿਤੇਂਦ੍ਰੀ ਜਿਸ ਵਿਖਯ ਨੂੰ ਚਾਹੇ ਛੋਡ ਸਕਦਾ ਹੈ ਅਤੇ ਸਾਧੂ ਚਾਹੇ ਜਿਸ ਦੁਸਹ ਬਾਤ ਨੂੰ ਸਹ ਸਕਦਾ ਹੈ) ਪਰ ਕਿਯਾ ਇਨਾਂ ਦੁੱਖਾਂ ਤੇ ਡਰਕੇ ਖਾਲਸਾ ਅਖ਼ਬਾਰ ਆਪਣੀ ਕੌਮੀ ਭਲਾਈ ਨੂੰ ਛਡ ਦੇਵੇਗਾ ਕਦੇ ਨਹੀਂ - ਕਿਯਾ ਇਹਿ ਨਾ ਉਮੇਦ ਹੋ ਜਾਵੇਗਾ ਕਿ ਖਾਲਸਾ ਕੌਮ ਦੀ ਉੱਨਤੀ ਮੈਥੋਂ ਹੋਣੀ ਮੁਸ਼ਕਲ ਹੈ ਕਦੇ ਨਹੀਂ- ਜਿਨਾਂ ਭਾਈਆਂ ਨੇ ਭੋਜ ਪ੍ਰਬੰਧ ਪੜਿਆ ਹੋਵੇਗਾ ਉਨਾਂ ਨੂੰ ਯਾਦ ਹੋਵੇਗਾ ਕਿ ਰਾਜਾ ਭੋਜ ਨੇਂ ਉਸ ਸਮੇਯਾ ਪਰ ਜਦ ਬਾਲ ਅਵਸਥਾ ਵਿਚਿ ਉਸਦੇ ਮਾਰਨ ਲਈ ਵਤਸਰਾਜ ਮੰਤ੍ਰੀ ਜੰਗਲ ਵਿਚਿ ਲੈ ਗਿਯਾ ਸੀ ਕਿਯਾ ਸਲੋਕ ਆਖਿਆ ਸੀ ਕਿ ਜਿਸ ਪ੍ਰਮੇਸਵਰ ਨੇ ਮੇਰੀ ਗਰਭ ਵਿੱਚ ਰਖਿਯਾ ਕਰੀ ਥੀ ਕਿਯਾ ਉਹੁ ਜਗਦੀਸਵਰ ਹੁਣ ਮਰ ਗਿਯਾ ਹੈ- ਕਿਯਾ ਹੁਣ ਮੇਰੀ ਰਖਿਯਾ ਨਹੀਂ ਕਰੇ ਗਾ ਜਦ ਮੈਂ ਜਾਣਦਾ ਹਾਂ ਕਿ ਉਹੁ ਰਛਕ ਮੇਰੇ ਨਾਲ ਹੈ ਤਦ ਮੈਂ ਆਪਣੇ ਸਤਯ ਪੁਰਖਾਰਥ ਨੂੰ ਕਦ ਤਿਯਾਗ ਕਰਾਂਗਾ- ਭੋਜ ਦੇ ਇਸ ਸੂਰਬੀਰਤਾ ਦੇ ਬਚਨ ਨੂੰ ਸੁਣ ਕੇ ਵਤਸਰਾਜ ਨੈ ਕੀ

ਆਖਿਆ ਸੀ ਕਿ ਉਪਾਇ ਸਾਹਿਸ ਧੀਰਜ ਬਲ ਬੁੱਧਿ ਪ੍ਰਕ੍ਰਮ ਇਹਿ ਛੇ ਚੀਜ਼ਾਂ ਜਿਸ ਮਨੁੱਖ ਵਿਚਿ ਹਨ ਉਸੇ ਈਸ੍ਵਰ ਬੀ ਭੈ ਕਰਦਾ ਹੈ ਇਨਾਂ ਦ੍ਰਿਸਟਾਤਾਂ ਨੂੰ ਖਾਲਸਾ ਅਖਬਾਰ ਨੇ ਲਿਖ ਕਰਕੇ ਆਪਣੇ ਕੰਠ ਨਾਲ ਬੰਨਿਆ ਹੋਇਆ ਹੈ । ਏਸੇ ਲਈ ਇਹਿ ਆਪਣੀ ਕੌਮ ਦੀ ਸੱਚੀ ਪ੍ਰੀਤ ਪਰ ਸਨੱਧ ਬਧ ਹੋ ਰਿਹਾ ਹੈ ਜਿਸ ਵਿਚਿ ਇਹਿ ਥੋੜੇ ਹੀ ਕਾਲ ਨੂੰ ਕਾਮਯਾਬ ਹੋਵੇਗਾ ਜੈਸਾ ਕਿ ਗਿਰਧਰ ਜੀ ਦਾ ਵਾਕ ਹੈ- ਬਾਂਧੀ ਕਸ ਕਰ ਕਮਰ ਜਿਹਿ ਜਿਸ ਕਾਰਜ ਕੇ ਹੇਤ। ਆਲਸ ਤਜ ਤਤਪਰ ਭਯੋ ਸੋਈ ਸਿਧਿ ਕਰ ਲੇਤ। ਸੋਈ ਸਿਧਿ ਕਰ ਲੇਤ ਦੇਰ ਨਹਿ ਲਾਗੇ ਤਤ ਛਿਨ ਜਿਉਂ ਟਿਟੱਪ ਲੀਨੇਂ ਅੰਡ ਸਿੰਧ ਸੋਂਕੀਓ ਪ੍ਰਨ ਜਬ। ਥਹ ਗਿਰਧਰ ਕਵਿ ਗਾਇ ਚਿਤਿ ਬ੍ਰਿਤਿ ਜਿਸ ਨੇ ਸਾਧੀ। ਤਿਸਕੋ ਸਭ ਕੁਛ ਸੁਲਭ ਕਮਰ ਜਿਹਿ ਕਸ ਕਰ ਬਾਂਧੀ।

੪.ਆਰੀਆ ਸਮਾਜ ਵੱਲੋਂ ਸਿੱਖ ਧਰਮ ਵਿਰੁੱਧ ਪ੍ਰਚਾਰ (ਖ.ਅ.ਲ.੧੯੯੭ ਈ:)

ਇਹ ਹਮੇਸ਼ਾਂ ਹੀ ਹੁੰਦਾ ਰਿਹਾ ਹੈ ਕਿ ਜਿਸ ਮਹਾਤਮਾ ਨੇ ਕਿਸੇ ਧਰਮ ਨੂੰ ਚਲਾਇਆ ਹੈ ਤਦ ਉਸ ਨੈਂ ਸਾਰੀਆਂ ਬੁਰਾਈਆਂ ਤੇ ਜੁਦਾ ਕੀਤਾ ਹੈ- ਪਰ ਕੁੱਛ ਦਿਨ ਗੁਜਰ ਜਾਣੇ ਦੇ ਪਿੱਛੇ ਅਤੇ ਉਸ ਕੌਮ ਵਿੱਚ ਲਾਲਚੀ ਯਾ ਖੁਦਗਰਜ਼ ਆਦਮੀ ਪੈਦਾ ਹੋਣੇ ਦੇ ਕਾਰਣ ਕਈ ਬੁਰਾਈਆਂ ਆ ਕੇ ਉਸ ਵਿੱਚ ਧਸ ਜਾਂਦੀਆਂ ਹਨ- ਫੇਰ ਜਦ ਕੋਈ ਉਨ੍ਹਾਂ ਬੁਰਾਈਆਂ ਨੂੰ ਦੂਰ ਕਰਨਾ ਚਾਹੁੰਦਾ ਹੈ ਤਦ ਓਹ ਖੁਦਗਰਜ਼ ਅਦਮੀ ਉਸ ਦੇ ਮਾਰਨ ਅਤੇ ਦੇਸ ਯਾ ਕੌਮ ਵਿਚੋਂ ਨਿਕਾਲਨ ਲਈ ਕੋਸ਼ਸ਼ ਕਰਦੇ ਹਨ- ਜਿਸ ਪ੍ਰਕਾਰ ਜਦ ਥਿਯੂਡੋਰ ਪਾਰਕਰ ਨੇ ਮੁਲਕ ਵਿਚੋਂ ਗੁਲਾਮੀ ਦੀ ਰਸਮ ਦੂਰ ਕਰਨੀ ਚਾਹੀ ਥੀ ਤਦ ਉਸ ਨੈ ਜਗਹਿ-੨ ਫਿਰਕੇ ਵਿਖਯਾਨ ਦੇਣੇ ਸੁਰੂ ਕੀਤੇ ਅਤੇ ਲੋਕਾਂ ਨੂੰ ਆਖਿਆ ਕਿ ਆਦਮੀ ਦਾ ਆਦਮੀ ਹਮੇਸ਼ਾਂ ਲਈ ਗੁਲਾਮ ਰਹਿਣਾ ਪਰਮੇਸ਼ਵਰ ਦੀ ਮਰਜ਼ੀ ਤੇ ਵਿਰੁੱਧ ਹੈ- ਤਦ ਖੁਦਗਰਜ਼ ਲੋਕਾਂ ਨੈਂ ਉਸ ਦੇ ਵਿਰੁੱਧ ਕਈ ਕਮੇਟੀਆਂ ਕੀਤੀਆਂ ਅਤੇ ਉਸ ਨੂੰ ਕਾਫ਼ਰ ਅਤੇ ਬੇਈਮਾਨ ਆਖਣਾ ਅਰੰਭ ਕੀਤਾ ਪਰ ਅੰਤ ਨੂੰ ਕਿਯਾ ਹੋਇਆ ਕਿ ਉਸ ਬਹਾਦਰ ਆਦਮੀ ਨੈਂ ਗੁਲਾਮੀ ਦੀ ਰਸਮ ਨੂੰ ਨਿਰਮੂਲ ਕਰ ਦਿਤਾ।

ਫੇਰ ਜਦ ਯੂਰਪ ਵਿਚਿ ਪੋਪਾਂ ਦਾ ਐਥੋਂ ਤੱਕ ਜ਼ੋਰ ਹੋ ਗਿਯਾ ਸੀ ਕਿ ਉਸ ਸਮੇਯ ਦਾ ਪਾਦਸ਼ਾਹਿ ਉਨ੍ਹਾਂ ਦਾ ਚੇਲਾ ਬਣ ਗਿਯਾ ਸੀ ਅਤੇ ਪੋਪ ਲੋਕ ਬੀ ਲੋਕਾਂ ਤੇ ਰੁਪਇਆ ਲੈ ਕਰਕੇ ਸੁਰਗ ਨੂੰ ਭੇਜਨ ਲਗ ਪਏ ਸਨ- ਤਦ ਲੂਥਰ ਜੋ ਇਕ ਗਰੀਬ ਆਦਮੀ ਦਾ ਪੁੱਤ੍ਰ ਥਾ ਉਸ ਨੇ ਇਸ ਬੁਰੀ ਰੀਤੀ ਦੇ ਦੂਰ ਕਰਨ ਲਈ ਉਦਮ ਕੀਤਾ ਅਤੇ ਨਗ੍ਰ ਨਗ੍ਰ ਵਿਚਿ ਭਰਮਕੇ ਆਪਣੇ ਵਿਖਯਾਨ ਦੇਣੇਂ ਅਰੰਭ ਕੀਤੇ ਜਿਨਾ ਨੂੰ ਸੁਣ ਕੇ ਪੋਪਾਂ ਨੈਂ ਰੂਮ ਦੇ ਪਾਦਸਾਹਿ ਦੀ ਸਰਨ ਲਈ ਅਤੇ ਲੂਥਰ ਨੂੰ ਕਾਫਿਰ ਆਖ ਕਰ ਕੇ ਬਾਦਸਾਹਿ ਨੂੰ ਉਸ ਦੇ ਉਲਟ ਕਰ ਦਿਤਾ- ਤਦ ਬਾਦਸਾਹਿ ਅਤੇ ਪੋਪਾਂ ਨੈਂ ਮਿਲ ਕਰਕੇ ਉਸ ਨੂੰ ਕੌਮ ਵਿਚੋਂ ਖਾਰਜ ਕਰਨ ਲਈ ਹੁਕਮਨਾਮੇ

ਜਾਰੀ ਕੀਤੇ ਅਤੇ ਸਾਰੇ ਮੁਲਕ ਵਿਚਿ ਦਸ੍ਖ ਕਰਾਉਣ ਨੂੰ ਪੋਪ ਗਏ। ਐਥੋਂ ਤਕ ਜੋ ਉਸ ਕੌਮ ਤੇ ਖਾਰਜ ਛੱਡ ਕਰਕੇ ਕਾਨੂੰਨ ਤੇ ਬੀ ਖਾਰਜ ਕੀਤਾ ਤੇ ਉਹ ਬਿਚਾਰਾ ਗਰੀਬ ਆਦਮੀ ਠੋਕਰਾ ਖਾਂਦਾ ਅਤੇ ਧੱਕੇ ਪਰ ਧੱਕਾ ਖਾਂਦਾ ਆਪਣੇ ਕੰਮ ਨੂੰ ਲਈ ਚਲਿਆ ਗਿਯਾ ਜਿਸ ਦਾ ਫਲ ਇਹ ਹੋਇਆ ਜੋ ਉਸ ਨੈਂ ਪੋਪਾਂ ਦੀ ਕਾਰਰਵਾਈ ਨੂੰ ਨਿਰਮੂਲ ਕੀਤਾ ਅਤੇ ਫਤੇ ਪਾਈਂ- ਮੁਲਕ ਨੂੰ ਪੋਪਾਂ ਦੇ ਫੰਧੇ ਤੇ ਛੁਡਾਇਆ।

ਇਧਰ ਖਾਲਸਾ ਕੌਮ ਦੀ ਉੱਨਤੀ ਦੇ ਰੋਕਨ ਲਈ ਕਾਜੀਆਂ ਨੇ ਔਰੰਗਜ਼ੇਬ ਨੂੰ ਨਾਲ ਲੈ ਕਰ ਕੇ ਕਤਲਆਤ ਦੇ ਫਤਵੇ ਦਿਤੇ ਸੌ ੨ ਅਤੇ ਪੰਜੀ ੨ ਰੁਪਏ ਨੂੰ ਸਿੱਖ ਦਾ ਸਿਰਿ ਵਿਕਿਆ- ਪਰ ਅੰਤ ਨੂੰ ਕਿਯਾ ਹੋਇਆ ਜੋ ਚੁਗੱਤਿਆਂ ਦੀ ਸਲਤਨਤ ਨੂੰ ਉਲਟਾ ਕਰਕੇ ਇਹਿ ਕੌਮ ਆਪਣੇ ਧਰਮ ਦੇ ਝੰਡੇ ਨੂੰ ਉੱਚਾ ਲੈ ਗਈ।

ਹੋਰ ਸਈਯਦ ਅਹਿਮਦ ਖਾਂ ਅਲੀਗੜ ਦੇ ਰਹਿਨੇਂ ਵਾਲੇ ਦਾ ਹਾਲ ਦੇਖੋ ਕਿ ਜਦ ਉਸ ਨੈਂ ਮੁਸਲਮਾਨ ਕੌਮ ਦੀ ਬੁਰਿਆਈ ਦੇ ਦੂਰ ਕਰਨ ਲਈ ਉਦਮ ਕੀਤਾ ਤਦ ਇਨਾਂ ਮੁਸਲਮਾਨਾਂ ਨੇ ਉਸ ਨੂੰ ਕਾਫਰ ਆਖਿਯਾ ਅਤੇ ਮੱਕੇ ਤੇ ਫਤਵੇ ਆ ਗਏ ਕਿ ਇਹ ਆਦਮੀ ਕਾਫਰ ਹੈ ਪਰ ਅੰਤ ਨੂੰ ਕਿਯਾ ਹੋਇਆ ਜੋ ਉਸ ਦੇ ਦੁਸਮਨ ਹੀ ਉਸ ਦੇ ਮਿਤ੍ਰ ਹੋਏ।

ਐ ਖਾਲਸਾ ਭਾਇਓ ਕਿਥੇ ਹਨ ਓਹ ਆਦਮੀ ਜੋ ਪਾਰਕਰ ਸਾਹਿਬ ਦੇ ਮੁਕਾਬਿਲੇ ਪਰ ਖੜੇ ਥੇ ਅਤੇ ਕਿਥੈ ਹੈ ਉਹ ਰੂਮ ਦਾ ਪਾਦਸਾਹਿ ਅਤੇ ਉਨ੍ਹਾਂ ਪੋਪਾਂ ਦੇ ਝੁੰਡ ਜੋ ਲੂਥਰ ਦੇ ਖਾਰਜ ਕਰਨੇ ਲਈ ਦਸ੍ਖ ਕਰਾਉਂਦੇ ਸੇ। ਕਿੱਥੇ ਹੈ ਓਹ ਉਰੰਗਜ਼ੇਬ ਅਤੇ ਖੁਲਿਆ ਤੰਬਿਆਂ ਵਾਲੇ ਕਾਜੀ ਜਿਨਾਂ ਨੈਂ ਤਲਵਾਰ ਦੇ ਜ਼ੋਰ ਨਾਲ ਫਤਵੇ ਦੇ ਕੇ ਦਬਾਉਣਾ ਚਾਹੁੰਦੇ ਸੇ- ਕਿਥੇ ਹਨ ਓਹ ਮੁਸਲਮਾਨ ਅਤੇ ਮੱਕੇ ਦੇ ਕਾਜ਼ੀ ਜਿਨਾਂ ਨੈ ਸੈਦ ਅਹਿਮਦ ਨੂੰ ਕਾਫਰੀ ਦਾ ਫਤਵਾ ਦਿਤਾ ਸੀ- ਕਿਤੇ ਨਹੀਂ-ਕਿਤੇ ਨਹੀਂ-ਤੇ ਉਨਾਂ ਬਹਾਦ੍ਰਾਂ ਦੇ ਕੰਮ ਹਮੇਸ਼ਾਂ ਤੱਕ ਰਹਿਨਗੇ ਅਤੇ ਹੁਣ ਹਨ।

ਇਸੀ ਪ੍ਰਕਾਰ ਇਹ ਖਾਲਸਾ ਕੌਮ ਜੋ ਇਕ ਹਜ਼ਾਰਾਂ ਦੁਖਾਂ ਰੂਪੀ ਬ੍ਰਿਛ ਦਾ ਅੰਮ੍ਰਿਤਿ ਰੂਪ ਫਲ ਹੈ ਇਸ ਨੂੰ ਸਾਡੇ ਗੁਰੂ ਮਹਾਰਾਜ ਜੀ ਨੇ ਖਾਲਸੇ ਦੀ ਬ੍ਰਿਧੀ ਲਈ ਉਤਪਤ ਕੀਤਾ ਸੀ ਪਰ ਕੇਹੀ ਅਫਸੋਸ ਦੀ ਗੱਲ ਹੈ ਜੋ ਸਾਡੀ ਕੌਮ ਦੇ ਖੁਦਗਰਜ਼ ਬੀ ਇਸ ਕੌਮ ਨੂੰ ਉਨਤੀ ਪਰ ਨਹੀਂ ਦੇਖ ਸਕਦੇ ਅਤੇ ਜੋ ਸਿੰਘ ਇਸ ਦੀ ਭਲਿਆਈ ਵਾਸਤੇ ਕੋਈ ਕੰਮ ਕਰਨਾ ਚਾਹੁੰਦਾ ਹੈ ਉਸ ਨੂੰ ਇਹ ਲੋਕ ਜੋ ਖੁਦਗਰਜ਼ ਹਨ ਨਿੰਦਕ ਅਤੇ ਨਾਸਕ ਆਖ ਕਰਕੇ ਲੋਕਾਂ ਵਿਚਿ ਉਸ ਨੂੰ ਬੁਰਾ ਭਲਾ ਆਖਦੇ ਹਨ- ਜੈਸਾ ਕਿ ਬਹੁਤ ਲੋਕ ਆਖਦੇ ਹਨ ਕਿ ਖਾਲਸਾ ਅਖਬਾਰ ਵਿਚ ਲਿਖਿਯਾ ਹੈ ਕਿ ਖਾਲਸਾ ਧਰਮ ਵਿੱਚ ਬੁਤ ਪ੍ਰਸਿਤ ਨਹੀਂ ਹੈ- ਦੇਖੋ ਗੁਰਦੁਵਾਰਿਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਨਨ ਨੂੰ ਬੁਤ ਪ੍ਰਸਿਤ ਆਖਦੇ ਹਨ ਧਰਮ ਦੀ ਗਿਲਾਨੀ ਹੋ ਰਹੀ ਹੈ ਇਸ ਵਾਸਤੇ ਲੋਕਾਂ ਦੇ ਚਿਤਾਂ ਨੂੰ ਭਰਮਾ ਰਹੇ ਹਨ।

ਐ ਖਾਲਸਾ ਭਾਈਓ ਅਜੇਹੇ ਧੋਖੇ ਦੇ ਕਰਕੇ ਸਿਧੇ ਸਾਦੇ ਸਿਖਾਂ ਨੂੰ ਭਰਮਾਉਨਾ ਚਾਹੁੰਦੇ ਹਨ। ਅਸੀਂ ਉਨਾਂ ਭਰਮਾਉਣ ਵਾਲੇ ਭਾਈਆਂ ਨੂੰ ਪੁਕਾਰ ਕੇ ਆਖਦੇ ਹਾਂ ਤੁਸੀਂ ਸਾਡੇ ਸਾਮਨੇ ਆਓ ਅਤੇ ਸਿਧਿ ਕਰੋ ਕਿ ਖਾਲਸਾ ਧਰਮ ਵਿਚਿ ਬੁਤ ਪ੍ਰਸਿਤ ਹੈ- ਅਰ ਜੇ ਤੁਸੀਂ ਸਿਧਿ ਕਰ ਦੇਵੋਗੇ ਤਦ ਅਸੀਂ ਆਪਨੀਆਂ ਪਗੜੀਆਂ ਅਤੇ ਹੱਥਾਂ ਪੈਰਾਂ ਵਿਚਿ ਬੀ ਬੁੱਤਾਂ ਨੂੰ ਗਹਿਣੇ ਦੀ ਜਗਹਿ ਰੱਖਾਂਗੇ ਅਤੇ ਆਪਣੀਆਂ ਇਸਤ੍ਰੀਆਂ ਦੇ ਗਲਾਂ ਵਿਚਿ ਬੀ ਬੁੱਤਾਂ ਨੂੰ ਮਾਲਾ ਯਾ ਨਾਮ ਦੀ ਥਾਇ ਪਾਵਾਂਗੇ ਬਲਕੇ ਅਸੀਂ ਸ਼ਹਿਰ ਛੱਡ ਕੇ ਪਹਾੜਾਂ ਵਿਚਿ ਚਲੇ ਜਾਵਾਂਗੇ- ਜਿਥੇ ਹੇਠ ਉਤੇ ਪਥਰਾਂ ਨੂੰ ਹੀ ਰੱਖ ਕੇ ਸਵਾਂ ਕਰਾਂਗੇ।

ਐ ਪੋਪੋ ਤੁਸੀਂ ਮਛਰ ਦੀ ਤਰਹਿ ਲੋਕਾਂ ਦੇ ਕੰਨਾਂ ਵਿਚਿ ਕਿਯਾ ਭਿਣ ਭਿਣ ਕਰਦੇ ਹੋ ਤੁਸੀਂ ਸਾਡੇ ਸਾਮਣੇ ਹੋਵੋ ਜਿਸ ਤੇ ਅਸੀਂ ਦੇਖੀਏ ਕਿ ਤੁਸੀਂ ਕਿਯਾ ਸਿਧਾਂਤ ਰਖਦੇ ਹੋ ਅਤੇ ਤੁਆਨੂੰ ਕਿਸ ਵਸਤ ਦਾ ਗਿਯਾਨ ਹੈ- ਐ ਮੱਛਰ ਰੂਪ ਪੋਪ ਲੀਲਾ ਹੁਣ ਤੂੰ ਸਤਿਗੁਰਾਂ ਦੇ ਉਪਦੇਸ਼ ਰੂਪੀ ਪ੍ਰਚੰਡ ਪੌਣ ਦੇ ਅੱਗੇ ਨਹੀਂ ਰਹੇਗੀ।

ਐ ਪੋਪ ਲੀਲਾ ਤੂੰ ਕਿਥੋਂ ਤੱਕ ਚਲੇਗੀ ਹੁਣ ਤੇਰੇ ਜਾਨ ਦੇ ਦਿਨ ਆ ਗਏ ਹਨ- ਐ ਭਾਈਓ ਤੁਸੀਂ ਜੋ ਧਰਮ ਦੀ ਗਿਲਾਨੀ ਧਰਮ ਦੀ ਗਿਲਾਨੀ ਕੂਕ ਰਹੇ ਹੋ ਸੋ ਨਾਮਾਲੂਮ ਉਹ ਕਿਸ ਤਰਹਿ ਦੀ ਗਿਲਾਨੀ ਹੈ- ਜੇਕਰ ਸਾਬਣ ਲਾਉਂਦਿਆਂ ੨ ਕੱਪੜਾ ਮੈਲਾ ਹੁੰਦਾ ਹੈ ਤਾਂ ਬੇ ਸ਼ਕ ਹੋਣ ਦੇਵੇ ਇਸੀ ਪ੍ਰਕਾਰ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਕਰਦਿਯਾਂ-੨ ਧਰਮ ਵਿਚਿ ਗਿਲਾਨੀ ਹੁੰਦੀ ਹੈ ਤਦ ਹੋਣ ਦਿਓ।

ਐ ਸਾਹਿਬੋ ਦੇਖੋ ਗੇਂਦ ਕਿਯਾ ਚੀਜ਼ ਹੈ ਜਿਸ ਨੂੰ ਆਦਮੀ ਇਕ ਹੱਥ ਵਿਚਿ ਲੈ ਕਰਕੇ ਉਛਾਲਦਾ ਜਾਂਦਾ ਹੈ ਜੋ ਆਦਮੀ ਦੇ ਅੱਗੇ ਕੁਛ ਵਸਤੂ ਨਹੀਂ ਹੈ- ਪਰ ਜਦ ਉਸ ਗੇਂਦ ਨੂੰ ਆਪਣੇਂ ਬਲ ਨਾਲ ਧਰਤੀ ਪਰ ਮਾਰਦਾ ਹੈ ਤਦ ਉਹੁ ਮਾਰਨ ਵਾਲੇ ਤੇ ਬੀ ਦੋ ਹੱਥ ਉੱਚੀ ਜਾਂਦੀ ਹੈ- ਇਸੀ ਪ੍ਰਕਾਰ ਭਾਵੇਂ ਅਸੀਂ ਲੋਕ ਉਨਾਂ ਲੋਕਾਂ ਦੇ ਮੁਕਾਬਿਲੇ ਪਰ ਜੋ ਸਾਥੋਂ ਉਲਟ ਹੋ ਕੇ ਕੌਮ ਨੂੰ ਗੁਲਾਮ ਬਣਾਉਨਾਂ ਚਾਹੁੰਦੇ ਹਨ ਕੁੱਛ ਚੀਜ਼ ਨਹੀਂ ਹਾਂ ਪਰ ਕਿਆ ਆਪ ਵਿਚਿ ਗੇਂਦ ਜਿਤਨਾ ਬੀ ਖਿਯਾਲ ਨਹੀਂ ਹੈ ਕਿ ਜਦ ਕੋਈ ਆਪ ਨੂੰ ਦੁੱਖ ਦੇਵੇਗਾ ਤਦ ਉਸੇ ਬੀ ਦੋ ਕਦਮ ਬਧੋਗੇ- ਬੇਸ਼ਕ ਬਧੋਗੇ- ਤੁਸੀਂ ਕਿਸੇ ਖੁਦਗਰਜ਼ੀ ਪਰ ਨਹੀਂ ਹੋ ਪ੍ਰੰਤੂ ਕੇਵਲ ਸੱਤਯ ਧਰਮ ਪਰ ਹੋ ਅਰ ਜੋ ਲੋਗ ਤੁਹਾਡੇ ਮੁਕਾਬਿਲੇ ਪਰ ਹਨ ਸੋ ਖੁਦ ਕਿਸੇ ਦਿਨ ਨੂੰ ਗੁਰਾਂ ਦੇ ਉਪਦੇਸ਼ ਨੂੰ ਸਮਝਨਗੇ ਤੇ ਤੁਆਨੂੰ ਪਿਯਾਰ ਕਰਨਗੇ ਅਰ ਜੋ ਲੋਗ ਆਪ ਨੂੰ ਬੁਤ ਪ੍ਰਸਿਤ ਦਾ ਤਰਜਮਾਂ ਗੁਰਦੁਵਾਰੇ ਅਤੇ ਤੁਖਤ ਕਰਕੇ ਸੁਣਾਉਂਦੇ ਹਨ ਉਹ ਆਦਮੀ ਯਾਂ ਤਾਂ ਵਿਦਯਾਹੀਣ ਹਨ ਯਾਂ ਆਪ ਨੂੰ ਧੋਖਾ ਦਿੰਦੇ ਹਨ ਕਿਉਂਕਿ ਅਸੀਂ ਆਪਣੇ ਖਾਲਸਾ ਅਖ਼ਬਾਰ ਵਿਚਿ ਕਈ ਵੇਰ ਛਾਪ ਚੁਕੇ ਹਾਂ ਕਿ ਗੁਰਦੁਵਾਰਿਆਂ ਦਾ ਸਨਮਾਨ ਕਰਨਾ ਬੁਤ ਪ੍ਰਸਿਤ ਨਹੀਂ ਹੈ ਕਿਉਂਕਿ ਬੁਤ ਪ੍ਰਸਿਤ ਉਹੁ ਹੁੰਦੀ ਹੈ ਜੋ ਕਿਸੇ ਜੜ ਅਲਪੱਗ ਪਦਾਰਥ ਨੂੰ ਪਰਮੇਸੁਰ ਮੰਨ ਕਰਕੇ

ਪੂਜਣਾ ਜੈਸਾ ਕਿ ਪੱਥਰ ਨੂੰ ਠਾਕਰ ਆਖਣਾ ਜਿਸ ਦਾ ਖੰਡਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਿ ਬੀ ਕੀਤਾ ਹੋਇਆ ਹੈ ਬੁਤ ਪ੍ਰਸਤੀ ਇਸ ਦਾ ਨਾਉਂ ਹੈ ਇਸੇ ਦੇ ਖਾਲਸਾ ਅਖਬਾਰ ਅਤੇ ਖਾਲਸਾ ਪੰਥ ਦੇ ਪ੍ਰੇਮੀ ਸਿੰਘ ਵਿਰੁੱਧ ਹਨ ਅਤੇ ਗੁਰਦੁਵਾਰੇ ਅਰਥਾਤ ਗੁਰਾਂ ਦੇ ਸਥਾਨ ਹਨ ਜਿਨਾਂ ਵਿਚਿ ਅਕਾਲ ਪੁਰਖ ਦੀ ਮਹਿੰਮਾ ਕਥਨ ਕੀਤੀ ਜਾਂਦੀ ਹੈ ਸੋ ਉਨਾਂ ਦਾ ਸਤਿਕਾਰ ਆਦਰ ਯਾ ਪ੍ਰਤਿਸਟਾ ਕਰਨੀ ਬੁਤ ਪ੍ਰਸਤੀ ਨਹੀਂ ਹੈ- ਬਲਕੇ ਮਹਾਤਮਾਂ ਪੁਰਖਾਂ ਦੇ ਸਥਾਨਾ ਦਾ ਸਨਮਾਨ ਕਰਨਾ ਅਸੀਂ ਆਪਣਾ ਭਾਰੀ ਧਰਮ ਸਮਝਦੇ ਹਾਂ- ਹਾਂ ਖਾਲਸਾ ਧਰਮ ਵਿਚਿ ਅਸੀਂ ਬੁਤ ਪ੍ਰਸਤੀ ਨੂੰ ਅੰਗੀਕਾਰ ਨਹੀਂ ਕਰਦੇ- ਜੇ ਕਿਸੇ ਭਾਈ ਵਿਚਿ ਇਹ ਹੌਸਲਾ ਹੈ ਕਿ ਮੈਂ ਖਾਲਸਾ ਧਰਮ ਵਿਚਿ ਬੁਤ ਪ੍ਰਸਤੀ ਸਾਬਤ ਕਰ ਸਕਦਾ ਹਾਂ ਤਦ ਸਾਮਨੇ ਆਏ ਅਤੇ ਸਿਧਿ ਕਰੇ ਜਿਸ ਨੂੰ ਅਸੀਂ ਦੇਖੀਏ ਕਿ ਉਹ ਕੌਣ ਬਹਾਦਰ ਹੈ।

ਐ ਭਾਈਓ ਪੜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਤੇ ਵਿਚਾਰੋ ਉਨਾਂ ਉਤਮ ਉਪਦੇਸਾਂ ਨੂੰ ਜੋ ਉਸ ਵਿਚ ਲਿਖੇ ਹਨ ਫੇਰ ਤੁਸੀਂ ਦੇਖੋਗੇ ਜੋ ਤੁਹਾਡੇ ਸਾਮਨੇ ਕੌਣ ਅੜ ਸਕਦਾ ਹੈ- ਅੰਤ ਨੂੰ ਮੇਰੀ ਇਹਿ ਪ੍ਰਾਰਥਨਾ ਹੈ ਕਿ ਆਪ ਚਲੋ ਉਸ ਰਸਤੇ ਪਰ ਜਿਸ ਪਰ ਸਾਨੂੰ ਸਾਡੇ ਗੁਰਾਂ ਨੇਂ ਚਲਾਇਆ ਹੈ ਅਤੇ ਕਰਨ ਦੇਵੋ ਆਪਨੀ ਮੁਖਾਲਫਤ ਉਨਾਂ ਲੋਕਾਂ ਨੂੰ ਜੋ ਆਪਦੇ ਉਲਟ ਹਨ- ਪਰੰਤੂ ਅਕਾਲ ਪੁਰਖ ਦੀ ਕ੍ਰਿਪਾ ਤੇ ਉਹ ਦਿਨ ਨੇੜੇ ਹੀ ਆਉਨ ਵਾਲਾ ਹੈ ਜਦ ਉਹ ਭਾਈ ਆਪੇ ਹੀ ਸਮਝ ਜਾਨਗੇ।

੫. ਸੱਚੀ ਸੂਰਬੀਰਤਾ(ਖ.ਅ.ਲ. ੧੮੯੭ ਈ:)

ਖਾਲਸਾ ਅਖ਼ਬਾਰ ਦਾ ਉਪਦੇਸ਼ ਕੌਮੀ ਬੁਰਿਆਈਆਂ ਦੇ ਦੂਰ ਕਰਨ ਲਈ ਹੈ ਹੋਰ ਕਿਸੇ ਮਾਨ ਵਡਿਆਈ ਯਾ ਲਾਲਚ ਪਰ ਇਸ ਦਾ ਨਿਰਭਰ ਨਹੀਂ ਹੈ ਭਾਵੇਂ ਇਸ ਦੇ ਉਪਦੇਸ਼ ਕਿਸੀ ਪ੍ਰਕਾਰ ਖਰਬੇ ਅਤੇ ਸਖਤ ਬੀ ਪ੍ਰੀਤ ਹੁੰਦੇ ਹਨ ਪਰ ਤਾਂ ਬੀ ਉਹ ਕਿਸੇ ਨਾ ਕਿਸੇ ਲਾਭ ਤੇ ਖਾਲੀ ਨਹੀਂ ਹਨ ਜਿਸ ਪ੍ਰਕਾਰ ਸਮੁੰਦਰ ਭਾਂਵੇ ਖਾਰਾ ਅਤੇ ਉਸ ਦਾ ਜਲ ਪਾਨ ਕਰਨੇ ਕਰਕੇ ਮਨੁੱਖ ਰੋਗੀ ਹੋ ਜਾਂਦਾ ਹੈ ਪਰ ਤਾਂ ਬੀ ਉਸ ਵਿਚੋਂ ਅਮੁਲ ਮੋਤੀਆਂ ਦੇ ਜੋੜੇ ਅਤੇ ਮੂੰਗਾ ਆਦਿਕ ਪਦਾਰਥ ਨਿਕਲਦੇ ਹਨ ਅਰ ਜਿਸ ਗੁਲਾਬ ਦੀ ਡਾਲੀ ਨੂੰ ਹਜਾਰਾਂ ਕੰਡਿਆਂ ਨਾਲ ਭਰੀ ਹੋਈ ਦੇਖੀਦਾ ਹੈ ਫੇਰ ਉਸੇ ਵਿਚੋਂ ਇਕ ਸੁੰਦਰ ਸੁਗੰਧੀ ਵਾਲਾ ਫੁੱਲ ਨਿਕਲਦਾ ਹੈ ਜਿਸ ਨੂੰ ਦੇਖ ਕਰਕੇ ਉਸਦੇ ਤੀਖਨ ਕੰਡੇ ਭੁਲ ਜਾਂਦੇ ਹਨ ਇਸੀ ਪ੍ਰਕਾਰ ਅਸੀਂ ਖਾਲਸਾ ਅਖ਼ਬਾਰ ਦੇ ਪ੍ਰੇਮੀਆਂ ਅੱਗੇ ਬੀ ਪ੍ਰਾਰਥਨਾ ਕਰਦੇ ਹਾਂ ਜੋ ਇਸ ਬਚਨ ਨੂੰ ਯਾਦ ਕਰਕੇ ਇਸ ਅਖਬਾਰ ਦੀ ਪ੍ਰਾਰਥਨਾ ਨੂੰ ਧਿਆਨ ਦੇ ਕੇ ਸੁਨਣ (ਹੇ ਗੁਣ ਔਗੁਣ ਸਭ ਵਿਖੇ ਇਨ ਬਿਨ ਜੰਤ ਨ ਕੋਇ ਮ੍ਰਿਗ ਸੁਗੰਧ ਸੁੱਦ੍ਰ ਕਵਲ ਪਰ ਕੰਟਕ ਭੀ ਹੋਇ।।)

ਸੂਰਬੀਰਤਾ ਇਕ ਅਜੇਹਾ ਗੁਣ ਹੈ ਜਿਸ ਨੂੰ ਸਾਰੇ ਦੇਹਿ ਧਾਰੀ ਚਾਹੁੰਦੇ ਹਨ ਅਤੇ ਇਸ ਤੇ ਮੁਲਕ ਅਤੇ ਕੌਮ ਦੀ ਰਖਿਆ ਹੋ ਸਕਦੀ ਹੈ- ਸੰਸਾਰ ਵਿਚਿ ਉਸ ਆਦਮੀ ਦਾ ਨਾਉਂ ਸੂਰਜ ਦੀ ਤਰਹਿ ਪ੍ਰਕਾਸ਼ਮਾਨ ਹੋ ਸਕਦਾ ਹੈ- ਤਾਰੀਖ ਵਿਚਿ ਯਾਦਗਾਰ ਸਦੀਆਂ ਤੱਕ ਰਹਿ ਸਕਦੀ ਹੈ ਅਜੇਹੇ ਉਤਮ ਗੁਣ ਨੂੰ ਕੌਣ ਪ੍ਰਾਣੀਮਾਨ ਹੈ ਜੋ ਨਹੀਂ ਚਾਹੁੰਦਾ ਅਰਥਾਤ ਸਭ ਚਾਹੁੰਦੇ ਹਨ।

ਪ੍ਰੰਤੂ ਹੁਣ ਸਾਨੂੰ ਸੋਚਣਾਂ ਚਾਹੀਦਾ ਹੈ ਕਿ ਸੱਚੀ ਸੂਰਬੀਰਤਾ ਕਿਯਾ ਹੈ ਜਿਸ ਨੂੰ ਪਾ ਕਰਕੇ ਆਦਮੀ ਸੂਰਬੀਰ ਅਖਾ ਸਕੇ ਸਾਡੇ ਖਿਆਲ ਵਿਚ ਤਾਂ ਲੜਾਈ ਵਿਚਿ ਜਾਕੇ ਵਡੇ ਵਡੇ ਸਤ੍ਰੂਆਂ ਦੇ ਸੀਸ ਤੋੜਨੇਂ ਤੇ ਉਨਹਾਂ ਦਾ ਪ੍ਰਾਜਯ ਕਰਨਾ ਕੋਈ ਸੂਰਬੀਰਤਾ ਨਹੀਂ ਹੈ- ਅਤੇ ਸਮੁੰਦ੍ਰਾਂ ਦੇ ਪਾਰ ਜਾ ਕੇ ਦੇਸ ਬਿਦੇਸ ਦਾ ਸੈਰ ਕਰਨਾਂ ਕੋਈ ਸੂਰਬੀਰਤਾ ਨਹੀਂ ਹੈ ਵਡੇ-੨ ਬਿਕਟ ਪਹਾੜਾਂ ਪਰ ਜਾ ਕਰਕੇ ਗਮਨ ਕਰਨਾ ਸੂਰਤਾ ਨਹੀਂ ਕਿਸੇ ਹਸਤੀ ਯਾ ਸ਼ੇਰ ਦਾ ਸਾਮਨਾਂ ਕਰਨਾਂ ਸੱਚੀ ਸੂਰਤਾ ਨਹੀਂ ਹੈ ਦੂਸਰੀ ਵਲ, ਜਪ, ਤਪ, ਸੰਜਮ, ਅਤੇ ਗਿਯਾਨ ਧਿਯਾਂਨ ਦਾ ਕਰਨਾਂ ਕੋਈ ਵੱਡੀ ਬਾਤ ਨਹੀਂ ਹੈ- ਪੰਜ ਅਗਣੀ ਤਾਪਣਾਂ ਯਾਂ ਜਲਾਂ ਵਿੱਚ ਖੜੇ ਹੋਣਾ ਸੂਰਬੀਰਤਾ ਨਹੀਂ ਹੈ ਪਰੰਤੂ ਇਸ ਚੰਚਲ ਮਨ ਦਾ ਜਿਤਨਾਂ ਯਾ ਇਸ ਨੂੰ ਆਪਣੇ ਵੱਸ ਵਿਚਿ ਕਰਨਾ ਏਹੋ ਸੱਚੀ ਸੂਰਬੀਰਤਾ ਹੈ ਜਿਸ ਮਨੁੱਖਯ ਨੇ ਇਸ ਦੁਸਮਨ ਨੂੰ ਫਤੇ ਕੀਤਾ ਉਸ ਨੇ ਸਭ ਸਤ੍ਰੂਆਂ ਨੂੰ ਫਤੇ ਕਰ ਲੀਤਾ ਹੈ ਤੇ ਜਿਸ ਨੇ ਇਸ ਨੂੰ ਆਪਣੇ ਵੱਸ ਨਹੀਂ ਕੀਤਾ ਉਸ ਨੇ ਸੰਸਾਰ ਵਿੱਚ ਆ ਕੇ ਇਕ ਕੀੜੀ ਨੂੰ ਆਪਣੇ ਅਧੀਨ ਨਹੀਂ ਕੀਤਾ ਜੈਸਾ ਕਿ ਭਰਥਰੀ ਜੀ ਲਿਖਦੇ ਹਨ (ਮਨਰਿਪ ਜੀਤਾ ਸਭਰਿਪ ਜੇ।। ਮਨਰਿਪ ਜੀਤਾ ਸਭਰਿਪ ਜੇ ।।) ਅਰਥਾਤ ਜਿਸਦਾ ਮਨ ਵੈਰੀ ਜੀਉਂਦਾ ਹੈ ਉਸ ਦੇ ਸਾਰੇ ਵੈਰੀ ਜੀਉਂਦੇ ਹਨ ਅਤੇ ਜਿਸ ਨੇ ਮਨ ਨੂੰ ਜਿੱਤਿਆ ਹੈ ਉਸ ਨੇ ਸਾਰੇ ਸੁਤ੍ਰੂ ਜਿਤੇ ਹਨ ਸਾਰੇ ਪ੍ਰਾਣੀ ਮਾਤ੍ਰ ਇਸ ਮਨ ਦੇ ਨਚਾਏ ਇਸ ਪ੍ਰਕਾਰ ਨੱਚ ਰਹੇ ਹਨ ਜਿਸ ਪ੍ਰਕਾਰ ਕਲੰਦ੍ਰ ਦਾ ਨਚਾਇਆ ਬਾਂਦਰ ਨਚਦਾ ਹੈ ਊਚ, ਨੀਚ, ਰਾਜਾ, ਕੰਗਾਲ, ਸਾਧੂ ਅਤੇ ਚੋਰ ਇਸ ਮਨ ਦੇ ਅਧੀਨ ਹੋ ਰਿਹਾ ਹੈ ਪਰ ਇਹਿ ਕਿਸੇ ਦੇ ਅਧੀਨ ਨਹੀਂ ਹੁੰਦਾ ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਿ ਭੀ ਇਸਦੀ ਬ੍ਰਿਥਾ ਦਾ ਕਥਨ ਹੈ (ਰਾਗ ਦੇਵ ਗੰਧਾਰੀ ਮਹੱਲਾ ੯ ਯਹ ਮਨੁ ਨੈਕ ਨ ਕਹਿਓ ਕਰੈ।। ਸੀਖ ਸਿਖਾਇ ਰਹਿਓ ਆਪਨੀ ਸੀ ਦੁਰਮਤਿ ਤੇ ਨ ਟਰੈ।।੧।। ਰਹਾਉ।। ਮਦ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹ ਉਚਰੈ।। ਕਰ ਪਰਪੰਚੁ ਜਗਤ ਕਉ ਡਹਕੈ ਆਪਨੋ ਉਦਰੁ ਭਰੈ ।।੧।। ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨਾ ਕਾਨ ਧਰੈ।। ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸੈ।।)

ਗੁਰੂ ਮਹਾਰਾਜ ਜੀ ਇਸ ਪਵਿਤ੍ਰ ਉਪਦੇਸਵੇ ਇਸ ਮਨ ਦੀ ਚੰਚਲਤਾ ਦਾ ਗਿਆਨ ਅੱਛੀ ਪ੍ਰਕਾਰ ਹੋ ਜਾਂਦਾ ਹੈ ਇਸ ਪਰ ਹੋਰ ਮਹਾਤਮਾ ਜਨਾ ਦੇ ਭੀ ਬਹੁਤ ਵਾਕ ਹਨ ਜੈਸਾ ਕਿ ਇਕ ਪੁਸਤਕ ਵਿਚਿ ਲਿਖਿਆ ਹੈ ਦੋਹਰਾ। ਚਲ ਦਲ ਪਤ੍ਰ ਪਤਾਕ ਪਟ ਦਾਮਨ ਕਛੱਪ ਮਾਥ

।। ਭੂਤ ਦੀਪ ਦੀਪਕ ਸਿਖਾਯੋ ਮਨ ਬੀਤ ਅਨਾਥ।। ਅਰਥਾਤ ਕਿ ਮੇਰਾ ਮਨ ਇਸ ਪ੍ਰਕਾਰ ਚੰਚਲ ਹੈ ਜਿਸ ਪ੍ਰਕਾਰ ਪਾਦਿਸਾਹਿ ਦੀ ਸੈਨਾ ਪਿਪਲ ਦੇ ਪੱਤ੍ਰ ਝੰਡੇ ਦਾ ਫੱਰਰਾ ਬਦਲ ਵਿਚਿ ਬਿਜਲੀ-ਕੱਛੂ ਦਾ ਸਿਰਿ-ਭੂਤਾਂ ਦੀ ਅੱਗ ਅਤੇ ਦੀਪਕ ਦੀ ਸਿਖਾ ਇਸ ਕਥਨ ਤੇ ਬੀ ਮਨ ਦੀ ਚੰਚਲਤਾ ਅਤੇ ਸਵਾਧੀਨਤਾ ਸਿਧਿ ਹੁੰਦੀ ਹੈ। ਏਸੇ ਲਈ ਇਸ ਦੇ ਜਿਤਣ ਲਈ ਮਹਾਤਮਾ ਜਨਾਂ ਨੇ ਨਾ ਨਾ ਪ੍ਰਕਾਰ ਦੇ ਉਪਾਇ ਸੋਚੇ ਹਨ ਜੈਸਾ ਕਿ ਜੋਗੀ ਜਨਾਂ ਨੈ ਪ੍ਰਾਣਾਂ ਦੇ ਰੋਕਨੇ ਤੇ ਹੀ ਮਨ ਦਾ ਰੋਕਣਾਂ ਅੰਗੀਕਾਰ ਕੀਤਾ ਹੈ। ਇਸ ਲਈ ਪ੍ਰਾਣਾਯਾਮ ਕਰਕੇ ਦੇਹ ਨੂੰ ਨਾ ਨਾ ਪ੍ਰਕਾਰ ਦੇ ਦੁੱਖ ਦਿੰਦੇ ਹਨ ਅਤੇ ਕਿਤਨੇ ਮਹਾਤਮਾ ਈਸਵਰ ਉਪਾਸਨਾਂ ਵਿਚਿ ਲਗਾਉਣੇਂ ਤੇ ਹੀ ਇਸ ਦਾ ਪ੍ਰਾਜੈ ਸਮਝਦੇ ਹਨ- ਪ੍ਰੰਤੂ ਇਹ ਮਨ ਇਜੇਹਾ ਡਾਢਾ ਹੈ ਜੋ ਕਿਸੀ ਪ੍ਰਕਾਰ ਬੀ ਕਾਬੂ ਵਿਚਿ ਨਹੀਂ ਆਉਂਦਾ ਪਰੰਤੂ ਜਿਨਾਂ ਮਹਾਤਮਾ ਜਨਾਂ ਪਰ ਪ੍ਰਮੇਸਵਰ ਦੀ ਕਿਰਪਾ ਹੋਵੇ ਉਨਾਂ ਦੇ ਇਹਿ ਮਨ ਬੀ ਵੱਸ ਆਉਂਦਾ ਹੈ ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਿ ਕਥਨ ਹੈ (ਮਨ ਵਸ ਆਵੇ ਨਾਨਕਾ ਜਾਂ ਪੂਰਣ ਕਿਰਪਾ ਹੋਇ) ਹੇ ਮਹਾਤਮਾਂ ਜਨੋ ਆਪ ਦਾ ਮੁਖ ਪੁਰਖਾਰਥ ਏਹੋ ਹੈ ਜੋ ਇਸ ਮਨ ਦੇ ਮਗਰ ਨਾਂ ਲੱਗੋ ਇਸ ਨੂੰ ਆਪਣੇ ਮਗਰ ਲਾਓ ਜਦ ਤੁਹਾਨੂੰ ਇਹਿ ਕਿਸੇ ਬੁਰਿਆਈ ਵੱਲ ਪ੍ਰੇਰੇ ਤਦ ਤੁਸੀਂ ਉਸ ਦੇ ਫਲ ਨੂੰ ਚਿੰਤਨ ਕਰੋ ਜਿਸ ਕਾਰਜ ਦਾ ਫਲ ਕਰੂਰ ਦੇਖੋ ਉਸੀ ਸਮਯੇ ਉਸ ਦੇ ਸੰਕਲਪ ਨੂੰ ਦੂਰ ਕਰ ਦੇਵੋ ਜਦ ਸੰਕਲਪ ਦੂਰ ਹੋਇਆ ਤਦ ਮਨ ਦਾ ਬੀ ਨਿਰਾਦਰ ਹੋ ਜਾਵੇਗਾ- ਕਿਉਂਕਿ ਸੰਕਲਪ ਬ੍ਰਿਤੀ ਦਾ ਨਾਉਂ ਹੀ ਮਨ ਹੈ- ਇਸ ਅਮੋੜ ਬੈਲ ਦੇ ਮੋੜਨ ਲਈ ਸਤਿ ਪੁਰਖਾਂ ਦੇ ਬਚਨ ਰੂਪੀ ਡੰਡਾ ਹੱਥ ਰੱਖੋ ਜਿਸ ਦੇ ਭੈ ਕਰਕੇ ਇਹਿ ਤੁਹਾਡੇ ਅਧੀਨ ਰਹੇ- ਜੈਸਾ ਕਿ ਸ੍ਰੀ ਨੌਮੀ ਪਾਤਿਸ਼ਾਹੀ ਜੀ ਦਾ ਵਾਕ ਹੈ (ਮਨ ਲੋਚੇ ਬੁਰਿਆਈਆਂ ਗੁਰੁ ਸਬਦੀ ਏਹ ਮਨ ਹੋੜੀਐ) ਇਸ ਦੇ ਰੋਕਨ ਲਈ ਕਿਸੇ ਹੋਰ ਸਾਧਨ ਦੀ ਲੋੜ ਨਹੀਂ ਹੈ ਕਿਉਂਕਿ ਅੱਖੀਆਂ ਮੀਟਣੀਆਂ ਅਤੇ ਸਿਰਾਂ ਵਿਚਿ ਸੁਆਹਿ ਪਾਉਣੀ ਆਦਿਕ ਜੋ ਬਾਹਰਲੇ ਕਰਮ ਹਨ ਇਨਾ ਦੇ ਅੰਦਰ ਜੋ ਮਨ ਹੈ ਉਸ ਨੂੰ ਕੋਈ ਦੁੱਖ ਨਹੀਂ ਪਹੁੰਚਦਾ- ਜੈਸਾ ਕਿ ਸ੍ਰੀ ਗੁਰੂ ਮਹਾਰਾਜ ਜੀ ਦਾ ਕਥਨ ਹੈ (ਬਰਮੀ ਮਾਰੇ ਸਾਪ ਨ ਮਰੇ) ਇਸ ਤੇ ਸਿਧਿ ਹੋਇਆ ਜੋ ਮਨ ਦੇ ਮਾਰਨ ਦਾ ਸਾਧਨ ਸਤੱਯ ਪੁਰਖਾਂ ਦੇ ਉਪਦੇਸ਼ ਹੀ ਉੱਤਮ ਸਾਧਨ ਹੈ।

੬. ਸੁਰ ਅਤੇ ਅਸੁਰ ਦਾ ਜੰਗ (ਖ.ਅ.ਲ.੧੯੯੭ ਈ:)

ਪੁਰਾਣਾਂ ਦੇ ਪੜਨੇਂ ਤੇ ਇਸ ਪਰਸੰਗ ਦਾ ਚੰਗੀ ਤਰਹਿ ਪਤਾ ਲੱਗ ਜਾਂਦਾ ਹੈ ਕਿ ਸੁਰ ਅਤੇ ਅਸੁਰ ਦਾ ਜੰਗ ਕਿਸ ਪ੍ਰਕਾਰ ਹੁੰਦਾ ਹੈ-ਪ੍ਰੰਤੂ ਉਸਦਾ ਸੰਖੇਪ ਮਾਤ੍ਰ ਅਸੀਂ ਦ੍ਰਿਸਟਾਂਤ ਦੇ ਢੰਗ ਪਰ ਏਥੇ ਲਿਖਦੇ ਹਾਂ- ਸੁਰ ਨਾਮ ਦੇਵਤਿਆਂ ਦਾ ਹੈ- ਅਤੇ ਅਸੁਰ ਨਾਮ ਰਾਖਸ਼ਾਂ ਦਾ ਹੈ ਇਨਾਂ ਦੋਨਾਂ ਦਾ ਆਪਸ ਵਿਚਿ ਉਲਟ ਸੁਭਾਵ ਹੈ। ਏਸੇ ਲਈ ਇਨਾਂ ਦਾ ਸਦਾ ਹੀ ਜੰਗ ਹੁੰਦਾ

ਰਹਿੰਦਾ ਹੈ ਇਸ ਜੰਗ ਵਿਚਿ ਕਈ ਬਾਰ ਰਾਕਸ਼ਾਂ ਨੇ ਦੇਵਤਿਆਂ ਨੂੰ ਲੱਤਾਂ ਦੀ ਮਾਰ ਕੀਤੀ ਅਤੇ ਉਨਾਂ ਦੇ ਤਖਤ ਖੋਹ ਲੀਤੇ ਉਨਾਂ ਦੇ ਰਹਿਣੇ ਦੇ ਮੰਦ੍ਰਾਂ ਵਿਚੋਂ ਉਨਾਂ ਨੂੰ ਕੱਢ ਦਿਤਾ- ਅਰ ਉਨਾਂ ਦੇ ਬਿਵਾਨ ਖੋਹ ਲੀਤੇ ਉਨਾਂ ਦੀਯਾਂ ਸੁੰਦ੍ਰ ਅਤੇ ਪਿਯਾਰੀ ਇਸਤ੍ਰੀਆਂ ਨੂੰ ਆਪਣੇ ਅਧੀਨ ਕਰ ਲੀਤਾ ਉਨਾਂ ਦੇ ਦੁੱਖ ਤੇ ਦੁਖੀ ਹੋਏ ਹੋਏ ਦੇਵਤੇ ਬ੍ਰਿਲਾਪ ਕਰਦੇ ਇਧਰ ਉਧਰ ਭਟਕਦੇ ਫਿਰੇ ਅਰ ਹਜ਼ਾਰਾਂ ਕਲੇਸ਼ ਸਹਾਰਦੇ ਰਹੇ- ਅਰ ਕਦੇ ਫੇਰ ਉਨਾਂ ਨੈਂ ਬਿਸਨ ਆਦਿਕਾਂ ਦੀ ਸਹਾਇਤਾ ਲੈ ਕਰਕੇ ਉਨਾਂ ਦੇ ਨਾਲ ਮੁੜ ਜੰਗ ਕੀਤੇ ਜਿਨਾਂ ਨੂੰ ਵੱਡੇ ਬਲ ਨਾਲ ਜਿਤ ਕਰਕੇ ਆਪਣੇ ਘਰ ਬਾਰ ਅਤੇ ਇਸਤ੍ਰੀਆਂ ਪੁੱਤ੍ਰ, ਆਦਿਕ ਵਿਭੂਤੀ ਨੂੰ ਉਨਾਂ ਤੇ ਫੇਰ ਮੋੜ ਲੀਤਾ ਅਤੇ ਅਟੰਕ ਰਾਜ ਕਰਨ ਲੱਗੇ ਇਸ ਜੰਗ ਦੇ ਪੜਨੇ ਤੇ ਅੰਤ ਨੂੰ ਏਹੋ ਸਿਧਿ ਹੁੰਦਾ ਹੈ ਕਿ ਓੜਕ ਨੂੰ ਦੇਵਤੇ ਹੀ ਫਤੇ ਪਾਉਂਦੇ ਹਨ ਅਤੇ ਰਾਕਸ਼ ਹਾਰ ਜਾਂਦੇ ਹਨ।

ਇਸ ਦ੍ਰਿਸਟਾਂਤ ਤੇ ਸਾਨੂੰ ਇਤਨਾ ਲਾਭ ਹੁੰਦਾ ਹੈ ਕਿ ਦੇਵਤੇ ਹੋਰ ਕੋਈ ਨਹੀਂ ਕੇਵਲ ਸਤਵ੍ਰਾਦੀ ਮਹਾਤਮਾਂ ਪੁਰਖ ਹੀ ਦੇਵਤੇ ਹਨ- ਅਰ ਰਾਕਸ਼ ਹੋਰ ਕੋਈ ਨਹੀਂ ਹਨ ਕੇਵਲ ਦੁਰਾਚਾਰੀ ਸੰਸਾਰਕ ਸੁਖਾਂ ਦੇ ਭੁੱਖੇ ਮਾਨ ਮਦ ਰੂਪੀ ਪ੍ਰੇਤ ਦੇ ਗ੍ਰਸੇ ਹੋਏ ਆਦਮੀ ਹਨ ਸੋ ਇਨਾਂ ਦਾ ਸਦਾ ਹੀ ਜੰਗ ਹੁੰਦਾ ਰਹਿੰਦਾ ਹੈ। ਪੁਰਾਣੇ ਪੁਸਤਕਾਂ ਦੇ ਪੜਨੇ ਤੇ ਪ੍ਰਤੀਤ ਹੋ ਜਾਂਦਾ ਹੈ ਕਿ ਇਨਾਂ ਸੰਸਾਰ ਦੇ ਪਦਾਰਥਾਂ ਦੇ ਲੋਭੀਆਂ ਦੇ ਹੱਥੋਂ ਕਿਤਨੇਂ ਕਿ ਸਤਵਾਦੀ ਧਰਮਾਤਮਾਂ ਲੋਗ ਦੁਖਾਏ ਗਏ ਹਨ ਅਤੇ ਉਨਾਂ ਦੇ ਕੀ ਕੀ ਹਾਲ ਹੋਏ ਹਨ- ਕਿਯਾ ਮਾਇਆ ਦੇ ਲੋਭੀ ਦੁਰਜੋਧਨ ਦੇ ਹੱਥੋਂ- ਧਰਮਪੁਤ੍ਰ ਰਾਜਾ ਯੁਧਿਸਟਰ ਨੂੰ ਕੋਈ ਥੋੜਾ ਦੁੱਖ ਮਿਲਿਆ ਸੀ ਜਿਸ ਦਾ ਰਾਜ ਭਾਗ ਖੋਹ ਕਰਕੇ ਬਾਰਾਂ ਬਰਸਾਂ ਦਾ ਬਨੂੰਬਾਸ ਦਿਤਾ ਅਤੇ ਉਸ ਦੀ ਸੀਲਵੰਤੀ ਇਸਤ੍ਰੀ ਦ੍ਰੋਪਤੀ ਨੂੰ ਦੁਸਾਸਨ ਨੇ ਦੁਸ਼ਟ ਦੇ ਹੱਥੋਂ ਕੇਸਾਂ ਤੇ ਪਕੜ ਕੇ ਸਭਾ ਵਿਚਿ ਖੜੀ ਕੀਤਾ ਅਤੇ ਉਸ ਦੇ ਬਸਤ੍ਰ ਲਾਹ ਕੇ ਨੰਗੀ ਕਰਨਾ ਚਾਹਿਆ- ਕਿਯਾ ਇਹਿ ਕਥਾ ਜਦ ਉਸ ਸਮੇਯ ਨੂੰ ਨੇਤ੍ਰਾਂ ਅੱਗੇ ਰੱਖ ਕੇ ਦੇਖੀਏ ਤਦ ਰੋਮ ਨਹੀਂ ਕੰਬਦੇ-ਬੇਸ਼ੱਕ ਨੇਤ੍ਰ ਜਲ ਨਾਲ ਭਰ ਆਉਂਦੇ ਹਨ- ਪਰ ਇਨਾਂ ਸਾਰੇ ਦੁਖਾਂ ਦੇ ਸਹਾਰਨ ਦਾ ਅੰਤ ਨੂੰ ਕੀ ਫਲ ਹੋਇਆ ਜੋ ਪਾਂਡਵਾਂ ਅਤੇ ਦ੍ਰੋਪਤੀ ਨੂੰ ਲੋਕ ਅੱਜ ਕੱਲ ਅੱਛੇ ਨਾਮ ਨਾਲ ਯਾਦ ਕਰਦੇ ਹਨ ਅਤੇ ਦੁਰਜੋਧਨ ਨੂੰ ਦੁਸ਼ਟ ਅਤੇ ਨੀਚ ਕਰਕੇ ਪੁਕਾਰਦੇ ਹਨ।

ਹੋਰ ਪਹਿਲਾਦ ਭਗਤ ਨਾਲ ਜੋ ਉਸ ਦੇ ਪਿਤਾ ਨੇ ਦੁਰਾਚਾਰ ਕਰਮ ਕੀਤੇ ਉਹ ਹਿੰਦੁਸਤਾਨ ਦੇ ਇਸਤ੍ਰੀ ਪੁਰਖ ਸਭ ਜਾਣਦੇ ਹਨ ਫੇਰ ਇਸ ਦਾ ਫਲ ਭੀ ਏਹੋ ਹੋਇਆ ਜੋ ਉਸ ਬਾਲਕ ਨੂੰ ਭਗਤ ਅਤੇ ਉਸ ਦੇ ਪਿਤਾ ਨੂੰ ਹਰਨਾਂਕਸ ਕਰਕੇ ਪੁਕਾਰਦੇ ਹਨ।

ਮਥੁਰਾ ਦੇ ਕੰਸ ਰਾਜਾ ਨੈਂ ਸ੍ਰੀ ਕ੍ਰਿਸ਼ਨ ਮਹਾਰਾਜ ਨੂੰ ਮਾਰਨ ਲਈ ਕਿਤਨੇ ਕਿ ਉਪਾਇ ਕੀਤੇ ਅਰ ਤਨ ਮਨ ਅਤੇ ਧਨ ਤੇ ਉਨਾਂ ਦਾ ਨਾਸ ਕਰਨਾ ਚਾਹਿਆ ਪਰ ਅੰਤ ਨੂੰ ਕਿਯਾ ਹੋਇਆ ਜੋ ਕੰਸ ਨੂੰ ਰਾਕਸ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਅਵਿਤਾਰ ਦਾ ਖਿਤਾਬ ਪ੍ਰਾਪਤ ਹੋਇਆ-

ਇਸੀ ਪ੍ਰਕਾਰ ਜਦ ਮਨਸੂਰ ਨੂੰ ਜਿਸ ਪਾਦਿਸਾਹ ਨੈਂ ਸੂਲੀ ਦਿਤਾ ਸੀ ਉਸ ਦਾ ਅਜ ਕੋਈ ਨਾਮ ਬੀ ਨਹੀ ਜਾਨਦਾ ਕਿ ਉਹੁ ਕੌਣ ਸੀ ਪਰ ਮਨਸੂਰ ਨੂੰ ਬਾਲ ਅਤੇ ਬ੍ਰਿਧ ਸਭ ਜਾਣਦੇ ਹਨ ਬਲਕੇ ਹਠ ਅਤੇ ਸਿਦਕ ਵਿਚਿ ਉਸ ਦੇ ਨਾਮ ਦਾ ਆਸਰਾ ਲੈਂਦੇ ਹਨ।

ਉਸੀ ਪ੍ਰਕਾਰ ਸੰਮਸ ਤਬਰੇਜ਼ ਦੀ ਖੱਲ ਲਹਾਉਣੇਂ ਵਾਲੇ ਦਾ ਨਾਉਂ ਕੋਈ ਨਹੀਂ ਜਾਨਦਾ ਅਰ ਉਸ ਗਰੀਬ ਫਕੀਰ ਨੂੰ ਸਭ ਕੋਈ ਜਾਣਦਾ ਹੈ।

ਇਸੀ ਪ੍ਰਕਾਰ ਜਿਸ ਸੂਬੇ ਨੇ ਸ੍ਰੀ ਗੁਰੂ ਦਸਮੇਂ ਪਾਤਿਸਾਹਿ ਜੀ ਦੇ ਸਾਹਿਬਜ਼ਾਦੇ ਬੇ ਤਰਸੀ ਨਾਲ ਆਪਣੇ ਸਾਮਣੇਂ ਨੀਹਾਂ ਹੇਠਾਂ ਦਿਤੇ ਸੇ ਉਸ ਦਾ ਨਾਮ ਪੁਛੋ ਤਾਂ ਕੋਈ ਨਹੀਂ ਦਸੇ ਗਾ ਪਰ ਉਨਾਂ ਸਾਹਿਬਜ਼ਾਦਿਆਂ ਦੀ ਕਥਾ ਪੁਛੋ ਤਾਂ ਬੱਚੇ ਭੀ ਦਿਲੋਂ ਹਾਹ ਭਰਕੇ ਸੁਣਾ ਦੇਣਗੇ -ਹੋਰ ਹਕੀਕਤ ਰਾਇ ਜੋ ਇਕ ਬਾਰਾਂ ਬਰਸ ਦਾ ਬੱਚਾ ਕਾਜ਼ੀ ਦੇ ਫਤਵਾ ਦੇਣ ਪਰ ਸੂਬੇ ਨੈਂ ਲਾਹੌਰ ਵਿਚਿ ਕਤਲ ਕੀਤਾ ਸੀ ਉਸ ਬਾਲਕ ਦੀ ਸਮਾਧ ਪਰ ਮੇਲਾ ਭਰਦਾ ਹੈ ਅਤੇ ਉਸ ਕਾਜ਼ੀ ਅਤੇ ਸੂਬੇ ਦੀ ਕਬਰ ਦਾ ਕਿਤੇ ਨਾਮ ਨਿਸ਼ਾਨ ਭੀ ਨਹੀਂ ਹੈ। ਅਜੇਹੇ ਦ੍ਰਿਸ਼ਟਾਂਤ ਇਕ ਯਾ ਦੋ ਨਹੀਂ ਹਨ ਪ੍ਰੰਤੂ ਇਨਾਂ ਦ੍ਰਿਸ਼ਟਾਂਤਾ ਦੀ ਸ੍ਰਿਸ਼ਟੀ ਰੂਪੀ ਪੁਸਤਕ ਲਿਖੀ ਪਈ ਹੈ ਜਿਸ ਵਿਚੋਂ ਕੁਛ ਕੁਛ ਲੈ ਕਰਕੇ ਮਹਾਤਮਾ ਲੋਕਾਂ ਨੇ ਕਾਗਦਾਂ ਪਰ ਸਿਯਾਹੀ ਨਾਲ ਲਿਖੇ ਹਨ ਅਤੇ ਇਸੇ ਦਾ ਨਾਮ ਸੁਰ ਅਤੇ ਅਸੁਰ ਦਾ ਜੰਗ ਹੈ।

ਐ ਮਹਾਤਮਾ ਜਨੋ ਆਪ ਨੂੰ ਬੀ ਚਾਹੀਦਾ ਹੈ ਜੋ ਇਸ ਜੰਗ ਲਈ ਸਦਾ ਹੀ ਤਿਯਾਰ ਰਹੋ।ਇਹ ਉਹੁ ਜੰਗ ਨਹੀਂ ਹੈ ਜੋ ਦਸ ਯਾਂ ਬੀਸ ਰੁਪਏ ਦੇ ਲਾਲਚ ਪਿੱਛੇ ਨ੍ਰਿਪ ਪਸੂ ਹੋ ਕੇ ਕਿਸੇ ਰਾਜਾ ਅੱਗੇ ਜਾਕੇ ਜਾਨ ਦੇਣੀ-ਪ੍ਰੰਤੂ ਇਹ ਉਹੁ ਜੰਗ ਹੈ ਜੋ ਅਕਾਲਪੁਰਖ ਦੇ ਰਾਜ ਦੇ ਸਿਧਿ ਕਰਨ ਲਈ ਖੋਟੇ ਭਾਵ ਅਤੇ ਕੁਬਾਸਨਾਂ ਨਾਲ ਲੜਨਾ ਹੈ- ਜਿਨਾਂ ਦੇ ਮਾਰਨ ਲਈ ਸਤ ਸੰਤੋਖ ਧੀਰਜ ਖਿਮਾਂ ਅਤੇ ਸਹਿਨਸੀਲਤਾ ਦੇ ਸਸਤਰ ਪਹਿਨਨੇਂ ਪੈਂਦੇ ਹਨ ਅਰ ਕਾਮ, ਕ੍ਰੋਧ, ਲੋਭ ਮੋਹ, ਹੰਕਾਰ ਦਾ ਸਾਮਨਾ ਕਰਨਾਂ ਪੈਂਦਾ ਹੈ। ਇਨਾਂ ਦੁਸਟਾਂ ਦੇ ਨਾਲ ਜੰਗ ਕਰਨਾ ਕੋਈ ਹਾਸੀ ਖੇਲ ਨਹੀਂ ਹੈ ਇਸ ਲਈ ਆਪ ਨੂੰ ਇਸ ਜੰਗ ਦੀ ਖਾਤ੍ਰ ਵੱਡੀ ਭਾਰੀ ਤਿਯਾਰੀ ਕਰਨੀ ਪਵੇਗੀ ਕਈ ਦੁਖਾਂ ਦੇ ਪਹਾੜਾਂ ਨਾਲ ਆਪਦਾ ਸਾਮਨਾ ਹੋਵੇਗਾ ਜਿਨਾਂ ਨੂੰ ਆਪਨੈ ਨੈਪੋਲੀਅਨ ਬੂਨਾਪਾਰਟ ਦੀ ਤਰਹਿ ਉਡਾਵਨਾ ਹੋਵੇਗਾ ਅਰ ਕਿਤਨੇ ਸੋਕ ਰੂਪੀ ਦੁਸਤਰ ਦਰਯਾਓ ਆਪਦੇ ਡੋਬਣ ਲਈ ਠਾਠਾਂ ਮਾਰਨਗੇ ਜਿਨਾਂ ਨੂੰ ਅਕਾਲ ਪੁਰਖ ਦੀ ਸੱਚੀ ਪ੍ਰੀਤੀ ਰੂਪੀ ਬੇੜੀ ਪਰ ਚੜ੍ਹਕੇ ਆਪ ਨੂੰ ਪਾਰ ਹੋਣਾਂ ਪਵੇਗਾ-ਅਰ ਕਈ ਬਰਾਦਰੀ ਯਾ ਕੁਟੰਬ ਦੀ ਬੁਰੀ ਕੁਰੀਤੀਆਂ ਦਾ ਜੰਗਲ ਆਪਦੇ ਸਨਮੁੱਖ ਕਾਲੀ ਘਟਾ ਵਾਂਗ ਦਖਾਈ ਦੇਵੇਗਾ ਜਿਸ ਨੂੰ ਗੁਰਾਂ ਦੇ ਉਪਦੇਸ਼ ਰੂਪੀ ਕੁਹਾੜੀਆਂ ਨਾਲ ਕੱਟਣਾ ਹੋਵੇਗਾ-ਐ ਖਾਲਸਾ ਪੰਥ ਦੇ ਸੱਚੇ ਪ੍ਰੇਮੀਓ ਉਸ ਦਿਨ ਆਪ ਸੱਚੇ ਸਿੰਘ ਹੋਵੇਗੇ ਜਿਸ ਦਿਨ ਇਸ ਸੂਰਬੀਰਤਾ ਨੂੰ ਧਾਰਨ ਕਰੋਗੇ ਅਤੇ ਇਨਾਂ ਦੁਖਾਂ ਨੂੰ ਰਾਜਨੀਤੀ ਦੇ ਇਸ ਬਚਨਾਨੁਸਾਰ ਸਿਰ ਪਰ ਝਲੋਂਗੇ।। ਸਵੈਯਾ।। (ਕਰਕੇ ਪਰਹਾਰ ਭਏ ਜਿੰਮ ਕੁੰਦਕ

ਭੂਮ ਗਿਰੇ ਫਿਰ ਊਰਧ ਹੋਈ ।। ਬਿਤ ਔ ਬ੍ਰਿਤਿ ਉਤਮ ਸੰਤਨ ਕੀ ਪਰ ਹੋਵਹ ਨਾਸ ਜਬੈ ਯਹ ਦੋਈ।। ਅਪਦਾ ਅਤਿ ਪ੍ਰਾਪਤ ਹੋਹ ਜਬੈ ਨਹਿ ਤਦੱਪ ਬਿਯਾਕੁਲ ਹੋਵਤ ਸੋਈ।। ਸਮ ਮੇਰ ਰਹੇ ਬ੍ਰਿਤ ਸੰਤ ਸਦਾ ਆਪਦਾ ਸਭ ਗੇਂਦ ਸਮਾਨ ਸਜੋਈ) ਇਸ ਬਚਨ ਦਾ ਏਹੋ ਭਾਵ ਹੈ ਕਿ ਮਹਾਤਮਾਂ ਲੋਕਾਂ ਦੀ ਭਾਵੇਂ ਸਰਬੰਸ ਭੀ ਨਸਟ ਕਿਉਂ ਨਾ ਹੋ ਜਾਵੇ ਪਰ ਤਾਂ ਬੀ ਉਹੁ ਸਮੇਰ ਦੇ ਸਮਾਨ ਅਚਲ ਰਹਿੰਦੇ ਹਨ ਆਪਣੇਂ ਚਿਤ ਦੀ ਧੀਰਜ ਨੂੰ ਦੂਰ ਨਹੀਂ ਕਰਦੇ ਕਿਉਂਕਿ ਉਹ ਜਾਣਦੇ ਹਨ ਕਿ ਸੰਸਾਰ ਵਿੱਚ ਉਹੁ ਕੋਈ ਪ੍ਰਾਣੀ ਨਹੀਂ ਹੈ ਜਿਸ ਨੇ ਸੰਸਾਰ ਵਿਚਿ ਆਕੇ ਦੁੱਖ ਰੂਪੀ ਬ੍ਰਿਖ ਦੀ ਛਾਯਾ ਨਹੀਂ ਡਿਠੀ ਜੈਸਾ ਕਿ ਭਾਵਰਸਾਸਤ ਵਿਚਿ ਕਥਨ ਕੀਤਾ ਹੈ- ਸਵੈਯਾ (ਜਿਹਿ ਨਾਮ ਲਏ ਅਘ ਬ੍ਰਿੰਧ ਟਰੇ ਸੋਈ ਰਾਮ ਗਏ ਪਦ ਸੋ ਬਨ ਮਾਹੀ।। ਮਥਰਾ ਤਜ ਕਾਨ ਬਨੀ ਬਿਪਦਾ ਮੁਚ ਕੰਦ ਹਰੀ ਤਿਨ ਕੀ ਬਨ ਮਾਹੀਂ।। ਰਘਬੀਰ ਪਿਤਾ ਬਲਬੀਰ ਪਿਤਾ ਜਗ ਲੋਗ ਸਮਾਨ ਲਏ ਦੁੱਖ ਤਾਹੀ ਕਹਿਰੇ ਮਨ ਕੌਣ ਸੁਖੀ ਜਗ ਮੈਂ ਤਨ ਧਾਰ ਕੇ ਜੋ ਦੁਖ ਪਾਵਤ ਨਾਹੀ) ਇਸ ਬਚਨ ਦਾ ਭਾਵ ਬੀ ਏਹੋ ਹੈ ਕਿ ਇਸ ਸੰਸਾਰ ਵਿਚਿ ਆ ਕੇ ਉਹ ਕੌਣ ਪ੍ਰਾਣੀ ਹੈ ਜਿਸ ਨੇ ਦੁੱਖ ਨਹੀਂ ਪਾਇਆ ਪਰ ਮਹਾਤਮਾ ਲੋਗਾਂ ਦੇ ਸਾਰੇ ਦੁੱਖ ਪਰ ਪੁਰਖਾਰਥ ਵਾਸਤੇ ਹੁੰਦੇ ਹਨ।

੭. ਅੱਜ ਦੇ ਮਸੰਦਾਂ ਤੋਂ ਬਚੋ (ਖ.ਅ.ਲ. ੧੯੯੯ ਈ:)

ਮੇਰੇ ਪਿਯਾਰੇ ਖਾਲਸਾ ਭਾਈਓ ਮੈਂ ਅਜ ਕਿਸੇ ਵਿਖਯਾਨ ਦੇਨ ਦੇ ਲਈ ਨਹੀਂ ਉਦਿਤ ਹੋਇਆ-ਕੇਵਲ ਆਪ ਸਾਹਿਬਾਂ ਦਾ ਖਿਯਾਲ ਇਸ ਬਾਤ ਵਲ ਦੇਨ ਲਈ ਪ੍ਰਾਰਥਨਾ ਕਰਦਾ ਹਾਂ ਕਿ ਰਾਗੀ ਸਿੰਘਾਂ ਦੇ ਸਬਦ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਬਦਾਂ ਤੇ ਆਪ ਨੂੰ ਪ੍ਰਤੀਤ ਹੋ ਗਿਯਾ ਹੋਊ ਕਿ ਆਪ ਦੇ ਲਈ ਕਿਥੇ ਕਿ ਤੱਕ ਗੁਰੂ ਮਹਾਰਾਜ ਜੀ ਨੇ ਧਰਮ ਦੇ ਬਾਰੇ ਵਿਚਿ ਸੋਚਨ ਲਈ ਸੁਤੰਤਰਤਾ ਬਖਸ਼ੀ ਹੈ। ਆਪ ਨੂੰ ਤੋਤੇ ਦੀ ਨਿਯਾਈ ਕਿਸੇ ਛੋਟੇ ਖਿਯਾਲਾਂ ਦੇ ਪਿੰਜਰੇ ਵਿੱਚਿ ਨਹੀਂ ਬੰਦ ਕੀਤਾ ਬਲਕੇ ਇਕ ਵਡਾ ਮਹਾਂ ਅਕਾਸ ਆਪ ਦੇ ਵਾਸਤੇ ਮੌਜੂਦ ਹੈ ਜਿਸ ਵਿੱਚ ਆਪ ਨੇ ਖਿਯਾਲਾਤਾਂ ਦੇ ਪਰਾਂ ਨਾਲ ਜਿਤਨਾਂ ਚਾਹੋ ਆਤਮਕ ਆਨੰਦ ਲਈ ਉਡ ਸਕਦੇ ਹੋ ਪ੍ਰੰਤੂ ਕੇਹੇ ਅਫਸੋਸ ਦੀ ਗੱਲ ਹੈ ਕਿ ਜਿਸ ਸੁਤੰਤ੍ਰਤਾ ਨੂੰ ਦਸਾਂ ਗੁਰਾਂ ਨੇ ਕਾਇਮ ਰਖਨ ਦੇ ਲਈ ਵੱਡੇ-੨ ਯਤਨ ਕੀਤੇ- ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿਤ੍ਰ ਉਪਦੇਸ ਸੰਸਾਰ ਦੇ ਵਿੱਚ ਪਰਣੀਤ ਕੀਤੇ- ਉਨਾ ਦੇ ਹੀ ਰੋਕਨ ਲਈ ਇਸੀ ਕੌਮ ਦੇ ਜੋ ਮਸੰਦ ਹਨ ਜਿਨਾਂ ਨੇ ਇਸ ਕੌਮ ਨੂੰ ਇਸ ਪ੍ਰਕਾਰ ਸਮਝਿਆ ਹੋਇਆ ਹੈ ਜਿਸ ਪ੍ਰਕਾਰ ਮਕਈ ਦੇ ਖੇਤ ਨੂੰ ਕਰਸਾਨ ਅਰ ਬਾਗ ਦੇ ਬੂਟਿਆਂ ਨੂੰ ਬਾਗਵਾਨ ਆਪਨੇ ਲਈ ਹੀ ਉਤਪਤਿ ਹੋਇਆ-੨ ਜਾਨਦਾ ਹੈ- ਇਕ ਬਾਰ ਗੁਰੂ ਦਸਮੇਸ ਪਾਤਿਸ਼ਾਹ ਜੀ ਦੇ ਵਕਤ ਬੀ ਇਨਾਂ ਮਸੰਦਾਂ ਨੇ ਸਿਖਾਂ ਨੂੰ ਵਡੇ-੨ ਦੁਖ ਦਿਤੇ ਸੇ

ਹਰ ਇਕ ਛੇਮਾਹੀ ਦੇ ਵਿਚ ਕਾਰ ਭੇਟ ਲੈਨ ਲਈ ਸਿਖਾਂ ਦੇ ਘਰ ਜਾਂਦੇ ਸੇ ਅਰ ਉਨਾਂ ਬਿਚਾਰਿਆਂ ਨੂੰ ਅਤਯੰਤ ਹੀ ਤੰਗ ਕਰਦੇ ਸੇ ਜਿਸ ਥੀਂ ਖਬਰ ਪਾ ਕੇ ਦਸਮ ਪਾਤਿਸ਼ਾਹ ਨੇ ਉਨਾਂ ਨੂੰ ਯਥਾ ਯੋਗ ਦੰਡ ਦਿਤਾ ਸੀ ਜਿਸ ਤੇ ਉਨਾਂ ਦਾ ਬਲ ਕੁਝ ਥੋੜਾ ਹੋਇਆ ਸੀ-ਪਰ ਜਿਸ ਪ੍ਰਕਾਰ ਕਰੇਂਜੂਏ ਦਾ ਬੀਜ ਪ੍ਰਿਥੀ ਪਰ ਕੰਡੇ ਪੈਦਾ ਕਰਦਾ ਹੈ ਅਰ ਕਰਸਾਨ ਲੋਕ ਉਸ ਨੂੰ ਵਢ ਕੇ ਸਾੜ ਦੇਂਦੇ ਹਨ ਪਰ ਉਸ ਦਾ ਕੋਈ ਨਾ ਕੋਈ ਬੂਟਾ ਫਿਰ ਰਹਿ ਜਾਂਦਾ ਹੈ ਜੋ ਲੋਕਾਂ ਨੂੰ ਦੁਖ ਦਿੰਦਾ ਹੈ। ਇਸੀ ਤਰਹ ਇਨਾਂ ਦਾ ਭੀ ਏਹੋ ਹਾਲ ਹੈ ਅਰ ਇਹ ਮਸੰਦ ਹਰ ਦੇਸ ਵਿਚ ਹਰ ਕੌਮ ਦੇ ਵਿਚ ਹੁੰਦੇ ਰਹੇ ਹਨ। ਅਰ ਉਨਾਂ ਦੇ ਰੋਕਨ ਲਈ ਭੀ ਮਹਾਤਮਾ ਉਥੇ ਹੀ ਉਤਪਤ ਹੁੰਦੇ ਰਹੇ। ਇਸ ਵਾਸਤੇ ਖਾਲਸਾ ਕੌਮ ਨੂੰ ਅਜ ਕਲ ਮਸੰਦਾਂ ਨੇ ਬਹੁਤ ਘੇਰਿਆ ਹੋਇਆ ਹੈ। ਆਪ ਲੋਗ ਐਸੀ ਗਵਰਨਮਿੰਟ ਦੇ ਰਾਜ ਵਿੱਚ ਇਨਾਂ ਦੇ ਦੁਖ ਤੇ ਬਚ ਸਕਦੇ ਹੋ ਅਰ ਆਪਣੇ ਅਸਲੀ ਧਰਮ ਨੂੰ ਪ੍ਰਾਪਤਿ ਕਰ ਸਕਦੇ ਹੋ ।ਆਪ ਨੂੰ ਇਸ ਸਮਯ ਇਸ ਪ੍ਰਕਾਰ ਜਤਨ ਕਰਨਾ ਚਾਹੀਦਾ ਹੈ ਜਿਸ ਪ੍ਰਕਾਰ ਸਤੀ ਦੀ ਰਸਮ ਦੇ ਰੋਕਨ ਵਾਸਤੇ ਦੇਸ ਦੇ ਵਡੇ-2 ਮਹਾਤਮਾ ਨੇ ਕੋਸ਼ਸ ਕੀਤੀ ਸੀ ਜਦ ਆਪ ਲੋਕ ਚਿੜੀ ਮਾਰ ਤੇ ਚਿੜੀ ਦੇ ਛੁਡਾਉਨ ਲਈ ਪੈਸਾ ਨਿਕਾਲ ਕੇ ਉਸ ਨੂੰ ਛੁੜਾ ਦਿੰਦੇ ਹੋ ਕਯਾ ਆਪਣੀ ਕੌਮ ਨੂੰ ਇਨਾਂ ਦੇ ਹੱਥੋਂ ਛੁੜਾਉਨ ਲਈ ਕੋਈ ਯਤਨ ਨਹੀਂ ਕਰੋਗੇ ਬੇਸ਼ਕ ਕਰੋਗੇ- ਤੁਸੀਂ ਕਦੇ ਨਾ ਡਰੋ ਤਕਲੀਫਾਂ ਤੇ - ਜਿਨਾਂ ਨਾਲ ਤੁਸੀਂ ਮੁਕਾਬਿਲਾ ਕਰ ਰਹੇ ਹੋ ਯਾ ਕਰੋਗੇ- ਆਪ ਇਸ ਸੁਰ ਅਸੁਰ ਦੇ ਜੰਗ ਵਿਚਿ ਸਨਧਬਧ ਰਹੋਗੇ ਇਹ ਖਿਯਾਲ ਨਾ ਕਰੋ ਕਿ ਹਮੇਸ਼ਾਂ ਦੇਵਤਿਆਂ ਦੀ ਹੀ ਜਿਤਿ ਹੁੰਦੀ ਰਹੀ ਹੈ, ਨਹੀਂ ਕਦੇ ਨਹੀਂ - ਕਈ ਬਾਰ ਰਾਖਸ਼ਾਂ ਨੇ ਦੇਵਤਿਯਾਂ ਦੇ ਇਮਾਨ ਅਤੇ ਘਰ ਖੋਹ ਲੀਤੇ ਅਰ ਉਨਾਂ ਨੂੰ ਲੱਤਾਂ ਦੀ ਮਾਰ ਕੀਤੀ ਅਰ ਇੰਦ੍ਰ ਜੈਸੇ ਸੂਰਬੀਰ ਪਹਾੜ ਦੀ ਕੰਦਰਾਂ ਵਿੱਚ ਲੁਕਦੇ ਫਿਰੇ ਪਰ ਜਦੋਂ ਦਾਉ ਲਗਿਆ ਤਦੋਂ ਹੀ ਉਨਾਂ ਰਾਖਸ਼ਾਂ ਨੂੰ ਉਨਾਂ ਨੇ ਨਿਕਾਲਿਆ ਅਰ ਆਪਣੀ ਸਾਰੀ ਸਾਮਿਗ੍ਰੀ ਨੂੰ ਭੀ ਸੰਭਾਲਿਆ ਇਸੀ ਤਰਹਿ ਆਸਾ ਹੈ ਜੋ ਆਪ ਭੀ ਇਸ ਉਤਮ ਅਰਾਦੇ ਨੂੰ ਪੂਰਾ ਕਰੋਗੇ।

੮. ਸਿੱਖ ਕੌਮ ਦੀ ਖੱਤੇ ਵੰਡ ਕਾਠੀ ਵੰਡ ਯਾ ਦਿੱਲੀ ਦੀ ਲੁੱਟ

(ਖ.ਅ.ਲ. ੧੯੦੮ ਈ:)

ਇਸ ਉਪਰਲੇ ਲਿਖੇ ਹੋਏ ਅਨੁਵਾਦ ਨੂੰ ਦੇਖਕੇ ਸਾਡੇ ਪਾਠਕਗਣ ਵੱਡੇ ਹੈਰਾਨ ਹੋਨਗੇ ਕਿ ਐਡੀਟਰ ਨੇ ਇਹ ਕਿਯਾ ਬਿਯਰਥ ਪਦ ਲਿਖੇ ਹਨ ਪਰ ਜਦ ਇਸ ਦੀ ਸਾਰੀ ਵਿਯਾਖਯਾ ਨੂੰ ਪੜਨਗੇਂ ਤਾਂ ਜ਼ਰੂਰ ਆਖਨਗੇ ਕਿ ਇਹ ਜੋ ਕੁਛ ਲਿਖਯਾ ਗਿਯਾ ਹੈ ਸੋ ਸਭ ਸੱਚ ਹੈ ਜਿਸ ਪ੍ਰਕਾਰ ਕੋਈ ਪੱਧਰ ਜ਼ਮੀਨ ਹੁੰਦੀ ਹੈ ਤਦ ਉਸ ਨੂੰ ਪਿੰਡ ਦੇ ਜਟ ਉਠ ਕਰਕੇ ਆਪਸ ਵਿਚ ਵੰਡ ਲੈਂਦੇ ਹਨ ਅਰ ਉਸ ਦੇ ਵਿਚ ਜੁਦੇ ਜੁਦੇ ਕਿਯਾਰੇ ਬਨਾ ਕੇ ਆਪੋ

ਆਪਣੀ ਮਾਲਕੀ ਕਰ ਲੈਂਦੇ ਹਨ ਆਪਣੀ ਇਛਿਆ ਅਨੁਸਾਰ ਉਸ ਵਿਚ ਖੇਤੀ ਬੀਜ ਲੈਂਦੇ ਹਨ ਜਦੋਂ ਉਹ ਛੇ ਮਹੀਨੇਂ ਦੇ ਪਿੱਛੋਂ ਪਕ ਜਾਂਦੀ ਹੈ ਸੋ ਦਾਤੀ ਨਾਲ ਵੱਡ ਕਰਕੇ ਆਪਨੇ ਘਰ ਲੈ ਆਉਂਦੇ ਹਨ ਜਿਸ ਤੇ ਉਸ ਅਨਾਜ ਦੇ ਨਾਲ ਆਪਨੇ ਬਾਲ ਬੱਚੇ ਦੀ ਪਰਵਰਸ਼ ਕਰਦੇ ਹਨ ਅਰ ਇਕ ਦੂਜੇ ਦੀ ਪੈਲੀ ਨੂੰ ਨਹੀਂ ਛੇੜਦੇ ਜੇ ਕੋਈ ਕਿਸੇ ਦੇ ਖੇਤ ਵਿਚੋਂ ਛੱਲੀ ਭੰਨ ਲੇਵੇ ਤਦ ਆਪਸ ਦੇ ਵਿਚ ਲੜਦੇ ਹਨ ਇਹ ਖੱਤੇ ਵੰਡ ਦਾ ਤਾਤਪਰਜ ਹੈ।

ਕਾਠੀਵੰਡ ਦਾ ਤਾਤਪਰਜ ਇਹ ਹੈ ਕਿ ਜਦ ਚੁਗੱਤਿਆ ਦਾ ਰਾਜ ਨਿਰਮੂਲ ਹੋ ਗਿਯਾ ਸੀ ਤਦ ਸਿੰਘਾਂ ਦੀਆਂ ਫੋਜਾਂ ਪੰਜਾਬ ਵਿਚ ਸਾਵਨ ਦੇ ਹੜ ਵਾਂਗ ਪਈਆਂ ਫਿਰਦੀਯਾਂ ਸੀ ਤਦ ਜਿਸ ਨਗਰ ਵਿਚ ਦੀ ਜਿਸ ਸਰਦਾਰ ਦਾ ਘੋੜਾ ਲੰਗਿਆ ਅਰ ਉਸ ਨੇ ਆਪਨੀ ਛਟੀ ਯਾ ਕੋਟੜਾ ਯਾ ਕੋਈ ਦੁਪੱਟਾ ਉਸ ਨਗਰ ਵਿਚ ਸਿੱਟ ਕਰਕੇ ਅੱਗੇ ਚਲਿਆ ਗਿਆ ਤਦ ਉਹ ਪਿੰਡ ਉਸੀ ਦਾ ਹੋ ਗਿਆ ਇਸੀ ਤਰਹਿ ਕਿਸੇ ਦੋ, ਕਿਸੇ ਨੇ ਤਿੰਨ, ਕਿਸੇ ਨੇ ਪੰਜ, ਕਿਸੇ ਨੇ ਦਸ ਪਿੰਡ ਮੱਲ ਲਏ- ਜਿਨਾਂਹਾ ਦਾ ਹਾਲਾ ਉਗਰਾਹ ਕੇ ਆਪਣਾ ਉਹ ਗੁਜ਼ਾਰਾ ਕਰਦੇ ਸੇ।

ਤੀਸਰਾ ਦਿੱਲੀ ਦੀ ਲੁੱਟ ਇਸ ਪ੍ਰਕਾਰ ਹੋਈ ਸੀ ਕਿ ਜਦ ਸੰਨ ਸਤਾਵਨ ਦਾ ਗਦਰ ਹੋਇਆ ਸੀ ਤਦ ਫੌਜ਼ ਨੇ ਦਿਲੀ ਨੂੰ ਲੁੱਟਿਆ ਸੀ ਉਸ ਸਮੇਯ ਜੋ ਚੀਜ਼ ਜਿਸ ਦੇ ਹੱਥ ਵਿਚ ਆਈ ਤਦ ਉਹ ਓਸੇ ਦੀ ਹੋ ਗਈ ਜਿਸ ਨੂੰ ਵੇਚ ਵੱਟਕੇ ਉਹ ਸਿਪਾਹੀ ਆਪਣਾ ਨਿਰਬਾਹ ਕਰਦੇ ਸਨ।

ਇਸੀ ਪ੍ਰਕਾਰ ਦਸਮ ਗੁਰੂ ਦਾ ਪੰਥ ਭੀ ਇਕ ਸਾਫ ਜਮੀਨ ਯਾਂ ਪੰਜਾਬ ਦੇਸ ਯਾ ਦਿੱਲੀ ਸ਼ਹਿਰ ਦੀ ਨਿਆਂਈ ਸਮਝਨਾਂ ਚਾਹੀਏ। ਇਸ ਨੂੰ ਭੀ ਅੱਜ ਕਲ ਬਹੁਤ ਬਨਾਉਟੀ ਗੁਰੂਆਂ ਨੇ ਆਪਸ ਵਿਚ ਦੀ ਵੰਡ ਲੀਤਾ ਹੈ ਕਿਸੇ ਨੇਂ ਦਸ ਆਦਮੀਆਂ ਨੂੰ ਪੈਰ ਧੋਇ ਕਰਕੇ ਪਲਾਏ, ਕਿਸੇ ਨੇ ਬੀਹਾਂ ਨੂੰ, ਕਿਸੇ ਨੇ ਤੀਹਾਂ ਨੂੰ, ਕਿਸੇ ਨੇ ਸੌ ਦੋ ਸੌ ਨੂੰ ਕਿਸੇ ਨੇ ਹਜ਼ਾਰ ਦੋ ਹਜ਼ਾਰ ਨੂੰ-ਅਰ ਕਿਸੇ ਨੇਂ ਦੇਸ ਦੇ ਹਿੱਸੇ ਨੂੰ ਹੀ ਹੱਥ ਪਾ ਲੀਤਾ ਹੈ ਜਿਨਾਂ ਨੇ ਚਰਨ ਘਾਲਾਂ ਦੇ ਦੇਕਰ ਉਨਾਂ ਦੇ ਆਤਮਾਂ ਨੂੰ ਆਪਨੀ ਵਲ ਢਾਲ ਲੀਤਾ ਹੈ- ਅਰ ਉਹ ਬਿਚਾਰੇ ਭੋਲੇ ਭਾਲੇ ਸਿੱਖ ਨਹੀਂ ਜਾਨਦੇ ਕਿ ਗੁਰੂ ਦੇ ਕੀ ਲੱਖਨ ਹੁੰਦੇ ਹਨ ਅਰ ਦਸਮ ਗੁਰੂ ਦੀ ਕਿਯਾ ਰੀਤੀ ਹੈ- ਕੇਵਲ ਗੱਲੇ ਦੇ ਊਠਾਂ ਵਾਂਗ ਨਕੇਲ ਪਾਈ ਹੋਈ ਕਤਾਰੇ ਬੰਨੀ ਬੰਧੇ ਵਗੇ ਚਲਦੇ ਹਨ ਅਰ ਇਹ ਬਨਾਉਟੀ ਗੁਰੂ ਉਨਾਂ ਲੋਕਾਂ ਪਰ ਕੋਈ ਭੀ ਉਪਕਾਰ ਨਹੀਂ ਕਰਦੇ ਸਿਰਫ ਹਾੜੀ ਸਾਉਣੀ ਦੇ ਦਿਨਾਂ ਵਿਚ ਜਦ ਜਾਨਦੇ ਹਨ ਕਿ ਸਿਖਾਂ ਦੇ ਘਰਾਂ ਵਿਚ ਦਾਣੇ ਆ ਗਏ ਹੋਨਗੇ ਤਦ ਘਰੋਂ ਉਠ ਕਰਕੇ ਤੁਰ ਪੈਂਦੇ ਹਨ ਅਰ ਆਪਣੀ ਸਿਖੀ ਸੇਵੀਕੀ ਨੂੰ ਉਗਰਾਹੁਣ ਲੱਗ ਜਾਂਦੇ ਹਨ- ਜਾ ਕੇ ਆਖਦੇ ਹਨ ਕਿ ਸਿੱਖਾ ਨਾਮੁ ਚਿਤਿ ਆਵੇ-ਲੜਕੇ ਲੜਕੀਆਂ ਰਾਜੀ ਰੈਹਸ-ਗੋਰਾ ਬੈਲ ਕਿਥੇ ਹੈ-ਲੜਕੀ ਦੀ ਅੱਖ ਰਾਜੀ ਹੋਈ ਹੈ ਕਿ ਹੁਣ ਤਾ ਅਛਾ ਹੈਨਾ-ਤਦ ਸਿਖ ਆਕੇ ਚਰਨਾਂ ਪਰ ਮੱਥਾ ਟੇਕਦਾ ਹੈ ਅਰ ਆਖਦਾ ਹੈ ਕਿ ਹਾਂ ਮਹਾਰਾਜ ਸਭ ਸੁੱਖ ਹੈ- ਗੋਰੂ ਬੈਲ ਬੇਚ ਛੱਡਿਆ

ਹੈ- ਕਾਕੀ ਦੀਯਾਂ ਅੱਖਾਂ ਨੂੰ ਹੁਣ ਆਰਾਮ ਹੈ ਅਤੇ ਮੈਂ ਭੀ ਅੱਗੇ ਨਾਲੋਂ ਅਛਾ ਹਾਂ- ਇਤਨੀ ਗਲ ਸੁਣਦਿਆਂ ਹੀ ਆਖਦੇ ਹਨ ਕਿ ਅਸੀ ਇਸੇ ਵਾਸਤੇ ਤਾਂ ਸਿਖਾਂ ਦੇ ਘਰਾਂ ਵਿਚ ਚਰਨਾਂ ਪਾਉਂਦੇ ਹਾਂ ਜੋ ਉਨਾਂ ਦੇ ਦੁਖ ਦਾਰਿਦ੍ਰ ਦੂਰ ਹੋ ਜਾਣ- ਅਗੋਂ ਸਿਖ ਬੋਲਦਾ ਹੈ-ਧੰਨ ਭਾਗ ਬਲਿਹਾਰ-ਤਦ ਚੰਗੇ ਭੋਜਨ ਦਾ ਥਾਲ ਅੱਗੇ ਰੱਖਦਾ ਹੈ ਉਹ ਕਰਮਾਤੀ ਖ਼ੂਬ ਗੱਫੇ ਲਾਉਂਦਾ ਹੈ- ਜਦ ਤੁਰਨ ਲਗਦਾ ਹੈ ਤਦ ਸਿੱਖ ਥਾਨ ਰੁਪਯਾ ਰਖਕੇ ਮੱਥਾ ਟੇਕਦਾ ਹੈ-ਅਗੋਂ ਦੇਖਕੇ ਗੁਰੂ ਜੀ ਨੂੰ ਗੁੱਸਾ ਆ ਜਾਂਦਾ ਹੈ- ਅਰ ਆਖਦਾ ਹੈ ਕਿ ਤੈਂ ਬੈਲ ਬੇਚਿਆ, ਕੁੜੀ ਦੀ ਅੱਖ ਰਾਜੀ ਹੋਈ-ਆਪ ਤੰਦਰੁਸਤ ਹੋਇਓਂ ਕਿਯਾ ਸਾਡੀ ਵੰਡ ਦੇ ਵਿਚ ਇਤਨਿਆਂ ਕੰਮਾਂ ਦਾ ਮੁੱਲ ਇਕੋ ਰੁਪਯਾ ਆਇਆ- ਲਿਆਉ ਕੁਝ ਹੋਰ ਦੇਹ- ਸਾਨੂੰ ਤਾਂ ਬੜੀ ਐਮੇਦ ਸੀ। ਇਸੀ ਤਰਹਿ ਝਗੜ ਝਗੜ ਕੇ ਦੋ ਤਿੰਨ ਮਹੀਨੇ ਦੇ ਚੱਕ੍ਰ ਵਿਚ ਹਜਾਰ ਦੋ ਹਜ਼ਾਰ ਰੁਪਯਾ ਮਾਰਕੇ ਘਰ ਆਇ ਜਾਂਦੇ ਹਨ। ਹਿੰਦੁਸਤਾਨ ਦੇ ਵਿਚ ਇਸੀ ਤਰਹ ਦੇ ਗੁਰੂਆਂ ਨੇ ਦਸਮ ਗੁਰੂ ਜੀ ਦੇ ਪੰਥ ਨੂੰ ਵੰਡ ਪਾਈ ਹੋਈ ਹੈ ਜਿਸ ਤੇ ਪੰਥ ਦੇ ਧਾਰਮਕ ਕੰਮ ਬਹੁਤ ਦੂਰ ਹੋ ਗਏ ਹਨ।

ਖਾਲਸਾ ਅਖ਼ਬਾਰ ਆਪਣੇ ਖਾਲਸਾ ਪੰਥ ਦੇ ਅੱਗੇ ਪ੍ਰਾਰਥਨਾਂ ਕਰਦਾ ਹੈ ਕਿ ਕਿਆ ਆਪ ਸੱਚੇ ਗੁਰੂ ਦੀ ਸਰਨ ਨੂੰ ਛੱਡ ਕਰਕੇ ਕਲਪਤ ਗੁਰੂਆਂ ਦੇ ਗੁਲਾਮ ਰਹਿਣਾ ਪਸਿੰਦ ਕਰਦੇ ਹੋ।

ਆਸ਼ਾ ਹੈ ਜੋ ਜਰੂਰ ਇਸ ਛੱਟੀ ਨੂੰ ਉਤਾਰਨ ਲਈ ਜਤਨ ਕਰੋਗੇ ਅਰ ਅਕਾਲ ਪੁਰਖ ਦੀ ਪ੍ਰਾਰਥਨਾ ਅਤੇ ਦਸਮ ਗੁਰੂ ਜੀ ਦੀ ਰੀਤੀ ਨੂੰ ਧਾਰਨ ਕਰੋਗੇ-ਹੇ ਅਕਾਲ ਪੁਰਖ ਆਪ ਸਾਰੇ ਪੰਥ ਨੂੰ ਆਪਨੀ ਸਰਨ ਦੇ ਵਿਚ ਲਿਆਓ।

੯. ਸੰਸਾਰ ਦੇ ਉਪਦੇਸ਼ਕਾਂ ਦੇ ਮੁਕਾਬਲੇ (ਖ.ਅ.ਲ. ੧੯੦੯ ਈ:)

ਇਕ ਮਹਾਤਮਾ ਦਾ ਕਥਨ ਹੈ ਕਿ ਜਿਸ ਪ੍ਰਕਾਰ ਸਾਉਣ ਦੇ ਮਹੀਨੇ ਬਰਖਾ ਦੇ ਬਰਖਨੇਂ ਕਰਕੇ ਸਾਰੀ ਬਨਾਸਪਤੀ ਦੇ ਬੀਜ ਜੋ ਧਰਤੀ ਵਿਚ ਪਏ ਹਨ ਸੋ ਇਕ ਬਾਰ ਹੀ ਹਰੇ ਹੋ ਪੈਂਦੇ ਹਨ ਕਈ ਤਰਾਂ ਦੇ ਬੇਲ ਬੂਟੇ ਅਤੇ ਘਾਸ ਇਸ ਪ੍ਰਕਾਰ ਇਕ ਦੂਜੇ ਨਾਲੋਂ ਵਧ ਵਧ ਕੇ ਦਿਖਾਉਂਦੇ ਹਨ ਕਿ ਮਾਨੋਂ ਸਭ ਕੋਈ ਏਹੋ ਇਰਾਦਾ ਦਿਖਾਉਂਦਾ ਹੈ ਕਿ ਮੈਂ ਹੀ ਅਸਮਾਨ ਤੱਕ ਪਹੁੰਚ ਕੇ ਸਾਰੀ ਪ੍ਰਿਥਵੀ ਨੂੰ ਛਾ ਲੈਣਾਂ ਹੈ- ਬੋੜ- ਪਿਪਲਾਂ- ਆਦਿਕ ਦੇ ਬੂਟਿਆਂ ਨੂੰ ਭੀ ਪਿਛੇ ਛੱਡ ਛੱਡ ਕੇ ਸਰੂ,ਝਾਹੂ ਅਤੇ ਸਾਉਕ ਆਦਿਕ ਦੀ ਚਮਕ ਦਮਕ ਅਤੇ ਹਰਆਈ ਐਸੀ ਹੁੰਦੀ ਹੈ ਜੋ ਸਾਰੀ ਪ੍ਰਿਥਵੀ ਇਸ ਪ੍ਰਕਾਰ ਸਰ ਸਬਜ਼ ਦਿਸਦੀ ਹੈ ਮਾਨੋਂ ਇਕ ਰੰਗ ਦੀ ਹਰੀ ਚਾਦਰ ਬਿਛਾਈ ਹੋਈ ਹੈ ।ਨਿਕੀ ਨਿਕੀ ਵੇਲਾਂ ਇਕ ਇਕ ਰਾਤ ਦੇ ਵਿਚ ਹੱਥ ਹੱਥ ਵਧਕੇ ਵੱਡੇ-੨ ਦਰਖਤਾਂ ਨੂੰ ਜਾ ਕੇ ਦਬਾ ਲੈਂਦੀਆਂ ਹਨ ਅਰ ਏਹੋ ਮਾਲੂਮ ਹੁੰਦਾ ਹੈ ਕਿ ਇਨਾਂ ਨੇ ਇਸ ਬ੍ਰਿਛ

ਨੂੰ ਬਿਲਕੁਲ ਸੁਕਾ ਦੇਨਾ ਹੈ ਪਰ ਇਸ ਸਾਰੀ ਬਨਾਸਪਤੀ ਦੀ ਪਰੀਖਯਾ ਕਦ ਹੁੰਦੀ ਹੈ ਜਦ ਦਸ ਦਿਨ ਦੀ ਔੜ ਲਗ ਜਾਂਦੀ ਹੈ ਥੋੜੀ ਜੇਹੀ ਧੁੱਪ ਦੇ ਪੈਣੇ ਕਰਕੇ ਉਹ ਸਾਰਾ ਘਾਸ ਫੂਸ ਸੁਕ ਕੇ ਜਮੀਨ ਨਾਲ ਹੀ ਮਿਲ ਜਾਂਦਾ ਹੈ ਅਰ ਅਜੇਹਾ ਮਾਲੂੰਮ ਹੁੰਦਾ ਹੈ ਕਿ ਇਹ ਮਾਨੋਂ ਕਦੇ ਉਤਪਤਿ ਨਹੀਂ ਹੋਏ ਸਨ। ਪ੍ਰੰਤੂ ਜੋ ਉਨਾਂ ਵਿਚੋਂ ਰਹਿ ਜਾਂਦੇ ਹਨ ਉਹ ਬੋਹੜ, ਪਿੱਪਲ ਅਤੇ ਅੰਬ ਆਦਿਕਾਂ ਦੇ ਦਰਖਤ ਹੁੰਦੇ ਹਨ- ਉਹ ਉਸ ਤੇਜ਼ ਅਤੇ ਤਿਖੀ ਔੜ ਦੀ ਕੌੜੀ ਧੁੱਪ ਨੂੰ ਆਪਣੇ ਸਿਰ ਪਰ ਸਹਾਰ ਕਰਕੇ ਵਧਦੇ ਚਲੇ ਜਾਂਦੇ ਹਨ ਜੋ ਹੌਲੀ ਹੌਲੀ ਇਹ ਇਤਨੇ ਵਡੇ ਦਰਖਤ ਹੋ ਜਾਂਦੇ ਹਨ ਜਿਨਾਂ ਦੇ ਸਾਏ ਹੇਠ ਹਜ਼ਾਰਾਂ ਪਸੂ ਪੰਛੀ ਅਤੇ ਮਨੁੱਖ ਅਸਰਾਮ ਕਰਦੇ ਹਨ- ਏਹੋ ਦ੍ਰਿਸਟਾਂਤ ਹਰ ਇਕ ਸਭਾ ਯਾ ਸਮਾਜ ਪਰ ਪੂਰਾ ਪੂਰਾ ਘਟ ਸਕਦਾ ਹੈ- ਪਹਲੇ ਪਹਲ ਜਦ ਕਿਸੇ ਮਹਾਤਮਾਂ ਦੇ ਉਪਦੇਸ ਯਾ ਪੁਰਖਾਰਥ ਰੂਪੀ ਬਰਖਾ ਇਨਾਂ ਆਦਮੀਆਂ ਦੇ ਦਿਲਾਂ ਪਰ ਆ ਕੇ ਬਰਸਦੇ ਹਨ ਤਦ ਇਕ ਵਾਰ ਨਿਕਾ ਵਡਾ ਭਲਾ ਬੁਰਾ ਭੇਡ ਚਾਲ ਵਾਂਗ ਉਸ ਦੇ ਮਗਰ ਲੰਗ ਜਾਂਦੇ ਹਨ ਅਰ ਉਨਾਂ ਦੇ ਹੌਸਲੇ ਅਰ ਉਨਾਂ ਦੇ ਪਰਸਪਰ ਮਿਲਾਪ ਅਰ ਉਨਾਂ ਦੀ ਰਹਿਣੀ ਤੇ ਕਹਿਣੀ ਏਹੋ ਜੇਹੀ ਪ੍ਰਤੀਤ ਹੁੰਦੀ ਹੈ ਮਾਨੋ ਇਨਾਂ ਨੇ ਦੇਸ ਯਾ ਕੌਮ ਦੇ ਸੁਧਾਰਨ ਦਾ ਬੀੜਾ ਪੂਰਾ ਪੂਰਾ ਉਠਾ ਲੀਤਾ ਹੈ ਅਰ ਹਰ ਇਕ ਆਦਮੀ ਦੂਜੇ ਦੇ ਨਾਲੋਂ ਵਧ ਵਧ ਕੇ ਕੌਮੀ ਹਮਦਰਦੀ ਦਾ ਦਮ ਭਰਦਾ ਹੈ ਜਿਤਨਾਂ ਚਿਰ ਅਮਨ ਅਮਾਨ ਰਹਿੰਦਾ ਹੈ ਉਤਨਾ ਚਿਰ ਤਾਂ ਸਬ ਸੱਚੇ ਹਿਤਕਾਰੀ ਅਰ ਪ੍ਰੇਮੀ ਬਣੇ ਰਹਿੰਦੇ ਹਨ। ਅਰ ਜਦ ਉਸ ਸਭਾ ਯਾ ਸੁਸਾਇਟੀ ਪਰ ਕੋਈ ਮੁਸੀਬਤ ਅਰਥਾਤ ਬਿਪਤਾ ਆ ਜਾਂਦੀ ਹੈ ਜੋ ਭਾਦੋ ਦੀ ਔੜ ਸਮਾਨ ਤਿਖੀ ਹੁੰਦੀ ਹੈ ਤਦ ਉਸੀ ਵਕਤ ਉਹ ਸਾਰੇ ਪ੍ਰੇਮੀ ਤਿਤ੍ਰ ਬਿਤ੍ਰ ਹੋ ਜਾਂਦੇ ਹਨ ਅਤੇ ਅਜੇਹੀਆਂ ਸਕਲਾਂ ਬਣਾਂ ਲੈਂਦੇ ਹਨ ਮਾਨੋ ਉਹ ਕਦੀ ਕੌਮੀ ਹਮਦਰਦੀ ਦੇ ਸਾਥੀਆਂ ਦੇ ਸਾਥੀ ਹੋਏ ਹੀ ਨਹੀਂ ਸਨ ਪ੍ਰੰਤੂ ਜੋ ਲੋਗ ਪੱਕੇ ਇਰਾਦਿਆਂ ਵਾਲੇ ਹੁੰਦੇ ਹਨ ਅਰ ਜਿਨਾਂ ਦਾ ਇਹ ਖਿਯਾਲ ਹੁੰਦਾ ਹੈ ਕਿ ਅਸੀਂ ਕਈ ਪ੍ਰਕਾਰ ਦੇ ਕਲੇਸ਼ ਸਹਾਰ ਕਰਕੇ ਭੀ ਬੁਰਾਈਆਂ ਦਾ ਨਾਸ ਕਰਾਂਗੇ ਉਹ ਆਪਨੀ ਤਰੱਕੀ ਨੂੰ ਬੰਦ ਨਹੀਂ ਕਰਦੇ ਬਲਕੇ ਉਸੀ ਪ੍ਰਕਾਰ ਜਾਰੀ ਰੱਖਦੇ ਹਨ ਅਰ ਆਪਣੇ ਉਤਸ਼ਾਹ ਨੂੰ ਜਰਾ ਭੀ ਕਮ ਨਹੀਂ ਕਰਦੇ- ਸਮਾਂ ਪਾ ਕੇ ਉਨਾਂ ਹੀ ਆਦਮੀਆਂ ਦੇ ਕੰਮ ਹੁੰਦੇ ਹਨ ਜਿਨਾਂ ਤੇ ਮੁਲਕ ਯਾ ਕੌਮ ਸੁਧਰ ਜਾਂਦੇ ਹਨ ਅਰ ਜਿਨਾਂ ਦੇ ਕੰਮਾਂ ਤੇ ਹਜ਼ਾਰਾਂ ਆਦਮੀਆਂ ਨੂੰ ਲਾਭ ਪਹੁੰਚਦੇ ਹਨ ਅਰ ਉਨਾਂ ਦੇ ਨਾਮ ਜਗਤ ਵਿਚ ਮੁਮਾਰਿਕ ਗਿਣੇ ਜਾਂਦੇ ਹਨ। ਐ ਪਾਠਕ ਗਣੋ ਆਪ ਆਪਣੇ ਨਾਮ ਨੂੰ ਕਿਨਾਂ ਦੇ ਰਜਿਸਟਰ ਵਿਚ ਦਰਜ ਕਰਨਾਂ ਚਾਹੁੰਦੇ ਹੋ ਕਿਯਾ ਉਨਾਂ ਦੇ ਵਿਚ ਜੋ ਘਾਸ ਫੂਸ ਦੀ ਨਿਯਾਂਈ ਬੁਰਿਆਈਆਂ ਦੀ ਤਾਬ ਨਹੀਂ ਲਿਯਾ ਸਕਦੇ ਯਾ ਉਨਾਂ ਪੌਦਿਆਂ ਦੀ ਤਰਹਿ ਜੋ ਧੁੱਪ ਦੇ ਵਿਚ ਭੀ ਆਪਣੀ ਚਾਲ ਨਹੀਂ ਰੋਕਦੇ ਸੋ ਬੁਰਿਆਈਆਂ ਦੇ ਡਰ ਦੇ ਪਿਛੇ ਪੈਰ ਨਹੀਂ ਰੱਖਦੇ- ਆਓ ਨਿਤ੍ਰੋ ਕਿਸ ਵਲ ਨਿਤ੍ਰੋਗੇ ਹਮੇਸ਼ਾਂ ਦੀ ਜ਼ਿੰਦਗੀ ਅਤੇ ਹਮੇਸ਼ਾਂ ਦੀ ਮੌਤ ਦਾ ਸੌਦਾ ਹੋ ਰਿਹਾ ਹੈ ਜੋ ਚਾਹੋ ਸੋ ਖਰੀਦ ਸਕਦੇ ਹੋ।

੧੦. ਬਾਇਬਲ ਦੀ ਕਹਾਣੀ ਦਾ ਦ੍ਰਿਸ਼ਟਾਂਤ (ਖ.ਅ.ਲ. ੧੯੯੯ ਈ:)

ਬਾਇਬਲ ਵਿਚ ਇਕ ਕਹਾਣੀ ਹੈ ਕਿ ਮਿਸਰੀ ਲੋਕਾਂ ਨੇ ਮਿਲ ਕੇ ਸਲਾਹ ਕੀਤੀ ਕਿ ਅਸੀਂ ਸਾਰੇ ਦੇਸ ਦੇ ਆਦਮੀ ਮਿਲਕੇ ਇਕ ਅਜੇਹਾ ਮੀਨਾਰੁ ਬਨਾਈਏ ਜੋ ਇਤਨਾ ਊਚਾ ਹੋਵੇ ਕਿ ਜਿੱਥੇ ਖੁਦਾ ਦਾ ਤਖਤ ਹੈ ਉਥੇ ਤੱਕ ਪਹੁੰਚ ਜਾਵੇ ਇਹ ਸਲਾਹ ਕਰਕੇ ਸਾਰੇ ਮੁਲਕ ਦੇ ਆਦਮੀ ਰਲਕੇ ਉਸ ਬੁਰਜ ਨੂੰ ਉਸਾਰਨ ਲਗ ਪਏ- ਕੋਈ ਗਾਰਾ ਲਿਆਵੇ ਕੋਈ ਇੱਟਾਂ-ਕੋਈ ਚੂਨਾ ਕੋਈ ਪਾਣੀ-ਤਾਤਪ੍ਰਜ ਇਹ ਜੋ ਸਾਰੇ ਦੇਸ ਦੇ ਇਸਤ੍ਰੀ ਪੁਰਸ਼ ਅਪਨੇਂ ਤਨ ਮਨ ਅਤੇ ਧਨ ਕਰਕੇ ਉਸ ਕੰਮ ਦੇ ਵਿਚ ਇਸ ਪ੍ਰਕਾਰ ਪ੍ਰਵਿਰਤ ਹੋ ਗਏ ਜਿਸ ਪ੍ਰਕਾਰ ਕੀੜੇ ਮਿਲ ਕਰਕੇ ਚੀਣਾ ਢੋਣ ਲੱਗ ਜਾਂਦੇ ਹਨ। ਜਿਸ ਦਾ ਫਲੁ ਇਹ ਹੋਇਆ ਜੋ ਥੋੜੇ ਹੀ ਚਿਰ ਦੇ ਵਿਚ ਉਹ ਬੁਰਜ ਬਹੁਤ ਉਚਾ ਹੋ ਗਿਆ ਅਰ ਜਿਯੋਂ ਜਿਯੋਂ ਉਹ ਬੁਰਜ ਉਚਾ ਹੋਵੇ ਤਿਯੋਂ ਤਿਯੋਂ ਉਹ ਲੋਕ ਹੌਸਲੇ ਵਿਚ ਆ ਕੇ ਜਿਆਦਾ ਪੁਰਖਾਰਥ ਕਰਨ ਜਦ ਉਨਾਂ ਦੀ ਇਹ ਹਿੰਮਤ ਦੇਖੀ ਤਦ, ਲਿਖਯਾ ਹੈ ਕਿ ਖੁਦਾ ਨੈਂ ਵਿਚਾਰੁ ਕੀਤੀ ਕਿ ਜੇ ਇਨਾਂ ਲੋਕਾਂ ਦਾ ਇਹ ਇਤਫਾਕ ਅਤੇ ਪੁਰਖਾਰਥ ਰਿਹਾ ਤਾਂ ਜ਼ਰੂਰ ਇਹ ਮੇਰੇ ਤਖਤ ਦੇ ਬਰਾਬਰ ਆਪਨੇਂ ਮੀਨਾਰੁ ਨੂੰ ਲੈ ਆਉਨਗੇ ਅਰ ਮੇਰੀ ਬ੍ਰਾਬ੍ਰੀ ਕਰਨਗੇ ਮਾਨੋ ਮੇਰੇ ਸ਼ਰੀਕ ਹੋ ਕੇ ਮੇਰੇ ਨਾਲ ਵਾਦ ਵਿਵਾਦ ਕਰਨਗੇ ਤਾਂ ਤੇ ਇਨਾਂ ਦਾ ਕੋਈ ਬੰਦੋਬਸਤ ਕਰਨਾਂ ਚਾਹੀਏ- ਤਦ ਖੁਦਾਇ ਨੇਂ ਇਹ ਉਪਾਇ ਕੀਤਾ ਜੋ ਉਨਾਂ ਸਭਨਾਂ ਦੀਯਾਂ ਜੁਬਾਨਾਂ ਅਲਗ ਅਲਗ ਕਰ ਦਿੱਤੀਆਂ ਜਿਸਤੇ ਇਕ ਦੂਜੇ ਦੀ ਬੋਲੀ ਨਾਂ ਸਮਝਣ-ਜਦ ਉਨਾਂ ਦਾ ਇਹ ਹਾਲ ਹੋਇਆ ਜੋ ਆਪਸ ਦੇ ਵਿਚ ਇਕ ਦੂਜੇ ਦੀ ਕੋਈ ਭਾਸ਼ਾ ਨਾ ਸਮਝੇ-ਇਕ ਗਾਰਾ ਮੰਗੇ ਤਾਂ ਦੂਜਾ ਪਾਣੀ ਦੇਵੇ ਜੇ ਕੋਈ ਪਾਣੀ ਮੰਗੇ ਤਾਂ ਉਸ ਨੂੰ ਇਟਾਂ ਪਕੜਾਵੇ- ਜੇ ਇਟਾਂ ਮੰਗੇ ਤਾਂ ਗਾਰਾ ਚੂਨਾਂ ਦੇਵੇ-ਏਸੇ ਤਰਹਿ ਸਾਰੇ ਆਪਸ ਵਿਚ ਉਲਟ ਵਿਹਾਰ ਕਰਨ ਲਗ ਪਏ ਜਿਸ ਤੇ ਉਨਾਂ ਦੇ ਵਿਚ ਫਸਾਦ ਹੋ ਗਿਆ ਜਿਸ ਦਾ ਫਲੁ ਇਹ ਹੋਇਆ ਕਿ ਆਪਸ ਵਿਚ ਲੜ ਭਿੜ ਕੇ ਸਭ ਅਡੋ ਅਡੀ ਹੋ ਗਏ ਜਿਸ ਵਲ ਜਿਸਦਾ ਮੂੰਹ ਹੋਇਆ ਉਸੀ ਤਰਫ ਨੂੰ ਚਲੇ ਗਏ। ਇਸ ਵਾਸਤੇ ਅਜ ਕਲ ਜੋ ਹਰ ਇਕ ਦੇਸ ਦੇ ਆਦਮੀਆਂ ਦੀ ਜੁਬਾਨ ਅਲਗ ਅਲਗ ਹੈ ਸੋ ਉਸੀ ਦਿਨ ਤੇ ਹੋਈ ਹੈ। ਜਿਸ ਤੇ ਕੋਈ ਕਿਸੀ ਦੇ ਨਾਲ ਜੁਬਾਨ ਦੇ ਭੇਦ ਹੋਣੇ ਕਰਕੇ ਪੂਰਾ ਪੂਰਾ ਨਹੀਂ ਮਿਲਦਾ। ਇਹ ਕਹਾਣੀ ਇਕ ਰੂਪਕ ਅਲੰਕਾਰ ਦੇ ਢੰਗ ਪਰ ਬਹੁਤ ਉਮਦਾ ਤਾਤਪ੍ਰਜ ਰਖਦੀ ਹੈ ਜਿਸ ਦਾ ਥੋੜਾ ਜੇਹਾ ਨਿਰੂਪਨ ਅਸੀਂ ਹੇਠਾਂ ਕਰਦੇ ਹਾਂ।

ਜਿਸ ਤਰਹਿ ਉਸ ਦੇਸ ਦੇ ਆਦਮੀਆਂ ਨੇ ਇਕ ਉਚਾ ਮਕਾਨ ਖੁਦਾ ਦੇ ਬ੍ਰਾਬ੍ਰ ਤੱਕ ਬਨਾਉਨ ਦਾ ਅਰੰਭ ਕੀਤਾ ਸੀ-ਇਸੀ ਤਰਹਿ ਜੋ ਲੋਕ ਆਪਣੀ ਕੌਮ ਯਾ ਦੇਸ ਦੀ ਸ਼ਾਇਸਤਗੀ ਯਾ ਉਨਤੀ ਦੇ ਬੁਰਜ ਨੂੰ ਐਥੋਂ ਤੱਕ ਵਧਾਉਣੇਂ ਦਾ ਸੰਕਲਪ ਕਰਦੇ ਹਨ ਕਿ ਜਿਸ ਪ੍ਰਕਾਰ

ਅਕਾਲਪੁਰਖ ਸਰਬ ਸ਼ਕਤੀਮਾਨ ਹੈ ਇਸੀ ਤਰਹਿ ਸਾਡੀ ਕੌਮ ਭੀ ਸਮਰਥ ਵਾਲੀ ਹੋ ਜਾਵੇ ਜੋ ਦੀਨ ਦੁਨੀਆਂ ਦੇ ਪਦਾਰਥ ਹਨ ਉਨਾਂ ਨੂੰ ਆਪਣੇ ਆਰਾਮ ਲਈ ਪੈਦਾ ਕਰ ਸਕੇ ਤੇ ਕਿਸੇ ਪ੍ਰਕਾਰ ਦਾ ਇਸ ਨੂੰ ਕੋਈ ਦੁਖ ਨਾ ਬਿਯਾਪੇ-ਜਦ ਇਹ ਸੱਚੇ ਦਿਲ ਨਾਲ ਅਰਾਦਾ ਕਰਕੇ ਆਪਸ ਦੇ ਵਿਚ ਮਿਲ ਕਰਕੇ ਬੈਠਦੇ ਹਨ ਅਰ ਦੇਸ ਯਾ ਕੌਮ ਦੀ ਉਨਤੀ ਲਈ ਤਨੁ ਮਨੁ ਧਨ ਕਰਕੇ ਪੁਰਖਾਰਥ ਕਰਦੇ ਹਨ ਅਰ ਆਪਣੀਆਂ ਜ਼ਰੂਰਤਾਂ ਨੂੰ ਸਮਝਦੇ ਹਨ ਜਿਸ ਜਿਸ ਖਿਦਮਤ ਕਰਨ ਦੀ ਕੋਈ ਸਮਰਥਾ ਰਖਦਾ ਹੈ ਉਹੋ ਕਰਕੇ ਇਕ ਦੂਜੇ ਨੂੰ ਸਹਾਇਤਾ ਦਿੰਦਾ ਹੈ-ਤਦ ਇਸ ਦਾ ਫਲੁ ਇਹ ਹੁੰਦਾ ਹੈ ਕਿ ਕੌਮੀ ਉਨਤੀ ਦਾ ਬੁਰਜ ਬੁਲੰਦ ਹੋ ਜਾਂਦਾ ਹੈ ਅਰ ਉਹ ਕੌਮ ਭੀ ਦੁਨੀਆਂ ਦੇ ਕਿਸੇ ਹਿਸੇ ਵਿਚਿ ਗਿਣਤੀ ਦੇ ਵਿਚ ਆਇ ਜਾਂਦੀ ਹੈ।

ਜਦ ਉਸ ਪੰਥ ਯਾ ਕੌਮ ਦੇ ਵਿਚ ਇਸ ਪ੍ਰਕਾਰ ਦੀ ਉਨਤੀ ਹੁੰਦੀ ਹੈ ਤਦ ਉਸ ਦੇ ਵਿਚ ਨਾਲ ਹੀ ਅਕਾਲ ਪੁਰਖ ਦੀ ਪ੍ਰੀਤੀ ਦਾ ਅਭਾਵ ਹੋ ਜਾਂਦਾ ਹੈ ਅਤੇ ਵਿਖਯ ਲੰਪਟਤਾ ਅਤੇ ਸੁਆਰਥਪ੍ਰਤਾ ਮਾਨ ਵਡਿਆਈ ਦੀ ਲਾਲਸਾ ਉਨਾਂ ਦੇ ਵਿਚ ਨਿਵਾਸ ਕਰ ਜਾਂਦੀ ਹੈ ਜਿਸ ਵਿਚ ਸਭ ਕੋਈ ਆਪ ਹੀ ਖੁਦ ਮੁਖਤਾਰ ਹੋ ਕਰ ਘਮੰਡੀ ਹੋ ਜਾਂਦਾ ਹੈ ਤਦ ਉਸ ਪਰ ਅਕਾਲ ਪੁਰਖ ਦਾ ਕੋਪ ਉਪਜਦਾ ਹੈ-ਜਿਸ ਪ੍ਰਕਾਰ ਖੁਦਾ ਨੇਂ ਉਨਾਂ ਦੀਆਂ ਜੁਬਾਨਾਂ ਅੱਡੋ ਅੱਡੀ ਕਰ ਦਿੱਤੀਆਂ ਸਨ। ਇਸੀ ਪ੍ਰਕਾਰ ਉਸ ਉਨਤੀ ਦੇ ਖਿਯਾਲ ਕਰਨ ਵਾਲਿਆਂ ਆਦਮੀਆਂ ਦੀ ਜੋ ਇਕ ਰਾਇ ਹੈ ਅਕਾਲ ਪੁਰਖੁ ਉਸ ਨੂੰ ਵਖੋ ਵਖਰੀ ਕਰ ਦਿੰਦਾ ਹੈ ਜਿਸ ਤੇ ਇਕ ਦੂਸਰੇ ਦੀ ਬਾਤ ਨੂੰ ਨਾ ਸਮਝਕੇ ਆਪੋ ਆਪਣੀ ਰਾਇ ਦੇਨ ਲੱਗ ਜਾਂਦੇ ਹਨ-ਕੋਈ ਕੁਝ ਆਖਦਾ ਹੈ ਦੂਜਾ ਉਸਦੇ ਜੁਵਾਬ ਵਿਚ ਕੁਝ ਬੋਲਦਾ ਹੈ- ਤੀਜਾ ਹੋਰ ਹੀ ਚੱਕੀ ਝੋ ਦੇਂਦਾ ਹੈ- ਚੌਥਾ ਹੋਰ ਹੀ ਰਾਮ ਕਹਾਣੀ ਛੇੜ ਦਿੰਦਾ ਹੈ- ਇਸੀ ਪ੍ਰਕਾਰ ਗੜਵੜ ਮਿਚ ਜਾਂਦੀ ਹੈ- ਜਿਸ ਦਾ ਫਲ ਇਹ ਹੁੰਦਾ ਹੈ ਜੋ ਸਾਰੇ ਆਪਸ ਵਿਚ ਝਗੜ ਰਗੜ ਕੇ ਅਡੋ ਅਡੀ ਹੋ ਜਾਂਦੇ ਹਨ ਅਤੇ ਜਿਸ ਤਰਫ ਜਿਸ ਦੀ ਇਛਯਾ ਹੁੰਦੀ ਹੈ ਉਸੀ ਤਰਫ ਮੂੰਹ ਕਰ ਲੈਂਦੇ ਹਨ ਤੇ ਗਿਰਧਰ ਜੀ ਦੇ ਇਸ ਬਚਨ ਪਰ ਅਮਲ ਕਰਦੇ ਹਨ(ਆਪੋ ਅਪਨੀ ਰਾਗਨੀ ਆਪੋ ਅਪਨੇ ਸਾਜ। ਕਿਨੇ ਬਜਾਈ ਛਾਨਣੀ ਕਿਨੇ ਬਜਾਏ ਛਾਜ) ਜਿਸ ਦਾ ਫਲ ਇਹਿ ਹੁੰਦਾ ਹੈ ਕਿ ਕੌਮ ਯਾ ਦੇਸੋਨਤੀ ਦਾ ਜੋ ਬੁਰਜ ਹੈ ਸੋ ਉਥੇ ਹੀ ਉਸਰਨਾਂ ਬੰਦ ਹੋ ਜਾਂਦਾ ਹੈ। ਅਰ ਉਹ ਆਪੋ ਆਪਣੇ ਸੋਹਿਲੇ ਗਾਉਂਦੇ ਵਖੋ ਵੱਖੀ ਝੁੱਗੀਆਂ ਪਾਇ ਬੈਠਦੇ ਹਨ ਜਿਨਾਂ ਤੇ ਕੁਝ ਭੀ ਲਾਭ ਨਹੀਂ ਹੁੰਦਾ- ਜੈਸਾ ਦਸਮ ਗ੍ਰੰਥ ਵਿਚ ਕਥਨ ਹੈ (ਘਰ ਘਰ ਹੋਇ ਬਹੇਂਗੇ ਰਾਮਾ।। ਤਿਨਤੇ ਕੋਇ ਨ ਸਰਹੈ ਕਾਮਾ ।।)

ਇਸ ਦੁਨੀਆਂ ਦੇ ਵਿਚ ਕਈ ਅਜੇਹੀਆਂ ਕੌਮਾਂ ਹੋ ਗੁਜਰੀਆਂ ਹਨ ਜਿਨਾਂ ਦੇ ਉਨਤੀ ਦੇ ਮੀਨਾਰੁ ਉਸਰ ਕੇ ਫੇਰੁ ਧਰਤੀ ਨਾਲ ਮਿਲ ਗਏ ਹਨ- ਅਤੇ ਬਹੁਤ ਉਹ ਹਨ ਜਿਨਾਂ ਦੇ ਉਸੀ ਜਗਹਿ ਉਸਰਨੋ ਰਹਿ ਗਏ ਹਨ ਅਤੇ ਬਹੁਤ ਉਹ ਹਨ ਜੋ ਮਨੇਰਿਯੋਂ ਇਟਾਂ ਗਿਰਨੇ ਲੱਗ ਪਈਆਂ ਹਨ ਜਿਸ ਤੇ ਕਿਸੇ ਦਿਨ ਨੂੰ ਡਿਗਕੇ ਧਰਤੀ ਨਾਲ ਮਿਲ ਜਾਨਗੇ ਐ ਖਾਲਸਾ ਕੌਮ

ਦਿਯੋ ਪਿਯਾਰਯੋ ਤੁਸੀਂ ਸੋਚਕੇ ਦਸੋ ਜੋ ਆਪਦਾ ਮੀਨਾਰ ਜੋ ਖਾਲਸਾ ਪੰਥ ਹੈ ਇਸ ਦਾ ਕੀ ਹਾਲ ਹੈ ਇਸ ਦੀ ਉਨਤੀ ਹੋ ਰਹੀ ਹੈ ਯਾ ਹੋਏਗੀ-ਯਾ ਉਨਤੀ ਬਦਲੇ ਅਉਨਤੀ ਹੋ ਰਹੀ ਹੈ-ਜੇ ਤੁਸੀਂ ਇਹ ਜਾਨਦੇ ਹੋ ਕਿ ਉਨਤੀ ਨਹੀਂ ਹੁੰਦੀ ਤਾਂ ਕਿਯਾ ਆਪਦੇ ਚਿਤਿ ਵਿਚ ਇਤਨੀ ਇਛਯਾ ਨਹੀਂ ਹੈ ਕਿ ਜਿਸ ਘਰ ਵਿਚ ਸਾਡੇ ਬਾਪ ਦਾਦੇ ਵਸਦੇ ਰਹੇ ਤੇ ਅਸੀਂ ਭੀ ਪਰਵਰਸ਼ ਪਾਈ ਹੈ ਉਸ ਨੋ ਮੀਹਾਂ ਦੇ ਪਾਣੀਆਂ ਤੋਂ ਬਚਾਈਏ ਅਰ ਚੋਰਾਂ ਤੇ ਰੱਖਿਯਾ ਕਰੀਏ-ਆਸ਼ਾ ਹੈ ਜੋ ਸਾਡੇ ਭਾਈ ਜ਼ਰੂਰ ਇਸ ਬਾਤ ਪਰ ਕੁਝ ਨਾ ਕੁਝ ਸੋਚਣਗੇ।

੧੧. ਸੱਚਾ ਗਿਯਾਨ(ਖ.ਅ.ਲ. ੧੮੯੯ ਈ:)

ਗਿਯਾਨ ਸਬਦ ਦਾ ਅਰਥ ਜਾਨਨਾਂ ਹੈ ਇਸ ਲਈ ਗਿਯਾਨ ਨਾਨਾ ਪ੍ਰਕਾਰ ਦਾ ਹੋ ਸਕਦਾ ਹੈ ਜਿਸ ਤਰਾਂ ਘਟ ਦਾ ਗਿਯਾਨ-ਪਟ ਦਾ ਗਿਯਾਨ ਹਸਤੀ ਦਾ ਗਿਯਾਨ ਘੋੜੇ ਦਾ ਗਿਯਾਨ ਆਦਿਕ, ਦਾ ਗਿਯਾਨ ਭਿੰਨ ੨ ਗਿਯਾਨ ਹੈ। ਇਸ ਸੰਸਾਰ ਦੇ ਅਨੰਤ ਪਦਾਰਥ ਹੋਨੇਂ ਕਰਕੇ ਗਿਯਾਨ ਭੀ ਅਨੰਤ ਹਨ- ਪ੍ਰੰਤੂ ਜਿਸ ਪ੍ਰਕਾਰ ਅਨੰਤ ਪਦਾਰਥਾਂ ਦੇ ਗਿਯਾਨ ਤੇ ਨਾ ਨਾ ਗਿਯਾਨ ਹਨ ਇਸੀ ਪ੍ਰਕਾਰ ਨਾ ਨਾ ਵਸਤੂਆਂ ਦੇ ਅਗਿਯਾਨ ਤੇ ਅਗਿਯਾਨ ਹੀ ਨਾ ਨਾ ਹੋ ਸਕਦੇ ਹਨ- ਕਿਉਂਕਿ ਕਿਸੇ ਨੂੰ ਕਿਸੇ ਦੇਸ ਦਾ ਅਗਿਯਾਨ ਹੈ ਕਿਸੇ ਨੂੰ ਘਟ ਦਾ ਅਗਿਯਾਨ ਹੈ ਕਿਸੇ ਨੂੰ ਪਟ ਦਾ ਅਗਿਯਾਨ ਹੈ-ਤਾਤਪਰਜ ਇਹ ਹੈ ਕਿ ਇਸ ਸੰਸਾਰ ਵਿਚ ਅਜੇਹਾ ਕੋਈ ਭੀ ਪੁਰਸ ਨਹੀਂ ਹੈ ਜਿਸ ਨੂੰ ਸਾਰੀਯਾਂ ਵਸਤੂਆਂ ਦਾ ਗਿਯਾਨ ਹੋਵੇ- ਇਸ ਤਰਾਂ ਸਾਰੇ ਸੰਸਾਰ ਦੇ ਪ੍ਰਾਣੀ ਗਿਯਾਨੀ ਅਤੇ ਅਗਿਯਾਨੀ ਹਨ- ਇਕੋ ਪੁਰਖ ਇਕ ਪਦਾਰਥ ਦੇ ਗਿਯਾਨ ਕਰਕੇ ਗਿਯਾਨੀ ਅਤੇ ਦੂਜੇ ਪਦਾਰਥ ਦੇ ਅਗਿਯਾਨ ਕਰਕੇ ਅਗਿਯਾਨੀ ਹੋ ਸਕਦਾ ਹੈ ਜਿਸ ਦਾ ਫਲੁ ਇਹ ਨਿਕਲਦਾ ਹੈ ਕਿ ਸੰਸਾਰ ਪਰ ਨਾ ਕੋਈ ਗਿਯਾਨੀ ਅਤੇ ਨਾ ਕੋਈ ਅਗਿਯਾਨੀ ਆਖਿਆ ਜਾਵੇਗਾ- ਅਰਥਾਤ ਸਾਰੇ ਹੀ ਗਿਯਾਨੀ ਅਤੇ ਸਾਰੇ ਹੀ ਅਗਿਯਾਨੀ ਆਖਣੇਂ ਚਾਹੀਏ-ਭਾਵੇਂ ਪ੍ਰਤੱਖ ਦ੍ਰਿਸ਼ਟੀ ਦੁਆਰੇ ਤਾਂ ਇਹ ਬਾਰਤਾ ਸਿੱਧ ਹੁੰਦੀ ਹੈ ਪਰ ਵਾਸਤਵ ਵਿਚ ਵਿਚਾਰ ਕਰਨੇਂ ਤੇ ਇਹ ਬਾਰਤਾ ਠੀਕ ਨਹੀਂ ਹੈ ਕਿਉਂਕਿ ਸੱਚਾ ਗਿਯਾਨ ਇਹ ਹੈ ਜੋ ਜੀਵ ਨੂੰ ਇਹ ਗਿਯਾਨ ਹੋਵੇ ਕਿ ਮੈ ਕਿਯਾ ਵਸਤੂ ਹਾਂ ਅਤੇ ਕਿਥੋਂ ਆਇਆਂ ਹਾਂ ਅਤੇ ਕਿਥੇ ਜਾਨਾ ਹੈ ਅਤੇ ਸੰਸਾਰ ਕਿਯਾ ਪਦਾਰਥ ਹੈ ਅਤੇ ਇਸ ਦਾ ਕਰਤਾ ਕਿਯਾ ਪਦਾਰਥ ਹੈ ਇਸ ਵਸਤੂ ਦੇ ਗਿਯਾਨ ਨੂੰ ਹੀ ਸੱਚਾ ਗਿਯਾਨ ਆਖਦੇ ਹਨ ਅਤੇ ਇਸੇ ਗਿਯਾਨ ਤੇ ਜਨਮ ਮਰਨ ਦੁਖ ਦੂਰ ਹੋ ਕਰਕੇ ਮੁਕਤੀ ਪ੍ਰਾਪਤਿ ਹੁੰਦੀ ਹੈ ਜਿਸ ਨੂੰ ਸ੍ਰਤੀ ਨੇਂ ਇਹ ਕਥਨ ਕੀਤਾ ਹੈ ਕਿ (ਰਿਤੇ ਗਿਯਾਨਾਨ ਮੁਕਤੀ) ਅਰਥਾਤ ਗਿਯਾਨ ਤੇ ਬਿਨਾਂ ਮੁਕਤੀ ਨਹੀਂ ਹੈ।

ਦੂਸਰੇ ਕਿਸੇ ਵਿਸ਼ੇਸ ਪਦਾਰਥ ਦਾ ਅਗਿਯਾਨ ਅਗਿਯਾਨ ਨਹੀਂ ਹੈ ਸੱਚਾ ਅਗਿਯਾਨ

ਭੀ ਇਸੇ ਨੂੰ ਆਖਿਯਾ ਜਾਂਦਾ ਹੈ ਜੋ ਅਪਨੇਂ ਸਰੂਪ ਦਾ ਅਗਿਯਾਨ ਹੈ ਇਸ ਪਰ ਵਸਿਸਟ ਮੁਨੀ ਨੇਂ ਭੀ ਸ੍ਰੀ ਰਾਮ ਚੰਦ੍ਰ ਜੀ ਨੂੰ ਏਹੋ ਉਪਦੇਸ਼ ਕੀਤਾ ਹੈ ਕਿ ਹੇ ਰਾਮ ਜੀ ਇਹ ਗਿਯਾਨ ਅਗਿਯਾਨ ਨਹੀਂ ਹੈ ਜੋ ਕਿਸੇ ਪਦਾਰਥ ਦਾ ਗਿਯਾਨ ਹੈ ਸੱਚਾ ਗਿਯਾਨ ਉਹੋ ਹੈ ਜੋ ਅਪਨੇ ਸਰੂਪ ਦਾ ਗਿਯਾਨ ਹੈ ਅਤੇ ਇਹ ਅਗਿਯਾਨ ਅਗਿਯਾਨ ਨਹੀਂ ਹੈ ਜੋ ਕਿਸੇ ਪਦਾਰਥ ਦਾ ਅਗਿਯਾਨ ਹੈ ਸੱਚਾ ਅਗਿਯਾਨ ਉਹੋ ਹੈ ਜੋ ਆਪਣੇ ਆਤਮਾ ਦਾ ਅਗਿਯਾਨ ਹੈ- ਇਸ ਲਈ ਸਪੂਰਣ ਸੰਸਾਰ ਦੇ ਪ੍ਰਾਣੀਆਂ ਦਾ ਇਹ ਮੁੱਖਯ ਪ੍ਰਯੋਜਨ ਹੈ ਜੋ ਸਚੇ ਗਿਯਾਨ ਦੇ ਪ੍ਰਾਪਤ ਕਰਨ ਦਾ ਸਾਧਨ ਹਾਸਲ ਕਰਨ ਅਤੇ ਅਗਿਯਾਨ ਦੇ ਦੂਰ ਕਰਨ ਲਈ ਯਤਨ ਕਰਨ। ਇਸ ਗਿਯਾਨ ਦੀ ਪ੍ਰਾਪਤੀ ਕਿਸੇ ਬਾਹਰ ਮੁਖੀ ਸਾਧਨ ਕਰਕੇ ਅਰਥਾਤ ਪੰਚ ਅਗਨੀ ਤਾਪਨ ਯਾ ਰੋੜਾਂ ਪਰ ਸਾਉਣ ਕਰਨੇ ਕਰਕੇ ਨਹੀਂ ਹੁੰਦੀ ਕੇਵਲ ਸਤਵਾਦੀ ਮਹਾਤਮਾਂ ਦੇ ਉਪਦੇਸ ਦੇ ਕਰਨੇਂ ਕਰਕੇ ਪ੍ਰਾਪਤਿ ਹੁੰਦੀ ਹੈ ਤਾਂਤੇ ਸਪੂਰਨ ਸੱਜਣ ਇਸ ਗਿਯਾਨ ਨੂੰ ਹਾਸਲ ਕਰਨ।

੧੨. ਸਿੰਧ ਦੀ ਯਾਤਰਾ (੧) (ਖ.ਅ.ਲ.੧੮੯੯ ਈ:)

ਇਸ ਸਫਰ ਦਾ ਹਾਲ ਸਾਰਾ ਇਕ ਅਖ਼ਬਾਰ ਦੇ ਪਰਚੇ ਵਿਚ ਆਉਣਾ ਵਡਾ ਕਠਿਨ ਹੈ। ਇਸ ਲਈ ਅਸੀਂ ਨੰਬ੍ਵਾਰ ਅਗਲੇ ਪਰਚਿਆਂ ਵਿਚ ਨਿਕਾਲਦੇ ਚਲਾਂਗੇ ਜਿਸ ਦੇ ਪੜਨੇ ਤੇ ਸਾਡੇ ਪਾਠਕਾਂ ਨੂੰ ਇਸ ਬਾਤ ਦਾ ਬੋਧ ਚੰਗੀ ਤਰਹਿ ਹੋ ਜਾਏਗਾ ਕਿ ਸਿੰਧ ਦੇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਤਾਪ ਕਿਸ ਪ੍ਰਕਾਰ ਛਾ ਰਿਹਾ ਹੈ।

ਪਹਿਲੇ ਦਿਨ ਅਸੀਂ ਲਾਹੌਰੋਂ ਤੁਰਕੇ ਮੁਲਤਾਨ ਪਹੁੰਚੇ ਉਥੇ ਦੋ ਸਿੰਘਾਂ ਦਾ ਦਰਸ਼ਨ ਕੀਤਾ ਜਿਨਾਂ ਦੇ ਦਰਸ਼ਨ ਤੇ ਅਤਿਯੰਤ ਹੀ ਆਨੰਦ ਪ੍ਰਾਪਤਿ ਹੋਇਆ।

ਪਹਿਲੇ ਭਾਈ ਗੁਰਦਿੱਤ ਸਿੰਘ ਸਾਹਿਬ ਸੌਦਾਗਰ ਜੋ ਛਾਉਨੀ ਵਿਚ ਠੇਕੇਦਾਰ ਹਨ ਉਨਾਂ ਦੇ ਮਕਾਨ ਪੁਰ ਗਏ ਉਨਾਂ ਨੇ ਵਡੀ ਪ੍ਰੀਤੀ ਨਾਲ ਆਪਨੇ ਸਥਾਨ ਪਰ ਡੇਰਾ ਕਰਾਇਆ ।ਇਹ ਭਾਈ ਸਾਹਿਬ ਭਗਤੀ ਦੀ ਮੂਰਤ ਹਨ ਸਦਾ ਹੀ ਪ੍ਰੇਮ ਦੇ ਵਿਚ ਮਗਨ ਰਹਿੰਦੇ ਹਨ। ਅਕਾਲ ਪੁਰਖ ਦਾ ਗੁਣਾਨਵਾਦ ਗਾਇਨ ਕਰਨਾ ਯਸਵ੍ਰਨਨ ਕਰਨਾਂ ਇਨਾਂ ਦਾ ਕੰਮ ਹੈ ਅਤੇ ਇਨਾਂ ਦੇ ਕਾਰਖਾਨੇਂ ਵਿਚ ਕਈ ਮਸ਼ੀਨਾਂ ਚੱਲ ਰਹੀਯਾਂ ਹਨ ਜੋ ਰੂਈਂ ਅਤੇ ਲਕੜੀ ਦਾ ਕੰਮ ਕਰ ਰਹੀਆਂ ਹਨ ਇਨਾਂ ਦਾ ਵਿਵਹਾਰ ਲੱਖਾਂ ਰੁਪਯਾਂ ਦਾ ਹੈ ਪਰ ਇਨਾਂ ਦੀ ਮੂਰਤੀ ਭੋਲੀ ਭਾਲੀ ਅਤੇ ਸਿਧੀ ਸਾਦੀ ਹੈ ਸਾਰੇ ਬਿਵਹਾਰਾਂ ਵਿਚ ਇਹ ਇਸ ਪ੍ਰਕਾਰ ਉਪਰਾਮ ਰਹਿੰਦੇ ਹਨ ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਥਨ ਹੈ-(ਜੈਸੇ ਜਲ ਮਹਿ ਕਵਲੁ ਨਿਰਲਮੁ ਮੁਰਗਾਈ ਨੈਸਾਣੇ)

ਇਨਾਂ ਨਾਲ ਬਹੁਤ ਪ੍ਰਮਾਰਥ ਸਬੰਧੀ ਬਾਤਾਂ ਹੁੰਦੀਆਂ ਰਹੀਆਂ ਅਤੇ ਇਨਾਂ ਨੈ ਅਪਨੇ

' ਕਾਰਖਾਨੇਂ ਦਿਖਾਏ ਅਤੇ ਦੋਨੋਂ ਵਕਤ ਪ੍ਰਸ਼ਾਦਾ ਛਕਾਇਆ ਅਤੇ ਅਤਯੰਤ ਪ੍ਰੀਤੀ ਪ੍ਰਗਟ ਕੀਤੀ ਇਹ ਸਾਹਿਬ ਦਰਸਨ ਦੇ ਯੋਗ ਹਨ ਉਨਾਂ ਦੇ ਪਾਸੋਂ ਮੁਲਤਾਨ ਸਹਿਰ ਦੀ ਸੈਰ ਕਰਕੇ ਸ਼ੰਮਸ ਤਬਰੇਜ਼ ਦਾ ਮਕਬਰਾ ਅਤੇ ਪ੍ਰਹਿਲਾਦ ਪੁਰੀ ਆਦਿਕ ਸਥਾਨਾਂ ਦਾ ਦਰਸਨ ਕਰਕੇ ਸਰਦਾਰ ਸਾਹਿਬ ਸ੍ਰਦਾਰ ਗੁਰਦਿਆਲ ਸਿੰਘ ਸਾਹਿਬ ਜੋ ਮੁਜਫੱਰਗੜ ਦੇ ਵਿੱਚ ਡਿਪਟੀ ਕਮਿਸ਼ਨਰ ਲੱਗੇ ਹੋਏ ਸਨ ਅਤੇ ਅੱਜ ਕੱਲ ਮੁਲਤਾਨ ਦੇ ਵਿਚ ਡਿਸਟਰਿਕ ਜੱਜ ਹਨ ਉਨਾਂ ਦੇ ਦਰਸਨ ਲਈ ਗਏ। ਜਦ ਉਨਾਂ ਦੇ ਮਕਾਨ ਪਰ ਪਹੁੰਚੇ ਸ੍ਰਦਾਰ ਸਾਹਿਬ ਅੱਗੇ ਬੰਦੂਕ ਦੇ ਨਿਸ਼ਾਨੇ ਕਰ ਰਹੇ ਸਨ ਜਦ ਅਸੀਂ ਜਾ ਕੇ ਫਤੇ ਗਜਾਈ ਤਦ ਵਡੇ ਪ੍ਰੇਮ ਦੇ ਨਾਲ ਮਿਲੇ ਅਤੇ ਨਿਸ਼ਾਨੇ ਫੁੰਡ ਕੇ ਦਿਖਾਉਂਦੇ ਰਹੇ । ਭਾਈ ਜਵਾਹਰ ਸਿੰਘ ਜੀ ਨੇਂ ਭੀ ਸਰਦਾਰ ਸਾਹਿਬ ਜੀ ਤੇ ਬੰਦੂਕ ਲੈ ਕਰਕੇ ਨਿਸ਼ਾਨਾ ਕੀਤਾ ਪਰ ਖੁਸ਼ੀ ਦੀ ਬਾਤ ਇਹ ਹੈ ਜੋ ਪਹਿਲਾ ਹੀ ਨਿਸ਼ਾਨਾ ਠੀਕ ਲਗਿਯਾ ਜਿਸ ਪਰ ਸ੍ਰਦਾਰ ਸਾਹਿਬ ਜੀ ਸਮੇਤ ਸਭ ਆਨੰਦ ਹੋਏ। ਇਸ ਤੇ ਪਿਛੇ ਅੰਦ੍ਰ ਕੋਠੀ ਵਿਚ ਗਏ ਅਤੇ ਸਭ ਭਾਈ ਕੁਰਸੀਆਂ ਪਰ ਬੈਠ ਗਏ ਪਰ ਉਸ ਕਮਰੇ ਦੇ ਵਿਚ ਸਿਵਾਇ ਪੁਸਤਕਾਂ ਦੇ ਹੋਰ ਕੋਈ ਚੀਜ਼ ਨਹੀਂ ਸੀ- ਸਰਦਾਰ ਸਾਹਿਬ ਜੀ ਦੀ ਸੰਸਕ੍ਰਿਤ ਫਾਰਸੀ ਅਤੇ ਗੁਰਮੁਖੀ ਵਿਚ ਲਿਯਾਕਤ ਦੇਖ ਕਰਕੇ ਅਸੀ ਲੋਕ ਬਹੁਤ ਹੀ ਪ੍ਰਸੰਨ ਹੋਏ ਅਤੇ ਅੰਗ੍ਰੇਜ਼ੀ ਵਿਚ ਤਾਂ ਸਮੁੰਦ੍ਰ ਹਨ- ਸ੍ਰਦਾਰ ਸਾਹਿਬ ਨੇਂ ਇਕ ਜਪੁਜੀ ਦਾ ਟੀਕਾ ਕੀਤਾ ਹੈ ਜਿਸ ਦੀ ਮ੍ਰਯਾਦਾ ਉਨਾਂ ਨੇ ਅਲੋਕਿਕ ਰੱਖੀ ਹੈ ਤੇ ਕਈ ਪ੍ਰਕਾਰ ਦੇ ਟੀਕੇ ਉਨਾਂ ਦੇ ਪਾਸ ਹਨ ਜਿਨਾਂ ਦੇ ਇਖਤਿਲਾਫ ਪਰ ਬਹੁਤ ਵਾਕ ਬਿਲਾਸ ਹੁੰਦੇ ਰਹੇ। ਅੰਤ ਨੂੰ ਜਦ ਸ੍ਰਦਾਰ ਸਾਹਿਬ ਤੇ ਚਲਨੇ ਦੀ ਆਗਿਆ ਚਾਹੀ ਤਦ ਕੋਠੀ ਦੇ ਅੰਦ੍ਰ ਬੰਦੂਕਾਂ ਨਜ਼ਰ ਆਈਆਂ ਜਿਨਾਂ ਦੇ ਦਿਖਾਉਨ ਲਈ ਸਭਨਾ ਨੂੰ ਦੂਸਰੇ ਕਮਰੇ ਵਿਚ ਲੈ ਗਏ ਸਨ। ਓਥੇ ਕਈ ਪ੍ਰਕਾਰ ਦੀਯਾਂ ਬੰਦੂਕਾਂ ਜੋ ਅਪਨੀ ੨ ਜੁਦੀ ੨ ਸਿਫਤ ਰਖਦੀ ਸੀ ਦਿਖਾਈ ਪਰ ਇਕ ਬੰਦੂਕ ਇਤਨੀ ਭਾਰੀ ਸੀ ਜਿਸ ਨੂੰ ਅਸੀਂ ਉਠਾ ਨਹੀਂ ਸਕਦੇ ਸੇ ਅਰ ਸ੍ਰਦਾਰ ਸਾਹਿਬ ਉਸ ਨੂੰ ਆਮ ਬੰਦੂਕਾਂ ਦੀ ਤਰਹਿ ਉਠਾ ਲੈਂਦੇ ਸਨ- ਉਸ ਕਮਰੇ ਤੇ ਜਦ ਤੀਸਰੇ ਕਮਰੇ ਵਿਚ ਗਏ ਉਸ ਵਿਚ ਕੋਈ ਤਸਵੀਰ ਯਾ ਸਜਾਵਟ ਵਾਲੀ ਚੀਜ਼ ਨਹੀਂ ਸੀ ਕੇਵਲ ਚਿੱਟਾ ਫਰਸ ਅਤੇ ਇਕ ਅੰਗ੍ਰੇਜ਼ੀ ਬਾਜਾ ਪਇਆ ਸੀ ਅਰ ਇਕ ਪਾਸੇ ਮੇਜ਼ ਪਰ ਸੁੰਦ੍ਰ ੨ ਗਿਲਾਸ ਪਏ ਸਨ ਪਰ ਉਸ ਕਮਰੇ ਦੇ ਵਿਚ ਸਾਰੀ ਸਜਾਵਟ ਕਮਾਨਾਂ ਅਤੇ ਤੀਰਾਂ ਦੀ ਸੀ ਜੋ ਕਈ ਕਿਸਮ ਦੀਯਾਂ ਕਮਾਨਾਂ ਤੇ ਕਈ ਪ੍ਰਕਾਰ ਦੇ ਤੀਰ ਸਨ- ਸ੍ਰਦਾਰ ਸਾਹਿਬ ਨੇ ਇਕ ਕਮਾਨ ਲੈ ਕਰਕੇ ਸਾਨੂੰ ਲੋਕਾਂ ਨੂੰ ਦਿਤੀ ਅਰ ਆਖਿਆ ਕਿ ਇਸ ਨੂੰ ਖਿਚੋ ਤਦ ਅਸਾਂ ਲੋਕਾਂ ਤੇ ਉਸ ਦੀ ਚਾਰ ਉਂਗਲ ਭੀ ਤੰਦੀ ਨਹੀਂ ਖਿਚੀ ਗਈ ਸੀ ਪਰ ਸ੍ਰਦਾਰ ਸਾਹਿਬ ਉਸ ਨੂੰ ਬਿਨਾਂ ਯਤਨ ਹੀ ਚੜਾ ਦਿੰਦੇ ਸਨ । ਇਕ ਲੋਹੇ ਦਾ ਟੁਕੜਾ ਜੋ ਹੱਥ ਭਰ ਚੌੜਾ ਅਤੇ ਸਵਾ ਹੱਥ ਭਰ ਲੰਬਾ ਸੀ ਸਾਨੂੰ ਦਿਖਾਇਆ ਜਿਸ ਦੇ ਵਿਚ ਛਾਨਣੀਂ ਵਾਂਗ ਛੇਕ ਸਨ ਜਿਸ ਨੂੰ ਸ੍ਰਦਾਰ ਸਾਹਿਬ ਦੇ ਤੀਰਾਂ ਨੇ ਹੀ ਛਾਨਨੀ ਕੀਤਾ ਸੀ।

ਇਤਨੇ ਵਿਚ ਇਕ ਕਮਾਨ ਤੇ ਤੀਰ ਲੈ ਕੇ ਬਾਹਰ ਨੂੰ ਆਏ ਜਦ ਰਸਤੇ ਦੇ ਕਮਰੇ ਵਿਚ ਪਹੁੰਚੇ ਤਦ ਸੁਫੈਦ ਮੂੜੇ ਅਤੇ ਕੌਚਾ ਨਾਲ ਪੂਰ ਰਿਹਾ ਸੀ ਅਤੇ ਦੀਵਾਰ ਪਰ ਨੰਗੀਆਂ ਤਲਵਾਰਾਂ ਅਜਾਇਬ ਘਰ ਦੀ ਤਰਹਿ ਸੁਭਾਇਮਾਨ ਹੋ ਰਹੀਆਂ ਸਨ ਜਿਨਾਂ ਨੂੰ ਦੇਖ ਕਰਕੇ ਸਾਡੇ ਚਿਤ ਵਡੇ ਆਨੰਦ ਨੂੰ ਪ੍ਰਾਪਤ ਹੁੰਦੇ ਸਨ ਬਾਹਰ ਜਾ ਕੇ ਸ੍ਰਦਾਰ ਸਾਹਿਬ ਜੀ ਨੇਂ ਕਮਾਨ ਪਕੜ ਕੇ ਤੀਰ ਚਲਾਏ ਜਿਨਾਂ ਨੂੰ ਦੇਖਕੇ ਸਾਨੂੰ ਰਾਮ, ਲਛਮਨ, ਅਰਜਨ ਅਤੇ ਦਸਮ ਗੁਰੂ ਜੀ ਦੇ ਤੀਰ ਯਾਦ ਆ ਗਏ ਕਿ ਬੇਸ਼ਕ ਓਹ ਤੀਰਾਂ ਦੇ ਨਾਲ ਮਹਾਨ ਸ਼ਤਰੂਆਂ ਨੂੰ ਜਿਤਦੇ ਸੇ।

ਇਸ ਤੇ ਮਗਰੋਂ ਸਾਡੀ ਦਰਖਾਸਤ ਦੇ ਕਾਰਨ ਸ੍ਰਦਾਰ ਸਾਹਿਬ ਨੇ ਉਹ ਬੰਦੂਕ ਜੋ ਭਾਰੀ ਸੀ ਚਲਾਈ ਪਰ ਸਭ ਤੇ ਖੂਬੀ ਦੀ ਬਾਤ ਇਹ ਹੈ ਜੋ ਬੈਠਕੇ ਚਲਾਈ ਸੀ ਅਰ ਪਹਿਲਾ ਹੀ ਨਿਸ਼ਾਨਾ ਸਾਫ ਕੀਤਾ ਸੀ ਜਿਸ ਦਾ ਸਬਦ ਤੋਪ ਤੇ ਕਮ ਨਹੀਂ ਸੀ- ਅਸੀਂ ਸਭ ਭਾਈ ਆਨੰਦ ਹੋਏ।

ਉਸ ਤੇ ਪਿੱਛੇ ਸ੍ਰਦਾਰ ਸਾਹਿਬ ਜੀ ਦੇ ਸਾਹਿਬਜਾਦੇ ਜਿਨਾਂ ਦੀ ਉਮਰ ਅਜੇ ਅੱਠ ਨੌਂ ਸ਼ਾਲ ਦੀ ਹੋਵੇਗੀ ਉਨਾਂ ਨੂੰ ਸ੍ਰਦਾਰ ਸਾਹਿਬ ਜੀ ਨੇ ਬੰਦੂਕ ਚਲਾਉਨ ਦੀ ਆਗਿਆ ਦਿਤੀ। ਅਪਨੇਂ ਪਿਤਾ ਦੀ ਆਗਿਆ ਪਾ ਕੇ ਇਕ ਛੋਟੇ ਜਿਹੇ ਬਾਲਕ ਨੇ ਅਜੇਹੀ ਬੰਦੂਕ ਚਲਾਈ ਜੋ ਪਹਿਲੀ ਹੀ ਗੋਲੀ ਨਿਸ਼ਾਨੇ ਦੇ ਵਿਚ ਵਜੀ ਜਿਸ ਤੇ ਸਭ ਦੇ ਮੂੰਹ ਤੇ ਵਾਹ ਵਾਹ ਦਾ ਸਬਦ ਨਿਕਲਿਜਾ ਬਾਤ ਇਹ ਹੈ ਕਿ ਸ੍ਰਦਾਰ ਸਾਹਿਬ ਦੀ ਵਿਦਿਯਾ ਅਰ ਸੂਰਬੀਰਤਾ ਦਸ ਰਹੀ ਹੈ ਕਿ ਖਾਲਸਾ ਕੌਮ ਭੀ ਅਜੇਹੇ ਰਤਨ ਰਖਦੀ ਹੈ ਜੋ ਅਮੁਲ ਹਨ ਅਤੇ ਸ੍ਰਕਾਰ ਦੌਲਤ ਮਦਾਰ ਭੀ ਜੋ ਕਿਸੇ ਨੂੰ ਦਿੰਦੀ ਹੈ ਸੋ ਉਸ ਦੀ ਲਿਯਾਕਤ ਅਨੁਸਾਰ ਹੀ ਦਿੰਦੀ ਹੈ।

੧੩. ਸਿੰਧ ਦੀ ਯਾਤਰਾ (੨) ਖ.ਅ.ਲ.੧੮੯੯ ਈ:)

ਮੂਲਤਾਨ ਤੇ ਰੇਲਗਡੀ ਪਰ ਰਾਤ ਨੂੰ ਸੁਵਾਰ ਹੋਏ ਅਗਲੇ ਭਲਕ ਦਿਨ ਨੂੰ ਸਖਰ ਪਹੁੰਚੇ ਸਖਰ ਦੇ ਹੇਠਾਂ ਸਿੰਘ ਦਰੀਯਾ ਵਗ ਰਿਹਾ ਹੈ ਜੋ ਇਕ ਵਡਾ ਭਾਰੀ ਦਰਿਯਾਉ ਹੈ ਸਟੀਮਰ ਅਰਥਾਤ ਇੰਵਣ ਵਾਲੀ ਕਿਸਤੀ ਪਰ ਚੜ ਕਰਕੇ ਲੋਕ ਉਸ ਦੇ ਪਾਰ ਜਾਂਦੇ ਹਨ ਜਦ ਅਸੀਂ ਪਾਰ ਹੋਕੇ ਸਹਰ ਵਿਚ ਗਏ ਤਦ ਸਹਰ ਦਾ ਸੈਰ ਕੀਤਾ ਸਖਰ ਸਹਰ ਕੱਚਾ ਹੈ ਅਤੇ ਅਜੇਹਾ ਕੋਈ ਸੁੰਦ੍ਰ ਸਹਰ ਨਹੀਂ ਹੈ ਉਸ ਦੇ ਵਿਚ ਸੁੰਦ੍ਰਤਾ ਕੇਵਲ ਦਰੀਯਾਉ ਦੀ ਹੈ ਹੋਰ ਮਕਾਨ ਕਚੇ ਅਤੇ ਦੋ ਦੋ ਤਿੰਨ੍ਹ ਤਿੰਨ ਮੰਜ਼ਲਾਂ ਉਚੇ ਹਨ ਉਸ ਜਗਹਿ ਸ੍ਰੀ ਗੁਰੂ ਸਿੰਘ ਸਭਾ ਦਾ ਮਕਾਨ ਅਸੀਂ ਪੁਛਿਆ ਤਦ ਲੋਕਾਂ ਨੇ ਸਾਨੂੰ ਦੱਸਿਆ ਕਿ ਉਹ ਨਵੇਂ ਗ੍ਰਾਮ ਵਿਚ ਲਗਦੀ ਹੈ ਨਵਾਂ ਗ੍ਰਾਮ ਸਹਰ ਦੇ ਨਾਲ ਹੀ ਹੈ ਪਰ ਸੱਖਰ ਦੀ ਸ੍ਰੀ ਗੁਰੂ ਸਿੰਘ ਸਭਾ ਇਤਨੀ ਮਸ਼ਹੂਰ ਹੈ ਕਿ ਸਹਰ ਦੇ ਕਿਸੇ ਆਦਮੀ ਤੇ ਪੁਛੋ ਕਿ ਸਭਾ ਕਿਥੇ ਲਗਦੀ ਹੈ ਤਦ ਉਹ ਝਟਪਟ ਦਸ ਦਿੰਦੇ ਹਨ ਕਿ ਨਮੇਂ ਗਾਉਂ

ਵਿਚ ਹੈ ਅਤੇ ਜਿਸ ਸਿੰਘ ਨੂੰ ਅਸੀਂ ਆਖਿਆ ਕਿ ਖਾਲਸਾ ਜੀ ਆਪ ਸਭਾ ਦੇ ਵਿਚ ਜਾਇਆ ਕਰੋ ਤਦ ਉਸ ਨੇ ਸਾਨੂੰ ਇਹ ਜੁਬਾਬ ਦਿਤਾ ਕਿ ਅਸੀਂ ਤਾਂ ਸਭਾ ਦੇ ਜੋੜਮੇਲ ਪਰ ਜਾਂਦੇ ਹਾਂ। ਇਸ ਬਾਤ ਨੂੰ ਸੁਨ ਕਰਕੇ ਸਾਡੇ ਚਿਤ ਬਹੁਤ ਆਨੰਦ ਨੂੰ ਪ੍ਰਾਪਤ ਹੁੰਦੇ ਸਨ ਜਦ ਅਸੀਂ ਸਭਾ ਦੇ ਮਕਾਨ ਪਰ ਪਹੁੰਚੇ ਤਦ ਕਿਯਾ ਦੇਖਿਆ ਜੋ ਧਰਮਸਾਲਾ ਦੇ ਅਗੇ ਨਿਸ਼ਾਨ ਸਾਹਿਬ ਖੜਾ ਹੈ ਅਤੇ ਅੰਦਰ ਇਕ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਰਿਹਾ ਹੈ- ਅਸੀਂ ਜਾਕੇ ਫਤੇ ਗਜਾਈ ਜਿਸ ਤੇ ਉਹ ਸਿੰਘ ਵਡੀ ਪ੍ਰੇਮ ਭਾਵਨਾ ਨਾਲ ਮਿਲਿਯਾ ਅਤੇ ਪੁਛਨ ਤੇ ਮਾਲੂੰਮ ਹੋਇਆ ਜੋ ਉਹ ਸਿੰਘ ਸਭਾ ਦਾ ਗ੍ਰੰਥੀ ਹੈ। ਕਈ ਪ੍ਰਕਾਰ ਦੇ ਬਚਨ ਬਿਲਾਸ ਸਭਾ ਦੇ ਬਾਰੇ ਵਿਚ ਹੋਏ ਅਰ ਧਰਮ ਸਬੰਧੀ ਹੋਰ ਬਾਤਚੀਤ ਹੋਈ ਅਤੇ ਉਸ ਸਿੰਘ ਨੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੀ ਹਿੰਮਤ ਅਤੇ ਧਰਮ ਸਬੰਧੀ ਕਾਰਜਾਂ ਪਰ ਕਈ ਪ੍ਰਕਾਰ ਦੇ ਦੁਖ ਸਹਾਰਨ ਪਰ ਧੰਨਵਾਦ ਕੀਤਾ। ਇਸ ਸਭਾ ਨੇ ਇਕ ਧਰਮਸਾਲਾ ਦੇ ਅੰਦਰ ਸਭਾ ਵਲੋਂ ਗੁਰਮੁਖੀ ਦਾ ਸਕੂਲ ਭੀ ਖੋਲਿਆ ਹੋਇਯਾ ਹੈ। ਇਸ ਜਗਾ ਤੇ ਫੇਰ ਅਸੀਂ ਸਾਧ ਬੇਲੇ ਨੂੰ ਦੇਖਨ ਗਏ। ਸਾਧ ਬੇਲਾ ਇਕ ਸਾਧੂਆਂ ਦਾ ਸਥਾਨ ਹੈ ਪਰ ਉਸ ਦੇ ਵਿਚ ਸਭ ਤੇ ਵਧਕੇ ਸੁੰਦ੍ਰਤਾ ਇਹ ਹੈ ਜੋ ਉਹ ਸਿੰਧ ਦਰੀਯਾ ਦੇ ਵਿਚਕਾਰ ਹੈ ਕਿਸ਼ਤੀ ਦੇ ਵਿਚ ਬੈਠਕੇ ਉਥੇ ਜਾਈਦਾ ਹੈ ਜਦ ਅਸੀਂ ਉਸ ਸਥਾਨ ਪਰ ਪਹੁੰਚੇ ਤਦ ਸਾਰੇ ਸਥਾਨਾਂ ਦਾ ਦਰਸਨ ਕੀਤਾ ਜਿਸ ਸਥਾਨ ਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਵਾਰਾ ਹੁੰਦਾ ਹੈ ਉਹ ਮਕਾਨ ਇਕ ਅਦਭੁਤ ਸੀਸ ਮਹੱਲ ਹੈ ਜਿਸ ਨੂੰ ਦੇਖ ਕਰਕੇ ਚਿਤਿ ਪ੍ਰਸੰਨ ਹੋ ਜਾਂਦਾ ਹੈ। ਇਸ ਸਥਾਨ ਦੇ ਮਹੰਤ ਸੰਤ ਜੈ ਰਾਮ ਦਾਸ ਜੀ ਹਨ ਇਹ ਸਾਧੂ ਬਹੁਤ ਮਹਾਤਮਾਂ ਹਨ। ਇਸ ਡੇਰੇ ਵਿਚ ਇਹ ਖੂਬੀ ਹੈ ਕਿ ਭਾਵੇਂ ਕਿਸੇ ਫਿਰਕੇ ਦਾ ਸਾਧੂ ਇਸ ਡੇਰੇ ਦੇ ਵਿਚ ਆ ਜਾਵੇ ਸੋ ਪ੍ਰਸਾਦਿ ਛਕੇ ਅਰ ਸ਼ਾਸਤ੍ਰ ਦਾ ਵਿਚਾਰੁ ਕਰੇ। ਸਾਨੂੰ ਭੀ ਉਸ ਜਗਹਿ ਦੇ ਮੁਖੀ ਮਹਾਤਮਾਂ ਨੇਂ ਪ੍ਰਸਾਦਿ ਨੂੰ ਆਖਿਯਾ ਜਿਸ ਪਰ ਅਸੀਂ ਇਨਕਾਰ ਕੀਤਾ ਪਰ ਉਨਾਂ ਨੇ ਆਖਿਯਾ ਕਿ ਥੋੜਾ ਬਹੁਤ ਪ੍ਰਸਾਦਿ ਦੇ ਤੌਰ ਪਰ ਜਰੂਰ ਲੈਨਾਂ ਚਾਹੀਏ ਜਿਸ ਤੇ ਪਤਲਾਂ ਪਰ ਪਾਕੇ ਕੜਾਹ ਪ੍ਰਸ਼ਾਦਿ ਦਾਲ ਫੁਲਕਾ ਸਾਗਭਾਜੀ ਆਦਿਕ ਸਭਨਾ ਦੇ ਹੱਥ ਫੜਾਇਆ। ਇਹ ਸਥਾਨ ਜੇਹਾ ਸੁਅੱਛ ਹੈ ਜੋ ਸਫ ਯਾ ਆਸਨ ਦੀ ਕੋਈ ਲੋੜਨ ਹੀਂ ਹੈ ਕੇਵਲ ਪ੍ਰਿਥਵੀ ਹੀ ਆਸਨ ਹੈ ਜਿਸ ਤੇ ਮਗਰੋਂ ਅਸੀਂ ਸਾਧੂਆਂ ਦੀਆਂ ਕੁਟੀਆਂ ਦੇਖੀਆਂ ਜਿਨਾਂ ਵਿਚ ਇਕ ੨ ਦੋ ੨ ਚਾਰ ੨ ਸਾਧੂ ਬੈਠੇ ਪੜਦੇ ਹਨ ਕੋਈ ਗੁਰੂ ਗ੍ਰੰਥ ਸਾਹਿਬ ਜੀ ਪੜਦੇ ਸੇ ਕੋਈ ਤੁਲਸੀ ਰਮਾਇਣ ਕੋਈ ਰੂਪ ਦੀਪ ਪਿੰਗਲ ਕੋਈ ਸਾਰੁਕਤਾਵਲੀ ਕੋਈ ਭਾਵਰਸਾਸਤ ਕੋਈ ਭਰਥਰੀ ਵੈਰਾਗ ਸਤਕ ਪੜਦੇ ਸਨ। ਇਸੀ ਪ੍ਰਕਾਰ ਅਪਨੇ ੨ ਸਥਾਨਾਂ ਪਰ ਬੈਠੇ ਪੁਸਤਕ ਪੜਦੇ ਸਨ ਅਸੀਂ ਉਸ ਜਗਹਿ ਇਹ ਸੁਣਿਆ ਹੈ ਕਿ ਏਥੇ ਤੁਲਸੀ ਰਮਾਇਣ ਦੀ ਕਥਾ ਹੁੰਦੀ ਹੈ ਜਿਸ ਪਰ ਅਸਾਂ ਇਹ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਹੋਵੇ ਤਾਂ ਬਹੁਤ ਲਾਭ ਪਹੁੰਚ ਸਕਦਾ ਹੈ ਜਿਸ ਪਰ ਉਨਾਂ ਮਹਾਤਮਾਂ ਨੇ ਇਸ ਬਾਤ ਨੂੰ ਸਵੀਕਾਰ ਕੀਤਾ। ਇਸ ਜਗਹਿ ਪਰ ਸਾਧੂ

ਭਾਵੇਂ ਕਿਤਨਾਂ ਹੀ ਚਿਰਿ ਬੈਠਾ ਰਹੇ ਪਰ ਉਸ ਨੂੰ ਤਕਲੀਫ ਨਹੀਂ ਹੁੰਦੀ- ਅੰਨਪਾਣੀ ਅਤੇ ਬਸਤ੍ਰਾਦਿਕ ਦੀ ਖਬਰ ਉਸ ਸਥਾਨ ਦੇ ਮਹੰਤ ਸਾਹਿਬ ਰਖਦੇ ਹਨ- ਇਸ ਸਥਾਨ ਪਰ ਅਤੇ ਹੋਰ ਸਹਰ ਦੇ ਟਿਕਾਣਿਯਾਂ ਪਰ ਅਸੀਂ ਇਸ ਬਾਤ ਨੂੰ ਦੇਖਕੇ ਬਹੁਤ ਆਨੰਦ ਹੋਏ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਚਾਰ ਅਤੇ ਗੁਰੂ ਨਾਨਕ ਦੇਵ ਜੀ ਪਰ ਲੋਕਾਂ ਦਾ ਨਿਸਚਾ ਸਭ ਤੇ ਵਧ ਕਰਕੇ ਹੈ ਅਤੇ ਹੋਰ ਸਭ ਪੂਜਾ ਪਾਠ ਪਿਛੇ ਹਨ ਪਰ ਪਹਿਲੇ ਸੁਖਮਨੀ ਸਾਹਿਬ ਜੀ ਅਤੇ ਜਪੁ ਸਾਹਿਬ ਦਾ ਪਾਠ ਹੈ।

ਇਸ ਸਹਰ ਦੇ ਸੈਲ ਤੇ ਅਸੀਂ ਇਤਨਾ ਨਤੀਜਾ ਨਿਕਾਲ ਸਕਦੇ ਹਾਂ ਕਿ ਜਿਤਨੀ ਗੁਰੂ ਗ੍ਰੰਥ ਸਾਹਿਬ ਜੀ ਪਰ ਅਤੇ ਗੁਰੂ ਨਾਨਕ ਸਾਹਿਬ ਮਹਾਰਾਜ ਜੀ ਪਰ ਇਨਾਂ ਲੋਕਾਂ ਦਾ ਨਿਸਚਾ ਅਤੇ ਵਿਸਵਾਸ ਹੈ ਉਤਨਾਂ ਹੋਰ ਮਤਾਂ ਪਰ ਬਹੁਤ ਘੱਟ ਹੈ ਪਰ ਸ਼ੋਕ ਹੈ ਸਾਡੇ ਦੇਸ ਨਿਵਾਸੀਆਂ ਪਰ ਜੋ ਇਹ ਦਿਨੋਂ ਦਿਨ ਸੁਸਤ ਹੁੰਦੇ ਜਾਂਦੇ ਹਨ।

੧੪. ਪਿੰਡਾਂ ਦੇ ਸਿੱਖਾਂ ਦਾ ਹਾਲ (ਖ.ਅ.ਲ. ੧੮੯੯ ਈ:)

ਸਭ ਤੇ ਵੱਧ ਕਰਕੇ ਸਿੱਖਾਂ ਦਾ ਵੱਡਾ ਭਾਰੀ ਹਿੱਸਾ ਉਹ ਹੈ ਜੋ ਪਿੰਡਾਂ ਦੇ ਵਿਚ ਰਹਿੰਦਾ ਹੈ ਅਰ ਉਸੇ ਦਾ ਨਾਮ ਖਾਲਸਾ ਕੌਮ ਆਖਦੇ ਹਨ- ਕਿਯੋਂਕਿ ਇਕ ਦਾਨਾਇ ਆਦਮੀ ਦਾ ਕਥਨ ਹੈ ਕਿ ਕੌਮ ਨਾਉਂ ਇਨਾਂ ਦਾ ਨਹੀ ਜੋ ਸ਼ਹਿਰਾਂ ਦੇ ਵਿਚ ਲਿਖੇ ਪੜੇ ਆਦਮੀ ਚਿੱਟੇ ਕਪੜੇ ਪਾਏ ਹੋਏ ਪਗੜੀਆਂ ਸਾਫੇ ਸਿਰਾਂ ਨੂੰ ਬੰਨੀ ਫਿਰਦੇ ਹਨ- ਪਰੰਤੂ ਅਸਲੀ ਸਿਖ ਉਹ ਹਨ ਜਿਨਾਂ ਦੇ ਹੱਥਾਂ ਵਿਚ ਦਾਤਰੀਆਂ ਅਤੇ ਮੋਢਿਆਂ ਪਰ ਹੱਲ ਪੰਜਾਲੀ ਰੱਖੀ ਹੋਈ ਹੈ ਯਾ ਬੈਲ ਅੱਗੇ ਲਾਏ ਹੋਏ ਹਨ-ਹਲ ਯਾ ਖੂਹ ਨੂੰ ਜੋਤ ਰਹੇ ਹਨ- ਜਦ ਸਾਨੂੰ ਬਾਹਰ ਜਾਨ ਦਾ ਅਵਿਕਾਸ ਮਿਲਿਆ ਹੈ ਤਦ ਅਸੀਂ ਉਨਾਂ ਭਾਈਆਂ ਦਾ ਭੀ ਜਾ ਕੇ ਪਿੰਡਾਂ ਵਿਚ ਦਰਸਨ ਕਰਿਆ- ਅਰ ਉਨਾਂ ਦੀ ਸਰੀਰਕ ਅਤੇ ਧਾਰਮਕ ਹਾਲਤ ਪਰ ਦੇਖ ਕੇ ਵਿਚਾਰ ਕੀਤਾ ਜਿਸ ਦਾ ਫਲੁ ਇਹ ਦੇਖਿਆ ਜੋ ਇਨਾਂ ਦੇ ਦੀਨ ਦੁਨੀਆਂ ਵਾਲੇ ਸੁਖ ਸਾਰੇ ਗਏ ਹੋਏ ਹਨ- ਦੁਨੀਆਂ ਦੇ ਸੁਖ ਤਾਂ ਇਸ ਤਰਹਿ ਗਏ ਹੋਏ ਹਨ ਜੋ ਇਨਾਂ ਦੇ ਨਾ ਤਾਂ ਪੈਰਾਂ ਨੂੰ ਕੋਈ ਜੁੱਤੀ ਜੁੜਦੀ ਹੈ ਅਰ ਨਾ ਸਿਰ ਨੂੰ ਪੱਗ ਅਰ ਨਾ ਤੇੜ ਨੂੰ ਕੱਛ ਨਾ ਗਲ ਨੂੰ ਕੁਤਤਾ ਹੈ ਸਿਰਫ ਤਿੰਨ ਚਾਰ ਗਜ਼ ਦਾ ਖੱਦਰ ਸਿਰ ਨੂੰ ਢਾਈ ਗਜ਼ ਦਾ ਸਾਫਾ ਤੇੜ ਨੂੰ- ਹਥ ਵਿਚ ਘਮਾਣੀ ਪਕੜੀ ਮਨੇ ਉਤੇ ਖੜੇ ਕਾਉਂ ਉਡਾਉਂਦੇ ਹਨ ਅਰ ਉਚੀ ਉਚੀ ਬੋਲਦੇ ਹਨ (ਹਾਰਿਆ ੨ ਓਏ ਮਾਰਿਆ ਓਏ ਕਾਨਿਆ ਏ ਲੈ ਆਇਆ ਈ ਹਾਂ) ਇਸ ਤਰਹਿ ਬੋਲ ਬੋਲਕੇ ਸਾਰਾ ਦਿਨ ਕਾਵਾਂ ਦੇ ਨਾਲ ਪਏ ਖਪਦੇ ਹਨ ਅਰ ਪਹਿਰ ਦੀ ਰਾਤੋਂ ਉਠਕੇ ਹਲ ਜੋਤਦੇ ਹਨ ਜੋ ਬੈਲਾਂ ਨਾਲ ਇਸ ਤਰਹਿ ਗੱਲਾਂ ਕਰਦੇ ਹਨ (ਤੱਤੇ ਤੱਤੇ-ਪਰ ਪਰ - ਹਾ ਹਾ-ਉਹ ਮਰਜਾਇ ਤੇਰਾ ਬੇਚਦਾ ਮਰੇ ਉਇ

ਗੋਰਿਆ) ਬਸ ਪਹਿਰ ਦਿਨ ਤੱਕ ਇਹ ਕੰਮ ਉਸ ਤੇ ਬਾਦ ਰਾਖੀ ਅਰ ਵਾਢੀ ਕਰਨੀ ਅਰ ਘਾ ਖੋਤਨਾ ਇਨਾਂ ਦਾ ਕੰਮ ਹੈ। ਰਾਤ ਨੂੰ ਗਿਦੜਾਂ ਝੋਟਿਆਂ ਤੇ ਅਤੇ ਚੋਰਾਂ ਤੇ ਖੇਤਾਂ ਨੂੰ ਬਚਾਉਂਦੇ ਹਨ ਅਰ ਖੂਹ ਜੋਤਕੇ ਰੌਣੀਆਂ ਅਤੇ ਕਮਾਦਾਂ ਦੀ ਸੇਜੀ ਕਰਦੇ ਹਨ। ਇਹ ਤਾਂ ਇਨਾਂ ਦੇ ਕੰਮ ਹਨ। ਖਾਣੇ ਇਨਾਂ ਦੇ ਇਹ ਹਨ ਮਿੱਸੀਆਂ ਰੋਟੀਆਂ ਉਪਰ ਨਿਮਕ ਯਾ ਗੰਡਾ ਪਾਣੀ ਨਾਲ ਘੁੱਟਾ ਵੱਟੀ ਖਾ ਜਾਂਦੇ ਹਨ ਨਾ ਨਾਉਂਦੇ ਹਨ ਤੇ ਨਾ ਹੱਥ ਹੀ ਧੋਂਦੇ ਹਨ-ਅਰ ਜੇ ਕੋਈ ਘਰੋ ਰਾਜ਼ੀ ਹੋਇਆ ਤਾਂ ਉਹ ਕੋਈ ਨਾ ਕੋਈ ਲਵੇਰਾ ਰਖਦਾ ਹੈ ਤਦ ਉਸ ਨੂੰ ਲੱਸੀ ਦਾ ਛੰਨਾਂ ਭੀ ਨਾਲ ਮਿਲ ਜਾਂਦਾ ਹੈ ਪਰ ਘੀ ਸਾਰਾ ਇਕੱਠਾ ਕਰਦੇ ਰਹਿੰਦੇ ਹਨ ਜੋ ਬੇਚ ਕੇ ਹਾਲਾ ਭਰਵਾ ਦਿੰਦੇ ਹਨ। ਇਹ ਆਮ ਸਿਖਾਂ ਦੀ ਹਾਲਤ ਹੈ ਪਰ ਇਹ ਗੱਲ ਜੁਦੀ ਹੈ ਜੋ ਕੋਈ ਅਮੀਰ ਘਰ ਘੋੜੀ ਭੀ ਰਖਦਾ ਹੋਵੇ ਹੁਣ ਇਨਾਂ ਦੀ ਧਾਰਮਕ ਹਾਲਤ ਦਾ ਇਹ ਹਾਲ ਹੈ ਜੋ ਇਹ ਨਹੀਂ ਜਾਣਦੇ ਕਿ ਗੁਰੂ ਕੌਨ ਹੋਏ ਹਨ ਅਰ ਉਨਾਂ ਨੇ ਸਾਡੇ ਉਪਰ ਕੀ ਕੀ ਪਰਉਪਕਾਰ ਕੀਤੇ ਸਨ ਅਰ ਸਾਡਾ ਕੀ ਧਰਮ ਹੈ ਸਾਨੂੰ ਕੀ ਕਰਨਾ ਚਾਹੀਦਾ ਹੈ ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਕੀ ਕੁਝ ਉਪਦੇਸ ਹੈ ਅਰ ਪਰਮੇਸਵਰ ਦੇ ਗਯਾਨ ਦਾ ਕੀ ਉਪਾਇ ਹੈ ਅਰ ਮਨੁੱਖ ਦਾ ਕੀ ਧਰਮ ਹੈ। ਗੱਲ ਕਾਹਦੀ ਇਨਾਂ ਗੱਲਾਂ ਵਿਚੋਂ ਉਹ ਕਿਸੇ ਵਸਤੂ ਨੂੰ ਨਹੀਂ ਜਾਨਦੇ ਅਠ ੨ ਦਸ ੨ ਸਾਲ ਦੇ ਮੁੰਡੇ ਸਿਰੋਂ ਰੋਡੇ ਫਿਰਦੇ ਹਨ- ਅਰ ਮਾਈ ਬਾਪ ਖੁਦ ਆਖਦੇ ਹਨ ਕਿ (ਆਈਂ ਓਇ ਨਾਈਆ ਮੁੰਡੇ ਦੇ ਜੂੰਆਂ ਪੈ ਗਈਆਂ ਹਨ ਇਸ ਦਾ ਸਿਰਿ ਮੁੰਨ ਜਾਈ ਅਰ ਮੁਨਾ ਲੈ ਸਹੁਰੇ ਦੇ ਸਹੁਰਿਆ ਜੂੰਆਂ ਤੇ ਛੁੱਟ ਜਾਏਂਗਾ) ਇਹ ਉਨਾਂ ਦੇ ਉਲਾਦ ਨੂੰ ਉਪਦੇਸ ਹਨ ਅਰ ਜੇ ਕਿਸੇ ਨੂੰ ਆਖਿਆ ਜਾਵੇ ਕਿ ਤੁਸੀਂ ਇਨਾਂ ਨੂੰ ਵਿਦਯਾ ਪੜਾਓ ਤਾਂ ਕਿਯਾ ਉਤ੍ਰ ਦਿੰਦੇ ਹਨ ਕਿ (ਜੀ ਕਿਯਾ ਪੜਾਉਨਾ ਹੈ ਸਾਲਾ ਪੜ ਕਰਕੇ ਸਾਨੂੰ ਹੀ ਮਖੌਲ ਕਰੂਗਾ ਏਵੇਂ ਹੀ ਚੰਗਾ ਹੈ ਡੰਗਰ ਚਾਰ ਲਿਆਉਂਦਾ ਹੈ ਪੜਕੇ ਕੇਹੜਾ ਸਿੰਗ ਲਗ ਜਾਣੇਂ ਹਨ) ਇਹ ਉਨਾਂ ਦੇ ਅੰਦਰੂਨੀ ਕੰਮ ਹਨ ਜਿਸ ਦਾ ਸਾਰਾ ਫਲੁ ਇਹ ਨਿਕਲਦਾ ਹੈ ਜੋ ਉਨ੍ਹਾਂ ਦੀ ਕੋਈ ਹਾਲਤ ਭੀ ਅੱਛੀ ਨਹੀਂ ਹੈ ਅਰ ਨਾ ਉਨਾ ਨੂੰ ਕੋਈ ਸੁਖ ਹੀ ਹੈ ਪਰ ਜਿਸ ਪ੍ਰਕਾਰ ਜੇਹਲਖਾਨੇਂ ਦੇ ਕੈਦੀ ਉਥੇ ਹੀ ਆਨੰਦ ਹੁੰਦੇ ਹਨ ਏਹੋ ਉਨਾਂ ਦਾ ਭੀ ਹਾਲ ਹੈ ਰਹਿਨੇ ਵਾਸਤੇ ਘਰ ਇਜੇਹੇ ਹਨ ਜਿਨਾਂ ਨੂੰ ਸਵਾਇ ਬੂਹੇ ਤੇ ਕਿਸੇ ਪਾਸੇ ਨੂੰ ਭੀ ਲੰਘਨ ਲਈ ਯਾ ਹਵਾ ਦੇ ਆਉਨ ਲਈ ਰਸਤਾ ਨਹੀਂ ਹੈ ਜੋ ਭਾਦੋਂ ਦੇ ਮਹੀਨੇ ਦੀਆਂ ਗਰਮੀਆਂ ਅੰਦ੍ਰ ਹੀ ਕਟਦੇ ਹਨ। ਅਰ ਉਥੇ ਹੀ ਡੰਗਰ ਰਹਿੰਦੇ ਹਨ ਜਿਨਾਂ ਦੇ ਗੋਹੇ ਅਤੇ ਮੂਤਰ ਦੀ ਬਦਬੋ ਹੁੰਦੀ ਹੈ। ਐ ਲਿਖੇ ਪੜੇ ਹੋਏ ਸਿੰਘ ਭਾਈਓ ਕਿਯਾ ਆਪ ਅਪਨੇ ਹੀ ਆਨੰਦ ਵਿਚ ਆਨੰਦ ਰਹਿੰਦੇ ਹੋ- ਕਦੇ ਉਨਾਂ ਵਿਚਾਰਿਆ ਵੱਲ ਭੀ ਧਿਯਾਨ ਦੇਵੋ ਅਰ ਉਨਾਂ ਦੇ ਸੁਖ ਦੇ ਉਪਾਉ ਭੀ ਸੋਚੋ ਜੋ ਕਿਸ ਤਰਹਿ ਹੋ ਸਕਦੇ ਹਨ। ਅਰ ਉਨਾਂ ਦੀ ਧਾਰਮਕ ਹਾਲਤ ਦੇ ਵੱਲ ਭੀ ਨਿਗਾਹ ਕਰੋ ਜੋ ਕਿਸ ਤਰਹਿ ਸੁਧਰ ਸਕਦੀ ਹੈ- ਜੇ ਆਪ ਖਿਯਾਲ ਨਹੀਂ ਕਰੋਗੇ ਤਾਂ ਖਾਲਸਾ ਕੌਮ ਨੂੰ ਜ਼ਰੂਰ ਘਾਟਾ ਆਵੇਗਾ।

੧੫. ਸ਼ਬਦ ਅਤੇ ਉਸ ਦੀ ਸਮਰਥਾ (ਖ.ਅ.ਲ. ੧੯੯੩ ਈ:)

ਹਰ ਇਕ ਦਮਾਗ ਨਹੀਂ ਜੋ ਇਸ ਬਾਤ ਨੂੰ ਸੋਚ ਸੱਕੇ ਹਰ ਇਕ ਅਕਲ ਨਹੀਂ ਜੋ ਇਸ ਨੂੰ ਸਮਝ ਸਕੇ ਪਰੰਤੂ ਵਡੇ-੨ ਮਹਾਤਮਾਂ ਜਿਨਾਂ ਨੈ ਦੁਨੀਆਂ ਦੀ ਤਾਰੀਖਾਂ ਦੇਖੀਆਂ ਹਨ ਅਤੇ ਜਿਨਾਂ ਨੈ ਹਰ ਇਕ ਮਜ਼ਹਬ ਦੇ ਪੁਸਤਕ ਪੜ੍ਹੇ ਹਨ ਹਾਂ ਪੜ੍ਹੇ ਹੀ ਨਹੀਂ ਕਿੰਤੂ ਪੜ੍ਹਕੇ ਵਿਚਾਰੇ ਹਨ। ਉਹ ਪੁਰਖ ਜਾਣਦੇ ਹਨ ਜੋ ਇਸ ਸ਼ਬਦ ਨੇ ਅਪਨਾ ਬਲ ਕਿਥੋਂ ਤੋੜੀ ਵਿਖਾਇਆ ਅਤੇ ਸ਼ਬਦ ਨੇ ਕਿਸ ੨ ਤਰਾਂ ਜਮਾਨੇ ਵਿੱਚ ਅਦਲ ਬਦਲੀਆਂ ਕੀਤੀਆਂ ਹਨ। ਵਡੇ ੨ ਫਿਰਕੇ ਜੋ ਹਰ ਇਕ ਦੇਸ ਵਿਚ ਸਾਧਾਂ ਸੰਤਾਂ ਦੇ ਬਣੇ ਹੋਏ ਹਨ ਜੋ ਦੂਜੇ ਦੇ ਸਤਰੂ ਹੋਏ ਹੋਏ ਹਨ ਜੈਸਾ ਕਿ ਸੰਨਯਾਸੀ ਅਤੇ ਵੈਰਾਗੀਆਂ ਦੇ ਟੋਲੇ ਆਪਸ ਵਿਚ ਅਤਯੰਤ ਵਿਰੋਧ ਰੱਖਦੇ ਹਨ। ਇਸੀ ਪ੍ਰਕਾਰ ਹਰ ਇਕ ਫਿਰਕਾ ਜੋ ਇਕ ਦੂਜੇ ਨਾਲੋਂ ਦਿਨ ਰਾਤ ਦਾ ਫਰਕ ਰੱਖਦਾ ਸੀ ਅਤੇ ਅੱਜ ਕੱਲ ਰੱਖ ਰਿਹਾ ਹੈ ਸੋ ਸਾਰਾ ਸ਼ਬਦ ਦਾ ਹੀ ਪ੍ਰਤਾਪ ਹੈ । ਹਰ ਇਕ ਧਰਮ ਦੇ ਬਾਨੀ ਮਹਾਤਮਾਂ ਨੇ ਅਪਨੇ ਸ਼ਬਦ ਦੀ ਬਰਖਾ ਇਸ ਭੂਗੋਲ ਪਰ ਕੀਤੀ ਜਿਸ ਦੀ ਕ੍ਰਿਪਾ ਤੇ ਲੱਖਾਂ ਮਨੁੱਖਾਂ ਰੂਪੀ ਪੌਦੇ ਪੈਦਾ ਹੋ ਗਏ । ਜੈਨ ਮਤ ਦੇ ਪ੍ਰਚਾਰਕ ਮਹਾਤਮਾਂ ਜੈਨ ਨੈ ਅਪਨੇ ਸ਼ਬਦ ਦਾ ਐਥੋਂ ਤਕ ਪ੍ਰਚਾਰ ਕੀਤਾ ਜੋ ਉਸ ਸਮਯ ਵਿੱਚ ਭਾਰਤ ਭੂਮੀ ਪਰ ਸਵਾਇ ਜੈਨੀਆਂ ਦੇ ਹੋਰ ਕੋਈ ਬਲਵਾਨ ਨਹੀਂ ਦਿਖਦਾ ਸੀ। ਇਨਾਂ ਦੇ ਅਸੂਲ ਵਿੱਚ ਜੀਵ ਰਖਸ਼ਾ ਹੀ ਪਰਮ ਧਰਮ ਸਮਝੀਦੀ ਸੀ- ਜਿਸ ਫਿਰਕੇ ਦੇ ਵਿਚ ਵਡੇ-੨ ਰਾਜੇ ਅਤੇ ਮਹਾਰਾਜੇ ਪੈਦਾ ਹੋ ਗਏ ਅਰ ਉਨਾਂ ਨੇ ਜੈਨ ਧਰਮ ਦੀ ਉੱਨਤੀ ਲਈ ਕਈ ਕਮੇਟੀਆਂ ਕੀਤੀਆਂ ਅਤੇ ਹਜਾਰਾਂ ਰਿਖੀ ਅਰਥਾਤ ਪੂਜ਼ ਲੋਕ ਉਪਦੇਸ਼ਕ ਆਪਨੇ ਮਤ ਦੇ ਪ੍ਰਚਾਰ ਲਈ ਛੱਡੇ ਜਿਨਾਂ ਨੇ ਦੇਸ ਬਿਦੇਸ ਵਿਚ ਰਟਨ ਕਰਕੇ ਅਜਿਹਾ ਸ਼ਬਦ ਦਾ ਪ੍ਰਚਾਰ ਕੀਤਾ ਜੋ ਅੱਜ ਤੱਕ ਭੀ ਇਨਾਂ ਦਾ ਫਿਰਕਾ ਅਪਨੇ ਧਰਮ ਕਰਮ ਵਿਚ ਪੱਕਾ ਹੈ ਭਾਵੇਂ ਹੋਰ ਲੋਗ ਉਨਾਂ ਨੂੰ ਅਛਾ ਨਹੀਂ ਸਮਝਦੇ ਪਰ ਉਹ ਆਪਣੇ ਆਪ ਨੂੰ ਰਿਖੀ ਅਖਾਉਂਦੇ ਹਨ ਆਪ ਦੇਖ ਸਕਦੇ ਹੋ ਜੋ ਇਹ ਕਿਸ ਵਸਤੂ ਦੀ ਸਮਰੱਥਾ ਹੈ ਕੇਵਲ ਇਕ ਸ਼ਬਦ ਦੀ ਹੈ।

ਇਸ ਤੇ ਮਗਰੋਂ ਸ੍ਰੀ ਸ਼ੰਕਰ ਸਵਾਮੀ ਨੇ ਇਸੀ ਸ਼ਬਦ ਦੀ ਸਮਰੱਥਾ ਨਾਲ ਅਜੇਹਾ ਕੰਮ ਕੀਤਾ ਜੋ ਜੈਨ ਮਤ ਦੇ ਗ੍ਰਹ ਨੂੰ ਇਸ ਪ੍ਰਕਾਰ ਉਲਟਾ ਦਿੱਤਾ ਜਿਸ ਪ੍ਰਕਾਰ ਸਮੁੰਦਰ ਵਿੱਚ ਜਾਂਦੇ ਜਹਾਜ ਨੂੰ ਕੋਈ ਵੱਡਾ ਭਾਰੀ ਮਗਰਮੱਛ ਉਲਟਾ ਕੇ ਪੁੱਠਾ ਕਰ ਦੇਂਦਾ ਹੈ। ਅਰਥਾਤ ਉਨਾਂ ਹੀ ਜੈਨ ਮਤ ਦੇ ਰਾਜਿਆਂ ਪਰ ਅਪਨੇ ਸ਼ਬਦ ਦੀ ਅੰਧੇਰੀ ਵਗਾਈ ਜਿਸ ਨੈ ਜੈਨ ਮਤ ਦੇ ਧਰਮ ਨੂੰ ਕੇਲਯਾਂ ਵਾਂਗ ਤੋੜ ਸਿਟਿਆ ਅਰਥਾਤ ਉਨਾਂ ਦੇ ਜਹਾਜ਼ ਭਰ-੨ ਕੇ ਸਮੁੰਦਰ ਵਿਚ ਡੁਬਾਏ ਅਤੇ ਕਿਤਨੇ ਤਲਵਾਰਾਂ ਨਾਲ ਖਪਾਏ। ਅਰ ਇਸੀ ਭਾਰਤ ਭੂਮੀ ਪਰ ਸੰਨਯਾਸ ਧਰਮ ਦਾ ਪ੍ਰਚਾਰ ਕੀਤਾ ਜਿਸ ਦਾ ਨਮੂਨਾ ਅੱਜ ਤਕ ਸਾਨੂੰ ਮਿਲਦਾ ਹੈ, ਜੋ ਹਜ਼ਾਰਾ

ਸੰਨਯਾਸੀਆਂ ਦੇ ਝੁੰਡ ਭਾਰਤ ਭੂਮੀ ਪਰ ਇਸ ਪ੍ਰਕਾਰ ਵਿਚਰ ਰਹੇ ਹਨ ਜਿਸ ਪ੍ਰਕਾਰ ਮ੍ਰਿਗਾਂ ਦੀਆਂ ਡਾਰਾਂ ਖੇਤਾਂ ਵਿਚ ਵਿਚਰਦੀਆਂ ਹਨ ਆਪ ਦੇਖ ਸਕਦੇ ਹੋ ਜੋ ਇਹ ਕਿਸ ਬਾਤ ਦਾ ਨਤੀਜਾ ਹੈ ਬੇਸਕ ਇਸੀ ਸ਼ਬਦ ਦਾ।

ਇਸ ਸ਼ਬਦ ਦੇ ਪ੍ਰਤਾਪ ਤੇ ਹਜਾਰਾਂ ਪੁਰਖ ਘਰਬਾਰ ਨੂੰ ਛੱਡ ਕੇ ਜੰਗਲ ਪਹਾੜਾਂ ਅਤੇ ਨਦੀਆਂ ਪਰ ਜਾ ਬੈਠਦੇ ਹਨ ਅਰ ਕਈ ਪੰਜ ਅਗਨੀ ਤਾਪਦੇ ਹਨ ਕਈ ਪੁੱਠੇ ਲਟਕਦੇ ਹਨ। ਕਈ ਤੀਰਥਾਂ ਪਰ ਭ੍ਰਮਨ ਕਰਦੇ ਹਨ ਕਈ ਰੋੜਾਂ ਪਰ ਸੌਂਦੇ ਹਨ ਕਈ ਪੁੰਨ ਦਾਨ ਕਰਦੇ ਹਨ ਹੋਰ ਕਈ ਜਪ ਤਪ ਕਰਦੇ ਹਨ। ਇਹ ਸਾਰਾ ਚੱਕ੍ਰ ਸ਼ਬਦ ਦਾ ਹੀ ਦਿੱਤਾ ਹੋਇਆ ਹੈ । ਸਬਦ ਦੇ ਹੀ ਪ੍ਰੇਰੇ ਹੋਏ ਜਹਾਜਾਂ ਪਰ ਅਸਵਾਰ ਹੋ ਕੇ ਮੱਕੇ ਦਾ ਹੱਜ ਕਰਨ ਜਾਂਦੇ ਹਨ। ਨਰਕ ਸਵਰਗ ਲੋਕ ਪਰਲੋਕ ਗਯਾਨ ਅਤੇ ਮੋਖ ਆਦਿਕ ਜਿਤਨੇ ਖਯਾਲ ਹਨ ਅਤੇ ਜਿਤਨਾ ਇਨਾਂ ਨੂੰ ਧਾਰਨ ਅਤੇ ਪੂਰਾ ਕਰਨ ਲਈ ਪੁਰਖਾਰਥ ਹੈ ਸੋ ਸਾਰਾ ਸਬਦ ਦਾ ਪ੍ਰਭਾਵ ਹੈ। ਅਦਾਲਤ ਦੇ ਸਾਮਨੇ ਇਕ ਗੁਨਾਹੀ ਹੱਥ ਜੋੜ ਕੇ ਖੜਾ ਹੈ ਤੇ ਉਥੇ ਭੀ ਸ਼ਬਦ ਅਪਨੀ ਕਯਾ ਸਮੱਰਥਾ ਦਖਾ ਰਿਹਾ ਹੈ । ਜੋ ਇਕ ਵੱਡਾ ਭਾਰੀ ਵਕੀਲ ਜੱਜ ਦੇ ਸਾਮਨੇ ਖੜਾ ਹੋ ਕੇ ਅਪਨੇ ਸ਼ਬਦ ਬਾਂਣ ਚਲਾ ਰਿਹਾ ਹੈ, ਜਿਨਾਂ ਨਾਲ ਅਦਾਲਤ ਪਰ ਬੈਠੇ ਹਾਕਮ ਦੇ ਦਿਲ ਨੂੰ ਬੇਧ ਰਿਹਾ ਹੈ । ਦੂਸਰੀ ਓਰ ਜੱਜ ਸਾਹਿਬ ਆਪਨੇ ਖਯਾਲ ਨੂੰ ਇਕ ਸ਼ਬਦ ਰੂਪ ਕਰਕੇ ਪ੍ਰਗਟ ਕਰਦਾ ਹੈ ਕਿ ਮੁਜਰਮ ਬਰੀ ਕੀਤਾ ਜਾਂਦਾ ਹੈ, ਦੇਖੋ ਇਸ (ਬਰੀ) ਸਬਦ ਦੀ ਕਿਤਨੀ ਸਮਰੱਥਾ ਹੈ ਜੋ ਵਧਾਏ ੨ ਦੀ ਆਵਾਜ ਇੱਧਰ ਉਧਰ ਤੇ ਕੰਨਾਂ ਵਿੱਚ ਪੈਣ ਲੱਗ ਪੈਂਦੀ ਹੈ, ਪੁੰਨ ਦਾਨ ਕੀਤੇ ਜਾਂਦੇ ਹਨ, ਦੇਵੀ ਦੇਵਤੇ ਮਨਾਏ ਜਾਂਦੇ ਹਨ।

ਦੂਸਰੀ ਵੱਲ ਜੇਕਰ ਉਸ ਜੱਜ ਦੇ ਮੁੱਖ ਤੇ ਇਹ ਸਬਦ ਨਿਕਲੇ ਕਿ ਮੁਜਰਮ ਨੂੰ ਉਮਰ ਕੈਦ, ਇਸ ਸਬਦ ਤੇ ਬਿਚਾਰੇ ਦੇ ਹੱਥਾਂ ਵਿੱਚ ਹੱਥਕੜੀਆਂ ਪੈਰਾਂ ਵਿੱਚ ਬੇੜੀਆਂ ਪੈ ਜਾਂਦੀਆਂ ਹਨ, ਉਹ ਸਕੇ ਸਬੰਧੀਆਂ ਨਾਲ ਗੱਲ ਕਰਨਾ ਭੀ ਨਹੀਂ ਪਾਉਂਦਾ। ਆਪ ਦੇਖਦੇ ਹੋ ਜੋ ਇਹ ਕਿਸ ਵਸਤੂ ਦੀ ਸਮਰੱਥਾ ਹੈ, ਕੇਵਲ ਇਕ ਸ਼ਬਦ ਦੀ।

ਕੋਈ ਜਾਲਮ ਬਾਦਸ਼ਾਹ ਜੁਲਮ ਕਰੇ ਤਾਂ ਉਸ ਦੀ ਪ੍ਰਜਾ ਦੇ ਮੁਖੋਂ ਹਾਹਾਕਾਰ ਦਾ ਸ਼ਬਦ ਨਿਕਲਨਾ ਅਰੰਭ ਹੁੰਦਾ ਹੈ, ਜਿਸ ਦਾ ਫਲ ਅਮਲ ਅਦਲ ਯਾ ਉਸ ਜਾਲਮ ਦਾ ਨਾਸ਼ ਹੋ ਜਾਂਦਾ ਹੈ, ਇਹ ਸਾਰਾ ਸ਼ਬਦ ਦਾ ਹੀ ਪ੍ਰਤਾਪ ਹੈ। ਲਖਾਂ ਸੂਰਬੀਰਾਂ ਦੀ ਫੌਜ਼ ਜੋ ਜੰਗ ਦੇ ਮੈਦਾਨ ਵਿੱਚ ਖੜੀ ਹੈ, ਜਿਸ ਦੇ ਸਾਮਣੇ ਵਡਾ ਭਾਰੀ ਸ਼ਤਰੂ ਬਦਲ ਦੀ ਬੂੰਦਾਂ ਸਮਾਨ ਗੋਲੀਆਂ ਵਰਸਾ ਰਿਹਾ ਹੈ, ਅਤੇ ਸੂਰਬੀਰਾਂ ਦੇ ਸੀਨਯਾਂ ਨੂੰ ਭੰਨ ਕੇ ਗੋਲੀਆਂ ਦੁਸਾਰ ਹੋ ਜਾਂਦੀਆਂ ਹਨ। ਪਰ ਕੋਈ ਸਪਾਹੀ ਉਸ ਸਾਥੀ ਦੇ ਘਾਇਲ ਹੋਣ ਪਰ ਅਪਨੇ ਦਿਲ ਨੂੰ ਨਹੀਂ ਡਰਾਉਂਦਾ ਅਤੇ ਨਾ ਉਸ ਡਿੱਗਦੇ ਨੂੰ ਬਚਾਉਂਦਾ ਹੈ। ਉਹ ਕਿਆ ਕਰਦਾ ਹੈ ਉਨਾਂ ਗੋਲੀਆਂ ਦੇ ਵੱਲ ਹੀ ਸਿੱਧਾ ਚਲਿਆ ਜਾਂਦਾ ਹੈ, ਤੁਸੀ ਦੇਖਦੇ ਹੋ ਜੋ ਇਹ ਕਿਸ ਦਾ ਫਲ ਹੈ। ਸੋ ਕੇਵਲ ਉਸ ਫੌਜ਼ ਦੇ

ਕਮਾਂਡਰਨ ਚੀਫ ਅਰਥਾਤ ਜੰਗੀ ਲਾਟ ਦੇ ਸ਼ਬਦ ਦਾ ਜੋ ਉਸ ਨੇ ਸਭ ਨੂੰ ਸੁਣਾਇਆ ਹੋਇਆ ਹੈ ਕਿ ਦੁਸਮਨਾਂ ਦੇ ਸਸਤ੍ਰਾਂ ਤੇ ਕਦੀ ਨਾ ਡਰੋ-ਅਗੇ ਹੋ ਕੇ ਮਾਰੋ ਪਿਛੇ ਪੈਰ ਨਾ ਧਰੋ, ਇਸ ਸ਼ਬਦ ਦੇ ਬੰਨੇ ਹੋਏ ਸਿਰ ਕਟਵਾਇ ਰਹੇ ਹਨ, ਪਰ ਪਿਛਾਂ ਪੈਰ ਨਹੀਂ ਧਰਦੇ, ਕਿਆ ਸ਼ਬਦ ਦੀ ਸਕਤੀ ਇਸ ਤੋਂ ਵਧ ਕੇ ਕੋਈ ਹੋਰ ਭੀ ਹੋ ਸਕਦੀ ਹੈ।

ਈਸਾਈ ਕੌਮ ਜੋ ਦੁਨੀਆਂ ਪਰ ਛਾ ਰਹੀ ਹੈ ਜਿਸ ਤਰ੍ਹਾਂ ਸਾਉਣ ਦੀਆਂ ਘਟਾਂ ਅਕਾਸ਼ ਵਿਚ ਛਾਈਆਂ ਹੁੰਦੀਆਂ ਹਨ ਸੋ ਇਹ ਕਿਸ ਬਾਤ ਦਾ ਫਲ ਹੈ। ਵਿਚਾਰ ਕੇ ਦੇਖੋ ਜੋ ਕੇਵਲ ਇਕ ਮਸੀਹ ਦੇ ਉਸ ਸ਼ਬਦ ਦਾ ਨਤੀਜਾ ਹੈ, ਜੋ ਉਸ ਨੇ ਜਗਾ ਜਗਾ ਭ੍ਰਮਨ ਕਰਕੇ ਲੋਗਾਂ ਪਰ ਪ੍ਰਗਟ ਕੀਤਾ ਸੀ। ਉਸ ਤੇ ਮਗਰੋਂ ਉਸ ਦੇ ਸੇਵਕਾਂ ਨੇ ਉਸੀ ਸ਼ਬਦ ਨੂੰ ਸੰਸਾਰ ਵਿੱਚ ਪ੍ਰਚਤ ਕੀਤਾ ਸੀ ਜਿਸ ਦਾ ਫਲ ਅੱਜ ਕੱਲ ਦਾ ਪ੍ਰਤਾਪ ਗਵਾਹੀ ਦੇ ਰਿਹਾ ਹੈ ।

ਮੁਸਲਮਾਨ ਕੌਮ ਜੋ ਅਰਬ ਦੇ ਵਿਚੋਂ ਨਿਕਲ ਕੇ ਦੁਨੀਆਂ ਦੇ ਵਡੇ-੨ ਹਿਸਯਾਂ ਵਿੱਚ ਜਾ ਕੇ ਬਿਰਾਜਮਾਨ ਹੋਈ ਅਤੇ ਤਲਵਾਰ ਅਰ ਉਪਦੇਸਾਂ ਦੇ ਜੋਰ ਨਾਲ ਸ਼ਾਹੀ ਅਤੇ ਦੀਨੀ ਹਕੂਕ ਲੈ ਕੇ ਦੁਪਹਿਰ ਦੇ ਸੂਰਜ ਸਮਾਨ ਚਮਕ ਰਹੀ ਹੈ। ਇਸ ਦਾ ਕਾਰਨ ਭੀ ਸ੍ਰੀ ਧੁਤ ਮਹੰਮਦ ਸਾਹਿਬ ਦਾ ਸ਼ਬਦ ਹੀ ਹੈ, ਜੋ ਉਨਾਂ ਨੇ ਲੋਗਾਂ ਪਰ ਪ੍ਰਗਟ ਕੀਤਾ। ਜਿਨਾਂ ਤੇ ਮਗਰੋਂ ਚਾਰਯਾਰਾਂ ਨੇ ਉਸਦਾ ਪ੍ਰਚਾਰ ਵਡੇ-੨ ਉਤਸ਼ਾਹਾਂ ਨਾਲ ਕੀਤਾ ਅਤੇ ਕਰਾਇਆ।

ਹਿੰਦੂ ਧਰਮ ਜੋ ਭਾਰਤ ਪਰ ਅਜ ਤੱਕ ਬਦਿਆ ਰਿਹਾ ਹੈ ਜਿਸ ਨੂੰ ਨਾਸ ਕਰਨ ਲਈ ਵਡੇ-੨ ਯਤਨ ਕੀਤੇ ਗਏ, ਅਤੇ ਹਜਾਰਾਂ ਜੁਲਮ ਇਸ ਪਰ ਹੋਏ, ਪਰੰਤੂ ਇਸ ਦੀ ਰਖਯਾ ਕਰਨੇਹਾਰਾ ਇਕ ਸ਼ਬਦ ਹੀ ਹੈ ਜੋ ਆਖਿਆ ਜਾਂਦਾ ਹੈ ਕਿ ਸੰਸਾਰ ਦੇ ਸਭ ਧਰਮਾਂ ਤੇ ਉਤਮ ਧਰਮ ਹਿੰਦੂ ਧਰਮ ਹੈ।

ਖਾਲਸਾ ਕੌਮ ਜੋ ਇਕ ਵਡੀ ਬਹਾਦਰ ਕੌਮ ਅੱਜ ਕੱਲ ਸਮਝੀ ਜਾਂਦੀ ਹੈ। ਜਿਸ ਕੌਮ ਨੇ ਪੰਜਾਬ ਦੀ ਸੂਰਤ ਨੂੰ ਇਸ ਤਰ੍ਹਾਂ ਪਲਟ ਦਿਤਾ ਜਿਸ ਤਰਾਂ ਕੋਈ ਕ੍ਰਿਸਾਨ ਖੇਤ ਦੀ ਸੂਰਤ ਨੂੰ ਪਲਟ ਦਿੰਦਾ ਹੈ। ਜਿਸ ਕੌਮ ਦੇ ਹੋਨ ਦਾ ਕਾਰਣ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਓਹ ਸਬਦ ਸੀ ਜੋ ਉਨਾਂ ਨੇ ਦੇਸ਼ ਬਦੇਸ਼ ਭਰਮਨ ਕਰਕੇ ਸਭ ਕੌਮਾਂ ਦੇ ਆਦਮੀਆਂ ਨੂੰ ਜਾਤ ਪਾਤ ਦੇ ਲਿਹਾਜ ਨੂੰ ਛੱਡ ਕੇ ਸੁਣਾਇਆ। ਅਤੇ ਮਗਰੋਂ ਨਵਾਂ ਗੁਰਾਂ ਨੇ ਉਸ ਨੂੰ ਫੈਲਾਇਆ ਅਤੇ ਫਤਹ ਦਾ ਡੰਕਾ ਜਗਤ ਵਿਖੇ ਵਜਾਇਆ। ਇਸ ਸਾਰੇ ਪ੍ਰਸੰਗ ਤੇ ਇਹ ਸਿੱਧ ਹੁੰਦਾ ਹੈ ਕਿ ਸਮਯ ਨੂੰ ਪਲਟਾ ਦੇਣ ਵਾਲਾ ਅਮਨ ਅਤੇ ਫਸਾਦ ਦੇ ਕਾਇਮ ਕਰਨੇ ਵਾਲਾ ਧਰਮ ਅਤੇ ਅਧਰਮ ਦਾ ਜੁੱਧ ਕਰਾਉਣੇ ਵਾਲਾ ਦੀਨ ਅਤੇ ਦੁਨੀਆਂ ਦੇ ਕਾਰਖਾਨੇ ਚਲਾਉਨੇ ਵਾਲਾ ਹੋਰ ਕੋਈ ਨਹੀਂ ਹੈ ਜੇਕਰ ਕੋਈ ਹੋ ਸਕਦਾ ਹੈ ਤਾਂ ਸ਼ਬਦ ਹੀ ਹੈ। ਅਸਲ ਵਿਚੋਂ ਸ਼ਬਦ ਦਾ ਬੀਜ ਇਰਾਦਾ ਹੈ, ਜਦ ਇਰਾਦਾ ਕੀਤਾ ਜਾਂਦਾ ਹੈ ਤਦ ਓਹ ਸ਼ਬਦ ਰੂਪ ਹੋ ਕੇ ਬਾਹਰ ਆਉਂਦਾ ਹੈ, ਜਦ ਬਾਹਰ ਆਉਂਦਾ ਹੈ ਤਦ ਆਪਣਾ ਪ੍ਰਤਾਪ ਦਿਖਾਉਂਦਾ ਹੈ।

ਜੇ ਵਿਚਾਰ ਕੇ ਦੇਖਿਆ ਜਾਵੇ ਤਾਂ ਸਿੱਧ ਹੁੰਦਾ ਹੈ ਕਿ ਸਾਰੇ ਸੰਸਾਰ ਦਾ ਆਦ ਕਾਰਣ ਅਤੇ ਲੈ ਕਰਨੇ ਦਾ ਕਾਰਨ ਕੇਵਲ ਸ਼ਬਦ ਹੀ ਹੈ। ਬਹੁਤ ਮਹਾਤਮਾ ਦੇ ਕਥਨ ਦਵਾਰਾ ਪ੍ਰਮੇਸਵਰ ਜਿਸ ਨੂੰ ਆਖਦੇ ਹਨ ਉਹ ਸ਼ਬਦ ਹੀ ਹੈ, ਅਤੇ ਸਾਰੀ ਸ੍ਰਿਸਟੀ ਦਾ ਕਰਤਾ ਇਸੇ ਨੂੰ ਮੰਨਯਾ ਹੈ। ਇਸ ਪਰ ਅਸੀਂ ਸਾਰੇ ਮਜਹਬਾਂ ਦੇ ਧਰਮ ਪੁਸਤਕਾਂ ਦੀ ਗਵਾਹੀ ਦੇਂਦੇ ਹਾਂ ਜੋ ਵਿਚਾਰਨੇ ਦੇ ਜੋਗ ਹੈ।

ਅੰਜੀਲ ਮੁਕਦਸ ਵਿੱਚ ਲਿਖਿਆ ਹੈ ਕਿ (ਪਹਿਲੇ ਪਹਿਲ ਸ਼ਬਦ ਥਾ ਅਤੇ ਸ਼ਬਦ ਪ੍ਰਮੇਸਵਰ ਦੇ ਨਾਲ ਥਾ ਅਰ ਸ਼ਬਦ ਹੀ ਪ੍ਰਮੇਸਵਰ ਥਾ) ਸੋ ਅੰਜੀਲ ਦੀ ਇਸ ਆਇਤ ਤੇ ਸਾਬਤ ਹੋ ਗਿਆ ਕਿ ਸਾਰੀ ਸ੍ਰਿਸਟੀ ਤੇ ਪਹਿਲੇ ਸ਼ਬਦ ਸੀ ਅਤੇ ਸ਼ਬਦ ਹੀ ਅਕਾਲ ਪੁਰਖ ਸੀ ਅਤੇ ਇਸੀ ਤੇ ਸਾਰੀ ਸ੍ਰਿਸਟੀ ਹੋਈ ਹੈ।

ਦੂਸਰਾ ਕੁਰਾਨ ਸਰੀਫ ਜੋ ਮੁਸਲਮਾਨਾਂ ਦੀ ਇਲਹਾਮੀ ਕਤਾਬ ਹੈ ਉਸ ਵਿਚ ਲਿਖਿਆ ਹੈ ਕਿ (ਸਿਵਾਇ ਇਸ ਕੇ ਨਹੀਂ ਕਿ ਜਬ ਹਮ ਕਿਸੀ ਬਾਤ ਕਾ ਇਰਾਦਾ ਕਰਤੇ ਹੈ ਹੋ ਜਾ ਬੱਸ ਹੋ ਜਾਤੀ ਹੈ) ਕੁਰਾਨ ਸਰੀਫ ਦੀ ਇਸ ਆਇਤ ਤੇ ਭੀ ਸਾਫ ਪ੍ਰਗਟ ਹੋ ਗਿਆ ਕਿ ਸੰਕਲਪ ਹੀ ਸ਼ਬਦ ਰੂਪ ਹੋਇਆ ਅਗੇ ਉਸ ਤੇ ਸਭ ਕੁਝ ਪ੍ਰਗਟ ਹੋਇਆ।

ਤੀਸਰਾ ਹਿੰਦੂ ਮਤ ਦੇ ਪਵਿੱਤ੍ਰ ਸਾਸਤ੍ਰ ਭੀ ਇਹੋ ਕਥਨ ਕਰਦੇ ਹਨ। (ਸ੍ਰੁਤੀ)(ਸਬਦ ਬ੍ਰਹਮਈ ਕੇਵਲਮ) ਅਰਥਾਤ ਸਿਰਫ ਸ਼ਬਦ ਹੀ ਬ੍ਰਹਮ ਹੈ, ਸ਼ਬਦ ਤੇ ਬਿਨਾ ਹੋਰ ਬ੍ਰਹਮ ਕੋਈ ਨਹੀਂ (ਸਿੰਮ੍ਰਤੀ) (ਏਕਹ: ਸਬਦ: ਸੰਮੱਗਯਾਤਾ ਸੁਕ੍ਰਯੁਕਤਾ ਸਵਰਗੇ ਲੋਕੇ ਕਾਮਲਗ ਭਵਤੀ) ਅਰਥਾਤ ਇਕ ਸ਼ਬਦ ਹੀ ਸਭ ਦਾ ਗਯਾਤਾ ਅੱਛੀ ਤਰਹ ਸਵਰਗ ਅਤੇ ਲੋਕ ਦੇ ਕੰਮ ਨੂੰ ਅਤੇ ਸਾਰੀ ਕਾਮਨਾ ਨੂੰ ਪੂਰਾ ਕਰਨੇਹਾਰਾ ਹੈ।

(ਬਯਾਕਰਣ) (ਸਬਦੋ ਨਿਤਯਾ) ਇਸ ਦਾ ਅਰਥ ਕਿ ਸ਼ਬਦ ਹੀ ਨਿਤ ਹੈ, ਅਰਥਾਤ ਪ੍ਰਮੇਸ਼ਵਰ, ਜਿਸ ਦਾ ਨਿਤਯ ਵਿਸੇਸਨ ਹੈ। ਸੋ ਸਬਦ ਹੀ ਹੈ, ਇਸ ਤੇ ਬਿਨਾਂ ਹੋਰ ਪ੍ਰਮੇਸ਼ਵਰ ਨਹੀਂ ਹੈ।

ਇਸ ਸ੍ਰਤੀ ਸਿੰਮ੍ਰਤੀ ਅਤੇ ਬਯਾਕਰਣ ਦੀ ਰੀਤੀ ਨਾਲ ਸਿੱਧ ਹੋ ਗਿਆ ਜੋ ਸਭ ਕੁਝ ਸਿੱਧ ਕਾਰਕ ਸ਼ਬਦ ਹੀ ਹੈ। ਚੌਥਾ ਗੁਰੂ ਗ੍ਰੰਥ ਸਾਹਿਬ ਜੋ ਖਾਲਸਾ ਕੌਮ ਦਾ ਧਰਮ ਪੁਸਤਕ ਹੈ। ਭਾਵੇਂ ਇਹ ਆਖਣਾ ਭੁੱਲ ਹੈ ਕਿ ਖਾਲਸਾ ਕੌਮ ਦਾ ਧਰਮ ਪੁਸਤਕ ਹੈ। ਕਿਉਂਕਿ ਗੁਰੂ ਗ੍ਰੰਥ ਸਾਹਿਬ ਸਭ ਦਾ ਧਰਮ ਪੁਸਤਕ ਹੈ ਜਿਸ ਤੇ ਉਸ ਵਿਚ ਸਭ ਨੂੰ ਉਪਦੇਸ ਕੀਤੇ ਹੋਏ ਹਨ। ਪਰੰਤੂ ਸਥੂਲ ਦ੍ਰਿਸਟੀ ਨਾਲ ਇਸ ਬਾਤ ਨੂੰ ਮੰਨ ਕੇ ਸਾਬਤ ਇਹ ਕਰਨਾ ਹੈ (ਗ੍ਰੰਥ ਸਾਹਿਬ) (ਕੀਤਾ ਪਸਾਉ ਏਕੋ ਕਵਾਉ ਤਿਸ ਤੇ ਹੋਏ ਲਖ ਦਰੀਆਉ) ਅਰਥਾਤ ਜਿਤਨਾ ਪਸਾਰਾ ਹੈ ਸੋ ਇਕ ਸੰਕਲਪ ਦਾ ਰਚਿਆ ਹੋਇਆ ਹੈ ਲਖਾਂ ਜਲ ਦੀ ਨਦੀਆਂ ਦਾ ਕਾਰਣ ਭੀ ਏਹੋ ਹੈ। ਇਸੀ ਤੇ ਵੇਦਾਂਤੀ ਭੀ ਆਖਦੇ ਹਨ ਕਿ ਸੰਸਾਰ ਸੰਕਲਪ ਮਾਤ੍ਰ ਹੈ। ਫੇਰ ਗੁਰੂ ਜੀ ਨੇ ਹੋਰ ਥਾਂ

ਕਥਨ ਕੀਤਾ ਹੈ (ਸਬਦੇ ਧਰਤੀ ਸਬਦ ਅਕਾਸ਼) ਸਬਦੇ ਸਬਦ ਹੋਇਆ ਪਰਗਾਸ। ਸਗਲੀ ਸ੍ਰਿਸਟ ਸਬਦ ਕੇ ਪਾਛੈ। ਨਾਨਕ ਸਬਦ ਘਟੇ ਘਟ ਆਛੈ।) ਇਸ ਸਬਦ ਤੇ ਭੀ ਏਹੋ ਸਿੱਧ ਹੋਇਆ ਕਿ ਪ੍ਰਿਥਵੀ ਤੇ ਲੈ ਕੇ ਅਕਾਸ਼ ਤਕ ਸਾਰਾ ਸ਼ਬਦ ਦਾ ਹੀ ਪਸਾਰਾ ਹੈ, ਅਤੇ ਸਾਰੀ ਸ੍ਰਿਸਟੀ ਸ਼ਬਦ ਦੇ ਅਧੀਨ ਹੈ, ਅਤੇ ਸ਼ਬਦ ਹੀ ਘਟ ੨ ਵਿਚ ਬਯਾਪਕ ਹੈ।

ਇਸ ਵਾਸਤੇ ਜੋ ਕੁਝ ਅਸੀਂ ਕਰਨਾ ਚਾਹੁੰਦੇ ਹਾਂ ਉਸ ਦੇ ਪ੍ਰਚਾਰ ਲਈ ਕਿਸੇ ਸਸਤ੍ਰ ਦੇ ਚਲਾਉਣ ਦੀ ਲੋੜ ਨਹੀਂ, ਯਾ ਕਿਸੇ ਸਰੀਰਕ ਬਲ ਦੀ ਲੋੜ ਨਹੀਂ ਹੈ ਕੋਈ ਹਠ ਧਰਮੀ ਦੀ ਚਾਹ ਨਹੀਂ ਹੈ। ਕੇਵਲ ਸ਼ਬਦ ਦੀ ਲੋੜ ਹੈ, ਸ਼ਬਦ ਦੇ ਬੀਜ ਨੂੰ ਪੁਰਖਾਂ ਦੇ ਰਿਦੇ ਰੂਪੀ ਭੂਮੀ ਪਰ ਬੀਜ ਦੇਵੋ ਉਥੇ ਉਹ ਹਰਿਆ ਹੋ ਕਰ ਆਪੇ ਹੀ ਅਛੇ ੨ ਫਲ ਲਯਾਏਗਾ। ਤੇਗ ਤੋਪ ਸਸਤ੍ਰ ਆਦਿਕ ਨਾਲ ਦਸ ਬੀਸ ਸ਼ਤ੍ਰੂਆਂ ਨੂੰ ਮਾਰ ਸਕੀਦਾ ਹੈ। ਪਰੰਤੂ ਸ਼ਬਦ ਦੀ ਤੋਪ ਅੱਗੇ ਕਈ ਕੁਰੀਤੀਆਂ ਦੇ ਕਿਲੇ ਗਿਰਾ ਸਕੀਦੇ ਹਨ, ਸਰੀਰਕ ਬਲ ਨਾਲ ਦੋ ਚਾਰ ਪਰ ਬਲ ਹੋ ਸਕੀਦਾ ਹੈ। ਪਰੰਤੂ ਸ਼ਬਦ ਦੀ ਸਮਰਥਾ ਨਾਲ ਸਭ ਸੰਸਾਰ ਨੂੰ ਅਧੀਨ ਕਰ ਸਕੀਦਾ ਹੈ। ਇਸ ਵਾਸਤੇ ਸਭ ਕਾਰਜਾਂ ਦੇ ਸਿੱਧ ਕਰਨੇ ਵਾਲਾ ਸ਼ਬਦ ਨੂੰ ਜਾਨ ਕੇ ਇਸ ਦਾ ਪ੍ਰਚਾਰ ਕਰੋ ਇਸ ਦਾ ਅਸਰ ਅੱਗੇ ਆਉਣ ਵਾਲੀ ਨਸਲਾਂ ਪਰ ਇਸ ਪ੍ਰਕਾਰ ਪਏਗਾ ਜਿਸ ਪ੍ਰਕਾਰ ਸਰਦੀ ਦੇ ਮੌਸਮ ਵਿਚ ਪਹਾੜਾਂ ਦੀ ਉੱਚੀ ਚੋਟੀਆਂ ਪਰ ਬਰਫ ਆਨ ਕੇ ਆਪੇ ਹੀ ਗਿਰਦੀ ਹੈ।

੧੯. ਜਨਮ ਸਾਖੀ ਗੁਰੂ ਨਾਨਕ ਦੇਵ ਜੀ (ਖ.ਅ.ਲ. ੧੯੯੩ ਈ:)

ਜਿਸ ਪੁਰਾਣੇ ਰਾਜਾ ਮਹਾਰਾਜਾ ਸ਼ਾਹ ਬਾਦਸ਼ਾਹ, ਪੀਰ ਫਕੀਰ ਨਬੀ ਅਤੇ ਅਵਤਾਰ ਦੇ ਹਾਲਾਤ ਅਸੀਂ ਮਾਲੂਮ ਕਰਨੇ ਚਾਹੁੰਦੇ ਹਾਂ ਤਦ ਉਨਾਂ ਦੀ ਜਨਮ ਸਾਖੀ ਜਿਸ ਨੂੰ ਲੋਕ ਤਾਰੀਖ ਆਖਦੇ ਹਨ, ਉਨਾਂ ਤੇ ਜਾਨ ਸਕਦੇ ਹਾਂ ਭਾਵੇਂ ਉਹ ਜਨਮ ਸਾਖੀਆਂ ਸਚੀਆਂ ਹੋਣ ਭਾਵੇਂ ਝੂਠ, ਭਾਵੇਂ ਘਟਾ ਕੇ ਲਿਖੀਆਂ ਜਾਣ ਭਾਵੇਂ ਵਧਾ ਕੇ। ਸਾਡੇ ਪਾਸ ਸਵਾਇ ਉਨ੍ਹਾਂ ਤੇ ਹੋਰ ਕੋਈ ਵਿਸਵਾਸ ਕਰਨ ਦੀ ਵਸਤੂ ਨਹੀਂ ਹੁੰਦੀ। ਹਰ ਇਕ ਮਹਾਤਮਾ ਦੇ ਜੀਵਨ ਚਰਿਤ ਵਿਚ ਕੋਈ ਨਾ ਕੋਈ ਅਜੇਹੀ ਬਾਤ ਜ਼ਰੂਰ ਹੁੰਦੀ ਹੈ ਜੋ ਪੜ੍ਹਨ ਵਾਲਿਆਂ ਨੂੰ ਗੱਪ ਮਾਲੂਮ ਹੁੰਦੀ ਹੈ। ਜੈਸਾ ਕਿ ਕ੍ਰਿਸ਼ਨ ਜੀ ਮਹਾਰਾਜ ਦੇ ਜੀਵਨ ਚਰਿਤ ਵਿਚ ਹੈ ਕਿ ਜਦ ਮਾਤਾ ਯਸੋਧਾਂ ਜੀ ਉਨਾਂ ਨੂੰ ਮੱਖਣ ਦੇ ਚੁਰਾਉਣੇ ਪਿਛੇ ਮਾਰਨ ਲੱਗੀ ਤਦ ਉਨਾਂ ਨੇ ਹੱਸ ਕੇ ਤ੍ਰਿਲੋਕੀ ਅਪਨੇ ਮੁਖ ਵਿਚ ਦਿਖਾਈ। ਭਾਵੇਂ ਲੋਗ ਇਸ ਬਾਤ ਨੂੰ ਗੱਪ ਸਮਝਦੇ ਹਨ ਪਰ ਅਸੀ ਇਸ ਨੂੰ ਸੱਚੀ ਜਾਣਦੇ ਹਾਂ। ਇਸ ਦਾ ਕਾਰਨ ਏਹ ਹੈ ਜੋ ਸ੍ਰੀ ਕ੍ਰਿਸ਼ਨ ਜੀ ਨੇ ਅਪਨੀ ਮਾਤਾ ਯਸੋਧਾਂ ਜੀ ਨੂੰ ਅਪਨੇ ਮੁਖ ਦਵਾਰਾ ਤ੍ਰਿਲੋਕੀ ਦਾ ਉਪਦੇਸ਼ ਕੀਤਾ। ਮੁਖ ਪਸਾਰਨ ਦਾ ਭਾਵ ਇਹ ਹੈ ਕਿ ਬੋਲਣਾ ਅਰੰਭ ਕੀਤਾ। ਇਹ ਅੱਜ ਕੱਲ ਭੀ ਲੋਕ ਆਖਦੇ ਹਨ ਕਿ ਫਲਾਨਾ ਤਾਂ ਮੂੰਹ ਫਟਾ ਆਦਮੀ ਹੈ।

ਇਸ ਦਾ ਭਾਵ ਇਹ ਹੈ ਕਿ ਉਹ ਜੋ ਦਿਲ ਆਵੇ ਉਹ ਮੂੰਹ ਤੇ ਆਖ ਦੇਂਦਾ ਹੈ। ਇਸੀ ਤਰਾਂ ਸ੍ਰੀ ਕ੍ਰਿਸ਼ਨ ਦੇਵ ਜੀ ਨੇ ਅਪਨੀ ਮਾਤਾ ਨੂੰ ਤ੍ਰਿਲੋਕੀ ਦਾ ਗਯਾਨ ਆਪਣੇ ਮੁਖ ਦਵਾਰੇ ਉਚਾਰਨ ਕੀਤਾ। ਪਰੰਤੂ ਲੋਕਾਂ ਨੇ ਇਸ ਭਾਵ ਨੂੰ ਨਾ ਸਮਝ ਕੇ ਇਸ ਦਾ ਅਰਥ ਓਹ ਕੀਤਾ ਜੋ ਅਕਲ ਨਹੀਂ ਮੰਨਦੀ।

ਇਸੀ ਪ੍ਰਕਾਰ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿਚ ਭੀ ਕਈ ਬਾਤਾਂ ਅਜੇ ਹੀਆਂ ਹਨ ਜੋ ਅਕਲ ਨਹੀਂ ਮੰਨਦੀ, ਪਰ ਲੋਕਾਂ ਨੇ ਉਨਾਂ ਨੂੰ ਕਰਾਮਾਤਾਂ ਕਰਕੇ ਸਿੱਧ ਕੀਤਾ ਹੈ, ਜੈਸਾ ਕਿ ਗੁਰੂ ਜੀ ਨੈ ਮੱਕਾ ਫੇਰਿਆ ਜਿਧਰ ਕਾਜੀ ਉਨਾਂ ਦੇ ਚਰਨ ਫੇਰਦਾ ਸੀ ਉੱਧਰੇ ਮੱਕਾ ਫਿਰਦਾ ਸੀ। ਇਸ ਸਾਖੀ ਨੂੰ ਦੂਸਰੇ ਮਜਹਬਾਂ ਵਾਲੇ ਤਾਂ ਗੱਪ ਮੰਨਦੇ ਹਨ ਅਤੇ ਸ਼ਰਧਾਲੂ ਸਿੱਖ ਉਨਾਂ ਦੀ ਕਰਾਮਾਤ ਗਿਣਦੇ ਹਨ। ਪਰੰਤੂ ਵਿਚਾਰ ਕੇ ਦੇਖਣ ਤੇ ਇਹ ਸਭ ਕੁਛ ਸੱਚ ਲਿਖਿਆ ਗਿਆ ਹੈ, ਇਸ ਵਿਚ ਰੰਚਕ ਮਾਤ੍ਰ ਭੀ ਝੂਠ ਨਹੀਂ ਹੈ।

ਮੱਕਾ ਇਕ ਨਗਰ ਦਾ ਨਾਉਂ ਹੈ, ਜਿੱਥੇ ਮੁਸਲਮਾਨਾਂ ਦਾ ਪੂਜਨੀਜ ਸਥਾਨ ਕਾਹਬਾ ਹੈ। ਸੋ ਗੁਰੂ ਨਾਨਕ ਜੀ ਜਦ ਉਥੇ ਗਏ, ਤਦ ਉਨ੍ਹਾਂ ਨੇ ਅਪਨੇ ਸੁਲਾ- ਕੁਲ ਉਪਦੇਸ਼ ਕਰਨੇ ਅਰੰਭ ਕੀਤੇ,ਜਦ ਉਹ ਉਪਦੇਸ਼ ਸ਼ਰਾ ਤੇ ਕਿਸੀ ਕਦਰ ਉਲਟ ਦੇਖੇ, ਤਦ ਕਾਜੀ ਨੇ ਗੁਰੂ ਨੂੰ ਕਹਿਆ ਕਿ ਮੱਕੇ ਤੇ ਚਲਿਆ ਜਾਹ, ਉਨਾਂ ਦੇ ਪੈਰ ਦੂਸਰੇ ਪਾਸੇ ਕਰਨ ਦਾ ਇਹ ਭਾਵ ਸੀ ਜੋ ਉਸ ਨੈ ਉਨਾਂ ਨੂੰ ਦੂਸਰੇ ਰਸਤੇ ਪਾ ਦਿੱਤਾ। ਮੱਕਾ ਫਿਰਨ ਦਾ ਇਹ ਤਾਤਪਰਜ ਹੈ ਕਿ ਸਹਿਰ ਦੇ ਨਿਵਾਸੀ ਲੋਗ ਉਸੀ ਤਰਫ ਗੁਰੂ ਜੀ ਦੇ ਨਾਲ ਹੀ ਫਿਰ ਗਏ। ਜਦ ਕਾਜੀ ਨੇ ਦੇਖਿਆ ਕਿ ਮੱਕਾ ਸ਼ਹਿਰ ਭੀ ਇਸ ਦੇ ਨਾਲ ਹੈ, ਅਰਥਾਤ ਕਦਮ ਬਕਦਮ ਹੈ ਤਦ ਉਨਾਂ ਨੂੰ ਦੂਜੀ ਵੱਲ ਤੋਰ ਦਿਤਾ ਪਰੰਤੂ ਲੋਕਾਂ ਨੂੰ ਉਨਾਂ ਦੇ ਸਬਦ ਅਜੇਹੇ ਪਯਾਰੇ ਸਨ ਜੋ ਉਹ ਭੀ ਗੁਰੂ ਜੀ ਦੇ ਨਾਲ ਹੀ ਉਲਟ ਗਏ। ਇਸ ਵਾਸਤੇ ਜਨਮ ਸਾਖੀ ਵਿਚ ਲਿਖਿਆ ਹੈ ਜੋ ਗੁਰੂ ਜੀ ਨੈ ਮੱਕਾ ਫੇਰ ਦਿੱਤਾ। ਇਹ ਮੁਹਾਵਰਾ ਅੱਜ ਕੱਲ ਭੀ ਬੋਲਣ ਵਿੱਚ ਆਉਂਦਾ ਹੈ, ਜਿਥੇ ਕਿਤੇ ਮੇਲੇ ਪਰ ਅੰਮ੍ਰਿਤਸਰ ਦੇ ਲੋਕ ਜਯਾਦਾ ਹੁੰਦੇ ਹਨ ਉਥੇ ਲੋਕ ਆਖਦੇ ਹਨ ਕਿ ਐਥੇ ਤਾਂ ਅੰਮ੍ਰਿਤਸਰ ਆ ਗਿਆ। ਅਰ ਜਿਥੇ ਲਾਹੌਰ ਦੇ ਹੁੰਦੇ ਹਨ, ਉੱਥੇ ਆਖਦੇ ਹਨ ਕਿ ਐਥੇ ਤਾਂ ਲਾਹੌਰ ਹੈ, ਇਸੀ ਤਰ੍ਹਾਂ ਉਥੇ ਭੀ ਗੁਰੂ ਜੀ ਦੇ ਨਾਲ ਮੱਕੇ ਦੇ ਨਿਵਾਸੀ ਫਿਰਦੇ ਸੇ। ਬੋਲਣ ਵਿੱਚ ਆਉਂਦਾ ਸੀ ਕਿ ਮੱਕਾ ਫਿਰਦਾ ਹੈ, ਸੋ ਕੋਈ ਗੱਪ ਯਾ ਝੂਠ ਨਹੀਂ, ਏਹ ਸਭ ਸੱਚ ਹੈ।

ਇਸੀ ਤਰਾਂ ਇਕ ਸਾਖੀ ਵਿੱਚ ਲਿਖਯਾ ਹੋਇਆ ਹੈ ਕਿ ਗੁਰੂ ਜੀ ਕੀੜੀਆਂ ਦੇ ਦੇਸ ਗਏ। ਉਥੇ ਕੀੜੀਆਂ ਦੇ ਬਾਦਸ਼ਾਹ ਨੇ ਗੁਰੂ ਜੀ ਨੂੰ ਨਿਂਵਦਾ ਦਿੱਤਾ, ਅਰ ਮਠਾਈ ਖੁਲਾਈ। ਗੁਰੂ ਜੀ ਨੂੰ ਮਰਦਾਨੇ ਨੈ ਹਾਲ ਪੁਛਿਆ ਤਾਂ ਗੁਰੂ ਜੀ ਨੈ ਕਿਸੇ ਰਾਜੇ ਦੀ ਕਥਾ ਸੁਣਾਈ।

ਇਸ ਬਾਤ ਪਰ ਤਾਰੀਖ ਅਤੇ ਜੁਗਰਫੀਆ ਪੜ੍ਹੇ ਹੋਏ ਲੋਗ ਬਹੁਤ ਮਖੌਲ ਕਰ ਸਕਦੇ ਹਨ ਕਿ ਅੱਜ ਤਕ ਕਿਸੀ ਤਾਰੀਖ ਵਿੱਚ ਕੀੜੀਆਂ ਦਾ ਦੇਸ ਨਹੀਂ ਸੁਣਿਆ, ਅਤੇ ਨਾ ਕਿਤੇ ਜੁਗ੍ਰਾਫੀਏ ਵਿੱਚ ਉਸ ਦਾ ਪਤਾ ਹੀ ਮਿਲਦਾ ਹੈ। ਬੇਸ਼ਕ ਅਜੇਹਾ ਦੇਸ਼ ਕੋਈ ਨਹੀਂ ਹੈ। ਪਰੰਤੂ ਕਈ ਦੇਸ਼ਾਂ ਦੇ ਨਾਮ ਅਜੇਹੇ ਹਨ ਜੋ ਪਲਟਾ ਖਾ ਕੇ ਹੋਰ ਦੇ ਹੋਰ ਹੋ ਜਾਂਦੇ ਹਨ, ਅਤੇ ਲੋਕ ਉਨਾਂ ਦੀ ਹਕੀਕਤ ਨੂੰ ਨਾ ਜਾਣ ਕੇ ਅਪਨੇ ਮਨ ਭਾਏ ਨਾਮ ਬਣਾ ਲੈਂਦੇ ਹਨ। ਇਸੀ ਪ੍ਰਕਾਰ ਦੱਖਣ ਦੇਸ਼ ਵਿਚ ਇਕ ਟੁਕੜਾ ਜਮੀਨ ਦਾ ਸੀ, ਜਿਸ ਦਾ ਨਾਉਂ ਕੀਟਭ ਥਾ। ਉਸ ਦਾ ਪਤਾ ਸਾਨੂੰ ਪੁਰਾਣੇ ਪੁਸਤਕਾਂ ਤੇ ਮਿਲਦਾ ਹੈ। ਜੈਸਾ ਕਿ ਪ੍ਰਬੋਧ ਚੰਦ੍ਰ ਨਾਟਕ ਵਿਚ ਹੈ (ਕੀਟਭ) ਦੇਸ ਬਸਤ ਹੈ ਪਯਾਰੇ ਅਰਥਾਤ ਮਾਨ ਅਤੇ ਮਦ ਆਦਕ ਕੀਟਭ ਦੇਸ ਵਿਚ ਵੱਸਦੇ ਹਨ, ਪੁਸਤਕ ਦੀ ਗਵਾਹੀ ਨਾਲ ਅਸੀਂ ਜਾਨ ਸਕਦੇ ਹਾਂ ਕਿ ਜਿਸ ਤਰ੍ਹਾਂ ਪੰਜਾਬ ਵਿੱਚ ਨਕਾ, ਤਪਾ, ਮਾਝਾ ਆਦਕ ਦੇਸ਼ ਹਨ। ਇਸੀ ਪ੍ਰਕਾਰ ਉਸ ਦੇਸ਼ ਵਿੱਚ ਕੀਟਭ ਦੇਸ ਥਾ ਉਸੀ ਨੂੰ ਬਿਨਾ ਸਮਝੇ ਲੋਕਾਂ ਨੇ ਕੀੜੀਆਂ ਦਾ ਦੇਸ਼ ਬਣਾ ਦਿੱਤਾ। ਇਸ ਸਾਰੇ ਪ੍ਰਸੰਗ ਦਾ ਤਾਤਪਰਜ ਏਹ ਹੈ, ਕਿ ਬਹੁਤ ਭਾਈ ਇਹ ਆਖਦੇ ਹਨ, ਕਿ ਗੁਰੂ ਜੀ ਦੇ ਸਫਰ ਕਰਨ ਵਿੱਚ ਬਹੁਤ ਸਾਰੀਆਂ ਗੱਪਾਂ ਮਾਰੀਆਂ ਹੋਈਆਂ ਹਨ ਸੋ ਇਹ ਉਨਾਂ ਦਾ ਖਯਾਲ ਠੀਕ ਨਹੀਂ ਹੈ। ਪਰੰਤੂ ਇਤਨਾ ਜ਼ਰੂਰ ਆਖ ਸੱਕੀਦਾ ਹੈ, ਜੋ ਉਸ ਸਫਰਨਾਮੇ ਦੇ ਲਿਖਣੇ ਵਾਲੇ ਨੇ ਗਲਤੀ ਖਾਧੀ ਹੋਵੇਗੀ। ਪਰ ਉਨਾਂ ਦੇ ਭਰਮਨ ਕਰਨ ਵਿਚ ਕੋਈ ਝੂਠ ਨਹੀਂ ਹੋ ਸਕਦਾ।

੧੭. ਧਰਮ ਪ੍ਰਚਾਰ ਅਤੇ ਦੁੱਖਾਂ ਦੀ ਬੁਛਾੜ (ਖ.ਅ.ਲ. ੧੮੯੩ ਈ:)

ਸੰਸਾਰ ਦੀ ਕੋਈ ਕੌਮ ਨਹੀ ਹੈ ਜਿਸ ਨੈ ਆਪਨੀ ਉੱਨਤੀ ਯੱਸ਼ ਅਤੇ ਸੁਖ ਨਾਲ ਕੀਤੀ ਹੋਵੇ, ਜਦ ਕਿਸੇ ਕੌਮ ਦੇ ਸੁਧਾਰਕ ਨੈ ਆਪਣੇ ਦੇਸ਼ ਯਾ ਕੌਮ ਦੀ ਬਿਗੜੀ ਹੋਈ ਹਾਲਤ ਨੂੰ ਸੁਧਾਣਾ ਚਾਹਿਆ, ਅਤੇ ਧਰਮ ਦਾ ਬੀਜ ਪੁਰਖਾਂ ਦੇ ਹਿਰਦੇ ਵਿੱਚ ਬੀਜਨ ਦਾ ਪੁਰਖਾਰਥ ਕੀਤਾ, ਤਦ ਉਸ ਨੂੰ ਇਨਾਂ ਸੰਸਾਰੀ ਲੋਗਾਂ ਕਈ ਪ੍ਰਕਾਰ ਦੇ ਦੁੱਖ ਦਿਤੇ, ਜਿਸਤੇ ਉਸ ਦੀ ਕਾਰਰਵਾਈ ਨੂੰ ਰੋਕਣਾ ਚਾਹਿਆ, ਪ੍ਰੰਤੂ ਉਨ੍ਹਾਂ ਸਚਿਆਈ ਦੇ ਪਿਆਰਿਆਂ ਨੇ ਇਨ੍ਹਾਂ ਹਜ਼ਾਰਾਂ ਦੁਖਾਂ ਨੂੰ ਸਹਾਰ ਕੇ ਆਪਣੇ ਧਰਮ ਕਾਰਜ ਨੂੰ ਦਿਲੋਂ ਜਾਨ ਤੇ ਕੀਤਾ ਜਿਸ ਦਾ ਫਲ ਏਹ ਹੋਇਆ ਜੋ ਉਨ੍ਹਾਂ ਦੇ ਦੁਸ਼ਮਨ ਹੀ ਉਨ੍ਹਾਂ ਦੇ ਸੇਵਕ ਹੋਏ, ਅਤੇ ਆਪਣੇ ਕੀਤੇ ਹੋਏ ਪਾਪ ਪਛਤਾ ਕੇ ਰੋਏ ਅਤੇ ਆਪਣੇ ਸਾਰ੍ਹੇ ਬੁਰੇ ਭਾਵ ਦਿਲਾਂ ਤੇ ਖੋਏ।

ਈਸਾਈ ਕੌਮ ਦੇ ਕਰਤਾ ਸ੍ਰੀ ਯੁਤ ਮਸੀਹ ਦਾ ਹਾਲ ਪੜ੍ਹਨੇ ਤੇ ਸਾਨੂੰ ਮਲੂਮ ਹੋ ਜਾਂਦਾ ਹੈ ਜੋ ਉਨ੍ਹਾਂ ਦੇ ਨਾਲ ਇਨ੍ਹਾਂ ਬੁਰਿਆਈ ਦੇ ਪਿਆਰਿਆਂ ਨੈ ਕਿਆ ੨ ਬੁਰੇ ਵਰਤਾਉ ਕੀਤੇ, ਜਿਨ੍ਹਾਂ ਦੇ ਹੱਥਾਂ, ਪੈਰਾਂ ਅਤੇ ਅੱਖਾਂ ਵਿੱਚ ਲੋਹੇ ਦੇ ਕਿੱਲ ਠੋਕੇ, ਅਤੇ ਚੋਬ ਨਾਲ ਸੂਲੀ ਦਿੱਤੇ

, ਅਤੇ ਉਨ੍ਹਾਂ ਦੇ ਮਗਰੋਂ ਹਜ਼ਰਤ ਪਾਲੂਸ ਦੇ ਹਾਲਾਤ ਪੜ੍ਹਨੇ ਤੇ ਤੁਸੀ ਦੇਖਦੇ ਹੋ ਜੋ ਉਸ ਨੇ ਧਰਮ ਕਾਰਜ ਵਿਚ ਕੇਹਾ ਪੁਰਖਾਰਥ ਕੀਤਾ ਅਤੇ ਉਸ ਨਾਲ ਉਸ ਸਮਜ ਦੇ ਬਾਦਸ਼ਾਹ ਨੇ ਕਯਾ ਸਲੂਕ ਕੀਤਾ ਅਤੇ ਉਸ ਦਾ ਕੀ ਫਲ ਹੋਇਆ।

ਬਾਇਬਲ ਵਿਚ ਕਹਾਣੀ ਹੈ ਕਿ ਜਦ ਪਾਲੂਸ ਈਸਾਈ ਧਰਮ ਦਾ ਉਪਦੇਸ਼ ਕਰਨ ਲਈ ਫਿਲਪੀ ਸਹਿਰ ਵਿੱਚ ਗਿਆ, ਤਦ ਉਥੋਂ ਦੇ ਬਾਦਸ਼ਾਹ ਨੇ ਉਸ ਨੂੰ ਪਕੜ ਕੇ ਲੋਹੇ ਦੇ ਪਿੰਜਰੇ ਵਿੱਚ ਕੈਦ ਕੀਤਾ, ਜਿਸ ਤੇ ਉਸ ਦੇ ਹੱਥ, ਪੈਰ, ਮੱਥੇ, ਅਤੇ ਪਿੱਠ ਆਦਿ ਅੰਗਾਂ ਪਰ ਲੋਹੇ ਦੇ ਘਾਉ ਹੋਏ ਅਤੇ ਲੋਹੂ ਦੀਆਂ ਧਾਰਾਂ ਉਸ ਦੇ ਪਿੰਡਿਓਂ ਵਗਣ ਲੱਗੀਆਂ। ਪਰ ਦੇਖੋ ਪਾਲੂਸ ਉਸ ਦੁਖ ਨੂੰ ਸਹਾਰ ਕੇ ਭੀ ਓਹੋ ਉਪਦੇਸ਼ ਪਿੰਜਰੇ ਵਿੱਚ ਕਰਦਾ ਰਿਹਾ। ਜਿਸ ਦਾ ਕਾਰਣ ਏਹ ਹੋਇਆ ਜੋ ਬਾਦਸ਼ਾਹ, ਪਾਲੂਸ ਦੇ ਪੈਰੀਂ ਪਿਆ ਅਤੇ ਉਸੀ ਵੇਲੇ ਈਸਾਈ ਹੋ ਗਿਆ।

ਇਸੀ ਤਰ੍ਹਾਂ ਜਦ ਉਥੋਂ ਚਲਿਆ ਤਾਂ ਇਕ ਹੋਰ ਸ਼ਹਿਰ ਵਿੱਚ ਗਿਆ ਜਿਥੋਂ ਦੇ ਹਾਕਮ ਨੇ ਉਸ ਦੇ ਉਪਦੇਸ਼ਾਂ ਤੇ ਤੰਗ ਆ ਕੇ ਉਸ ਦੇ ਹੱਥਾਂ ਵਿੱਚ ਹਥਕੜੀ ਮਾਰੀ ਅਤੇ ਸਪਾਹੀ ਨੂੰ ਆਖਿਆ ਇਸ ਨੂੰ ਦੇਸੋਂ ਬਾਹਰ ਕੱਢ ਆਉ, ਜਦ ਸਪਾਹੀ ਜੰਜੀਰ ਪਕੜੀ ਜਾਂਦਾ ਸੀ, ਤਦ ਪਾਲੂਸ ਆਪਣਾ ਉਪਦੇਸ਼ ਕਰਦਾ ਕੈਦੀਆਂ ਦੀ ਤਰ੍ਹਾਂ ਨਗਰਾਂ ਵਿੱਚ ਜਾ ਰਿਹਾ ਸੀ, ਜਿਸ ਦਾ ਫਲ ਏਹ ਹੋਇਆ ਜੋ ਉਹ ਸਪਾਹੀ ਉਸ ਦੇ ਉਪਦੇਸ਼ਾਂ ਨੂੰ ਸੁਣਦਾ ਸੁਣਦਾ ਈਸਾਈ ਹੋ ਗਿਆ।

ਐ ਖਾਲਸਾ ਪੰਥ ਦੀ ਉੱਨਤੀ ਚਾਹੁਣ ਵਾਲੇ ਭਾਈਓ ਤੁਸੀਂ ਇਨਾਂ ਮਹਾਤਮਾਂ ਦੀ ਜਿੰਦਗੀਆਂ ਦੇ ਨਮੂਨੇ ਦੇਖ ਕੇ ਆਪਣੇ ਆਪ ਨੂੰ ਸਾਵਧਾਨ ਕਰੋ, ਜੋ ਲੋਗ ਤੁਸਾਨੂੰ ਨੀਚ ਅਤੇ ਦੁਸ਼ਟ ਪੁਕਾਰਦੇ ਹਨ। ਤੁਸੀ ਉਨਾਂ ਦੇ ਵਾਸਤੇ ਅਕਾਲ ਪੁਰਖ ਅੱਗੇ ਪ੍ਰਾਰਥਨਾ ਕਰੋ, ਜੋ ਉਨਾਂ ਦੇ ਰਿਦਿਆਂ ਨੂੰ ਸੁਧ ਕਰੇ, ਜੋ ਲੋਗ ਤੁਸਾਨੂੰ ਧੱਕੇ ਦਿੰਦੇ ਹਨ, ਅਤੇ ਇੱਟਾਂ ਪੱਥਰ ਮਾਰਦੇ ਹਨ, ਤੁਸੀ ਉਨ੍ਹਾਂ ਦੇ ਵਾਸਤੇ ਪਿਆਰ ਕਰੋ, ਅਤੇ ਉਨ੍ਹਾਂ ਦੇ ਦਿਤੇ ਹੋਏ ਦੁਖਾਂ ਨੂੰ ਸੁਖ ਜਾਣ ਕੇ ਸਹਾਰੋ। ਆਪਣੇ ਦਸਮੇ ਗੁਰੂ ਜੀ ਦੇ ਜੀਵਨ ਚਰਿਤ ਅਤੇ ਉਨਾਂ ਦੇ ਸਿਦਕੀ ਸਿੰਘਾਂ ਦੇ ਦੁਖਾਂ ਨੂੰ ਮਨ ਵਿਚ ਵਿਚਾਰੋ, ਜਿਸ ਤੇ ਤੁਸੀ ਦੇਖੋਗੇ ਜੋ ਏਹ ਤੁਹਾਨੂੰ ਦੁੱਖ ਦੇਣ ਵਾਲੇ ਲੋਗ ਹੀ ਸੁਖਦਾਈ ਹੋ ਜਾਣਗੇ, ਅਤੇ ਇਨਾਂ ਦੁਖਾਂ ਦਾ ਫਲ ਕਦੇ ਤੁਹਾਨੂੰ ਸੁਖ ਹੋ ਕੇ ਦਖਾਈ ਦੇਵੇਗਾ, ਸਵਾਧਾਨ ਰਹੋ, ਅਤੇ ਕਦੇ ਨਾ ਡਰੋ ਬੁਰੇ ਲੋਗਾਂ ਦੀ ਬੁਰਿਆਈ ਕੋਲੋਂ, ਕਿਉਂਕਿ ਤੁਸੀ ਭਲੇ ਹੋ ਕੇ ਭਲਿਆਈ ਕਰਦੇ ਹੋ।

੧੮. ਧਰਮ ਅਤੇ ਭਾਈਚਾਰਾ (ਖ.ਅ.ਲ. ੧੯੦੩ ਈ:)

ਪਿਛਲੇ ਸਮਯਾਂ ਦੇ ਮਹਾਤਮਾ ਜਿਨਾਂ ਦੇ ਨਾਮ ਸੰਸਾਰ ਪਰ ਦੁਪਹਿਰ ਦੇ ਸੂਰਜ ਦੀ ਤਰ੍ਹਾਂ ਪ੍ਰਕਾਸ਼ ਰਹੇ ਹਨ, ਅਤੇ ਅੱਜ ਕੱਲ ਦੇ ਧਰਮਾਤਮਾ ਜਿਨਾਂ ਦੇ ਨਾਮ ਆਤਸ਼ਬਾਜ਼ੀ ਦੀ ਮਤਾਬੀ ਦੀ ਤਰ੍ਹਾਂ ਚਮਕ ਦਿਖਾ ਕੇ ਧੂੰਆਂ ਤੇ ਸੁਆਹ ਹੋ ਜਾਣ ਦੀ ਵਾਂਗ ਪਾਪੀ ਅਤੇ ਪਖੰਡੀ ਕਰਕੇ ਪੁਕਾਰੇ ਜਾਂਦੇ ਹਨ, ਇਸ ਵਿੱਚ ਕਯਾ ਭੇਦ ਹੈ।

ਉਨ੍ਹਾਂ ਮਹਾਤਮਾ ਨੇ ਨਾ ਕਿਸੇ ਸਮਾਜ ਯਾ ਸਭਾ ਦੀ ਪ੍ਰੇਜੀਡੰਟੀ ਯਾ ਸਕੱਤ੍ਰਪਨਾ ਹੀ ਅਖਤਯਾਰ ਕੀਤਾ ਸੀ ਅਤੇ ਨਾ ਕਿਸੇ ਸਭਾ ਦੇ ਰਜਿਸਟਰ ਵਿੱਚ ਆਪਣਾ ਨਾਮ ਹੀ ਲਿਖਾਇਆ ਸੀ, ਉਨ੍ਹਾਂ ਦੇ ਕੰਮਾਂ ਦੀ ਖ਼ਬਰ ਨਾ ਕਿਸੇ ਅਖ਼ਬਾਰ ਵਿੱਚ ਨਿਕਲਦੀ ਸੀ ਅਤੇ ਨਾ ਕਿਸੇ ਇਸ਼ਤਿਹਾਰ ਨਾਲ ਪ੍ਰਗਟ ਕੀਤੀ ਜਾਂਦੀ ਸੀ, ਪਰੰਤੂ ਉਨ੍ਹਾਂ ਦੀਆਂ ਅਖਬਾਰਾਂ ਯਾ ਇਸ਼ਤਿਹਾਰ ਹਰ ਇਕ ਆਦਮੀ ਦਾ ਦਿਲ, ਅਤੇ ਜਬਾਨ ਹੁੰਦੀ ਸੀ ਕਿਉਂਕਿ ਉਨਾਂ ਦੀ ਕਾਰਰਵਾਈ ਦਾ ਡੰਕਾ ਹਰ ਇਕ ਪੁਰਖ, ਇਸਤ੍ਰੀ, ਬੁੱਢੇ ਅਤੇ ਜਵਾਨ ਦੇ ਦਿਲ ਰੂਪੀ ਨਗਾਰੇ ਪਰ ਚੋਟ ਮਾਰਦਾ ਸੀ ਜਿਸ ਤੇ ਉਸ ਦੀ ਅਵਾਜ਼ ਦੁਨੀਆਂ ਦੇ ਇਕ ਸਿਰੇ ਤੋਂ ਲੈ ਕੇ ਦੂਸਰੇ ਤਕ ਪਹੁੰਚਦੀ ਸੀ, ਜਿਸ ਦਾ ਸਬੂਤ ਸਾਡੇ ਸਾਹਮਣੇ ਮਿਲਦਾ ਹੈ, ਜੋ ਉਨਾਂ ਦੇ ਨਾਮ ਪਰ ਬਣੀਆਂ ਹੋਈਆਂ ਕੌਮਾਂ ਉਨਾਂ ਦੇ ਨਾਮ ਪਰ ਹੀ ਕੁਰਬਾਨ ਹਨ। ਇਸ ਦਾ ਕਾਰਣ ਏਹੋ ਸੀ ਜੋ ਉਨ੍ਹਾਂ ਨੈ ਆਪਣੇ ਜੀਵਨ ਨੂੰ ਧਰਮ ਪੁਰ ਕੁਰਬਾਨ ਕੀਤਾ ਅਤੇ ਅਪਣੇ ਤਨ ਮਨ ਅਤੇ ਧਨ ਨੂੰ ਉਸੀ ਉਪਰ ਨਸਾਰ ਕੀਤਾ ਸੀ।

ਜਗਤ ਦੇ ਲੋਗ ਉਨ੍ਹਾਂ ਨੂੰ ਕਾਫਰ, ਕੁਰਾਹੀਆ ਅਤੇ ਪਾਗਲ ਕਰਕੇ ਪੁਕਾਰਦੇ ਸੇ, ਪਰੰਤੂ ਓਹ ਸਭ ਦੀ ਸੁਣ ਕਰਕੇ ਭੀ ਬੋਲੇ ਹੋਏ ਰਹਿੰਦੇ ਸੇ, ਉਨ੍ਹਾਂ ਦੇ ਪਯਾਰੇ ਮਿੱਤ੍ਰ ਉਨ੍ਹਾਂ ਦੇ ਕੁਟੰਬੀ ਲੋਗ, ਮਿਤ੍ਰਤਾ ਅਤੇ ਸਬੰਧਾਂ ਨੂੰ ਛੱਡ ਕੇ ਇਸ ਤਰ੍ਹਾਂ ਕਨਾਰਾ ਕਰ ਗਏ ਸੇ, ਜਿਸ ਤਰ੍ਹਾਂ ਫਲ ਹੀਨ ਦਰਖਤ ਨੂੰ ਪੰਛੀ ਛੱਡ ਜਾਂਦੇ ਹਨ ਅਤੇ ਉਸ ਸਮਯ ਦੇ ਰਾਜੇ ਮਹਾਰਾਜਿਆਂ ਦੇ ਹੱਥੋਂ ਭੀ ਓਹ ਸਤਾਏ ਜਾਂਦੇ ਸੀ ਕੈਦਾਂ ਅਤੇ ਕਸ਼ਟ ਦਿੱਤੇ ਜਾਂਦੇ ਸੀ, ਪਰ ਤਾਂ ਭੀ ਓਹ ਉਨ੍ਹਾਂ ਨੂੰ ਅਕਾਲ ਪੁਰਖ ਦਾ ਭਾਣਾ ਜਾਨ ਕੇ ਸਿਰ ਪਰ ਸਹਿੰਦੇ ਸੇ, ਅਤੇ ਆਪਣੇ ਧਰਮ ਨੂੰ ਉਨ੍ਹਾਂ ਦੁੱਖਾਂ ਦੇ ਮਿਲਣੇ ਕਰਕੇ ਭੀ ਨਹੀਂ ਹਾਰਦੇ ਸੇ, ਅਤੇ ਇਸ ਸੰਸਾਰਕ ਮਾਨ ਵਡਿਆਈ ਨੂੰ ਲਾਨਤ ਦਾ ਤਥਕ ਜਾਣ ਦੇ ਗਲ ਵਿੱਚ ਨਹੀਂ ਪਾਉਂਦੇ ਸੇ।

ਏਹੋ ਕਾਰਣ ਹੈ ਜੋ ਅੱਜ ਕੱਲ ਉਨਾਂ ਦੇ ਨਾਮ ਅਵਤਾਰ ਪੈਗੰਬਰ, ਯਾ ਗੁਰੂ ਕਰਕੇ ਪੁਕਾਰੇ ਜਾਂਦੇ ਹਨ ਅਤੇ ਉਹ ਨਿਆਸਰਿਆਂ ਦਾ ਆਸਰਾ, ਨਥਾਵਿਆਂ ਦਾ ਥਾਉਂ, ਅਤੇ ਨਿਮਾਣਿਆ ਦਾ ਮਾਣ ਸਮਝੇ ਜਾਂਦੇ ਹਨ, ਉਨਾਂ ਦੇ ਨਾਮ ਦੇ ਪ੍ਰਤਾਪ ਕਈ ਰਾਜੇ ਰਾਜ ਕਰਦੇ ਹਨ, ਕਈ ਦਾਤੇ ਦਾਨ ਦੇ ਰਹੇ ਹਨ, ਕਈ ਸਾਧੂ ਸਾਧਨਾ ਕਰ ਰਹੇ ਹਨ, ਕਈ ਵਿਦਵਾਨ

ਵਿਦਯਾ ਦਾਨ ਦੇ ਰਹੇ ਹਨ ਕਈ ਸੂਰਬੀਰ ਸੂਰਬੀਰਤਾ ਦੇ ਦਮ ਭਰ ਰਹੇ ਹਨ। ਪਰੰਤੂ ਏਹ ਸਾਰੇ ਗੁਣਾਂ ਵਾਲੇ ਲੋਗ ਉਨਾਂ ਦੇ ਬਿਨਾ ਦੰਮਾਂ ਤੋਂ ਗੁਲਾਮ ਅਤੇ ਉਨਾਂ ਦੇ ਬਰਦੇ ਬਣੇ ਹੋਏ ਹਨ।

ਅੱਜ ਕੱਲ ਦੇ ਧਰਮਾਤਮਾ ਇਕ ਯਾ ਦੋ ਨਹੀਂ ਬਲਕਿ ਹਰ ਇਕ ਸਭਾ ਯਾ ਸਮਾਜ ਦੀ ਮੈਂਬਰੀ ਤਾਂ ਕਯਾ ਬਲਕੇ ਪ੍ਰੇਜੀਡੰਟੀ ਯਾ ਸਕੱਤ੍ਰਪਨਾ ਹੀ ਲੈਣ ਦੇ ਅਧਕਾਰੀ ਹੁੰਦੇ ਹਨ, ਅਤੇ ਆਪਨਾ ਨਾਮ ਸਭ ਤੇ ਉਪਰ ਦੇਖਕੇ ਪ੍ਰਸੰਨ ਹੁੰਦੇ ਹਨ, ਅਖਬਾਰਾਂ ਅਤੇ ਇਸ਼ਤਿਹਾਰਾਂ ਦੁਆਰੇ ਆਪਨੇ ਨਾਮ ਅਤੇ ਆਪਣੇ ਕੰਮ ਨੂੰ ਲੋਕਾਂ ਪਰ ਪ੍ਰਗਟ ਕਰਦੇ ਹਨ, ਪਰੰਤੂ ਇਨਾਂ ਸਾਰੇ ਕੰਮਾਂ ਦੇ ਹੋਣ ਕਰਕੇ ਭੀ ਉਨ੍ਹਾਂ ਦਾ ਨਾਮ ਧਰਮਾਤਮਾ ਦੀ ਜਗਾਂ ਅਧਰਮੀ ਅਤੇ ਲਾਲਚੀ ਕਰਕੇ ਪੁਕਾਰਿਆ ਜਾਂਦਾ ਹੈ, ਇਸ ਦਾ ਕਾਰਣ ਏਹੋ ਹੈ ਜੋ ਇਨਾਂ ਦੇ ਚਿੱਤਾਂ ਵਿੱਚ ਧਰਮ ਦਾ ਭਾਉ ਨਹੀਂ ਹੈ, ਅਤੇ ਇਨ੍ਹਾਂ ਦੀ ਸਾਰੀ ਕਾਰਵਾਈ ਪ੍ਰਮੇਸਵਰ ਅਰਥ ਨਹੀਂ ਹੈ, ਕਿੰਤੂ ਸਾਰੇ ਲੋਕਾਂ ਦੇ ਦਿਖਾਵੇ ਲਈ ਕੀਤੀ ਜਾਂਦੀ ਹੈ।

ਵਡੇ ਵਡੇ ੨ ਅਤੇ ਸਮਾਜਾਂ ਦੇ ਪ੍ਰਧਾਨ ਹੋ ਕੇ ਭੀ ਅਤੇ ਜਿਨਾਂ ਬਾਤਾਂ ਦਾ ਹਜਾਰਾਂ ਆਦਮੀਆਂ ਦੇ ਸਾਹਮਣੇ ਖੰਡਨ ਕਰਦੇ ਹਨ, ਪਰ ਸਮਯ ਪਰ ਆ ਕੇ ਉਸੀ ਦੇ ਗੁਲਾਮ ਹੋ ਜਾਂਦੇ ਹਨ, ਜਿਸ ਕ੍ਰਿਯਾ ਕਰਮ ਮੜੀ ਮਸਾਣੀ ਨੂੰ ਕਰਨਾ ਯਾ ਪੂਜਨਾ ਬੁਰਾ ਸਮਝਦੇ ਹਨ, ਪਰ ਸਮਯ ਪਰ ਬਰਾਦਰੀ ਦੇ ਡਰ ਨਾਲ ਉਸੀ ਦੇ ਬੰਦੇ ਹੋ ਜਾਂਦੇ ਹਨ, ਅਤੇ ਦਿਲ ਵਿੱਚ ਏਹ ਖਯਾਲ ਹੈ ਕਿ ਅਸੀ ਇਹ ਕਾਰਜ ਨਾ ਕੀਤਾ ਤਾਂ ਲੜਕੇ ਦੀ ਕੁੜਮਾਈ ਨਹੀਂ ਹੋਵੇਗੀ ਅਤੇ ਭਾਈਚਾਰਾ ਸਾਡੇ ਨਾਲ ਨਹੀਂ ਵਰਤੇਗਾ। ਦੇਖੋ ਇਨਾਂ ਧਰਮਾਤਮਾਂ ਨੇ ਧਰਮ ਦਾ ਖੂਨ ਇਕ ਮੁੰਡੇ ਦੀ ਕੁੜਮਾਈ ਦੇ ਪਿਛੇ ਕਰ ਦਿੱਤਾ, ਅਤੇ ਉਹ ਮੁੰਡਾ ਖਬਰ ਨਹੀਂ ਕੇਹੋ ਜੇਹਾ ਜੁਆਰੀਆ, ਅਤੇ ਸੁਰਾਬੀ, ਕਬਾਬੀ ਨਿਕਲਣਾ ਹੈ, ਯਾ ਉਹ ਲੜਕੀ ਜਿਸ ਦੇ ਲਾਲਚ ਪਿਛੇ ਧਰਮ ਨੂੰ ਧੱਕਾ ਦਿਤਾ ਹੈ, ਕੇਹੋ ਜਿਹੇ ਸੁਭਾਵ ਵਾਲੀ ਹੋਣੀ ਹੈ, ਪਰ ਇਸ ਮਹਾਤਮਾ ਨੇ ਧਰਮ ਨੂੰ ਛੱਡ ਕੇ ਉਸ ਲਾਲਚ ਦਾ ਪੱਲਾ ਪਕੜਿਆ ਹੈ, ਜਿਸ ਨੂੰ ਗੁਰੂ ਜੀ ਕਥਨ ਕਰਦੇ ਹਨ।

॥ਯਥਾ॥ (ਏਹੁ ਕੁਟੰਬ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥ ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲ ਕਿਉ ਚਿਤੁ ਲਾਈਐ) ਅਰਥਾਤ ਇਸ ਕੁਟੰਬ ਨੇ ਤੇਰੇ ਨਾਲ ਨਹੀਂ ਜਾਣਾ, ਸੋ ਜਿਸ ਨੇ ਏਥੇ ਹੀ ਰਹਿ ਜਾਣਾ ਹੈ ਉਸ ਨਾਲ ਬ੍ਰਿਥਾ ਚਿੱਤ ਕਿਸ ਵਾਸਤੇ ਲਗਾਉਂਦਾ ਹੈ, ਇਸ ਤੇ ਸਾਬਤ ਹੈ ਕਿ ਧਰਮ ਸਦਾ ਲਈ ਅੱਗੇ ਜਾਏਗਾ, ਅਤੇ ਸਹਾਈ ਹੋਵੇਗਾ, ਪ੍ਰੰਤੂ ਤਾਂ ਭੀ ਉਸ ਨੂੰ ਦੂਰ ਕੀਤਾ ਜਾਂਦਾ ਹੈ ਅਤੇ ਬਰਾਦਰੀ ਦੀ ਝੂਠੀ ਰਸਮ ਦਾ ਸੰਗਲ ਗਲ ਵਿਚ ਪਾਇਆ ਜਾਂਦਾ ਹੈ, ਫੇਰ ਤੁਸੀਂ ਦੇਖ ਸਕਦੇ ਹੋ ਕਿ ਇਹ ਲੋਗ ਕਿੱਥੋਂ ਤਕ ਧਰਮਾਤਮਾ ਹੋ ਸਕਦੇ ਹਨ। ਇਸ ਵਾਸਤੇ ਜੋ ਲੋਗ ਦੇਸ਼ ਨੂੰ ਸੁਧਾਰਨਾ ਚਾਹੁੰਦੇ ਹਨ ਸੋ ਪਹਿਲੇ ਆਪ ਦਾ ਸੁਧਾਰ ਕਰਣ॥

੧੯. ਖਾਲਸਾ ਕਾਲਜ, ਅੰਮ੍ਰਿਤਸਰ ਦੀ ਸਥਾਪਨਾ(ਖ.ਅ.ਲ. ੧੮੯੩ ਈ:)

ਦੋਹਰਾ

ਅਹੋ ਖਾਲਸਾ ਪੰਥ ਅਬ ਜਾਗੇ ਤੁਮਰੇ ਭਾਗ।
ਜਿਸ ਤੇ ਤੇਰੇ ਕੁਲ ਹਿਤਾਰੀਆ ਕਲ ਪਤਰ ਲਾਗ।।

ਚੌਪਈ

ਹੁਣ ਆਸ਼ਾ ਪੂਰੀ ਹੈ ਭਾਈ। ਅਕਾਲ ਪੁਰਖ ਤੁਦ ਭਇਆ ਸਹਾਈ।।
ਅਵਿਦਯਾ ਕੀ ਕਾਲਖ ਥੀ ਜੋਈ। ਕਾਲਜ ਦੁਆਰੇ ਚਾਹਤ ਹੋਈ।।
ਅੰਧਕਾਰ ਮੂਰਖ ਤਾ ਜੋਈ। ਕਾਲਜ ਰਵਿ ਹਨ ਡਾਰੇ ਹੋਤੀ।।
ਜੋ ਕੁਰੀਤ ਕੀ ਲਗੀ ਬਿਮਾਰੀ। ਉਡ ਜਾਵੇਗੀ ਸੋ ਭੀ ਸਾਰੀ।।

ਪੂਰੀ ਗੁਰ ਮ੍ਰਿਯਾਦਾ ਧਾਰੇ। ਦਸਮ ਗੁਰੂ ਕੇ ਵਾਕ ਬਿਚਾਰੇ।।
ਬਨਹੈ ਪੰਥ ਖਾਲਸਾ ਪੂਰਾ। ਧਰਮ ਕਰਮ ਮੇਂ ਸਭ ਬਿਧੀ ਸੂਰਾ।।
ਅੰਨ ਮਤਯ ਸੇ ਹੁਇ ਹੈ ਨਿਆਰਾ। ਜਿਉਂ ਕੋਇਲ ਸੁਤ ਕਾਗਨ ਡਾਰਾ।।
"ਅੰਮ੍ਰਿਤਸਰ ਮਧ ਖਾਲਸਾ ਕਾਲਜ ਪ੍ਰਗਟਯੋ ਆਇ।
ਯਹ ਸੁਨ ਸਭ ਗੁਨੀਅਨ ਕੇ ਚਢਯੋ ਚਿੱਤ ਮੈਂ ਚਾਇ।
ਆਇਸ ਪਾਇ ਸਕਤ੍ਰ ਕੀ ਰਚਨ ਲਗੇ ਸੁਭ ਗ੍ਰੰਥ।
ਬਿਦਯਾ ਧਰਮ ਪ੍ਰਚਾਰ ਕੇ ਜਨ ਯਹ ਪਾਵਨ ਪੰਥ।"

ਖਾਲਸਾ ਕੌਮ ਇਸ ਸਿਖਯਾ ਦੇ ਧਨ ਤੇ ਨਿਰਧਨ ਅਤੇ ਬੇਖਬਰ ਹੋਨੇ ਕੇ ਕਾਰਨ ਇਨਾਂ ਨਾਲ ਦੀ ਸਾਧੀ ਕੌਮਾਂ ਨਾਲੋਂ ਬਹੁਤ ਹੀ ਪਿਛੇ ਰਹਿ ਗਈ ਸੀ ਪਰੰਤੂ ਪੰਥ ਦੇ ਹਿਤਕਾਰੀਆਂ ਦੇ ਚਿਤਾਂ ਵਿਚ ਇਹ ਦੁਰਦਿਸ਼ਾ ਦੁਖਦਾਈ ਕੰਡੇ ਦੀ ਤਰਹਿ ਰੜਕਦੀ ਸੀ। ਉਨ੍ਹਾਂ ਨੇ ਇਸ ਦੇ ਦੂਰ ਕਰਨ ਲਈ ਬਹੁਤ ਕਾਲ ਤੇ ਯਤਨ ਕਰਨਾ ਆਰੰਭ ਕੀਤਾ ਸੀ ਜਿਸ ਤੇ ਉਨ੍ਹਾਂ ਦੀ ਕੋਸ਼ਸ਼ ਦਾ ਫਲ ਅਜ ਖਾਲਸਾ ਕਾਲਜ ਦਾ ਛੋਟਾ ਹਿਸਾ ਮਿਡਲ ਸਕੂਲ ੨੨ ਅਕਤੂਬਰ, ੧੮੯੩ ਈ: ਨੂੰ ਸ੍ਰੀ ਅੰਮ੍ਰਿਤਸਰ ਜੀ ਵਿੱਚ ਖੋਲਿਆ ਜਾਂਦਾ ਹੈ।

ਜੋ ਆਦਮੀ ਆਪਨੀ ਕੌਮ ਨੂੰ ਸੁਧਾਰਨਾ ਚਾਹੁੰਦਾ ਹੈ ਯਾ ਆਪਨੇ ਦੇਸ ਦੀ ਬੁਰੀ ਹਾਲਤ ਦੂਰ ਕਰਨਾ ਲੋੜਦਾ ਹੈ- ਸੋ ਉਸ ਦੇ ਪੂਰਾ ਕਰਨ ਲਈ ਹੋਰ ਕੋਈ ਸਾਧਨ ਨਹੀਂ ਹੈ ਕੇਵਲ ਸਿਖਯਾ ਹੀ ਹੈ ਜਿਸ ਦੇ ਪ੍ਰਤਾਪ ਕਰਕੇ ਕੌਮਾਂ ਦੀ ਕੌਮਾਂ ਨੇ ਨੇਸਤੀ ਤੇ ਹਸਤੀ ਵਿਚ ਆਈਆਂ ਹੋਈਆਂ ਨਜਰ ਆਉਂਦੀਆਂ ਹਨ ਜਿਨ੍ਹਾਂ ਕੌਮਾਂ ਨੇ ਸੰਸਾਰ ਪਰ ਇੱਜਤ ਪਾਈ ਸੋ ਆਪਣੀ ਉਲਾਦ ਨੂੰ ਸਿਖਯਾ ਦੇਨ ਪਰ ਪਾਈ ਅਤੇ ਜਿਸ ਨੇ ਆਪਨਾ ਨਾਸ ਕੀਤਾ ਸੋ ਸਿਖਯਾ ਦੇ ਤਯਾਗ ਤੇ ਕੀਤਾ।

ਐ ਧਰਮ ਦੇ ਨਾਮ ਪਰ ਕੁਰਬਾਨ ਹੋਨੇਹਾਰੋ ਆਪ ਇਸ ਸੁਭ ਧਰਮ ਸਬੰਧੀ ਕਾਰਜ ਪਰ ਆਪਨੇ ਤਨ, ਮਨ ਅਤੇ ਧਨ ਦੀ ਕੁਰਬਾਨੀ ਕਰੋ- ਐ ਖਾਲਸਾ ਪੰਥ ਦੇ ਸਿਰੋਮਣੀ ਪੁਰਖੋ ਆਪ ਇਸ ਕੌਮ ਦੇ ਬੱਚਿਆਂ ਨੂੰ ਇਸ ਉਤਮ ਧਾਰਮਕ ਅਤੇ ਬਿਵਹਾਰਕ ਸਿਖਯਾ ਦੇ ਵਾਸਤੇ ਉਦਾਰਤਾ ਦਿਖਾਓ।

ਦਵੈਯਾ

"ਇਸ ਆਨੰਦ ਵਿੱਚ ਪੂਰਨ ਹੋ ਕੇ ਦਿੱਤੀ ਅਸੀਂ ਵਧਾਈ।
ਤੇ ਅਕਾਲ ਇਹ ਪੰਥ ਖਾਲਸਾ ਜਗ ਮੇਂ ਅਟਲ ਕਹਾਵੇ।
ਦਿਨ ਦਿਨ ਕੌੜੀ ਵੇਲ ਵਾਂਗ ਫਲ ਫੂਲੇ ਵਧਤਾ ਜਾਵੇ।
ਰਾਜ ਭਾਗ ਧਨ ਸੰਪਤਿ ਸੇਤੀ ਸਦਾ ਰਹੇ ਜਗ ਭਰਿਆ।
ਸੂਰਬੀਰ ਦਾਤਾ ਯਸ਼ ਸੇਤੀ ਦਿਸੇ ਸਦ ਹੀ ਹਰਿਆ।"

ਗਿਆਨੀ ਜੀ ਦੀ ਕਲਮ ਤੋਂ ਕਾਲਜ ਖੋਲ੍ਹਣ ਲਈ ਅਰਦਾਸ ਦੇ ਰੂਪ ਵਿੱਚ ਲਿਖੇ ਸਵੱਈਏ ਬੜੇ ਮਨਮੋਹਕ ਹਨ। ਨਮੂਨੇ ਵਜੋਂ ਕੁਝ ਪੰਗਤੀਆਂ ਇਥੇ ਪੇਸ਼ ਹਨ ਜੋ ਖ.ਅ.ਲ ਮਿਤੀ ੨੩ ਅਕਤੂਬਰ, ੧੮੯੩ ਈ: ਨੂੰ ਛੱਪੀਆਂ ਸਨ "ਵਰ ਮਾਂਗਤ ਹੈ ਯਹ ਪੰਥ ਪ੍ਰਭੂ ਕਰੋ ਕਾਲਜ ਕਾਰਜ ਮਹਿ ਸਹਾਈ। ਵਿਦਿਆ ਕੋ ਵਿਚਾਰ ਸਚਾ ਨਾਮ ਕੋ ਅਧਾਰ ਸੰਗ, ਪ੍ਰਉਪਕਾਰਤਾ ਦੁਆਰ ਪਰ ਖੜੀ ਰਹੇ। ਗੁਰੂ ਕੀ ਕੌਮ ਰਚੀ ਹੋਈ ਖਾਲਸਾ ਹੀ ਬਨੀ ਠਨੀ ਔਰ ਹਰੀ ਭਰੀ ਰਹੇ।"

੨੦. ਦੇਸੀ/ਪੰਜਾਬੀ ਭਾਸ਼ਾ (ਖ.ਅ.ਲ. ੧੮੯੩ ਈ:)

ਇਸ ਭੂਗੋਲ ਦੇ ਮਹਾਤਮਾ ਜੋ ਦੇਸੀ ਯਾ ਕੌਮੀ ਉੱਨਤੀ ਨੂੰ ਜਾਨਦੇ ਹਨ ਉਹ ਇਸ ਬਾਤ ਨੂੰ ਜਾਨਦੇ ਹੋਨਗੇ ਕਿ ਜਿਤਨਾ ਚਿਰ ਪੁਰਖ ਅਪਨੀ ਦੇਸੀ ਭਾਸ਼ਾ ਨੂੰ ਉਨਤੀ ਨਹੀਂ ਦੇਨਗੇ ਉਤਨਾ ਚਿਰ ਉਨਾਂ ਦੇ ਦੇਸ਼ ਯਾ ਧਰਮ ਦੀ ਉੱਨਤੀ ਨਹੀਂ ਹੋਵੇਗੀ- ਜਿਨਾਂ ੨ ਦੇਸ ਨਿਵਾਸੀਆਂ ਨੇ ਅਪਨੀ ਉਨਤੀ ਕੀਤੀ ਸੋ ਦੇਸੀ ਭਾਸ਼ਾ ਦੇ ਪ੍ਰਭਾਵ ਨਾਲ ਕੀਤੀ- ਹਰ ਇਕ ਕੌਮ ਦਾ ਬਾਦਸਾਹਿ ਜਦ ਦੂਸਰੇ ਦੇਸ ਪਰ ਹਮਲਾ ਕਰਨ ਗਿਆ- ਤਦ ਉਸ ਨੇ ਉਸ ਦੇਸ ਦੀ ਦੌਲਤ ਅਤੇ ਭਾਸ਼ਾ ਪਰ ਹਮਲਾ ਕੀਤਾ ਅਤੇ ਅਪਨੀ ਰਸਮ ਅਰ ਭਾਸ਼ਾ ਦਾ ਉਨਾਂ ਨੂੰ ਆ ਕੇ ਦਾਨ ਦਿੱਤਾ ਜਿਸ ਦਾ ਕਾਰਨ ਇਹ ਸੀ ਕਿ ਜਦ ਉਨਾਂ ਦੀ ਅਸਲੀ ਭਾਸ਼ਾ ਨਸ਼ਟ ਹੋ ਗਈ ਤਦ ਉਨਾਂ ਦੇ ਖਯਾਲਾਤ ਜੋ ਉਨ੍ਹਾਂ ਦੀ ਭਾਸ਼ਾ ਵਿੱਚ ਸੇ ਭਾਵੇਂ ਉਹ ਦੁਨਯਾਵੀ ਅਤੇ ਭਾਵੇਂ ਧਰਮ ਦੇ ਸੋ ਭੀ ਨਾਲ ਹੀ ਨਸ਼ਟ ਹੋ ਗਏ।

ਸਾਡੇ ਦੇਸੀ ਭਾਈ ਜੇਕਰ ਦੇਸ ਉੱਨਤੀ ਚਾਹੁੰਦੇ ਹਨ ਤਦ ਉਨ੍ਹਾਂ ਨੂੰ ਚਾਹੀਦਾ ਹੈ ਜੋ

ਅਪਨੇ ਦੇਸ ਦੀ ਭਾਸ਼ਾ ਦੀ ਉਨਤੀ ਕਰਨ- ਅਤੇ ਦੂਸਰੀ ਭਾਸ਼ਾ ਨੂੰ ਪੜ੍ਹਕੇ ਦੇਸ ਉੱਨਤੀ ਹੋਣੀ ਅਸੰਭਵ ਹੈ।

ਜਦ ਬੱਚਾ ਇਸ ਸੰਸਾਰ ਪਰ ਜਨਮ ਲੈਂਦਾ ਹੈ, ਤਦ ਸਭ ਤੇ ਪਹਿਲੇ ਉਸ ਦੀ ਪ੍ਰੀਤੀ ਦੁੱਧ ਨਾਲ ਹੁੰਦੀ ਹੈ ਪਰੰਤੂ ਅਕਾਲ ਪੁਰਖ ਨੈ ਉਸ ਦੇ ਦੁੱਧ ਪਲਾਉਨ ਦਾ ਸਾਧਨ ਉਸ ਦੀ ਮਾਈ ਨੂੰ ਕੀਤਾ ਹੋਇਆ ਹੈ। ਜਿਸ ਤੇ ਉਹ ਪ੍ਰੀਤੀ ਦੇ ਵੱਸ ਹੋਈ ੨ ਬੱਚੇ ਨੂੰ ਗੋਦ ਵਿੱਚ ਲੈ ਕੇ ਅਪਨਾ ਦੁੱਧ ਚੁੰਘਾਉਂਦੀ ਹੈ। ਜਦ ਉਹ ਬੱਚਾ ਦੁੱਧ ਚੁੰਘਦਾ ਹੈ ਤਦ ਅਪਨੀ ਮਾਈ ਦੇ ਮੂੰਹ ਵਲ ਵੇਖਦਾ ਹੈ। ਜਿਸ ਨੂੰ ਦੇਖ ਕੇ ਉਸ ਦੀ ਮਾਈ ਪ੍ਰਸੰਨ ਹੁੰਦੀ ਹੈ ਅਤੇ ਵਡੇ ਪ੍ਰੇਮ ਨਾਲ ਮਿਠੇ ੨ ਬਚਨਾਂ ਨਾਲ ਅਪਨੀ ਬੋਲੀ ਵਿਚ ਉਸ ਨੂੰ ਲੋਰੀ ਦਿੰਦੀ ਹੈ।

ਉਹ ਲੋਰੀ ਉਸ ਬਾਲ ਨੂੰ ਪਾਠਸ਼ਾਲਾ ਦੇ ਗੁਰੂ ਦਾ ਕੰਮ ਦਿੰਦੀ ਹੈ ਅਰਥਾਤ ਉਹੋ ਪਦ ਬਾਲਕ ਦੇ ਕੰਨਾ ਵਿੱਚ ਪੈਂਦੇ ਜਾਂਦੇ ਹਨ ਅਤੇ ਧੀਰੇ ੨ ਯਾਦ ਹੁੰਦੇ ਜਾਂਦੇ ਹਨ, ਜਿਸ ਤੇ ਵੱਡਾ ਹੋ ਕੇ ਓਹ ਬੋਲੀ ਆਪੇ ਹੀ ਬੋਲਣ ਲਗ ਜਾਂਦਾ ਹੈ। ਇਸ ਗੱਲ ਨੂੰ ਸਭ ਲੋਗ ਜਾਨਦੇ ਹਨ ਜੋ ਅਪਨੀ ਦੇਸੀ ਮਾਈ ਦੀ ਬੋਲੀ ਬੱਚਾ ਕਿਸੇ ਸਕੂਲ ਵਿਚ ਬੋਲਨਾ ਨਹੀ ਸਿੱਖਦਾ, ਪਹਿਲੇ ਮਾਈ ਗੋਦੀ ਉਸ ਦੀ ਬੈਂਚ ਹੈ, ਅਤੇ ਫੇਰ ਟੱਬਰ ਦੇ ਹੋਰ ਸਬੰਧੀਆਂ ਦੇ ਹੱਥੋਂ ਹੱਥੀਂ ਗੋਦ ਵਿਚ ਲੈ ਕੇ ਬਠਾਲਨਾ ਹੀ ਉਸ ਦਾ ਸਕੂਲ ਹੁੰਦਾ ਹੈ ਅਤੇ ਸੁਭਾਵਿਕ ਹੀ ਉਸ ਦੇ ਉਸਤਾਦ ਹੁੰਦੇ ਹਨ।

ਤੁਸੀਂ ਦੇਖ ਸਕਦੇ ਹੋ ਕਿ ਜੋ ਲੋਗ ਕਿਸੇ ਮਦਰਸੇ ਵਿੱਚ ਪੜ੍ਹਨ ਨਹੀਂ ਗਏ ਅਤੇ ਨਾ ਹੀ ਕਿਸੇ ਉਸਤਾਦ ਪਾਸ ਜਾ ਕੇ ਉਨਾਂ ਨੈ ਵਿਦਯਾ ਹੀ ਪੜ੍ਹੀ ਹੈ ਪਰੰਤੂ ਉਹ ਕੇਵਲ ਅਪਨੇ ਮਾਤਾ ਪਿਤਾ ਅਤੇ ਸਬੰਧੀਆਂ ਦੇ ਨਾਲ ਬੋਲ ਚਾਲਾ ਨਾਲ ਹੀ ਅਜੇਹੇ ਪੱਕੇ ਹੋ ਜਾਂਦੇ ਹਨ ਜੋ ਹਜਾਰਾਂ ਰੁਪਯਾਂ ਦਾ ਬਨਜ ਬਯਾਪਾਰ ਕਰਕੇ ਅਪਨਾ ਨਿਰਬਾਹ ਕਰਦੇ ਹਨ, ਸੋ ਇਹ ਸਾਰਾ ਅਪਨੀ ਦੇਸੀ ਬੋਲੀ ਦਾ ਹੀ ਫਲ ਹੈ ਨਹੀਂ ਹੋਰ ਕਿਸੇ ਸਕੂਲ ਮਾਸਟਰ ਨੈ ਉਨਾਂ ਨੂੰ ਨਹੀਂ ਪੜਾਇਆ।

ਇਸ ਵਾਸਤੇ ਸਾਰੇ ਲੋਗ ਇਸ ਬਾਤ ਨੂੰ ਜਾਨ ਸਕਦੇ ਹਨ, ਕਿ ਜੇ ਕਰਕੇ ਬੱਚੇ ਨੂੰ ਅਪਨੀ ਦੇਸੀ ਭਾਸ਼ਾ ਨਾਲ ਹੀ ਵਿਦਯਾ ਸਖਾਈ ਜਾਵੇ ਤਦ ਉਹ ਅਜੇਹਾ ਲਾਇਕ ਹੋਵੇ ਜੇਹਾ ਹੋਣਾ ਚਾਹੀਦਾ ਹੈ, ਜੈਸਾ ਕਿ ਅੰਗ੍ਰੇਜ਼ ਲੋਗ ਇਸੇ ਵਾਸਤੇ ਲਾਇਕ ਹਨ ਜੋ ਉਹ ਸਾਰੇ ਇਲਮ ਅਪਨੀ ਦੇਸੀ ਭਾਸ਼ਾ ਵਿਚ ਹੀ ਸਿੱਖਦੇ ਹਨ ਜੇਕਰ ਕੇ ਦੂਸਰੀ ਭਾਸ਼ਾ ਵਿਚ ਸਿਖਨ ਤਾਂ ਕਦੇ ਭੀ ਲਾਇਕ ਨਾ ਬਨਣ।

੨੧. ਮਹਾਰਾਜਾ ਦਲੀਪ ਸਿੰਘ ਸਾਹਿਬ ਦੀ ਅਕਾਲ ਮ੍ਰਿਤੂ (ਖ.ਅ.ਲ. ੧੮੯੩ ਈ:)

ਮਹਾਰਾਜਾ ਸਾਹਿਬ ਦਾ ਇਸ ਸੰਸਾਰ ਤੋਂ ਚਲਾਣਾ ੨੨ ਅਕਤੂਬਰ, ੧੮੯੩ ਈ:) ਨੂੰ ਪੈਰਸ ਦੇ ਇੱਕ ਹੋਟਲ ਵਿੱਚ ਹੋਇਆ। ਇਨ੍ਹਾਂ ਦੀ ਅਕਾਲ ਮ੍ਰਿਤੂ ਪਰ ਉਹ ਕੌਣ ਆਦਮੀ ਹੈ ਜੋ ਸੁਣ ਕੇ ਅਫ਼ਸੋਸ ਨਹੀਂ ਕਰਦਾ। ਮਹਾਰਾਜਾ ਦਲੀਪ ਸਿੰਘ ਸਾਹਿਬ ਉਸ ਮਹਾਰਾਜਾ ਰਣਜੀਤ ਸਿੰਘ ਸਾਹਿਬ ਸ਼ੇਰੇ ਪੰਜਾਬ ਦੇ ਪੁੱਤਰ ਸੇ ਜਿਨ੍ਹਾਂ ਦੇ ਨਗਾਰੇ ਦੀ ਚੋਟ ਦੇ ਅੱਗੇ ਬਲਖ਼ ਅਤੇ ਬੁਖ਼ਾਰਾ, ਗਜ਼ਨੀ ਤੇ ਕਾਬਲ ਦੇ ਪਹਾੜ ਕੰਬਦੇ ਸਨ। ਮਹਾਰਾਜਾ ਰਣਜੀਤ ਸਿੰਘ ਕੋਈ ਆਮ ਰਾਜਾ ਜਾਂ ਮਹਾਰਾਜਾ ਨਹੀਂ ਸੀ, ਪ੍ਰੰਤੂ ਉਹ ਅਜਿਹਾ ਪ੍ਰਤਾਪੀ ਮਹਾਰਾਜਾ ਸੀ ਜਿਸ ਦੇ ਫ਼ੌਜੀ ਅਫ਼ਸਰ ਸਰਦਾਰ ਹਰੀ ਸਿੰਘ ਨਲੂਏ ਜੈਸੇ ਅਜਿਹੇ ਬਹਾਦਰ ਸੇ ਜਿਨ੍ਹਾਂ ਨੇ ਕਾਬਲ ਦੇ ਹਾਥੀਆਂ ਨੂੰ ਆਪਣੇ ਸ਼ੇਰਾਂ ਦੇ ਪੰਜਿਆਂ ਨਾਲ ਪਿਛਾਂਹ ਰੋਕ ਛੱਡਿਆ ਸੀ, ਤਾਰੀਖ (ਇਤਿਹਾਸ) ਸਾਨੂੰ ਪੁਕਾਰ-ਪੁਕਾਰ ਦੱਸ ਰਹੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਅਜੇਹੇ ਫ਼ਤਹਿ ਨਸੀਬ ਸੀ ਜੋ ਉਸ ਨੇ ਹਰ ਇਕ ਲੜਾਈ ਵਿੱਚ ਪਿੱਠ ਨਹੀਂ ਵਿਖਾਈ ਅਤੇ ਸਦਾ ਹੀ ਉਸ ਸਾਹਮਣੇ ਦੁਸ਼ਮਣ ਦੀ ਪਿੱਠ ਰਹੀ ਹੈ।

ਉਸ ਦੇ ਜੀਂਦਿਆਂ ਹਿੰਦੁਸਤਾਨ ਦੀ ਕੋਈ ਤਾਕਤ ਨਹੀਂ ਸੀ ਜੋ ਉਸ ਦੇ ਸੂਰਜ ਜੇਹੇ ਪ੍ਰਕਾਸ ਦੇ ਅੱਗੇ ਆਪਣੇ-ਆਪ ਨੂੰ ਚੰਦ ਜਾਂ ਦੀਵੇ ਦੀ ਤਰ੍ਹਾਂ ਨਾ ਬਣਾਉਂਦੀ, ਪ੍ਰੰਤੂ 'ਮਰਦ ਦੀ ਮਾਇਆ ਅਤੇ ਬ੍ਰਿਖ ਦੀ ਸਾਇਆ' ਦੀ ਤਰ੍ਹਾ ਉਨ੍ਹਾਂ ਦੇ ਅੱਖ ਮੀਟਣ ਦੀ ਦੇਰ ਅਤੇ ਅੰਧੇਰ ਦੇ ਪੈਣ ਦੀ ਵਾਰੀ ਆਇ ਗਈ। ਇਸ ਮਹਾਰਾਜਾ ਦੀ ਉਮਰ ਦੇ ਮੁਕਣੇ ਪਰ ਹੀ ਖਾਲਸਾ ਹਕੂਮਤ ਦਾ ਖ਼ਾਤਮਾ ਹੋ ਗਿਆ। ਪਹਿਲੇ ਤਾਂ ਬਹੁਤ ਸਾਰੇ ਸੂਰਬੀਰ ਉਸ ਦੇ ਪਿਆਰੇ ਪੁੱਤਰ ਅਤੇ ਪੋਤਰੇ ਆਪਣੇ ਹੀ ਅਹਿਲਕਾਰਾਂ ਦਾ ਸ਼ਿਕਾਰ ਹੋ ਗਏ ਅਤੇ ਬਾਕੀ ਦਾ ਰਹਿੰਦਾ ਫ਼ੌਜੀ ਹਿੱਸਾ ਸਰਕਾਰ ਅੰਗਰੇਜ਼ੀ ਨਾਲ ਲੜਨ ਪਰ ਖਾਧਾ ਗਿਆ। ਜਿਸ ਪਰ ਇਸ ਮਹਾਰਾਜਾ ਦਲੀਪ ਸਿੰਘ ਸਾਹਿਬ ਨੂੰ ਬਚਪਨ ਵਿੱਚ ਹੀ ਵਲਾਇਤ ਪੁਹੰਚਾਇਆ ਗਿਆ। ਜਿਥੇ ਸਰਕਾਰ ਨੇ ਇਨ੍ਹਾਂ ਨੂੰ ਮਾਕੂਲ (ਯੋਗ) ਵਜ਼ੀਫ਼ਾ ਦਿੱਤਾ ਅਤੇ ਘਰ ਤੋਂ ਬੇਘਰ ਬੇਗੁਨਾਹ ਉਮਰ ਕੈਦੀ ਨੂੰ ਆਪਣੇ ਬਾਪ ਦਾ ਦੇਸ ਜਾਂ ਆਪਣਾ ਘਰਬਾਰ ਫਿਰ ਦੇਖਣਾ ਨਸੀਬ ਨਾ ਹੋਇਆ, ਪ੍ਰੰਤੂ ਇਕ ਵਾਰ ਜਦ ਦੇਖਣ ਦਾ ਇਰਾਦਾ ਵੀ ਕੀਤਾ ਤਦ ਉਸ ਦੀ ਬਦਕਿਸਮਤੀ ਨਾਲ ਅਜਿਹੇ ਮੰਤਰੀ ਮਿਲੇ ਜਿਸ ਦਾ ਫ਼ਲ ਉਸ ਨੂੰ ਉਲਟਾ ਮਿਲਿਆ।

ਪ੍ਰੰਤੂ ਅੱਜ ੨੨ ਅਕਤੂਬਰ, ੧੮੯੩ ਈ: ਨੂੰ ਉਸ ਦੀ ਉਮੈਦ ਜਾਂ ਉਸ ਦਾ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਹੋਣ ਦਾ ਜੋ ਸਬੰਧ ਸੀ ਉਹ ਜੰਜੀਰ ਟੁੱਟ ਗਈ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਨਾਮ ਰੱਖਣ ਦਾ ਜੋ ਇਕ ਇਹੋ ਨਿਸ਼ਾਨ-ਸੀ ਸੋ ਟੁੱਟ ਗਿਆ-

ਉਹ ਮਹਾਰਾਜਾ ਜਿਸ ਦੇ ਬਾਪ ਦੇ ਲਸ਼ਕਰ ਪੰਜਾਬ ਵਿਚ ਦੋਆਬਾਂ ਦੀ ਤਰ੍ਹਾਂ ਠਾਠਾਂ ਮਾਰਦੇ ਸੇ ਉਹ ਬਲਮਦਾਰ ਨੇਜੇ ਜੋ ਬਾਜਰੇ ਦੇ ਖੇਤ ਵਾਂਗ ਖੜੇ ਸਨ, ਉਸ ਮਹਾਰਾਜਾ ਦਾ ਪੁੱਤਰ ਇਕ ਹੋਟਲ ਵਿੱਚ ਆਪਣੀ ਜਾਨ ਦਿੰਦਾ ਹੈ ਜਿਥੇ ਉਸ ਦੇ ਮੂੰਹ ਵਿੱਚ ਪਾਣੀ ਪਾਉਣ ਵਾਲਾ ਵੀ ਕੋਈ ਨਹੀਂ ਹੈ । ਆਖ਼ਰੀ ਸਮੇਂ ਪਰ ਉਸ ਦਾ ਮੂੰਹ ਦੇਖਣੇ ਵਾਲੀ ਰਾਣੀ ਅਤੇ ਪੁੱਤਰ ਉਸ ਦੇ ਸੈਂਕੜੇ ਕੋਹ (ਬਹੁਤ ਦੂਰ) ਪਰ ਬੈਠੇ ਹਨ ਅਤੇ ਉਹ ਅਜਿਹੀ ਮੌਤੇ ਮਰਦਾ ਹੈ ਜੋ ਕੋਈ ਉਸ ਦੀ ਲੋਥ ਪਰ ਅਫ਼ਸੋਸ ਕਰਨ ਵਾਲਾ ਵੀ ਨਹੀਂ ਹੈ।

ਐ ਪੰਜਾਬ! ਤੇਰਾ ਤਾਰੀਖੀ ਸਬੰਧ ਜੋ ਮਹਾਰਾਜਾ ਰਣਜੀਤ ਸਿੰਘ ਸਾਹਿਬ ਨਾਲ ਸੀ ਜੋ ੨੨ ਅਕਤੂਬਰ ਨੂੰ ਟੁੱਟ ਗਿਆ ਹੈ ਅਤੇ ਸਰਕਾਰ ਅੰਗਰੇਜ਼ੀ ਪਾਸ ਜੋ ਇਕ ਪੰਜਾਬ ਦੇ ਮਹਾਰਾਜਾ ਦਾ ਪੁੱਤਰ, ਪੁਰਾਣਾ ਇਕ ਨਮੂਨਾ ਸੀ ਸੋ ਨਿਖੁੱਟ ਗਿਆ ਹੈ ਜਿਸ ਉਤੇ ਅਫ਼ਸੋਸ ਹੀ ਬਾਕੀ ਰਹਿ ਗਿਆ ਹੈ ਜੈਸਾ ਕਿ ਸਿਵਲ ਮਿਲਟਰੀ ਲਿਖਦਾ ਹੈ ਕਿ (ਮਹਾਰਾਜਾ ਦਲੀਪ ਸਿੰਘ ਵਡੇ ਉਦਾਰ ਅਤੇ ਅੱਛੇ ਗੁਣਾਂ ਵਾਲੇ ਸਨ ਉਨ੍ਹਾਂ ਵਿੱਚ ਕੋਈ ਬੁਰਾਈ ਨਹੀਂ ਸੀ, ਪਰੰਤੂ ਉਨ੍ਹਾਂ ਦੀ ਉਦਾਰਤਾ ਅਤੇ ਕੁਲ ਮਨ-ਸਾਈ ਹੀ ਹੱਦ ਤੋਂ ਜਿਆਦਾ ਵਧਣ ਕਰਕੇ ਉਨ੍ਹਾਂ ਦਾ ਨੁਕਸ ਬਣ ਕੇ ਦਿਖਾਈ ਦਿੰਦਾ ਸੀ) ਇਸ ਵਾਸਤੇ ਅਸੀਂ ਮਹਾਰਾਜਾ ਦੀ ਅਕਾਲ ਮ੍ਰਿਤੂ ਪਰ ਦਿਲੀ ਅਫ਼ਸੋਸ ਪ੍ਰਗਟ ਕਰਦੇ ਹਾਂ ਅਤੇ ਗ੍ਰੰਥ ਸਾਹਿਬ ਦੇ ਇਸ ਸ਼ਬਦ ਨੂੰ ਯਾਦ ਕਰਦੇ ਹਾਂ:-

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ।।
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉਂ ਸੰਸਾਰੁ।।

ਮਹਾਰਾਜਾ ਦਲੀਪ ਸਿੰਘ:-

ਇਹ ਉਪਰਲੇ ਨਾਮ ਵਾਲੇ ਵੀ ਮਹਾਰਾਜਾ ਇਸ ਸੰਸਾਰ ਤੋਂ ਚਲੇ ਗਏ, ਅਜਿਹੇ ਹੋਰ ਕਈ ਪੁਰਖ ਇਸ ਸੰਸਾਰ ਤੋਂ ਚਲੇ ਗਏ, ਅਜਿਹੇ ਹੋਰ ਕਈ ਪੁਰਖ ਇਸ ਸੰਸਾਰ ਵਿਚ ਪੈਦਾ ਹੋਏ, ਜਿਨ੍ਹਾਂ ਦਾ ਜੀਵਨ ਭਾਵੇਂ ਉਨ੍ਹਾਂ ਨੂੰ ਤਾਂ ਕਈ ਪ੍ਰਕਾਰ ਦੇ ਸੁਖ-ਦੁਖ ਦਾ ਹੇਤੂ ਹੋਇਆ, ਪਰ ਦੁਨੀਆਂ ਦੇ ਲੋਕਾਂ ਨੂੰ ਉਸ ਦੇ ਕਈ ਪ੍ਰਕਾਰ ਦੇ ਸ਼ਬਕ ਮਿਲਦੇ ਹਨ। ਅਜਿਹੇ ਆਦਮੀ ਹੀ ਸਾਰੇ ਸੰਸਾਰ ਦਾ ਨਿਸ਼ਾਨਾ ਬਣ ਜਾਂਦੇ ਹਨ ਜਿਸ ਤੇ ਉਹ ਦੁਨੀਆਂ ਦੇ ਸਾਰਿਆਂ ਦਰਜ਼ਿਆਂ ਵਿਚ ਦੀ ਲੰਘਦੇ ਹਨ, ਭਾਵੇਂ ਉਹ ਆਦਮੀ ਆਪ ਕੋਈ ਕੰਮ ਵੀ ਅਜਿਹਾ ਨਹੀਂ ਕਰਦੇ ਜਿਸ ਤੇ ਉਨ੍ਹਾਂ ਦਾ ਨਾਉਂ ਸੰਸਾਰ ਵਿਚ ਰਹੇ, ਪ੍ਰੰਤੂ ਉਨ੍ਹਾਂ ਦੀ ਉਮਰ ਦੇ ਦਿਹਾੜੇ ਹੀ ਉਨ੍ਹਾਂ ਲਈ ਉਨ੍ਹਾਂ ਦੀ ਯਾਦਗਾਰ ਬਣ ਜਾਂਦੇ ਹਨ, ਜਿਸ ਤੇ ਦੁਨੀਆਂ ਉਨ੍ਹਾਂ ਦੇ ਨਾਮ ਲੈ ਕੇ ਆਪਣੇ ਅਤੇ ਦੂਸਰਿਆਂ ਲਈ ਧੀਰਜ ਦਿੰਦੀ ਹੈ। ਇਸ ਉਤੇ ਜੀਵਨ ਚਰਿੱਤਰ ਅਜਿਹੇ ਹੀ ਲੋਕਾਂ ਦੇ ਜੀਵਨ ਦਾ ਹੋ ਸਕਦਾ ਹੈ, ਜਿਨ੍ਹਾਂ ਦੇ ਜੀਵਨ ਵਿੱਚ ਸੱਚ-ਮੁੱਚ ਹੀ ਜੀਵਨ ਚਰਿੱਤਰ ਹੁੰਦੇ ਹਨ।

ਦੇਖੀਏ,'ਨਪੋਲੀਅਨ' ਜੋ ਇਕ ਵੱਡਾ ਭਾਰੀ ਬਾਦਸ਼ਾਹ ਹੋ ਚੁਕਿਆ ਹੈ, ਉਹ ਇਕ

ਛੋਟੇ ਦਰਜੇ ਦੇ ਆਦਮੀ ਦਾ ਬੇਟਾ ਸੀ, ਜੋ ਫਰਾਂਸ ਵਿਚ ਜੰਗੀ ਕਵਾਇਦ (ਪਰੇਡ) ਸਿੱਖਦਾ-ਸਿੱਖਦਾ ਆਖ਼ਰ ਸਭ ਤੋਂ ਵੱਡਾ ਅਫ਼ਸਰ ਬਣ ਗਿਆ, ਜੋ ਥੋੜੇ ਸਮੇਂ ਵਿਚ ਫਰਾਂਸ ਦਾ ਬਾਦਸ਼ਾਹ ਬਣ ਬੈਠਾ ਅਤੇ ਇੰਗਲਿਸਤਾਨ ਦੇ ਸਵਾਇ ਜੋ ਸਮੁੰਦਰ ਕਰਕੇ ਬਚਿਆ ਰਿਹਾ, ਸਾਰੇ ਹੋਰ ਰਾਜੇ ਅਤੇ ਦੇਸ਼ ਜੈਸੇ ਜਰਮਨ, ਆਸਟਰੀਆ, ਰੂਸ, ਇਟਲੀ ਅਤੇ ਸਪੇਨ ਆਦਿਕ ਨੂੰ ਇਕ ਵਾਰ ਆਪਣੇ ਅਧੀਨ ਕਰ ਲਿਆ। ਇਤਨਾ ਵੱਡਾ ਦਰਜਾ ਹਾਸਲ ਕੀਤਾ, ਜੋ ਇਸ ਦੇ ਦਰਵਾਜ਼ੇ ਪਰ ਦੇਸ਼-ਦੇਸ਼ ਦੇ ਰਾਜੇ-ਮਹਾਰਾਜੇ ਖੜੇ ਰਹਿੰਦੇ ਸਨ ਜਿਸ ਨੇ ਇਕ ਪਲ ਵਿਚ ਕਈ ਆਪਣੇ ਆਦਮੀਆਂ ਨੂੰ ਬਾਦਸ਼ਾਹ ਅਤੇ ਪੁਰਾਣੇ ਬਾਦਸ਼ਾਹਾਂ ਨੂੰ ਕੰਗਾਲ ਬਣਾ ਦਿੱਤਾ।

"ਆਹ! ਦੇਖੋ ਐਥੋਂ ਤੱਕ ਪਹੁੰਚ ਕੇ ਅੰਤ ਨੂੰ ਇਕ ਟਾਪੂ ਵਿਚ ਜੋ ਦੂਰ ਸਮੁੰਦਰ ਵਿਚ ਸੀ ਅਤੇ ਜਿਥੇ ਕੋਈ ਆਦਮੀ ਖੁਸ਼ੀ ਨਾਲ ਨਹੀਂ ਜਾਂਦਾ ਉਥੇ ਪੰਜ ਸਾਲ ਕੈਦ ਭੋਗ ਕੇ ਮਰ ਗਿਆ।"

ਮਹਾਰਾਜਾ ਦਲੀਪ ਸਿੰਘ ਸਾਹਿਬ ਦਾ ਵੀ ਕੁਝ ਹਾਲ ਏਹੋ ਜਿਹਾ ਹੀ ਗੁਜ਼ਰਿਆ ਹੈ, ਕਿਉਂਕਿ ਇਹ ਬੇ-ਨਸੀਬ ਸ਼ਾਹਜ਼ਾਦਾ ਸੰਨ ੧੯੩੭ ਈ: ਮਹੀਨੇ ਫਰਵਰੀ ਵਿਚ ਜੰਮਿਆ ਜਦ ਕਿ ਮਹਾਰਾਜਾ ਰਣਜੀਤ ਸਿੰਘ ਸਾਹਿਬ ਪੂਰੇ ਦਰਜੇ ਨੂੰ ਪਹੁੰਚ, ਜਦ ਆਪਣੇ ਪੋਤਰੇ ਨੌਨਿਹਾਲ ਸਿੰਘ ਸਾਹਿਬ ਦੇ ਵਿਆਹ ਦੀਆਂ ਤਿਆਰੀਆਂ ਕਰ ਰਹੇ ਸਨ, ਦੇਖੋ ਜਦ ਇਹ ਜੰਮਿਆ ਸੀ ਤਦ ਇਸ ਦਾ ਕੋਈ ਨਾਉਂ ਵੀ ਨਹੀਂ ਜਾਣਦਾ ਸੀ ਕਿਉਂਕਿ ਮਹਾਰਾਜਾ ਦੇ ਘਰ ਅਜਿਹੇ ਕਈ ਹੋਰ ਬੇਟੇ ਸਨ ਜਿਹਾ ਕਿ ਪਸ਼ੌਰਾ ਸਿੰਘ ਅਤੇ ਕਸ਼ਮੀਰਾ ਸਿੰਘ ਆਦਿਕ। ਪ੍ਰੰਤੂ ਇਸ ਦੀ ਕਿਸਮਤ ਜੋ ਵਿਧਾਤਾ ਨੇ ਸਭ ਤੇ ਨਿਰਾਲੀ ਬਣਾਈ ਸੀ ਜੋ ਆਪਣਾ ਖੇਲ ਦਿਖਾਉਣ ਲੱਗੀ, ਜਿਸ ਤੇ ਤਿੰਨ ਸਾਲ ਦੇ ਅੰਦਰ-ਅੰਦਰ ਮਹਾਰਾਜਾ ਰਣਜੀਤ ਸਿੰਘ ਗੁਜਰ ਗਏ, ਜਿਸ ਤੇ ਚਾਰ ਸਾਲ ਪਿਛੇ ਮਹਾਰਾਜਾ ਖੜਕ ਸਿੰਘ, ਨੌਨਿਹਾਲ ਸਿੰਘ, ਮਹਾਰਾਜਾ ਸ਼ੇਰ ਸਿੰਘ, ਪ੍ਰਤਾਪ ਸਿੰਘ ਵੀ ਮੌਤ ਨੇ ਆਪਣੀ ਗੋਦ ਵਿਚ ਲੈ ਲਏ।

"ਸੰਧਾਵਾਲੀਆ" ਦਾ ਮਹਾਰਾਜਾ ਸ਼ੇਰ ਸਿੰਘ ਨੂੰ ਮਾਰਨਾ ਹੀ ਦਲੀਪ ਸਿੰਘ ਦੇ ਤਖਤ ਬਿਠਾਉਣ ਦਾ ਰਸਤਾ ਸਾਫ਼ ਕਰਨਾ ਸੀ, ਜਿਸ ਤੇ ਇਸ ਨੂੰ ਕਿਲਿਓਂ ਕੱਢ ਕੇ ਤਖ਼ਤ ਪਰ ਬਿਠਾ ਲਿਆ ਗਿਆ। ਉਸ ਸਮੇਂ ਦਲੀਪ ਸਿੰਘ ਨੂੰ ਤਖਤ ਪਰ ਬਿਠਾ ਕੇ ਕੇਸਰ ਦੇ ਟਿੱਕੇ ਦੀ ਥਾਂ ਉਨ੍ਹਾਂ ਮੁਰਦਿਆਂ ਦੇ ਲਹੂ ਦਾ ਟਿੱਕਾ ਲਾ ਕੇ ਮਹਾਰਾਜਾ ਬਣਾਇਆ।

ਐਥੋਂ ਤੱਕ ਤਾਂ ਇਨ੍ਹਾਂ ਦੀ ਕਿਸਮਤ ਨੇ ਸਾਰੇ ਰਾਜ ਗੱਦੀ ਦੇ ਹੱਕਦਾਰਾਂ ਨੂੰ ਮੌਤ ਅੱਗੇ ਧੱਕ ਕੇ ਹੱਕ ਦਿੱਤਾ, ਅਰ ਇਸ ਪਰ ਇਕ ਕਿੱਸੇ ਵਾਲਾ ਐਉਂ ਲਿਖਦਾ ਹੈ (ਪਹਿਲੇ ਰਾਜੇ ਦੇ ਖੂਨ ਦਾ ਲਾਇ ਟਿੱਕਾ ਫੇਰ ਦਿੱਤੀਆਂ ਸੱਤ ਪਰਦੱਖਣਾ ਜੀ, ਤੇਰੇ ਵਾਸਤੇ ਹੋਏ ਨੀ ਸਭ ਕਾਰੇ ਅੱਗੇ ਸਾਹਿਬ ਸੱਚੇ ਤੈਨੂੰ ਰਖਣਾ ਜੀ।) ਭਾਵੇਂ ਇਹ ਛੋਟਾ ਜਿਹਾ ਬੱਚਾ ਪੰਜਾਬ ਦਾ ਮਹਾਰਾਜਾ ਵੀ ਬਣ ਬੈਠਿਆ ਪਰ ਅਜੇ ਇਸ ਦੀ ਕਿਸਮਤ ਨੇ ਕਈ ਰੰਗ ਬਦਲਣੇ ਸਨ, ਜਿਸ

ਪਰ ਦੂਜੀ ਵਾਰ ਤਲਵਾਰ ਵਜ਼ੀਰਾਂ ਪਰ ਉਠੀ। ਜਿਸ ਤੇ ਪਹਿਲੇ ਦਿਨ ਸੰਧਾਵਾਲੀਏ ਮਾਰੇ ਗਏ , ਫੇਰ ਸਾਲ ਦੇ ਅੰਦਰ-ਅੰਦਰ ਹੀ ਹੀਰਾ ਸਿੰਘ ਮਾਰਿਆ ਗਿਆ, ਜਿਸ ਤੇ ਮਗਰੋਂ ਜਵਾਹਰ ਸਿੰਘ ਵਜ਼ੀਰ ਬਣਿਆ ਜੋ ਮਹਾਰਾਜਾ ਦਲੀਪ ਸਿੰਘ ਦਾ ਮਾਮਾ ਸੀ ਪਰ ਉਸ ਸਮੇਂ ਨਾ ਕੋਈ ਸਰਦਾਰ ਅਤੇ ਨਾ ਕੋਈ ਸਿਪਾਹੀ ਸੀ ਪ੍ਰੰਤੂ ਸਾਰੇ ਹੀ ਮਹਾਰਾਜੇ ਬਣੇ ਹੋਏ ਸੀ, ਜਿਸ ਤੇ ਆਪਸ ਵਿੱਚ ਕੱਟ-ਕੱਟ ਕੇ ਮਰਦੇ ਸਨ। ਜਿਸ ਪਰ ਇਕ ਕਿੱਸੇ ਵਾਲਾ ਇਹ ਲਿਖਦਾ ਹੈ (ਸ਼ਾਹ ਮੁਹੰਮਦਾ ਮੌਤ ਹੁਣ ਹੋਈ ਸਸਤੀ ਸਭੇ ਕਤਲ ਹੋਏ ਵਾਰੋ-ਵਾਰ ਮੀਆਂ) ਇਸ ਮੌਤ ਨੇ ਬਹੁਤ ਸਰਦਾਰਾਂ ਦਾ ਅੰਤ ਕਰਕੇ ਫੇਰ ਜਵਾਹਰ ਸਿੰਘ ਪਰ ਵੀ ਧਾਵਾ ਕੀਤਾ ਜਿਸ ਤੇ ਉਸ ਨੂੰ ਹਾਥੀ ਪਰ ਬੈਠੇ ਨੂੰ ਹੀ ਸੰਗੀਨਾ ਨਾਲ ਪਰੋ ਕੇ ਮਾਰ ਸਿਟਿਆ ਅਤੇ ਇਸ ਦੀ ਮੌਤ ਪਰ ਦਲੀਪ ਸਿੰਘ ਦੀ ਮਾਈ ਜੋ ਸਕੀ ਭੈਣ ਸੀ, ਲੱਗੀ ਰੁਦਨ ਕਰਨ, ਇਹ ਸਾਰਾ ਸਾਕਾ ੧੮੪੫ ਈ: ਦੇ ਅੰਦਰ-ਅੰਦਰ ਹੀ ਹੋ ਗਿਆ, ਜਿਸ ਪਰ ਮਹਾਰਾਣੀ ਜਿੰਦਾਂ ਦੀ ਜਿੰਦ ਨੂੰ ਅਜਿਹਾ ਜੋਸ਼ ਆਇਆ ਜਿਸ ਨੇ ਪੰਜਾਬ ਦੀ ਬਾਦਸਾਹਿਤ ਦੇ ਜਹਾਜ਼ ਨੂੰ ਸਤਲੁਜ਼ ਦੇ ਡੂੰਘੇ ਵਹਿਣ ਵਿਚ ਡੋਬਿਆ ਜਿਸ ਪਰ ਸ਼ਾਹ ਮੁਹੰਮਦ ਇਹ ਲਿਖਦਾ ਹੈ, "ਜਿਨ੍ਹਾਂ ਕੋਹ ਕੇ ਮਾਰਿਆ ਵੀਰ ਮੇਰਾ, ਮੈਂ ਕਰਾਂਗੀ ਉਨ੍ਹਾਂ ਦੀਆਂ ਜੰਡੀਆਂ ਨੀ। ਧਾਕਾਂ ਪੈਣਗੀਆਂ ਦੇਸ ਵਲੈਤ ਜਾਣੇ ਪਾਊਂ ਬੱਕਰੇ ਵਾਂਗ ਜਾ ਵੰਡੀਆਂ ਨੀ। ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ ਨੱਥ ਵਾਲੀਆਂ ਚੋਂ ਤੇ ਡੰਡੀਆਂ ਨੀ। ਸ਼ਾਹ ਮਹੁੰਮਦਾ ਪੈਣਗੇ ਵੈਣ ਡੂੰਘੇ ਜਦੋਂ ਬਹਿਣ ਪੰਜਾਬਣਾਂ ਰੰਡੀਆਂ ਨੀ।" ਇਸ ਤੇ ਦੇਖ ਸਕਦੇ ਹੋ ਜੋ ਜਿੰਦਾਂ ਦਾ ਕੇਹੋ ਜਿਹਾ ਗੁੱਸਾ ਸੀ।

ਉਸ ਸਮੇਂ ਪੰਜਾਬ ਵਿੱਚ ਤਿੰਨ ਧੜਿਆਂ ਦੇ ਹੱਥ ਹਕੂਮਤ ਸੀ, ਪਹਿਲੀ ਜਿੰਦਾਂ ਜੋ ਆਪਣੀ ਹਕੂਮਤ ਚਾਹੁੰਦੀ ਸੀ, ਦੂਜੀ ਸਰਦਾਰ ਅਤੇ ਰਾਈਸ ਜੋ ਆਪਣਾ ਬਚਾਓ ਅਤੇ ਦਬਾਓ ਚਾਹੁੰਦੇ ਸੀ, ਤੀਜਾ ਫ਼ੌਜ਼ ਦੋਹਾਂ ਨੂੰ ਨਿਕੰਮਾ ਜਾਣ ਕੇ ਆਪਣਾ ਹੀ ਹੁਕਮ ਚਾਹੁੰਦੀ ਸੀ, ਜਿਨ੍ਹਾਂ ਵਿਚੋਂ ਫ਼ੌਜ਼ ਨੇ ਜਿੰਦਾਂ ਨੂੰ ਆਖਿਆ ਕੋਈ ਚੰਗਾ ਵਜ਼ੀਰ ਬਣਾਓ, ਪਰ ਉਸ ਦੇ ਨਾ ਮੰਨਣੇ ਪਰ ਫਿਰ ਫ਼ੌਜ਼ ਨੇ ਮਹਾਰਾਜਾ ਦਲੀਪ ਸਿੰਘ ਦਾ ਨਾਊਂ ਵੀ ਉਤਾਰ ਦਿੱਤਾ ਅਤੇ ਖ਼ਾਲਸਾ ਪੰਥ ਦੇ ਨਾਊਂ ਪਰ ਕਾਰਵਾਈ ਸ਼ੁਰੂ ਕਰ ਦਿੱਤੀ, ਇਹ ਕਾਰਵਾਈ ਇਸ ਤਰ੍ਹਾਂ ਦੀ ਹੋਣ ਲੱਗੀ ਜਿਸ ਤਰ੍ਹਾਂ ਇਕ ਵੇਰ ਇੰਗਲਿਸਤਾਨ ਵਿਚ ਫ਼ੌਜ਼ ਨੇ ਪਹਿਲੇ ਚਾਰਲਸ' ਨੂੰ ਮਾਰ ਕੇ ਫ਼ੌਜ਼ ਨੇ ਆਪਣੀ ਹਕੂਮਤ ਜਮਾਈ ਸੀ, ਸੋ ਏਹੋ ਹਾਲ ਇੱਥੇ ਵੀ ਹੋਇਆ ਜਿਸ ਤੇ ਪੰਜਾਬ ਦਾ ਬਾਦਸ਼ਾਹ ਨਾਮ ਮਾਤਰ ਹੀ ਰਹਿ ਗਿਆ ਅਤੇ ਅਸਲੀ ਦੇਖਿਆ ਜਾਵੇ ਤਾਂ ਐਥੋਂ ਹੀ ਮਹਾਰਾਜਾ ਦਲੀਪ ਸਿੰਘ ਦੀ ਹਕੂਮਤ ਰਹਿ ਗਈ ਸੀ।

ਜਦ ਜਿੰਦਾਂ ਨੇ ਦੇਖਿਆ ਕਿ ਇਹ ਭੂਤ ਮੰਡਲੀ ਅਜਿਹੀ ਭੂਤੀ ਹੈ, ਜਿਸ ਤੇ ਮੇਰੀ ਅਤੇ ਮੇਰੇ ਪੁੱਤਰ ਦੀ ਜਾਨ ਦੇ ਜਾਣ ਦਾ ਵੀ ਡਰ ਹੈ ਅਤੇ ਸਾਡਾ ਰੱਬ ਹੀ ਰਾਖਾ ਹੈ, ਜਿਸ ਤੇ

ਇਹ ਮੈਨੂੰ ਅਤੇ ਦਲੀਪ ਸਿੰਘ ਨੂੰ ਮਾਰ ਕੇ ਕਿਸੇ ਹੋਰ ਨੂੰ ਗੱਦੀ ਤੇ ਬਿਠਾ ਦੇਣਗੇ ਅਤੇ ਇੱਧਰ ਵੱਡੇ-ਵੱਡੇ ਸਰਦਾਰਾਂ ਅਹਿਲਕਾਰਾਂ ਨੇ ਵੀ ਆਪਣਾ ਜੀਉਣਾ ਰੱਬ ਆਸਰੇ ਸਮਝਿਆ, ਤਦ ਰਾਣੀ ਅਤੇ ਅਹਿਲਕਾਰਾਂ ਨੇ ਮਿਲ ਕੇ ਇਸ ਬੇਮੁਹਾਰ ਫੌਜ਼ ਨੂੰ ਅੰਗਰੇਜ਼ਾਂ ਦੇ ਹੱਥੋਂ ਮਰਵਾਣਾ ਚਾਹਿਆ, ਜਿਸ ਤੇ ਇਸ ਮਜ਼ਮੂਨ ਦਾ ਖਤ ਸਰਕਾਰ ਅੰਗਰੇਜ਼ੀ ਨੂੰ ਜਿੰਦਾਂ ਨੇ ਲਿਖ ਭੇਜਿਆ ("ਚਿੱਠੀ ਲਿਖੀ ਫ਼ਰੰਗੀ ਨੂੰ ਪਹਿਲੀ ਆਪਣੀ ਸੁਖ ਅਨੰਦ ਵਾਰੀ। ਤੇਰੇ ਵੱਲ ਮੈਂ ਫੌਜ਼ ਨੂੰ ਘੱਲਨੀ ਹਾਂ। ਖੱਟੇ ਕਰੀਂ ਤੂੰ ਏਨਾਂ ਦੇ ਦੰਦ ਵਾਰੀ। ਜਿਹੜਾ ਆਪਣਾ ਜ਼ੋਰ ਸਭ ਲਾਵੀਂ ਪਿਛੋਂ ਖਰਚ ਮੈਂ ਕਰਾਂਗੀ ਬੰਦ ਵਾਰੀ। ਸ਼ਾਹ ਮੁਹੰਮਦਾ ਰਹਿਣ ਨਾ ਮੁੜਨ ਜੋਗੇ ਮੈਨੂੰ ਇਤਨੀ ਬਾਤ ਪਸਿੰਦ ਵਾਰੀ।") ਜਿਸ ਦਾ ਫ਼ਲ ਇਹ ਹੋਇਆ ਜੋ ਜਿਸ ਤੇ ਹਜ਼ਾਰਾਂ ਸਿਪਾਹੀ ਅਤੇ ਸਰਦਾਰ ਅੰਗਰੇਜ਼ਾਂ ਦੇ ਵਿਰੁਧ ਕਰਕੇ ਤੋਪਾਂ ਅਗੇ ਉਡਵਾਏ ਅਤੇ ਦਰਿਯਾਉਂ ਵਿਚ ਡੁਬਵਾਏ, ਰਾਣੀ ਜਿੰਦਾਂ ਨੇ ਆਪਣੇ ਭਾਈ ਦਾ ਵੈਰ ਲੈਣ ਲਈ ਅਤੇ ਆਪਣੇ ਇਸੀ ਪੁੱਤਰ ਦੇ ਬਚਾਉਣੇ ਲਈ ਹਜ਼ਾਰਾਂ ਘਰ ਬਰਬਾਦ ਕੀਤੇ ਅਤੇ ਹਜ਼ਾਰਾਂ ਇਸਤਰੀਆਂ ਰੰਡੀਆਂ ਕਰ ਬਿਠਾਈਆਂ।

ਸਤਲੁਜ ਦੀ ਲੜਾਈ ਤੋਂ ਪਿਛੋਂ ਜਦ ਸਿੱਖਾਂ ਦੀ ਫੌਜ਼ ਕੁਝ ਮਰ ਗਈ, ਅਤੇ ਕੁਝ ਨੱਸ ਗਈ ਤਾਂ ਜਿੰਦਾਂ ਦੀ ਸਲਾਹ ਨਾਲ ਅੰਗਰੇਜ਼ੀ ਫੌਜ਼ ਲਾਹੌਰ ਵਿੱਚ ਆਈ, ਜਿਸ ਨੇ ਦਲੀਪ ਸਿੰਘ ਨੂੰ ਬਚਾਇਆ, ਅਤੇ ਜਿੰਦਾਂ ਦੀ ਰੱਖਿਆ ਕੀਤੀ, ਜਦ ਸਾਲ ਰਹਿ ਕੇ ਅੰਗਰੇਜ਼ੀ ਫੌਜ਼ ਪਿੱਛੇ ਹਟਣ ਲੱਗੀ, ਤਦ ਫੇਰ ਜਿੰਦਾਂ ਨੇ ਅਰਜ਼ ਕੀਤੀ ਕਿ ਸਾਥੋਂ ਰਿਆਸਤ ਦਾ ਬੰਦੋਬਸਤ ਨਹੀਂ ਹੋਣਾ। ਇਸ ਵਾਸਤੇ ਸਰਕਾਰ ਬੰਦੋਬਸਤ ਕਰੇ, ਜਿਸ ਦਾ ਫਿਰ ਫ਼ਲ ਇਹ ਹੋਇਆ। ਜੋ ਸੰਨ ੧੮੪੬ ਈ: ਵਿਚ ਬਿਆਸ ਨਦੀ ਦੇ ਕੰਢੇ ਸੁਲਾਹਨਾਮਾ ਹੋਇਆ, ਜਿਸ ਪਰ ਅਹਿਲਕਾਰਾਂ ਦੀ ਇਕ ਕੌਂਸਲ ਬਣੀ ਅਤੇ ਸਰ ਹੈਨਰੀ ਲਾਰਡ ਸਾਹਿਬ ਜੋ ਰੈਜ਼ੀਡੈਂਟ ਸੇ। ਸੋ ਪੰਜਾਬ ਦੀ ਸਾਰੀ ਰਿਆਸਤ ਦੇ ਮੁਖਤਿਆਰ ਬਣੇ, ਜਿਸ ਤੇ ਰਾਣੀ ਜਿੰਦਾਂ ਦੀ ਹਕੂਮਤ ਜਾਂਦੀ ਰਹੀ। ਇਸ ਅਹਿਦਨਾਮੇ ਦੇ ਅਨੁਸਾਰ ਮਹਾਰਾਜਾ ਦਲੀਪ ਸਿੰਘ ਸਰਕਾਰ ਅੰਗਰੇਜ਼ੀ ਦੇ ਵਾਰਡ ਹੋਏ (ਹਿਫਾਜ਼ਤ ਵਿਚ ਆਏ) ਅਤੇ ਸਰਕਾਰ ਅੰਗਰੇਜ਼ੀ ਇਨ੍ਹਾਂ ਦੀ ਅਤੇ ਇਨ੍ਹਾਂ ਦੀ ਰਿਆਸਤ ਦੀ ਮੁਹਾਫਜ਼ (ਰੱਖਿਅਕ) ਬਣੀ। ਜਦ ਥੋੜੇ ਅਰਸੇ ਮਗਰੋਂ ਸਰ ਹੈਨਰੀ ਸਾਹਿਬ ਵਲਾਇਤ ਨੂੰ ਗਏ ਅਤੇ ਇਨ੍ਹਾਂ ਦੀ ਜਗ੍ਹਾ ਸਰਕਾਰੀ ਸਾਹਿਬ ਆਏ ਤਦ ਥੋੜੇ ਹੀ ਅਰਸੇ ਵਿਚ ਮੁਲਤਾਨ ਦਾ ਝਗੜਾ ਉਠਿਆ, ਉਸ ਜਗਾ ਦੋ ਅੰਗਰੇਜ਼ ਜੋ ਅਫ਼ਸਰ ਆਏ ਸੇ ਮਾਰੇ ਗਏ, ਅਤੇ ਇੱਧਰ 'ਹਜ਼ਾਰੇ' ਦੇ ਇਲਾਕੇ ਸਰਦਾਰ ਚਤਰ ਸਿੰਘ ਅਟਾਰੀ ਵਾਲਾ ਵਿਗੜ ਬੈਠਾ, ਇਹ ਸਰਦਾਰ ਮਹਾਰਾਜਾ ਰਣਜੀਤ ਸਿੰਘ ਦਾ ਸਹੁਰਾ ਸੀ, ਇਸ ਸਰਦਾਰ ਨੇ ਆਪਣੇ ਪੁਤਰ ਸ਼ੇਰ ਸਿੰਘ ਨੂੰ ਵੀ ਨਾਲ ਮਿਲਾਇਆ, ਅਤੇ ਅੰਗਰੇਜ਼ਾਂ ਨੂੰ ਪੰਜਾਬੋਂ ਕੱਢਣ ਦਾ ਸਾਮਾਨ ਕੀਤਾ, ਇਸ ਦਾ ਨਾਉਂ ਸਿੱਖਾਂ ਦੀ ਦੂਜੀ ਲੜਾਈ ਹੈ, ਇਸ ਸਮੇਂ ਸਰਦਾਰਾਂ ਅਤੇ ਅੰਗਰੇਜ਼ਾਂ ਨੂੰ ਆਪੋ-ਆਪਣੀ ਜਗਾ

ਇਹ ਭਰਮ ਹੋ ਗਿਆ ਜੋ ਸਰਦਾਰਾਂ ਨੇ ਜਾਤਾ(ਜਾਣਿਆ) ਜੋ ਅੰਗਰੇਜ਼ ਪੰਜਾਬ ਦਾ ਰਾਜ ਖੋਹਣ ਲੱਗੇ ਹਨ, ਜਿਸ ਤੇ ਸਰਕਾਰ ਅੰਗਰੇਜ਼ੀ ਨੇ ਜਿੰਦਾਂ ਨੂੰ ਪਕੜ ਕੇ ਹਿੰਦੁਸਤਾਨ ਵਿਚ ਪਹੁੰਚਾਇਆ, ਜਿਸ ਤੋਂ ਸਰਦਾਰਾਂ ਨੂੰ ਵਧੇਰੇ ਸ਼ੱਕ ਹੋ ਗਿਆ, ਅਜੇ ਲੜਾਈ ਮੁੱਕੀ ਨਹੀਂ ਸੀ। ਜੋ ਸਰ ਹੈਨਰੀ ਇਹ ਗੱਲ ਸੁਣਦਾ ਹੀ ਵਲੈਤੋਂ ਨੱਸਾ, ਅਤੇ ਸਿੱਧਾ ਲਾਹੌਰ ਆਇਆ ਅਤੇ ਇਸ ਨੇ ਬਹੁਤ ਜ਼ੋਰ ਲਾਇਆ ਕਿ ਪੰਜਾਬ ਦੀ ਰਿਆਸਤ ਬਚੇ, ਪਰੰਤੂ ਮਹਾਰਾਜਾ ਦਲੀਪ ਸਿੰਘ ਦੀ ਕਿਸਮਤ ਦੀਆਂ ਵਾਗਾਂ ਦੂਜੀ ਵੱਲ ਖਿੱਚੀਆਂ ਹੋਈਆਂ ਸਨ, ਗੁਜਰਾਤ ਦੀ ਲੜਾਈ ਮਗਰੋਂ ਲਾਰਡ ਡਲਹੌਜੀ ਨੇ ਪੁੱਛਿਆ ਕਿ ਪੰਜਾਬ ਕਿਸ ਵਾਸਤੇ ਫ਼ਤਿਹ ਕੀਤਾ, ਜਿਸ ਪਰ ਸਰ ਹੈਨਰੀ ਨੇ ਕਿਹਾ ਕਿ ਦਲੀਪ ਸਿੰਘ ਲਈ ਜਿਸ ਦੇ ਅਸੀਂ ਰਖਵਾਲੇ ਹਾਂ, ਇਸ ਦੇ ਭਾਈ ਜਾਨ ਲਾਰੰਸ ਨੇ ਕਿਹਾ ਕਿ ਨਹੀਂ ਇੰਗਲਿਸਤਾਨ ਲਈ, ਜਿਸ ਤੇ ਲਾਰਡ ਡਲਹੌਜੀ ਨੇ ਪਿਛਲੀ ਗੱਲ ਨੂੰ ਮੰਨ ਕੇ ਪੰਜਾਬ ਪਰ ਕਬਜਾ ਕੀਤਾ, ਅਤੇ ਦਲੀਪ ਸਿੰਘ ਨੂੰ ਗੱਦੀਓਂ ਉਤਾਰ ਦਿੱਤਾ, ਦੇਖੋ ਕਿਸਮਤ ਨੇ ਕੀ ਰੰਗ ਦਿਖਾਇਆ, ਅੰਤ ਨੂੰ ਕਈ ਮਹੀਨੇ ਦਲੀਪ ਸਿੰਘ ਗੱਦੀਓਂ ਉਤਰ ਕੇ ਲਾਹੌਰ ਰਹਿ ਕੇ ਹਿੰਦੁਸਤਾਨ ਨੂੰ ਭੇਜਿਆ ਗਿਆ, ਉਸ ਸਮੇਂ ਇਸ ਦੀ ਉਮਰ ੧੨ ਸਾਲ ਦੀ ਸੀ, ਜਿਸ ਨਾਲ ਕੋਈ ਗ੍ਰੰਥੀ ਜਾਂ ਸਿੱਖ ਨਹੀਂ ਸੀ, ਕੇਵਲ ਬ੍ਰਾਹਮਣ ਸੀ, ਜੋ ਪੁਰਾਣਾਂ ਦੀ ਕਥਾ ਸੁਣਾਉਂਦੇ ਜਾਂਦੇ ਸਨ, ਜਿਸ ਤੇ ਗੰਗਾ ਦੇ ਕਿਨਾਰੇ ਡੇਰਾ ਦਿੱਤਾ, ਉੱਥੇ ਇਕ ਬ੍ਰਾਹਮਣ ਇਸ ਦਾ ਉਸਤਾਦ ਮੁਕਰਰ ਹੋਇਆ, ਪਰ ਉਹ ਪੁਰਾਣਾਂ ਦੀ ਕਥਾ ਸੁਣਾਉਂਦਾ-ਸੁਣਾਉਂਦਾ ਨਾਲ-ਨਾਲ ਅੰਜ਼ੀਲ (ਬਾਈਬਲ) ਦੀ ਸਿੱਖਿਆ ਦੇਣ ਲੱਗਾ, ਜਿਸ ਦਾ ਫ਼ਲ ਇਹ ਹੋਇਆ ਜੋ ਮਹਾਰਾਜਾ ਦਾ ਮਨ ਈਸਾਈ ਹੋਣ ਪਰ ਆਨੰਦ ਹੋ ਗਿਆ ਜਿਸ ਤੇ ਥੋੜੇ ਸਾਲ ਵਿੱਚ ਹੀ ਈਸਾਈ ਬਣ ਗਿਆ।

ਈਸਾਈ ਹੁੰਦਿਆਂ ਹੀ ਇਸ ਦੇ ਚਿੱਤ ਵਿਚ ਵਲਾਇਤ ਦੇਖਣ ਦਾ ਚਾਉ ਹੋਇਆ, ਜਿਸ ਤੇ ਵਲਾਇਤ ਵਿਚ ਗਏ ਅਤੇ ਮਹਾਰਾਣੀ ਕੇਸਰ-ਏ-ਹਿੰਦ ਨੇ ਬਹੁਤ ਪਿਆਰ ਕੀਤਾ ਅਤੇ ਆਪਣਾ ਵੱਡਾ ਪੁੱਤਰ ਇਕਰਾਰ ਦਿੱਤਾ, ਜਿਸ ਤੇ ਬਹੁਤ ਇੱਜ਼ਤ ਪਈ, ਦੇਖੋ ਕਿਸਮਤ ਨੇ ਐਥੋਂ ਕੱਢ ਕੇ ਵਲਾਇਤ ਵਿੱਚ ਇੱਜ਼ਤ ਦਿੱਤੀ।

ਇਨ੍ਹਾਂ ਦੀ ਕਿਸਮਤ ਵੀ ਦਿਨ ਰਾਤ ਵਾਂਗ ਬਦਲਦੀ ਰਹਿੰਦੀ ਸੀ ਜਿਸ ਤੇ ਫੇਰ ਵਲਾਇਤੋਂ ਆਏ ਅਤੇ ਆਪਣੀ ਮਾਈ ਜਿੰਦਾਂ ਜੋ ਪਹਿਲੇ ਚੁਨਾਰ ਦੇ ਕਿਲੇ ਵਿਚ ਕੈਦ ਰਹੀ ਅਤੇ ਫਿਰ ਨੇਪਾਲ ਵਿਚ ਸੀ, ਮਿਲੇ ਅਤੇ ਲੈ ਕੇ ਫੇਰ ਵਲਾਇਤ ਗਏ, ਇਸ ਦਾ ਕਾਰਣ ਇਹ ਸੀ ਕਿ ਚੁਨਾਰ ਦੇ ਕਿਲੇ ਵਿਚ ਜਦ ਇਸ ਨੇ ਸੁਣਿਆ ਕਿ ਦਲੀਪ ਸਿੰਘ ਨੂੰ ਗੱਦੀਓਂ ਉਤਾਰ ਦਿੱਤਾ, ਤਦ ਸਾਰੇ ਪਹਿਰੇ ਵਾਲਿਆਂ ਦੀ ਅੱਖੀਂ ਘੱਟਾ ਪਾ ਕੇ ਕਿਲਿਉਂ ਨਿਕਲੀ ਰਾਤੋਂ-ਰਾਤ ਦਰਿਆ ਟੱਪ ਕੇ ਨੇਪਾਲ ਚਲੀ ਗਈ ਜਿਥੇ ਕਈ ਸਾਲ ਰਹੀ, ਜਿਸ ਪਰ ਦਲੀਪ ਸਿੰਘ ਨੇ ਸੁਣਿਆ ਤੇ ਵਲੈਤ ਨੂੰ ਲੈ ਗਿਆ, ਪਰ ਵਲਾਇਤ ਜਾ ਕਰ ਮਰ ਗਈ ਅਤੇ ਗੁਦਾਵਰੀ ਨਦੀ

ਪਰ ਜਲਾਈ ਗਈ, ਜਿਸ ਤੇ ਮਗਰੋਂ ਮਹਾਰਾਜਾ ਨੇ ਮਿਸਰ ਦੀ ਇਕ ਇਸਤਰੀ ਨਾਲ ਵਿਆਹ ਕੀਤਾ, ਜਿਸ ਵਿਚੋਂ ਇਕ ਪੁੱਤਰ ਜਨਮਿਆ ਜਿਸ ਦਾ ਨਾਂਉਂ ਪ੍ਰਿੰਸ ਵਿਕਟਰ ਦਲੀਪ ਸਿੰਘ ਹੈ, ਜੋ ਅੱਜ ਕੱਲ੍ਹ ਅੰਗਰੇਜ਼ੀ ਫੌਜ਼ ਵਿੱਚ ਨੌਕਰ ਹੈ, ਪ੍ਰੰਤੂ ਉਹ ਮਹਾਰਾਣੀ ਮਰ ਗਈ, ਜਿਸ ਦੇ ਮਗਰੋਂ ਇਕ ਹੋਰ ਸ਼ਾਦੀ ਕੀਤੀ ਜੋ ਪਿੱਛੇ ਛੱਡ ਗਏ ਸਨ, ਵਲੈਤ ਵਿਚ ਇਨ੍ਹਾਂ ਦੀ ਇੱਜ਼ਤ ਅਤੇ ਸਨਮਾਨ ਵੈਸਾ ਹੀ ਸੀ ਜੈਸਾ ਬਾਦਸ਼ਾਹਾਂ ਦਾ ਹੁੰਦਾ ਹੈ। ਪ੍ਰੰਤੂ ਕਿਸਮਤ ਨੇ ਇਕ ਹੋਰ ਚੱਕਰ ਦਿੱਤਾ, ਜੋ ਇਨ੍ਹਾਂ ਲਈ ਮਹਾਂਦੁਖਦਾਈ ਸੀ ਜਿਸ ਉਤੇ ਸ੍ਰ. ਠਾਕਰ ਸਿੰਘ ਸੰਧਾਵਾਲੀਏ ਗਏ,ਉਨ੍ਹਾਂ ਨੇ ਇੰਨ੍ਹਾਂ ਨੂੰ ਅਜਿਹਾ ਸ਼ੌਕ ਪੈਦਾ ਕੀਤਾ ਜੋ ਮੁੜ ਕੇ ਆਉਣ ਅਤੇ ਪੰਜਾਬ ਦੇਖਣ, ਜਿਨ੍ਹਾਂ ਨੇ ਅੰਮ੍ਰਿਤ ਛੱਕ ਕੇ ਆਪਣੇ-ਆਪ ਨੂੰ ਸਿੱਖ ਸਜਾਇਆ ਪਰ ਵਲਾਇਤੋਂ ਤੁਰ ਕੇ ਹਿੰਦੁਸਤਾਨ ਨੂੰ ਆਏ। ਪ੍ਰੰਤੂ ਇਨ੍ਹਾਂ ਦੇ ਬੇ-ਤਜਰਬੇ ਦੇ ਜੈਕਾਰੇ ਬਕਦਿਆਂ ਨੇ ਅਜਿਹਾ ਅਸਰ ਦਿਖਾਇਆ ਜੋ ਮਿਸਰ ਵਿਚ ਹੋ ਕੇ ਗਏ, ਜਿਸ ਤੇ ਗੁੱਸੇ ਹੋ ਕੇ ਪਿੱਛਾਂਹ ਮੁੜ ਗਏ, ਅਤੇ ਯੂਰਪ ਦੇ ਵਿੱਚ ਭ੍ਰਮਣ ਕਰਨ ਲੱਗੇ। ਜਿਸ ਦੌਰੇ ਵਿਚ ਇਨ੍ਹਾਂ ਨੇ ਕਈ ਪ੍ਰਕਾਰ ਦੇ ਖੇਦ ਸਹਾਰੇ ਜਿਸ ਤੋਂ ਤੰਗ ਆ ਕੇ ਵਲਾਇਤ ਵਿਚ ਆਏ ਅਤੇ ਕੇਸਰ-ਏ-ਹਿੰਦ ਅੱਗੇ ਆਪਣੇ ਇਸ ਕੰਮ ਦੀ ਮੁਆਫ਼ੀ ਮੰਗੀ ਜਿਸ ਪਰ ਫਿਰ ਉਹੋ ਵਜ਼ੀਫਾ ਮਿਲਣ ਲੱਗਾ ਉਸ ਦਿਨ ਤੇ ਇਨ੍ਹਾਂ ਦੀ ਕੋਈ ਅਜਿਹੀ ਗੱਲ ਨਹੀਂ ਸੁਣੀ ਗਈ, ਜੋ ਲਿਖਣ ਦੇ ਯੋਗ ਹੋਵੇ।

ਦੇਖੋ। ਪਹਿਲੇ ਛੋਟੇ ਦਰਜੇ ਦੇ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਹੋ ਕੇ ਸਭ ਨੂੰ ਮੁਕਾ ਕੇ ਤਖ਼ਤ ਪਰ ਬੈਠੇ, ਦੂਸਰੇ ਤਖਤੋਂ ਉਤਰ ਗੰਗਾ ਦਾ ਨਿਵਾਸ ਅਖ਼ਤਿਆਰ ਕੀਤਾ, ਤੀਸਰਾ ਈਸਾਈ ਧਰਮ ਵਿਚ ਆ ਕੇ ਵਲੈਤ ਦੀ ਸੈਰ ਕੀਤੀ, ਚੌਥਾ ਕੇਸਰ-ਏ-ਹਿੰਦ ਦੇ ਪਿਆਰੇ ਪੁੱਤਰ ਕਹਾਏ, ਪੰਜਵੇਂ ਉਥੋਂ ਤੁਰ ਕੇ ਯੂਰਪ ਦਾ ਭ੍ਰਮਣ ਕੀਤਾ। ਅੰਤ ਨੂੰ ਮੁਆਫ਼ੀ ਮੰਗੀ, ਛੇਵਾਂ ਅੰਤ ਦਾ ਹਾਲ ਹੋਇਆ, ਜੋ ਪੈਰਸ ਦੇ ਹੋਟਲ ਵਿਚ ਇਕੱਲਿਆਂ ਨੇ ਜਾਨ ਦਿੱਤੀ, ਜਿਥੇ ਕੋਈ ਅੱਖ ਬੰਦ ਕਰਨ ਵਾਲਾ ਅਤੇ ਮੂੰਹ ਵਿਚ ਪਾਣੀ ਪਾਉਣ ਵਾਲਾ ਨਹੀਂ ਸੀ। ਜਿਸ ਸ਼ਹਿਜਾਂਦੇ ਦੀ ਅਜਿਹੀ ਅਜੀਬ ਕਿਸਮਤ ਸੀ, ਜੇਹੀ ਕਿ ਉਪਰ ਲਿਖੀ ਗਈ ਹੈ, ਸੋ ਉਸ ਦੀ ਮੌਤ ਵੀ ਅਜੀਬ ਤਰ੍ਹਾਂ ਦੀ ਹੋਣ ਵਿਚ ਕੀ ਸ਼ੱਕ ਸੀ, ਕੇਹੇ ਸ਼ੌਕ ਦੀ ਗੱਲ ਹੈ ਕਿ ਇਕ ਅਜਿਹੇ ਮਹਾਰਾਜੇ ਦਾ ਬੇਟਾ ਜਿਸ ਦਾ ਨਾਮ ਪੰਜਾਬ ਦੇ ਰਾਜੇ-ਮਹਾਰਾਜਿਆਂ ਵਿਚ ਸਦਾ ਹੀ ਇੱਜ਼ਤ ਪਾਏਗਾ, ਅਤੇ ਜਿਸ ਦੇ ਨੌਕਰ ਮਹਾਰਾਜ ਦੀ ਪਦਵੀ ਦੇ ਅਧਿਕਾਰੀ ਹੋਏ, ਉਸ ਦੇ ਪੁੱਤਰ ਦੀ ਕਿਸਮਤ ਨੇ ਉਸ ਨੂੰ ਅਜਿਹਾ ਚੱਕਰ ਦਿੱਤਾ, ਜੋ ਸੰਸਾਰ ਦੇ ਹਰ ਇਕ ਆਦਮੀ ਨੂੰ ਇਸ ਸ਼ਬਦ ਦੀ ਸਿੱਖਿਆ ਦਿੰਦਾ ਹੈ ਜਿਵੇਂ:-ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ।। ਦਰਿ ਮੰਗਨਿ ਭਿਖ ਨਾ ਪਾਇਦਾ।।

੨੨.ਜਾਤ-ਪਾਤ ਅਤੇ ਛੂਤ-ਛਾਤ (ਖ.ਅ.ਲ. ੧੯੯੩ ਈ:)

ਇਖਲਾਕ ਜਲਾਲੀ ਕਤਾਬ, ਜੋ ਫਾਰਸੀ ਵਿਚ ਹੈ ਉਸ ਵਿੱਚ ਭੀ ਇਹੋ ਕਥਨ ਕੀਤਾ ਹੈ ਕਿ (ਸੰਸਾਰ ਦੇ ਪੁਰਖ ਆਪਸ ਵਿੱਚ ਇਕ ਦੂਜੇ ਦੇ ਅੰਗ ਹਨ) ਇਸ ਵਾਸਤੇ ਅਕਾਲ ਪੁਰਖ ਵਲੋਂ ਯਾ ਇਸ ਸੰਸਾਰ ਦੇ ਵਰਨ ਬਿਵਸਥਾ ਬਨਾਉਣ ਵਾਲਿਆਂ ਰਿਖੀਆਂ ਮੁਨੀਆਂ ਵਲੋਂ ਕੋਈ ਖਾਸ ਨਸ਼ਾਨ ਨਹੀਂ ਦਿੱਤਾ ਗਿਯਾ ਕਿ ਜਿਸ ਦੇ ਨੱਕ ਯਾ ਮੱਥੇ ਪਰ ਇਹ ਨਿਸ਼ਾਨੀ ਹੋਵੇ, ਉਹ ਫਲਾਨੇ ਵਰਨ ਦਾ ਸਮਝ ਲੈਣਾ, ਪ੍ਰੰਤੂ ਇਹ ਕੇਵਲ ਪੁਰਖਾਂ ਦੇ ਕਰਮਾਂ ਦੇ ਹੀ ਅਧੀਨ ਰੱਖਯਾ ਗਿਆ ਹੈ।

ਜੇ ਅਕਾਲ ਪੁਰਖ ਵਲੋਂ ਹੁੰਦੀ ਤਾਂ ਜਰੂਰ ਜਿਸ ਪ੍ਰਕਾਰ ਕਬੂਤਾਂ ਵਿਚੋਂ ਲੱਕੇ ਅਤੇ ਲੋਟਨਾ ਵਿਚ ਕੁਦਰਤੀ ਭੇਦ ਹੈ ਕਿ ਲੱਕਾ ਉਚੀ ਗਰਦਨ ਅਤੇ ਸਿਰ ਪਰ ਚੋਟੀ ਵਾਲਾ ਹੁੰਦਾ ਹੈ, ਅਤੇ ਲੋਟਨ ਸਿੱਧੀ ਗਰਦਨ, ਚਾਟ੍ਰ ਪਰ ਲੋਟਨ ਵਾਲਾ ਗੁਣ ਰਖਦਾ ਹੈ। ਇਸੀ ਪ੍ਰਕਾਰ ਜੇ ਮਨੁੱਖ ਜਾਤੀ ਵਿੱਚ ਕੋਈ ਵਰਨ ਦਾ ਭੇਦ ਈਸ਼ਵਰ ਵਲੋਂ ਹੁੰਦਾ ਤਦ ਜਰੂਰ ਕੋਈ ਉਨ੍ਹਾਂ ਦੇ ਸਰੀਰ ਪਰ ਨਿਸ਼ਾਨ ਹੁੰਦੇ ਜਿਸ ਤਰ੍ਹਾਂ ਹੋਰ ਜਾਤਿਯਾਂ ਦੇ ਹਨ।

ਇਸੀ ਤਰ੍ਹਾਂ ਉਸ ਸਮਯ ਵਿਚ ਭੀ ਹਰ ਇੱਕ ਆਦਮੀ ਨੂੰ ਇਹ ਉਤਸ਼ਾਹ ਹੁੰਦਾ ਸੀ ਕਿ ਮੈਂ ਇਹ ਵਿਦਯਾ ਨੂੰ ਧਾਰਨ ਕਰਕੇ ਅਪਨੀ ਉੱਨਤੀ ਕਰਾਂ ਜਿਸ ਤੇ ਮੇਰਾ ਨਾਮ ਉਸ ਵਰਨ ਵਿੱਚ ਗਿਣਿਆ ਜਾਵੇ। ਜਿਸ ਤੇ ਕਈ ਸੂਦਰ ਜਾਤਿ ਦੇ ਬਾਲਕਾਂ ਨੇ ਵੇਦ ਵਿਦਯਾ ਪੜ੍ਹੀ ਐਥੋਂ ਤੱਕ ਉੱਨਤੀ ਕੀਤੀ ਜੋ ਉਨ੍ਹਾਂ ਦਾ ਨਾਮ ਬ੍ਰਾਹਮਨ ਹੋਇਆ, ਅਤੇ ਰਿਖੀ ਮੁਨੀ ਕਰਕੇ ਪੁਕਾਰੇ ਗਏ। ਜੈਸੇ ਕਿ ਪੁਰਾਣਾਂ ਦੇ ਪੜ੍ਹਨੇ ਤੇ ਸਭ ਰਿਖੀਆਂ ਦੇ ਹਾਲ ਮਾਲੂਮ ਹੋ ਜਾਂਦੇ ਹਨ, ਜੋ ਉਹ ਕਿਨ੍ਹਾਂ ਜਾਤਾਂ ਦੇ ਇਸਤਰੀਆਂ ਦੇ ਪੇਟੋਂ ਪੈਦਾ ਹੋ ਕੇ ਕਿਯਾ ਬਨ ਗਏ। ਸੂਦਰ ਤਾਂ ਵਿਚਾਰੇ ਨਿਰੇ ਪਸ਼ੂਆਂ ਦੇ ਬਰਾਬਰ ਭੀ ਨਹੀਂ ਸੇ ਕਿਉਂਕਿ ਵੇਦਾਂ ਦਾ ਤਾਂ ਨਾਮ ਲੈਣਾ ਭੀ ਉਨ੍ਹਾਂ ਲਈ ਮਹਾਂਪਾਪ ਸਾ ਅਰ ਨਿਰਾ ਪਾਣੀ ਭਰਨੇ, ਹਜਾਮਤਾਂ ਕਰਨੀਆਂ, ਕਪੜੇ ਬੁਣਕੇ ਦੇਣੇ, ਜੁਤੀ ਜੋੜੇ ਪਹਰਾਉਨੇ ਆਦਿਕ ਸੇਵਾ ਉਨ੍ਹਾਂ ਦਾ ਕੰਮ ਹੁੰਦਾ ਸੀ ਅਰ ਸ਼ਸਤ੍ਰ ਅਤੇ ਸ਼ਾਸਤ੍ਰ ਵਿਦਯਾ ਸਿੱਖਨਾ ਉਨ੍ਹਾਂ ਲਈ ਰਾਜ ਦੰਡ ਦਾ ਅਧਕਾਰੀ ਕਰਦਾ ਸੀ, ਜਿਸ ਤੇ ਉਹ ਪੈਦਾ ਹੁੰਦੇ ਹੀ ਸਦਾ ਦੇ ਗੁਲਾਮ ਸਨ।

ਪ੍ਰੰਤੂ ਜਦ ਅਸੀਂ ਖਾਲਸਾ ਪੰਥ ਦੇ ਸੁਧਾਰ ਵੱਲ ਵੇਖਦੇ ਹਾਂ ਤਦ ਇਹੋ ਨਜ਼ਰ ਆਉਂਦਾ ਹੈ ਕਿ ਇਸ ਨੇ ਅਜੇ ਤਕ ਅਪਨੇ ਆਪ ਨੂੰ ਇਤਨਾ ਭੀ ਨਹੀਂ ਜਾਤਾ ਕਿ ਮੈਂ ਕੁਝ ਦੁਨੀਆਂ ਪਰ ਹਾਂ ਅਰ ਮੇਰਾ ਭੀ ਕੋਈ ਮਨੋਰਥ ਹੈ ਜਿਸ ਨੂੰ ਪੂਰਾ ਕਰਨਾ ਹੈ, ਕਿੰਤੂ ਅਜੇ ਤਕ ਇਸ ਪੰਥ ਦੀ ਇਹ ਹਾਲਤ ਹੈ ਜਿਸ ਤਰ੍ਹਾਂ ਨਗਰਾਂ ਦੇ ਕਮੀਣਾਂ ਦੀ ਹੁੰਦੀ ਹੈ ਕਿਉਂਕਿ ਉਹ

ਅਪਨੀ ਹਸਤੀ ਨੂੰ ਕੁਛ ਭੀ ਨਹੀਂ ਜਾਨਦੇ ਕਿੰਤੂ ਆਪਨੇ ਪਿੰਡ ਦੇ ਚੌਧਰੀਆਂ ਦੀ ਸੋਭਾ ਹੀ ਅਪਨੀ ਮੰਨਦੇ ਹਨ, ਜਿਸ ਤੇ ਅਪਨੇ ਘਰਾਂ ਨੂੰ ਮਿੱਟੀ ਦੇ ਪ੍ਰਨਾਲੇ ਭੀ ਨਹੀਂ ਲਾਉਂਦੇ ਅਰ ਨਾ ਕਦੇ ਡਿੱਗੇ ਢੱਠੇ ਦੀ ਖਬਰ ਹੀ ਲੈਂਦੇ ਹਨ ਪਰ ਅਪਨੇ ਨੰਬਰਦਾਰ ਦੇ ਕੋਠੇ ਨੂੰ ਦਿਹਾੜੀਆਂ ਲਾ ਕੇ ਸਾਫ਼ ਕਰਦੇ ਹਨ।

ਅਸੀਂ ਨਹੀਂ ਜਾਣਦੇ ਜੋ ਇਹ ਲੋਗ ਕਿਸ ਘਮੰਡ ਪਰ ਅਪਨੀ ਪਿਛਲੀ ਜਾਤ ਪਾਤ ਪਰ ਜੱਫਾ ਪਾਉਂਦੇ ਹਨ ਅਤੇ ਦਸਮੇਂ ਪਾਤਸਾਹ ਦੀ ਸੱਚੀ ਬਰਕਤ ਨੂੰ ਭੁਲਾਉਂਦੇ ਹਨ, ਪਰੰਤੂ ਇਨ੍ਹਾਂ ਨੂੰ ਯਾਦ ਰਖਨਾ ਚਾਹੀਦਾ ਹੈ ਕਿ ਸਾਡੀ ਇੱਜ਼ਤ, ਮਾਨ, ਵਡਾਈ ਅਤੇ ਸਰਦਾਰੀ ਅਪਨੀ ਜਾਤੀ ਨਹੀਂ ਹੈ ਕਿੰਤੂ ਇਹ ਸਭ ਦਸਮੇਂ ਪਾਤਸ਼ਾਹਿ ਕਲਗੀਧਰ ਸੋਢੀ ਪਾਤਸ਼ਾਹ ਦੀ ਕ੍ਰਿਪਾ ਦਾ ਫਲ ਹੈ, ਅਰ ਜਦ ਤੁਸੀਂ ਉਨ੍ਹਾਂ ਵਲੋਂ ਮਨਮੁਖ ਹੋਵੋਗੇ ਤਦ ਇਹੋ ਵਰਨ ਆਸ਼ਰਮਾਂ ਦੇ ਅਭਿਮਾਨੀ ਭੇਡੀਏ ਤੁਹਾਨੂੰ ਬਕਰੀਆਂ ਵਾਂਗ ਫਾੜ ਕੇ ਖਾ ਜਾਨਗੇ, ਇਸ ਵਾਸਤੇ ਅਸੀਂ ਤੁਹਾਨੂੰ ਸੱਜਨ ਜਾਨਕੇ, ਸਿੱਖਯਾ ਦੇਂਦੇ ਹਾਂ ਕਿ ਜੇ ਅਪਨੀ ਭਲਾਈ ਚਾਹੁੰਦੇ ਹਾਂ ਤਾਂ ਕਲਗੀਧਰ ਅਪਨੇ ਗਡਰੀਏ ਦੀ ਸ਼ਰਨ ਅਖਤਿਆਰ ਕਰੋ।

ਗਿਆਨੀ ਜੀ ਨੇ ਆਪਣੀ ਕ੍ਰਿਤ ਨਕਲੀ ਸਿੱਖ ਪ੍ਰਬੋਧ ਦੇ ਪੰਨਾ ੯੩ ਅਤੇ ੯੪ ਉਤੇ ਪਰਸਪਰ ਪ੍ਰਸ਼ਨ ਉੱਤਰ ਦੇ ਰੂਪ ਵਿਚ ਚੌਪਈ ਰਾਹੀਂ ਪੰਜਾਬ ਵਿਚ ਜਾਤ-ਪਾਤ ਅਤੇ ਛੂਤ-ਛਾਤ ਬਾਰੇ ਅਕਤੂਬਰ, ੧੮੯੩ ਈ: ਵਿੱਚ ਲਿਖਿਆ ਸੀ ਜੋ ਹੇਠ ਦਿੱਤਾ ਜਾਂਦਾ ਹੈ:-

ਚੌਪਈ

ਪ੍ਰਸ਼ਨ	ਉੱਤਰ
"ਕੌਣ ਸਿੱਖ ਹੁੰਦੇ ਹੋ ਭਾਈ?	"ਮੈ ਅਰੋੜਾ ਇਹ ਹੈ ਨਾਈ।
ਤੇਰੀ ਸਿੰਘਾ ਕੀ ਹੈ ਜਾਤ ?	ਨਾਮਾ ਬੰਸੀ ਛੀਂਬਾ ਭ੍ਰਾਤ।
ਤੇਰਾ ਦੁੱਧ ਹੈ ਕੌਣ ਪਯਾਰੇ ?	ਅਸੀਂ ਸਿੰਘ ਹਾਂ ਜੱਟ ਕਰਾਰੇ।
ਤੇਰਾ ਜਨਮ ਕਿਨ੍ਹਾਂ ਦੇ ਘਰ ਦਾ?	ਮੈਂ ਹਾਂ ਮਹਿਰਾ ਪਾਨੀ ਭਰਦਾ।
ਤੈਂ ਨਾ ਦੱਸਿਆ ਅਪਨਾ ਹਾਲ?	ਆਹਲੂ ਵਾਲੇ ਅਸੀਂ ਕਲਾਲ।
ਤੂੰ ਭੀ ਅਪਨਾ ਗੋਤ ਬਖਾਨ?	ਕਾਰੀਗਰ ਹਾਂ ਅਸੀਂ ਤਖਾਨ।
ਤੁਸਾਂ ਕਿਨਾ ਘਰ ਵਾਸਾ ਲੀਆ?	ਬ੍ਰਾਹਮਣ ਜਨਮ ਰਬ ਨੇ ਦੀਆ।
ਕੀ ਕੁਝ ਕਰਦੇ ਤੇਰੇ ਘਰ ਦੇ?	ਹੈਨ ਖੱਤ੍ਰੀ ਹੱਟੀ ਕਰਦੇ।
ਤੈਂ ਕਹੁ ਧੁੱਪ ਭਲੀ ਕਿਉਂ ਕੀਤੀ ?	ਜਾਤ ਸਾਇਣੀ ਆਪਾਂ ਲੀਤੀ।
ਤੂੰ ਭੀ ਕਿਉਂ ਅਪਨਾ ਅਲਸੇਟਾ ?	ਮੈਂ ਰੰਘਰੇਟਾ ਗੁਰੂ ਕਾ ਬੇਟਾ।

ਤੈਂ ਕਿਉਂ ਜੁਦੀ ਲਗਾਈ ਤਾੜੀ ?	ਰਵਿਦਾਸ ਭਗਤ ਦੀ ਮੈਂ ਹਾਂਵਾਤੀ।
ਤੈਂ ਨਾ ਦੱਸਿਆ ਗੋਤ ਪਿਆਰੇ ?	ਮਾਈ ਪੋਤਰੇ ਹਾਂ ਸੁਨਿਆਰੇ।
ਕਹਿਦੇ ਝਬਦੇ ਤੂੰ ਭੀ ਕੁਝ ?	ਨਾਉਂ ਰਹਿਤੀਏ ਸਾਡਾ ਬੁੱਝ
ਤੇਰੀ ਕੀ ਹੈ ਜਾਤ ਸਿਆਣੇ ?	ਬਚਿੱਤ੍ਰ ਸਿੰਘੀਏ ਸਿੰਘ ਲੁਬਾਣੇ।
ਤੁਸੀਂ ਬੈਠ ਰਹੇ ਕਿਉਂ ਇਕੱਲੇ ?	ਹਮ ਸਿੱਖ ਹਾਂ ਬਾਵੇ ਭੱਲੇ ।
ਕਹੋ ਆਪ ਭੀ ਕੋਈ ਬਾਤੀ ?	ਹਮ ਭੀ ਬਾਵੇ ਤ੍ਰੇਹੁਣ ਜਾਤੀ ।
ਤੂੰ ਕਿਉਂ ਬੈਠਾ ਪਾਇ ਝਮੇਲਾਂ ?	ਬੇਦੀ ਬਾਵਾ ਸਮਝ ਸੁਹੇਲਾ।
ਕੌਨ ਪਿੰਡ ਦੇ ਰਹਿਨੇ ਹਾਰਾ ?	ਭੇਲੂ ਪੁਰ ਹੈ ਨਗਰ ਹਮਾਰਾ।
ਮਾਈ ਤੇਰੀ ਦਾ ਕਯਾ ਹੈ ਨਾਉਂ?	ਭਾਗੋ ਸੱਦੇ ਸਭ ਗਰਾਉਂ ।
ਨਾਉਂ ਬਾਪ ਦਾ ਦੇਹੁ ਬਤਾਇ?	ਸੇਢੂ ਤੈਨੂੰ ਕਹਿਆ ਸੁਨਾਇ।”

ਖ.ਅ.ਲ. ੧੯੯੮ ਈ:

ਜਾਤ-ਪਾਤ ਵਬਾ ਦੀ ਬੀਮਾਰੀ ਨੇ ਜਦ ਹਿੰਦੂ ਕੌਮ ਵਿੱਚ ਬਹੁਤ ਜ਼ੋਰ ਪਾ ਲੀਤਾ ਤਦ ਗੁਰੂ ਨਾਨਕ ਜੀ ਮਹਾਰਾਜ ਸੇ ਲੈ ਕੇ ਸਭ ਗੁਰੂਆਂ ਨੇ ਇਸ ਝੂਠੇ ਅਭਿਮਾਨ ਦੇ ਤੋੜਨੇ ਲਈ ਉਪਦੇਸ਼ ਦਿੱਤੇ ਅਤੇ ਦਸਮੇਂ ਪਾਤਸ਼ਾਹ ਨੇ ਇਸ ਬੀਮਾਰੀ ਦੀ ਜੜ ਪੁਟਨੇ ਲਈ ਅਰ ਇਸ ਮੌਤ ਦੇ ਫ਼ਰਿਸਤੇ ਤੋਂ ਬਚਾਉਨ ਲਈ ਅੰਮ੍ਰਿਤ ਦੀ ਦਵਾਈ ਨਿਕਾਲੀ ਜਿਸ ਨੂੰ ਪਲਾਕੇ ਜਾਤ-ਪਾਤ ਦੀ ਮੌਤ ਵਾਲੀ ਬੀਮਾਰੀ ਦਾ ਬੂਟਾ ਇਸ ਦੇਸ ਵਿਚੋਂ ਪੁੱਟਿਆ ਜਿਸ ਤਰ੍ਹਾਂ ਸਾਰੇ ਗਹਣੇ ਭਨਾਕੇ ਹੱਸ ਬਣਾ ਲਈਦਾ ਹੈ ਇਸੇ ਤਰ੍ਹਾਂ ਸਾਰੀਆਂ ਜਾਤਾਂ ਪਾਤਾਂ ਨੂੰ ਭੰਨ ਕੇ ਇੱਕ ਖਾਲਸਾ ਪੰਥ ਸਜਾਇਆ ਸੀ ਜਿਸ ਪਰ ਚਲਨੇ ਕਰਕੇ ਇਸ ਪੰਥ ਦੇ ਪਜਾਰਿਆਂ ਨੇ ਉਹ-੨ ਕੰਮ ਕਰਕੇ ਦਿਖਾਏ ਜੋ ਕਿਸੇ ਦੀ ਸਮਰਥਾ ਵਿਚ ਨਹੀਂ ਸੇ।

ਆਪ ਨੂੰ ਯਾਦ ਰਹੇ ਕਿ ਇਹ ਸਮਰੱਥਾ ਖਾਲਸਾ ਧਰਮ ਵਿੱਚ ਹੀ ਹੈ ਜਿਸ ਨੇ ਜਾਤ-ਪਾਤ ਦੇ ਬੰਧਨ ਨੂੰ ਤੋੜਕੇ ਨਿੱਕੀਆਂ-੨ ਜਾਤਾਂ ਨੂੰ ਵੱਡੀਆਂ ਬਨਾ ਕੇ ਛੱਤ੍ਰੀ ਸਜਾ ਦਿੱਤਾ ਹੈ ਅਰ ਉਨ੍ਹਾਂ ਦੇ ਨਾਮ ਸਰਦਾਰ ਬਹਾਦਰੀ ਦੇ ਨਾਲ ਸਭਾਇਮਾਨ ਕਰ ਦਿੱਤੇ ਹਨ।

੨੩. ਪਰਉਪਕਾਰ ਅਤੇ ਬਦਲ ਦੀਆਂ ਬੂੰਦਾਂ (ਖ.ਅ.ਲ. ੧੯੦੪ ਈ:)

ਜਦ ਇਸ ਪ੍ਰਿਥਵੀ ਪਰ ਸੂਰਜ ਦੀਆਂ ਕਿਰਣਾਂ ਸਾਰੀਆਂ ਜਗ੍ਹਾ ਤੇ ਜਲ ਨੂੰ ਸੋਖ ਲੈਂਦੀਆਂ ਹਨ, ਅਤੇ ਚਾਰੇ ਪਾਸਿਓਂ ਗਰਦ ਗੁਬਾਰ ਹੀ ਦਿਸ ਆਉਂਦਾ ਹੈ, ਜਦ ਥੋੜੀ ਜੇਹੀ ਪੌਣ ਵੱਗਦੀ ਹੈ ਤਦ ਧਰਤੀ ਪਰ ਦੀ ਧੂੜ ਉੱਠਕੇ ਅੱਛੇ ੨ ਪੁਰਖਾਂ ਦੇ ਚਿੱਟੇ ਬਸਤ੍ਰਾਂ ਨੂੰ ਖਰਾਬ ਕਰਦੀ ਹੈ, ਅਤੇ ਸਾਰੇ ਲੋਕਾਂ ਦੇ ਸਿਰ ਮੂੰਹ ਨੂੰ ਭਰ ਕੇ ਉਨ੍ਹਾਂ ਦੀ ਸੁੰਦਰਤਾ ਨੂੰ ਦੂਰ ਕਰ ਦਿੰਦੀ ਹੈ, ਬਾਗਾਂ ਅਤੇ ਖੇਤਾਂ ਦੇ ਛੋਟੇ ੨ ਪੌਦੇ ਖੁਸ਼ਕੀ ਅਤੇ ਧੁੱਪ ਦੇ ਮਾਰੇ ਹੋਏ ਮੁਰਝਾ ਕੇ ਡਿੱਗ ਪੈਂਦੇ ਹਨ। ਪਸੂ ਅਤੇ ਪੰਖੀਆਂ ਦੀਆਂ ਪਯਾਸ ਨਾਲ ਜੀਭਾਂ ਬਾਹਰ ਨਿਕਲ ਆਉਂਦੀਆਂ ਹਨ, ਰਾਹੀ ਅਤੇ ਪਾਂਧੀਆਂ ਦੇ ਚਿਹਰੇ ਧੁੱਪ ਦੇ ਅੱਗੇ ਕੁਮਲਾ ਜਾਂਦੇ ਹਨ, ਗੱਲ ਕਾਹਦੀ ਜੋ ਸਾਰੀ ਪ੍ਰਿਥਵੀ ਪਰ ਤ੍ਰਾਹਿ ੨ ਹੋਣ ਲੱਗ ਜਾਂਦੀ ਹੈ। ਪ੍ਰੰਤੂ ਮਹਾਤਮਾ ਪੁਰਖਾਂ ਦਾ ਕਥਨ ਹੈ ਕਿ ਜਦ ਕੋਈ ਵਸਤੂ ਅਤਯੰਤ ਹੀ ਵਧ ਜਾਂਦੀ ਹੈ ਤਦ ਉਸ ਦੇ ਘਟਣ ਦੀ ਵਾਰੀ ਭੀ ਆ ਜਾਂਦੀ ਹੈ। ਜੈਸਾ ਕਿ ਫਾਰਸੀ ਵਿੱਚ ਭੀ ਨਿੱਕਾ ਜੇਹਾ ਸ਼ਬਦ ਹੈ ਕਿ (ਹਰ ਕਮਾਲੇ ਰਾਜ ਵਾਲੇ) ਜਿਸ ਦਾ ਭਾਵ ਏਹ ਹੈ ਕਿ ਹਰ ਇਕ ਵਸਤੂ ਜਦ ਅਪਣੇ ਕਮਾਲ ਨੂੰ ਪਹੁੰਚ ਜਾਂਦੀ ਹੈ ਤਦ ਉਸ ਦਾ ਘਟਣਾ ਅਰੰਭ ਹੋ ਜਾਂਦੀ ਹੈ, ਇਸੀ ਪ੍ਰਕਾਰ ਜਦ ਅਜੇਹੀ ਗਰਮੀ, ਅਤੇ ਅੰਧੇਰੀ ਦੀ ਬਹੁਲਤਾ ਹੋ ਜਾਂਦੀ ਹੈ ਤਦ ਅਕਾਲ ਪੁਰਖ ਦੀ ਇੱਛਾ ਨਾਲ ਉਸ ਦੀ ਨਿਵਿਰਤੀ ਦਾ ਭੀ ਸਮਯ ਆਉਂਦਾ ਹੈ, ਉਸ ਸਮਯ ਇਕ ਸਯਾਮ ਰੰਗ ਦੀ ਘਟਾ ਚੜ੍ਹ ਕੇ ਲੋਕਾਂ ਦੇ ਦਿਲਾਂ ਨੂੰ ਸਾਂਤਿ ਕਰਦੀ ਹੈ, ਸੁੱਕੀਆਂ ਹੋਈਆਂ ਪੈਲੀਆਂ, ਅਤੇ ਕੁਮਲਾਏ ਹੋਏ ਬਾਗ, ਉਸ ਦੀ ਛਾਇਆ, ਅਰ ਉਸ ਦੀ ਅਵਾਜ ਸੁਣ ਕੇ ਬਾਗ ੨ ਹੋ ਜਾਂਦੇ ਹਨ। ਓਹ ਤਪਤ ਹਟ ਕੇ ਇਕ ਛਾਇਆ ਦੀ ਸਾਂਤਿ ਛਾਇ ਜਾਂਦੀ ਹੈ, ਪਰ ਉਸ ਸਮਯ ਪਰ ਬਦਲਾਂ ਦੀਆਂ ਨਿੱਕੀਆਂ ੨ ਬੂੰਦਾਂ ਪ੍ਰਿਥਵੀ ਦੇ ਪੁਰਖਾਂ, ਪਸੂਆਂ, ਅਤੇ ਬਨਸਪਤੀ ਦੇ ਹਾਲ ਨੂੰ ਦੇਖ ਕੇ ਚਾਹੁੰਦੀਆਂ ਹਨ ਕਿ ਇਨ੍ਹਾਂ ਦੇ ਦੁੱਖ ਨੂੰ ਦੂਰ ਕੀਤਾ ਜਾਏ, ਪਰ ਹਰ ਇਕ ਨੂੰ ਏਹ ਖਯਾਲ ਹੁੰਦਾ ਹੈ ਕਿ ਮੈਂ ਇੱਕ ਛੋਟੀ ਜੇਹੀ ਬੂੰਦ ਹਾਂ ਜੋ ਇਤਨੀ ਵਡੀ ਧਰਤੀ ਦੇ ਮੋਠ ਜਿਤਨੇ ਸਥਾਨ ਨੂੰ ਭੀ ਨਹੀਂ ਭਿਓਂ ਸਕਦੀ, ਜੇ ਕਰਕੇ ਮੈਂ ਗਿਰ ਭੀ ਪਈ ਤਾਂ ਇਸ ਖੁਸ਼ਕ ਧਰਤੀ ਪਰ ਪੈ ਕੇ ਤੱਤੇ ਤਵੇ ਦੇ ਬਿੰਦੂ ਸਮਾਨ ਉਪਰੇ ਛਿਨ ਵਿੱਚ ਸੁੱਕ ਜਾਵਾਂਗੀ, ਜਿਸ ਦਾ ਫਲ ਏਹ ਹੋਵੇਗਾ ਜੋ ਨਾ ਕਿਸੇ ਦਾ ਕੁਝ ਸਵਾਰਾਂਗੀ ਅਤੇ ਨਾ ਆਪ ਹੀ ਜਿੰਦਾ ਰਹਾਂਗੀ, ਇਸੀ ਪ੍ਰਕਾਰ ਹਰ ਇਕ ਬੂੰਦ ਦੇ ਚਿਤ ਵਿੱਚ ਏਹੋ ਖਯਾਲ ਹੁੰਦਾ ਹੈ ਕਿ ਮੈਂ ਪਹਿਲ ਕਰਣੇ ਵਿੱਚ ਸਭ ਦਾ ਨਿਸ਼ਾਨਾ ਹੋ ਜਾਵਾਂਗੀ, ਅਤੇ ਆਪਣੇ ਆਪ ਨੂੰ ਨਾਸ ਕਰ

ਲਿਆਂਗੀ। ਪ੍ਰੰਤੂ ਇਕ ਬਹਾਦਰ ਕਣੀ ਨੇ ਇਹ ਸਭ ਹਾਲ ਸੋਚ ਕੇ ਅਤੇ ਹੋਰਨਾਂ ਵੱਲ ਖਯਾਲ ਕਰਕੇ ਆਖਿਆ ਕਿ ਜੇ ਕਰਕੇ ਸਾਡਾ ਦਿਲੀ ਸਚਾ ਸੰਕਲਪ ਹੈ ਜੋ ਪਰਉਪਕਾਰ ਕਰਕੇ ਦੁਖੀ ਦਾ ਦੁੱਖ ਦੂਰ ਕਰੀਏ ਅਤੇ ਆਪਣੇ ਜੀਵਨ ਨੂੰ ਪਰਉਪਕਾਰ ਪਰ ਕੁਰਬਾਨ ਕਰੀਏ, ਤਾਂ ਫੇਰ ਕਿਸੇ ਵਲ ਕੀ ਤੱਕਣਾ ਹੈ, ਕਿਉਂਕਿ ਉਹ ਸਮਯ ਜ਼ਰੂਰ ਕੋਈ ਹੋਵੇਗਾ ਜੋ ਲੱਖਾਂ ਯਾ ਕਰੋੜਾਂ ਵਿਚੋਂ ਇਕ ਹੀ ਪਹਿਲ ਕਰੇਗਾ, ਸੋ ਕਯਾ ਡਰ ਹੈ, ਜੇ ਉਨ੍ਹਾਂ ਸਾਰਿਆਂ ਵਿਚੋਂ ਮੈਂ ਹੀ ਪਹਿਲ ਨਮੂਨਾ ਬਣ ਕੇ ਦਖਾਵਾਂ, ਇਤਨਾ ਸੰਕਲਪ ਧਾਰ ਕੇ ਸਭ ਨੂੰ ਆਖਿਆ ਕਿ ਮੈਂ ਤਾਂ ਆਪਣੇ ਆਪ ਨੂੰ ਇਸ ਭਯਾਨਕ ਗਰਮੀ ਦੇ ਨਾਸ਼ ਕਰਨ ਲਈ ਇਸੀ ਸਮਯ ਵਿੱਚ ਕੁਰਬਾਨ ਕਰਦੀ ਹਾਂ ਸੋ ਮੇਰੇ ਲਈ ਆਪਣਾ ਨਾਸ਼ ਹੀ ਅਪਨਾ ਜੀਵਨ ਹੈ, ਇਤਨਾ ਆਖ ਕੇ ਉਸਨੇ ਝੱਟ ਬਦਲੋਂ ਟੁੱਟ ਕੇ ਨੀਚੇ ਨੂੰ ਛਾਲ ਮਾਰੀ, ਜਿਸ ਦੀ ਸੱਚੀ ਹਮਦਰਦੀ ਨੂੰ ਦੇਖ ਕੇ ਦੂਜੀਆਂ ਬੂੰਦਾਂ ਨੇ ਭੀ ਇਹ ਖਯਾਲ ਕੀਤਾ ਕਿ ਧਿਕਾਰ ਹੈ ਸਾਡੇ ਪਿਛੇ ਰਹਿਣ ਨੂੰ ਜੋ ਅਸੀਂ ਅਪਨੀ ਸੱਚੀ ਸਹੇਲੀ ਦਾ ਸਾਥ ਨਾ ਕਰੀਏ, ਇਤਨਾ ਆਖਕੇ ਇਕ ਦੇ ਮਗਰ ਦੂਜੀ ਅਤੇ ਦੂਜੀ ਦੇ ਮਗਰ ਤੀਜੀ ਨੇ ਸਾਥ ਦਿੱਤਾ, ਜਿਸ ਦਾ ਫਲ ਏਹ ਹੋਇਆ ਜੋ ਮੂਸਲਧਾਰ ਬਰਖਾ ਹੋਣ ਲੱਗ ਪਈ ਜਿਸ ਤੇ ਇਕ ਅੱਧੇ ਘੰਟੇ ਦੇ ਅੰਦਰ ਹੀ ਜਲ ਥਲ ਪ੍ਰਿਥਵੀ ਪਰ ਹੋ ਗਿਆ, ਸੁੱਕੇ ਟੋਭੇ ਭਰ ਗਏ, ਇਸੀ ਪ੍ਰਕਾਰ ਸੁੱਕੀਆਂ ਨਦੀਆਂ ਵਗ ਪਈਆਂ, ਜਿਨਾਂ ਨਾਲ ਪਸੂ , ਪੰਖੀ ਅਤੇ ਖੇਤੀਆਂ ਨੇ ਅਪਨੇ ਆਪ ਨੂੰ ਮੁਰਦਾ ਪਨ ਤੇ ਜਿੰਦਾ ਕੀਤਾ। ਹੁਣ ਅਸੀਂ ਦੇਖ ਸਕਦੇ ਹਾਂ ਜੋ ਇਹ ਸਾਰਾ ਪੁਰਖਾਰਥ ਕਿਸ ਦਾ ਸੀ, ਇਸ ਵਿਚਾਰ ਤੇ ਸਾਨੂੰ ਸਿੱਧ ਹੋ ਗਿਆ ਕਿ ਉਸੀ ਪਹਿਲੀ ਬੂੰਦ ਦੇ ਸਚੇ ਪ੍ਰੇਮ ਦਾ।।

ਇਸੀ ਦ੍ਰਿਸ਼ਟਾਂਤ ਨੂੰ ਜਦ ਅਸੀਂ ਧਰਮ ਦੇ ਬਾਰੇ ਵਿੱਚ ਭੀ ਦੇਖ ਸਕਦੇ ਹਾਂ ਅਤੇ ਇਸ ਨੂੰ ਧਾਰਣ ਕਰਕੇ ਹਜ਼ਾਰਾਂ ਪੁਰਖਾਂ ਨੂੰ ਲਾਭ ਪਹੁੰਚਾ ਸਕਦੇ ਹਾਂ, ਜਦ ਪੁਰਖ ਅਪਨੀ ਅੱਖੀਂ ਦੇਖਦੇ ਹਨ ਕਿ ਕੁਰੀਤੀਆਂ ਦੀ ਗਰਮੀ ਨੇ ਧਰਮ ਦੇ ਬਾਗ ਯਾ ਖੇਤ ਅਤੇ ਸ੍ਰਿਸ਼ਟਾਚਾਰ ਦੇ ਜੀਵਾਂ ਨੂੰ ਅਤਯੰਤ ਹੀ ਖੇਦ ਦੇ ਰਖਿਆ ਹੈ, ਅਤੇ ਦੁਰਾਚਾਰਤਾ ਧੂੜ ਨੇ ਪੁਰਖਾਂ ਦੇ ਰਿਦਿਆਂ ਨੂੰ ਮਲੀਨ ਕਰ ਦਿੱਤਾ ਹੈ, ਪਰਸਪਰ ਸਨੇਹ ਦੀ ਤਰੀ ਦਾ ਨਾਸ਼ ਹੋ ਕੇ, ਵਿਰੋਧ ਦੀ ਖੁਸ਼ਕੀ ਛਾਇ ਰਹੀ ਹੈ, ਜਿਤਨੇ ਸਭ ਗੁਣ ਹਨ ਸੋ ਲੋਪ ਹੁੰਦੇ ਜਾਂਦੇ ਹਨ, ਅਤੇ ਕੁਮਾਰਗਤਾ ਦੀ ਧੁੱਪ ਨੇ ਸਾਂਤਿ ਰਿਦੇ ਤਪਾ ਦਿੱਤੇ ਹਨ, ਤਦ ਇਸ ਹਾਲ ਨੂੰ ਦੇਖਕੇ ਮਹਾਤਮਾ ਪੁਰਖਾਂ ਦੇ ਝੁੰਡ ਭੀ ਉਸ ਬੱਦਲ ਦੀ ਨਯਾਈ ਇਸ ਅਗਯਾਨਤਾ ਦੀ ਅੰਧੇਰੀ

ਦੇ ਦੂਰ ਕਰਨ ਲਈ ਉਮਡਦੇ ਹਨ, ਜਿਨਾਂ ਦੇ ਪੁਰਖਾਰਥ ਵਲ ਦੇਖਕੇ ਪੁਰਸ਼ਾਂ ਨੂੰ ਕੁਝ ੨ ਏਹ ਖਯਾਲ ਹੋ ਜਾਂਦਾ ਹੈ ਕਿ ਏਹ ਜਮਾਤ ਅਰਥਾਤ ਸਭਾ ਯਾ ਸਮਾਜ ਸਾਡੇ ਲਈ ਕੁਛ ਉਪਾਇ ਕਰੇਗੀ ਅਤੇ ਕੁਰੀਤੀਆਂ ਦੇ ਹਥੋਂ ਇਸ ਦੇਸ਼ ਨਿਵਾਸੀਆਂ ਨੂੰ ਬਚਾਏਗੀ, ਜਿਸ ਪਰ ਓਹ ਮਹਾਤਮਾ ਪੁਰਖ ਭੀ ਚਿੱਤਾਂ ਵਿੱਚ ਵਿਚਾਰਦੇ ਹਨ ਕਿ ਏਹ ਕੁਰੀਤੀਆਂ ਦੀ ਗਰਮੀ ਜੋ ਇਤਨੀ ਵਧੀ ਹੈ ਜਿਸ ਨੇ ਸਾਰੇ ਪ੍ਰਾਣੀਆਂ ਦੇ ਰਿਦੇ ਤਪਾਇ ਛੱਡੇ ਹਨ, ਸੋ ਇਸ ਭਾਰੀ ਬੁਰਾਈ ਦੇ ਅੱਗੇ ਅਸੀਂ ਇਕ ਛੋਟੀ ਸਮੱਰਥਾ ਵਾਲਾ ਪ੍ਰਾਣੀ ਕਯਾ ਕਰ ਸਕਦੇ ਹਾਂ, ਹਰ ਇਕ ਦੇ ਚਿੱਤ ਵਿਚ ਇਹੋ ਸੋਚ ਹੁੰਦੀ ਹੈ ਕਿ ਬੁਰੀਆਂ ਰਸਮਾਂ ਕਯਾ ਮੇਰੇ ਦੂਰ ਕੀਤਿਆਂ ਦੂਰ ਹੁੰਦੀਆਂ ਹਨ, ਜਦ ਤਦ ਸਾਰੇ ਲੋਕ ਇਨਾਂ ਦੇ ਨਾਸ਼ ਕਰਣ ਲਈ ਉੱਦਮ ਨਾ ਕਰਨ, ਇਸੀ ਵਿਚਾਰ ਦੇ ਕਰਦੇ ੨ ਕਿਸੇ ਨਾ ਕਿਸੇ ਮਹਾਤਮਾਂ ਦੇ ਦਿਲ ਵਿੱਚ ਏਹ ਖਿਆਲ ਪੈਦਾ ਜਰੂਰ ਹੋ ਜਾਂਦਾ ਹੈ ਕਿ ਇਨਾਂ ਹਜਾਰਾਂ ਯਾ ਲੱਖਾਂ ਆਦਮੀਆਂ ਵਿਚੋਂ ਕੋਈ ਇਕ ਓਮ ਪੁਰਖ ਜਰੂਰ ਹੋਵੇਗਾ ਜੋ ਪਹਿਲੇ ਖੁਦ ਨਮੂਨਾ ਬਣਕੇ ਦਿਖਾਏਗਾ, ਇਸ ਵਾਸਤੇ ਕਿਆ ਅੱਛਾ ਹੋਵੇ ਜੋ ਓਹ ਇਕ ਪੁਰਖ ਮੈਂ ਹੀ ਹੋਵਾਂ। ਏਹ ਆਖਕੇ ਓਹ ਸਭਨਾਂ ਆਪਣੇ ਪਯਾਰਿਆਂ ਨੂੰ ਆਖ ਦਿੰਦਾ ਹੈ ਕਿ ਭਾਈਓ ਮੈਂ ਤਾਂ ਹੁਣ ਆਪਣੇ ਜੀਵਨ ਨੂੰ ਇਸੀ ਪਾਸੇ ਲਾਵਾਂਗਾ, ਜਦ ਉਸ ਨੇ ਬੁਰੀ ਰਸਮ ਪਰ ਆਪਣਾ ਆਪ ਕੁਰਬਾਨ ਕੀਤਾ, ਤਦ ਉਸ ਨੂੰ ਦੇਖ ਕੇ ਹੋਰ ਪੁਰਖਾਂ ਨੂੰ ਭੀ ਉਸ ਦੀ ਏਹ ਸੱਚੀ ਬਹਾਦਰੀ ਦੇਖਕੇ ਚਾਉ ਆਇ ਗਿਆ, ਜਿਸ ਤੇ ਇੱਕ ਦੇ ਮਗਰ ਦੂਜਾ ਅਤੇ ਦੂਜੇ ਦੇ ਮਗਰ ਤੀਜਾ ਹੋ ਗਿਆ, ਜਿਸ ਪਰ ਹਜ਼ਾਰਾਂ ਪੁਰਖ ਇਸ ਪਰ ਕਮਰ ਬੰਨ੍ਹ ਖੜਦੇ ਹਨ, ਜਿਸ ਤੇ ਓਹ ਕੁਰੀਤੀ ਦਾ ਨਾਸ਼ ਹੋ ਕੇ ਕੌਮ ਆਪਣੇ ਧਰਮ ਦੇ ਫਲ ਫੂਲਾਂ ਨਾਲ ਪ੍ਰਫੁਲਤ ਹੋ ਜਾਂਦੀ ਹੈ।

ਇਸੀ ਪ੍ਰਕਾਰ ਖਾਲਸਾ ਕੌਮ ਵਿੱਚ ਭੀ ਅੱਜ ਕੱਲ ਬਹੁਤ ਕੁਰੀਤੀਆਂ ਛਾਇ ਰਹੀਆਂ ਹਨ, ਜੋ ਇਸ ਸਮਯ ਇਸ ਕੰਮ ਦੇ ਕਰਨ ਲਈ ਭੀ ਜਰੂਰ ਕਿਸੇ ਪਹਿਲੇ ਪੁਰਖ ਦੀ ਲੋੜ ਹੈ, ਜੋ ਉਹ ਖੁਦ ਇਨਾਂ ਬੁਰੀਆਂ ਰਸਮਾਂ ਨੂੰ ਛੱਡੇ।

੨੪. ਸੁਤੰਤਰਤਾ (ਖ.ਅ.ਲ. ੧੯੦੪ ਈ:)

ਸੁਤੰਤਰਤਾ ਇਕ ਅਜੇਹਾ ਪਦਾਰਥ ਹੈ ਜਿਸ ਨੂੰ ਮਨੁੱਖ ਜਾਤਿ ਤਾਂ ਕਿਧਰੇ ਰਹੀ ਪ੍ਰੰਤੂ ਪਸੂ ਪੰਖੀ ਭੀ ਚਾਹੁੰਦੇ ਹਨ, ਇਸ ਤੇ ਉਲਟ ਪਰਤੰਤ੍ਰਤਾ ਇਕ ਅਜੇਹੀ ਵਸਤੂ ਹੈ ਜਿਸ ਨੂੰ ਜੜ੍ਹ ਅਤੇ ਚੇਤਨ ਸ੍ਰਿਸਟੀ ਵਿਚੋਂ ਕੋਈ ਨਹੀਂ ਚਾਹੁੰਦਾ। ਅਕਾਲ ਪੁਰਖ ਨੇ ਹਰ ਇਕ

ਪ੍ਰਾਣੀ ਦੇ ਆਤਮਾਂ ਨੂੰ ਸੁਤੰਤਰਤਾ ਦਾ ਦਾਨ ਪ੍ਰਦਾਨ ਕੀਤਾ ਹੈ, ਜਿਸ ਤੇ ਸਭ ਦੇ ਆਤਮਾ ਕਈ ਪ੍ਰਕਾਰ ਦੇ ਕਲੇਸਾਂ ਨੂੰ ਸਹਾਰ ਕੇ ਭੀ ਸੁਤੰਤਰਤਾ ਦਾ ਸਹਾਰਾ ਤੱਕਦੇ ਹਨ, ਜਿਸ ਪ੍ਰਕਾਰ ਇਕ ਜੰਗਲੀ ਗਊ ਨੂੰ ਪਕੜ ਕੇ ਖੁਰਲੀ ਪਰ ਬੰਨ ਦੇਈਏ ਅਤੇ ਉਸ ਨੂੰ ਉਥੇ ਸੁੰਦਰ ਹਰਾ-੨ ਘਾਉ ਅਤੇ ਦਾਣਾ ਪਾਇ ਦੀਈਏ, ਤਦ ਉਸ ਨੂੰ ਓਹ ਦੇਖਦੀ ਭੀ ਨਹੀਂ ਹੈ, ਅਤੇ ਉਥੋਂ ਛਡ ਦਈਏ ਤਦ ਬਾਹਰ ਜਾ ਕੇ ਸੁੱਕੇ ਤ੍ਰਿਣ ਖਾ ਕੇ ਭੀ ਪ੍ਰਸੰਨ ਹੁੰਦੀ ਹੈ, ਇਸੀ ਪ੍ਰਕਾਰ ਪੰਖੀ ਪਿੰਜਰੇ ਵਿੱਚ ਮਿਠੀ ਚੂਰੀ ਯਾ ਸੁੰਦਰ ਚੋਗਾ ਖਾ ਕੇ ਇਤਨਾ ਅਨੰਦ ਨਹੀਂ ਹੁੰਦੇ ਜਿਤਨਾ ਕੁ ਓਹ ਜੰਗਲ ਵਿੱਚ ਰਹਿਕੇ ਮਿੱਟੀ ਅਤੇ ਰੋੜ ਖਾ ਕੇ ਪ੍ਰਸੰਨ ਰਹਿੰਦੇ ਹਨ, ਇਸੀ ਪ੍ਰਕਾਰ ਇਹ ਸੁਭਾਅ ਬ੍ਰਿਖਾਂ ਵਿੱਚ ਭੀ ਪਾਇਆ ਜਾਂਦਾ ਹੈ, ਜੈਸਾ ਕਿ ਇਕ ਬ੍ਰਿਖ ਦੂਜੇ ਦੇ ਹੇਠ ਲਗਾ ਦਈਏ, ਤਦ ਓਹ ਬ੍ਰਿਖ ਉਰੇ ਜਾਂਦਾ, ਅਤੇ ਬਹੁਤ ਕਮਜ਼ੋਰ ਹੋ ਕੇ ਸੁੱਕ ਜਾਂਦਾ ਹੈ, ਇਸੀ ਪ੍ਰਕਾਰ ਕਈ ਬ੍ਰਿਖ ਦੇਖੇ ਹਨ ਜੋ ਉਪਰਲੇ ਬ੍ਰਿਖ ਤੇ ਤੰਗ ਆ ਕੇ ਉਸ ਤੇ ਹੇਠ ੨ ਨੂੰ ਅਪਨੀ ਸ਼ਾਖਾ ਲੈ ਜਾਂਦੇ ਹਨ ਅਤੇ ਅੱਗੇ ਜਾ ਕੇ ਖੜੇ ਹੋ ਜਾਂਦੇ ਹਨ, ਜਦ ਪਸੂ ਪੰਖੀ ਅਤੇ ਬ੍ਰਿਖਾਂ ਵਿਚ ਏਹ ਸੁਭਾਹ ਹੈ ਤਾਂ ਪੁਰਖਾਂ ਵਿਚ ਤਾਂ ਇਨਾਂ ਤੇ ਵੱਧ ਹੋਣਾ ਚਾਹੀਦਾ ਹੈ। ਇਸੀ ਵਾਸਤੇ ਸੰਸਾਰ ਪਰ ਜਿਤਨੀ ਪੁਰਖਾਂ ਵਿੱਚ ਦੀਨਤਾ ਹੈ ਸੋ ਇਸ ਦਾ ਕਾਰਨ ਭੀ ਸੁਤੰਤਰਤਾ ਹੈ, ਜੈਸਾ ਕਿ ਜੋ ਲੋਗ ਕਿਸੇ ਰਾਜਾ ਦੇ ਜਾ ਕੇ ਨੌਕਰ ਹੁੰਦੇ ਹਨ, ਅਤੇ ਉਸ ਅਗੇ ਅਪਨਾ ਸਿਰ ਵੇਚਦੇ ਹਨ, ਥੋੜੀ ਤਨਖਾ ਦੇ ਬਦਲੇ ਅਪਨੀ ਅਮੁੱਲ ਜਾਨਾਂ ਕੁਰਬਾਨ ਕਰਦੇ ਹਨ, ਸਤ੍ਰੂਆਂ ਦੀ ਤਲਵਾਰਾਂ ਅਤੇ ਬਰਛਿਆਂ ਦੀ ਮਾਰਾਂ ਇਸੀ ਪ੍ਰਕਾਰ ਤੋਪ ਦੇ ਗੋਲਿਆਂ ਦੇ ਨਸ਼ਾਨੇ ਬਣਦੇ ਹਨ, ਸੋ ਏਸੇ ਵਾਸਤੇ ਬਣਦੇ ਹਨ ਕਿ ਅਸੀਂ ਕੁਝ ਦਿਨ ਨੌਕਰੀ ਕਰਕੇ ਫੇਰ ਸੁਤੰਤਰ ਹੋ ਕੇ ਬੈਠੀਏ, ਇਸੀ ਪ੍ਰਕਾਰ ਜੋ ਕਾਲਜਾਂ ਅਤੇ ਸਕੂਲਾਂ ਵਿਚ ਹਜਾਰਾਂ ਤਾਲਬ ਇਲਮ ਪੜ੍ਹਦੇ ਹਨ ਉਨਾਂ ਦਾ ਭੀ ਏਹੋ ਤਾਤਪ੍ਰਜ ਹੈ ਕਿ ਅਸੀਂ ਕੁਝ ਦਿਨ ਵਿੱਦਯਾ ਪਾ ਕੇ ਫੇਰ ਸੁਤੰਤਰਤਾ ਦੇ ਬਾਗ ਦੀ ਸੈਰ ਕਰਾਂਗੇ।

ਬਹੁਤ ਸਾਰੇ ਲੋਕ ਵਕਾਲਤ ਨੂੰ ਇਸ ਵਾਸਤੇ ਪਸੰਦ ਕਰਦੇ ਹਨ ਕਿ ਇਸ ਵਿਚ ਕਿਸੇ ਦੀ ਦੀਨਤਾਈ ਨਹੀਂ ਹੈ, ਇਸ ਤੇ ਬਿਨਾ ਜਿਤਨੇ ਰਾਜੇ ਮਹਾਰਾਜੇ ਇਕ ਦੂਜੇ ਨਾਲ ਲੜਦੇ ਮਰਦੇ ਹਨ, ਸੋ ਇਸ ਤੇ ਭੀ ਉਨਾਂ ਦਾ ਏਹੋ ਸਿਧਾਂਤ ਹੁੰਦਾ ਹੈ ਕਿ ਸ਼ੱਤਰੂ ਨੂੰ ਮਾਰ ਕੇ ਸਵਤੰਤਰ ਰਾਜ ਕਰੀਏ। ਇਸ ਤੇ ਸਿੱਧ ਹੋ ਗਿਆ ਕਿ ਇਸ ਸੰਸਾਰ ਪਰ ਜਿਤਨੇ ਕਸਟ ਸਹਾਰੇ ਜਾਂਦੇ ਹਨ ਸੋ ਸਾਰੇ ਸੁਤੰਤਰਤਾ ਦੇ ਵਾਸਤੇ ਹਨ।

ਜਦ ਅਸੀਂ ਧਰਮ ਦੇ ਬਾਰੇ ਵਿੱਚ ਭੀ ਦੇਖਦੇ ਹਾਂ ਤਦ ਭੀ ਏਹੋ ਪ੍ਰਤੀਤ ਹੁੰਦਾ ਹੈ ਜੋ ਉਸ ਵਿੱਚ ਭੀ ਸੁਤੰਤਰਤਾ ਹੀ ਇਕ ਮੁੱਖ ਪਦਾਰਥ ਸਮਝੀ ਜਾਂਦੀ ਹੈ,ਜੈਸਾ ਕਿ ਕਿਤਨੇ ਪੁਰਖ ਰੋੜਾਂ ਪਰ ਸੌਂਦੇ ਹਨ, ਕਿਤਨੇ ਪੁੱਠੇ ਲਟਕਦੇ ਹਨ, ਕਿਤਨੇ ਪੰਜ ਅਗਨੀ ਤਾਪਦੇ ਹਨ, ਕਿਤਨੇ ਤੀਰਥਾਂ ਪਰ ਭ੍ਰਮਨ ਕਰਦੇ ਹਨ, ਕਿਤਨੇ ਜਪ ਕਰਦੇ ਹਨ, ਪਰੰਤੂ ਇਨਾਂ ਸਾਰਿਆਂ ਦਾ ਅਭਿਪ੍ਰਾਯ ਸੁਤੰਤਰਤਾ ਦਾ ਹੁੰਦਾ ਹੈ। ਸੋ ਅਸੀਂ ਦੇਖਦੇ ਹਾਂ ਕਿ ਸੁਤੰਤਰਤਾ ਜੇਹਾ ਕੋਈ ਸੁਖ ਨਹੀਂ, ਅਤੇ ਪਰਤੰਤਰਤਾ ਜੇਹਾ ਕੋਈ ਦੁੱਖ ਨਹੀਂ ਹੈ ਤਾਂ ਵਡੇ ਸ਼ੋਕ ਦੀ ਗੱਲ ਹੈ ਜੋ ਪੰਜ ਗਯਾਨ ਇੰਦ੍ਰੇ ਅਤੇ ਪੰਜ ਕਰਮ ਇੰਦ੍ਰੀਆਂ ਸਮੇਤ ਮਨ ਅਤੇ ਬੁੱਧ ਰਖਨੇ ਵਾਲਾ ਪੁਰਖ ਅਪਨੇ ਆਪ ਨੂੰ ਚੰਦ ਦਿਨ ਦੇ ਜੀਵਨ ਲਈ ਪਰਾਧੀਨਤਾ ਨਾ ਅਖਤਿਆਰ ਕਰੇ।

੨੫. ਸਰ ਅਤਰ ਸਿੰਘ ਜੀ ਭਦੌੜ ਨੂੰ ਸ਼ਰਧਾਂਜਲੀ (ਖ.ਅ.ਲ. ੧੮੯੬ ਈ:)

ਸਰ ਅਤਰ ਸਿੰਘ ਜੀ ਭਦੌੜ ਸੰਨ ੧੮੯੬ ਈ: ਵਿੱਚ ਅਕਾਲ ਚਲਾਣਾ ਕਰ ਗਏ ਸਨ, ਗਿਆਨੀ ਜੀ ਨੇ ਉਨ੍ਹਾਂ ਨੂੰ ਸਰਧਾਂਜਲੀ ਭੇਟ ਕੀਤੀ ਜੋ ਖਾਲਸਾ ਅਖ਼ਬਾਰ ਦੇ ਅੰਕ ੧੯ ਜੂਨ, ੧੮੯੬ ਈ: ਨੂੰ ਛਪੀ ਸੀ।

ਜਿਤਨੇ ਦਰਯਾ ਪਹਾੜਾਂ ਵਿਚੋਂ ਨਿਕਲ ਨਿਕਲ ਕੇ ਦੂਰ ਦੂਰ ਤਕ ਦੀ ਧਰਤੀ ਨੂੰ ਜਲ ਦੇ ਕੇ ਠੰਡਾ ਕਰਦੇ ਹਨ, ਅਰ ਕਰੋੜਾਂ ਮਨਾਂ ਦਾ ਅਨਾਜ ਉਸ ਵਿਚੋਂ ਪੈਦਾ ਹੋ ਕੇ ਪਰਜਾ ਪਾਲਣ ਕਰਦਾ ਹੈ, ਸੋ ਕੇਵਲ ਉਨ੍ਹਾਂ ਪਹਾੜਾਂ ਦਾ ਹੀ ਸਰੂਪ ਹੈ, ਫੇਰ ਜਿਤਨੇ ਦਰਯਾ ਪਹਾੜਾਂ ਵਿਚੋਂ ਨਿਕਲ ਸਮੁੰਦਰ ਵਿੱਚ ਪੈਂਦੇ ਹਨ, ਤੇ ਜਿਸ ਜਲ ਦੇ ਲਾਭ ਨਾਲ ਸਮੁੰਦਰ ਵਿੱਚ ਅਮੋਲਕ ਪਦਾਰਥ ਪੈਦਾ ਹੁੰਦੇ ਹਨ, ਸੋ ਭੀ ਪਹਾੜਾਂ ਦਾ ਹੀ ਸਰੂਪ ਹੈ। ਜਿਨੀ ਲੱਕੜੀ ਤੇ ਅਮੁਲ ਮਧੁਰ ਮੇਵੇ, ਫਲ ਅਤੇ ਫੁਲ ਪਹਾੜਾਂ ਵਿਚੋਂ ਆ ਕੇ ਇਸ ਪੱਥਰ ਧਰਤੀ ਨੂੰ ਲਾਭ ਪਹੁੰਚਾਉਂਦੇ ਹਨ, ਸੋ ਭੀ ਪਹਾੜਾਂ ਦਾ ਹੀ ਫਲ ਸਮਝੋ ਤੇ ਇਹ ਜੋ ਬੱਦਲ ਪਲਾਂ ਵਿਚ ਬਰਸਕੇ ਜਲ ਥਲ ਕਰ ਦੇਂਦੇ ਹਨ, ਇਹ ਭੀ ਪਹਾੜਾਂ ਦਾ ਹੀ ਕ੍ਰਿਸ਼ਮਾ ਹਨ।

ਤੇ ਜੋ ਇਹ ਪਹਾੜ ਕਿਤੇ ਧਰਤੀ ਤੋਂ ਉਠ ਜਾਣ ਤਾਂ ਏਨੇ ਲਾਭ, ਜੋ ਪਹਾੜਾਂ ਤੋਂ ਧਰਤੀ ਨੂੰ ਮਿਲ ਰਹੇ ਸਨ, ਉਹ ਕਿਥੋਂ ਮਿਲਦੇ । ਜਿਸ ਤੋਂ ਭਾਸਦਾ ਹੈ ਕਿ ਇਹ ਪਹਾੜ ਧਰਤੀ ਦੀ ਸ਼ੋਭਾ ਹਨ ਤੇ ਇਹਨਾ ਦਾ ਹੋਣਾ ਬੜਾ ਜ਼ਰੂਰੀ ਹੈ। ਇਸੇ ਤਰ੍ਹਾਂ ਜਦ ਅਸੀਂ ਆਪਣੀ ਕੌਮ ਦੀ ਹਾਲਤ ਨੂੰ ਦੇਖਦੇ ਹਾਂ ਤਾਂ ਇਹ ਭੀ ਇਕ ਖੁਸ਼ਕ ਜ਼ਮੀਨ ਦੀ ਤਰ੍ਹਾਂ ਹੀ

ਸਮਝੀ ਜਾਂਦੀ ਹੈ, ਜਿਸ ਦੀ ਸਾਰੀ ਸੋਭਾ, ਸਾਰੀ ਵਡਿਆਈ, ਅਤੇ ਸਾਰੇ ਮਾਣ ਤਾਣ ਕੇਵਲ ਕੌਮ ਦੇ ਰਾਜੇ, ਮਹਾਰਾਜੇ, ਸਰਦਾਰ ਅਤੇ ਮਹਾਤਮਾ ਲੋਕ ਹੀ ਹੁੰਦੇ ਹਨ। ਜਿਸ ਕੌਮ ਵਿਚ ਰਾਜੇ, ਮਹਾਰਾਜੇ ਸਰਦਾਰ ਅਤੇ ਮਹਾਤਮਾ ਲੋਕ ਹੁੰਦੇ ਹਨ, ਸੋਈ ਕੌਮ ਧਨਵਾਨ, ਬਲਵਾਨ ਅਤੇ ਸੋਭਾਵਾਨ ਹੁੰਦੀ ਹੈ,ਪਰੰਤੂ ਜਿਸ ਕੌਮ ਵਿਚ ਇਹ ਨਾ ਹੋਣ, ਉਹ ਨਿਰਬਲ ਅਤੇ ਅਭਾਗੀ ਹੁੰਦੀ ਹੈ। ਸੋਈ ਘਾਟਾ ਅਜ ਇਹ ਸਾਰੀ ਕੌਮ ਨੂੰ ਪਿਆ ਹੈ। ਸਰ ਸਰਦਾਰ ਅਤਰ ਸਿੰਘ ਸਾਹਿਬ ਜੀ ਭਦੌੜ ਜੋ ਵਡੇ ਰਈਸ ਸਨ ਤੇ ਉਨ੍ਹਾਂ ਦੇ ਜੀਵਨ ਤੇ ਖਾਲਸਾ ਕੌਮ ਨੂੰ ਜੋ ਲਾਭ ਪੁਜਾ ਹੈ, ਉਹ ਕਥਨ ਤੋਂ ਬਾਹਰ ਤੇ ਅਦੁੱਤੀ ਹੈ।

ਇਸ ਸਰਦਾਰ ਸਰ ਅਤਰ ਸਿੰਘ ਭਦੌੜ ਵਾਲਿਆਂ ਦੀ ਤਾਰੀਫ ਲਿਖਦਿਆਂ ਦੂਜੇ ਉਨ੍ਹਾਂ ਸਰਦਾਰਾਂ ਨੂੰ ਕਿਵੇਂ ਹਿੱਟ ਲਾਈ ਹੈ, ਜੋ ਸਰਦਾਰ ਤਾਂ ਹਨ, ਪਰ ਕੁਕਰਮਾਂ ਵਿਚ ਪੈ ਕੇ ਸਿੱਖੀਓਂ ਦੂਰ ਘਾਟੇ ਵਾਲੇ ਪਾਸੇ ਤੇ ਸਿੱਖੀ ਤੋਂ ਨਿਘਰਦੇ ਜਾ ਰਹੇ ਹਨ।

ਸਰ ਸਰਦਾਰ ਅਤਰ ਸਿੰਘ ਸਾਹਿਬ ਨੇ ਆਪਣੀ ਸਾਰੀ ਉਮਰ ਨੂੰ ਏਡੇ ਵਡੇ ਰਈਸ ਹੋ ਕੇ ਅਜ ਕਲ ਦੇ ਸਰਦਾਰਾਂ ਵਾਂਗ ਸ਼ਰਾਬ, ਕਬਾਬ, ਨਸ਼ਿਆਂ ਅਤੇ ਕੁਤਿਆਂ ਦੇ ਪਾਲਨ ਵਿਚ ਖਰਚ ਨਹੀਂ ਕੀਤਾ ਸੀ, ਸਗੋਂ ਵਿਦਿਆ ਹਾਸਲ ਕਰਨ, ਸਰਕਾਰ ਨੂੰ ਸਮਯ ਸਿਰ ਮੱਦਦ ਦੇਣ, ਸੋਭਨੀਕ ਕਮੇਟੀਆਂ ਦੇ ਮੈਂਬਰ ਹੋਣ ਅਤੇ ਖਾਸ ਕਰ ਖਾਲਸਾ ਕੌਮ ਦੀ ਭਲਾਈ ਵਿਚ ਖਰਚ ਕੀਤਾ ਸੀ। ਸਰਦਾਰ ਸਾਹਿਬ ਸਵਰਗਵਾਸੀ ਦੇ ਦੇਹ ਤਿਆਗਣ ਤੇ ਜੋ ਨੁਕਸਾਨ ਖਾਲਸਾ ਕੌਮ ਨੂੰ ਪੁਜਾ ਹੈ, ਉਹ ਪਤਾ ਨਹੀਂ ਕਦ ਪੂਰਾ ਹੋਵੇਗਾ।

੨੯.ਖਾਲਸਾ ਵਿੱਚ ਬੁਰਾਈਆਂ ਅਤੇ ਅਨਮਤੀ ਕੁਰੀਤੀਆਂ (ਖ.ਅ.ਲ.੧੯੯੬ ਈ:)

ਖਾਲਸਾ ਧਰਮ ਦੇ ਸਚੇ ਹਿਤੈਸ਼ੀਆਂ ਦਾ, ਧਾਰਮਕ ਸਿਪਾਹੀਆਂ ਦਾ ਭੀ ਅਨਮਤੀ ਕੁਰੀਤੀਆਂ ਨਾਲ ਕੰਮ ਹੋ ਰਿਹਾ ਹੈ, ਜਿਵੇਂ ਕਿ ਦੇਸ਼ ਮੱਲਣ ਵਾਲੇ ਬਾਦਸ਼ਾਹਾਂ ਦਾ ਆਪੋ ਵਿਚ ਕੰਮ ਹੋਇਆ ਕਰਦਾ ਹੈ। ਸੋ ਸਭ ਤੋਂ ਪਹਿਲੇ ਇਨ੍ਹਾਂ ਧਾਰਮਕ ਸਿਪਾਹੀਆਂ ਦਾ ਭੀ ਇਹੀ ਫਰਜ਼ ਹੈ ਕਿ ਗੁਰਮਤ ਦੇ ਮੋਰਚਿਆਂ ਵਿਚ ਐਸੇ ਮਜ਼ਬੂਤ ਹੋਣ ਕਿ ਅਨਮਤੀ ਫੌਜਾਂ ਦੀ ਦਾਗੀ ਹੋਈ ਗੋਲੀ ਇਹਨਾਂ ਨੂੰ ਲਗਣੀ ਨਾ ਪਾਵੇ। ਤੇ ਐਸੀ ਵਿਧੀ ਤੇ ਢੰਗ ਨਾਲ ਲੜਨਾ ਹੈ ਕਿ ਬਹੁਤ ਹੀ ਛੇਤੀ ਬੁਰਾਈ ਰੂਪੀ ਦੁਸ਼ਮਨਾਂ ਤੇ ਫਤਹ ਪਾਈ ਜਾਏ ।

ਪਰੰਤੂ ਇਸ ਵਿੱਚ ਭੀ ਕੋਈ ਸ਼ੱਕ ਨਹੀਂ ਹੈ ਜੋ ਅਨਮਤੀ ਕੁਰੀਤੀਆਂ ਦੀ ਫੌਜ਼ ਤਾਂ

ਇਕ ਵਡਾ ਭਾਰਾ ਮੁਲਖਈਆ ਹੈ, ਖਾਲਸਾ ਧਰਮ ਨਾਲ ਕੋਈ ਘਟ ਨਹੀਂ ਗੁਜ਼ਾਰ ਰਿਹਾ। ਉਹ ਬੜੀ ਬੇਰਹਿਮੀ ਨਾਲ ਖਾਲਸਾ ਧਰਮ ਦੇ ਸਿਪਾਹੀਆਂ ਨੂੰ ਆਪਣੀਆਂ ਰਸਮਾਂ ਦੀਆਂ ਗੋਲੀਆਂ ਨਾਲ ਘਾਇਲ ਕਰਦਾ ਜਾ ਰਿਹਾ ਹੈ। ਜਿਸ ਦੇ ਹਥੋਂ ਕਈਆਂ ਸਿੰਘਾਂ ਦੇ ਬੱਚੇ ਸਮੇਤ ਸਿੰਘਣੀਆਂ ਗੋਹਾ ਅਤੇ ਗੋਮੂਤਰ ਪੀ ਰਹੀਆਂ ਹਨ ।ਇਸੇ ਤਰ੍ਹਾਂ ਕਈਆਂ ਦੇ ਵਿਆਹ ਪਰ ਅਨਮਤੀ ਫੌਜਾਂ ਅਜੇਹੀਆਂ ਫੜ੍ਹਾਂ ਆਕੇ ਝਾੜਦੀਆਂ ਹਨ ਕਿ ਸਿਖ ਵਿਚਾਰਾ ਗੋਲੀਆਂ ਮਾਰੀ ਹੋਈ ਘੁਗੀ ਵਾਂਗ ਸਿਰ ਨਹੀਂ ਚੁਕਦਾ। ਇਸੇ ਤਰ੍ਹਾਂ ਹੀ ਹੋਰ ਅਨਮਤੀ ਰਸਮਾਂ ਦੇ ਸਮੇਂ ਵੀ ਇਹ ਫੌਜਾਂ ਚੰਗੇ ਝਾੜ ਝਾੜਦੀਆਂ ਹਨ, ਜਿਸ ਤੇ ਦੇਖਿਆ ਜਾਂਦਾ ਹੈ, ਕਿ ਇਹ ਕੰਮ ਕੋਈ ਮਾੜਾ ਮੋਟਾ ਨਹੀਂ, ਬੜਾ ਭਾਰੀ ਮੁਕਾਬਲਾ ਹੈ। ਖਾਲਸਾ ਧਰਮ ਦੇ ਸਿਪਾਹੀਆਂ ਨੂੰ ਚਾਹੀਦਾ ਹੈ ਕਿ ਆਪਣੇ ਹਸਪਤਾਲਾਂ (ਗੁਰਦੁਵਾਰਿਆਂ, ਸਤਸੰਗ) ਵਿਚ ਇਨ੍ਹਾਂ ਘਾਇਲਾਂ ਨੂੰ ਮਰਹਮ ਪੱਟੀ ਲਈ ਝਟਾ ਪਟ ਪੁਚਾਉਣਾ ਚਾਹੀਦਾ ਹੈ। ਗੁਰ ਉਪਦੇਸ਼ਾਂ ਰੂਪੀ ਮਰਹਮ ਪੱਟੀ ਨਾਲ ਇਹਨਾਂ ਘਾਇਲਾਂ (ਮਨਮਤ ਵਿਚ ਫਸਕੇ) ਜ਼ਖਮੀਆਂ ਦੀ ਗੁਰ ਉਪਦੇਸ਼ ਰੂਪੀ ਮਰਹਮ ਉਨ੍ਹਾਂ ਜ਼ਖਮਾਂ ਤੇ ਲਗੇ ਤਾਂ ਕਿ ਉਹ ਛੇਤੀ ਹੀ ਅਰੋਗਤਾ ਪ੍ਰਾਪਤ ਕਰਕੇ ਫਿਰ ਇਸ ਜੰਗ ਲਈ ਤਿਆਰ ਬਰ ਤਿਆਰ ਹੋ ਜਾਣ। ਜਿਹੜੇ ਸੂਰਬੀਰ ਖਾਲਸਾ ਭਾਈ ਸਿੱਖ ਜੰਗ ਲਈ ਤਿਆਰ ਬਰ ਤਿਆਰ ਹੋਣ, ਉਨ੍ਹਾਂ ਨੂੰ ਧੰਨਵਾਦ ਦਾ ਰਾਸ਼ਨ ਦੇ ਕੇ ਖੂਬ ਰਾਖੀ ਰਖੋ, ਲੈਸ ਅਤੇ ਤਿਆਰ ਬਰ ਰਖੋ ਕਿ ਦੂਜੇ ਵੀ ਉਹਨਾਂ ਦੀ ਸਹਾਇਤਾ ਤੇ ਬੀਰਤਾ ਤੋਂ ਲਾਭ ਉਠਾਉਣ ਤੇ ਅਜਿਹੇ ਪੁਰਸ਼ਾਰਥ ਕਰਦਿਆਂ ਹੀ ਖਾਲਸਾ ਪੰਥ ਕੁਰੀਤੀਆਂ ਦੀ ਫੌਜ਼ ਉਤੇ ਫਤਹ ਪਾ ਸਕੇਗਾ। ਇਸ ਵਾਸਤੇ ਐ ਧਾਰਮਕ ਬਹਾਦਰੋ। ਸਾਵਧਾਨ ਹੋਵੋ, ਤੇ ਹਥਿਆਰ ਵੀ ਬਣਾਓ, ਤਾਂ ਕਿ ਹਰ ਤਰ੍ਹਾਂ ਇਸ ਉਪਦੇਸ਼ ਦੀ ਬਦੌਲਤ ਅਸੀਂ ਫਤਹਯਾਬ ਹੋਈਏ।

੨੨. ਸਿੱਖ ਅਛੂਤ ਜਾਤੀਏ ਸਿੱਖਾਂ ਦੇ ਵਿਰੋਧੀ (ਖ.ਅ.ਲ. ੧੯੯੬ ਈ:)

ਐ ਸੰਸਾਰ ਦੇ ਪੁਰਖੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸਿੱਖੀ ਕਿਸੇ ਖਾਸ ਜਾਤੀ ਜਾਂ ਫਿਰਕੇ ਲਈ ਨਹੀਂ, ਇਹ ਤਾਂ ਸਭ ਸੰਸਾਰ ਦੇ ਪ੍ਰਾਣੀਆਂ ਲਈ ਇਕਸ ਜੇਹੀ ਹੈ। ਇਸ ਵਿੱਚ ਜਾਤ-ਵੰਡ ਜਾਂ ਵਿਤਕਰੇ-ਭਾਵ ਦੀ ਕੋਈ ਗੁੰਜਾਇਸ਼ ਨਹੀਂ ਹੈ। ਫਿਰ ਸਿੱਖੀ ਤਾਂ ਸਾਜੀ ਹੀ ਪ੍ਰਉਪਕਾਰ ਲਈ ਗਈ ਸੀ, ਸਭਸ ਪ੍ਰਾਣੀਆਂ ਨਾਲ ਇਕਸ ਜਿਹਾ ਵਰਤਾਉ ਕਰਨ ਲਈ ਹੀ ਇਹ ਹੋਂਦ ਵਿੱਚ ਆਈ, ਤੇ ਬ੍ਰਹਿਮਣੀ ਧਰਮ ਦੇ ਜ਼ੁਲਮ ਦੇ ਪੰਜੇ ਵਿਚ ਅਤੇ ਦੁਖੀ ਮੁਜ਼ਲੂਮਾਂ ਦੀ ਖਾਤਰ

ਸਿੱਖੀ ਹੋਂਦ ਵਿੱਚ ਆਈ। ਇਸ ਦੋਹੇ ਦਾ ਤਾਂ ਉਪਦੇਸ਼ ਹੈ:-

ਅਵਿਲ ਅਲਹੁ ਨੂਰ ਉਪਾਇਆ, ਕੁਦਰਤ ਦੇ ਸਭ ਬੰਦੇ।

ਏਕ ਨੂਰ ਤੇ ਸਭ ਜਗ ਉਪਜਿਆ, ਕਉਨ ਭਲੇ ਕੋ ਮੰਦੇ"

ਸੋ ਪ੍ਰੇਮੀ ਤੇ ਸ੍ਰੋਤੇ ਜਨੋ। ਅਸੀਂ ਸਿੱਖ ਬਣਕੇ ਕਿਸੇ ਪਰ ਕੋਈ ਅਹਿਸਾਨ ਨਹੀਂ ਕਰ ਸਕੇ, ਸਗੋਂ ਸਿੱਖ ਤਾਂ ਅਸੀ ਬਣ ਰਹੇ ਹਾਂ, ਆਪਣਾ ਆਪ ਸਵਾਰਨ ਲਈ, ਆਪਣਾ ਭਵਿਖਤ ਸੁਚੱਜਾ ਬਣਾਉਣ ਲਈ। ਤੇ ਜੋ ਭੁਲੜ ਇਸ ਅਸੂਲ ਤੇ ਸਤਿਗੁਰਾਂ ਦੇ ਪਵਿਤ੍ਰ ਤੇ ਮਹਾਨ ਆਦਰਸ਼ ਨੂੰ ਭੁਲਕੇ ਜ਼ਾਤ-ਪਾਤ ਜਾਂ ਵਿਤਕਰੇ ਵਾਲੀ ਕੋਈ ਗਲ ਕਰਦੇ ਹਨ, ਅਸਲ ਵਿੱਚ ਉਹ ਸਿੱਖੀ ਦੀ ਹੀ ਵਿਰੋਧਤਾ ਕਰ ਰਹੇ ਹਨ, ਸਿਖ ਧਰਮ ਦੇ ਪ੍ਰਚਾਰਕਾਂ ਦੀ ਥਾਂ ਮੱਲਕੇ ਸਿੱਖ ਧਰਮ ਦੇ ਵੈਰੀਆਂ ਦਾ ਕੰਮ ਕਰ ਰਹੇ ਹਨ। ਜਾਤ ਅਭਿਮਾਨੀ, ਜੇ ਸਾਡੇ ਨਾਲ ਅਛੂਤਾਂ ਜਿਹਾ ਸਲੂਕ ਕਰਦੇ ਹਨ, ਤਾਂ ਸਾਨੂੰ ਇਸ ਦਾ ਡਟਕੇ ਵਿਰੋਧ ਕਰਨਾ ਚਾਹੀਦਾ ਹੈ, ਗੁਰਦੁਵਾਰਿਆਂ ਵਿਚ ਹਰ ਕਿਸੇ ਦੀ ਅਰਦਾਸ ਹੋ ਸਕਦੀ ਹੈ ਤੇ ਗੁਰਦੁਵਾਰੇ ਚਹੁੰ ਵਰਨਾਂ ਲਈ ਇਕੋ ਜੇਹੇ ਹਨ, ਪਰ ਇਹ ਭੁਲੜ ਪੁਜਾਰੀ ਅਛੂਤਾਂ ਤੇ ਵਿਰੋਧੀਆਂ ਦੀਆਂ ਅਰਦਾਸਾਂ ਬੰਦ ਕਰਨ ਤਕ ਪੁਜ ਗਏ ਹਨ। ਗੁਰਸਿੱਖੋ! ਸਚੇ ਗੁਰਸਿਖ ਬਣ ਕੇ, ਇਹਨਾਂ ਕੁਰੀਤੀਆਂ ਦਾ ਮੁਕਾਬਲਾ ਕਰਨ ਲਈ ਕਮਰਬਸਤਾ ਹੋ ਜਾਓ, ਤੁਹਾਡੇ ਉਦਮਾਂ ਨੂੰ ਜ਼ਰੂਰ ਸਤਿਗੁਰੂ ਭਾਗ ਲਾਉਣਗੇ ਤੇ ਇਹਨਾਂ ਗੁਰਮਤ ਦੇ ਉਲਟ ਚਲਣ ਵਾਲੇ ਪੁਰਸ਼ਾਂ ਨੂੰ ਜ਼ਰੂਰ ਆਪਣੀਆਂ ਕਰਨੀਆਂ ਤੇ ਪਛਤਾਉਣਾ ਪਏਗਾ।

੨੮.ਜਾਨਵਰਾਂ ਅਤੇ ਰੁੱਖਾਂ ਤੇ ਅਪਨੇ ਬਚਨ ਦੀ ਸਿੱਖਯਾ (ਖ.ਅ.ਲ. ੧੯੯੯ ਈ:)

ਸ੍ਰਿਸ਼ਟੀ ਦਾ ਹਰ ਇੱਕ ਜੀਵ ਉਹ ਚੰਗਾ ਹੋਵੇ ਭਾਵੇ ਮੰਦਾ ਪ੍ਰੰਤੂ ਉਹ ਸਾਰੇ ਅਪਨੇ ਜੀਵਨ ਦਾ ਉਪਾਇ ਯਥਾ ਸ਼ਕਤ ਕਰਦੇ ਹਨ, ਉਨ੍ਹਾਂ ਦੇ ਦਿਲਾਂ ਵਿੱਚ ਹਮੇਸ਼ਾਂ ਦੋ ਖਿਆਲ ਦਿਨ ਅਤੇ ਰਾਤ ਪੱਕੇ ਰਹਿੰਦੇ ਹਨ, ਜਿਨ੍ਹਾਂ ਵਿਚੋਂ ਪਹਿਲਾ ਅਪਨਾ ਬਚਾਓ ਅਤੇ ਦੂਜਾ ਅਪਨਾ ਗੁਜ਼ਾਰਾ, ਪ੍ਰੰਤੂ ਜਦ ਵਿਚਾਰਕੇ ਦੇਖਯਾ ਜਾਏ ਤਦ ਇਹ ਦੋਨੋਂ ਹੀ ਬਾਤਾਂ ਹਨ-ਜਿਨ੍ਹਾਂ ਪਰ ਸਾਰੀ ਦੁਨੀਆਂ ਦੇ ਬਿਵਹਾਰ ਚਲਨ ਦਾ ਨਿਰਭਰ ਹੈ।

ਓਹ ਪੰਖੀ ਅਪਨੇ ਬਚਾਓ ਲਈ ਐਥੋਂ ਤਕ ਤਿਆਰ ਹਨ ਕਿ ਜਦ ਉਨ੍ਹਾਂ ਦਾ ਵਿਰੋਧੀ ਉਨ੍ਹਾਂ ਨੂੰ ਖਾ ਜਾਨ ਵਾਲਾ ਕੋਈ ਸੱਪ ਯਾ ਬਿੱਲਾ ਨਜ਼ਰ ਆਉਂਦਾ ਹੈ ਤਦ ਓਹ

ਅਪਨੇ ਖਾਨ ਪਾਨ ਅਤੇ ਅਰਾਮ ਨੂੰ ਛੱਡਕੇ ਉੱਚੀ-੨ ਬੋਲਨ ਲੱਗ ਜਾਂਦੇ ਹਨ, ਜਿਸ ਤੇ ਉਨ੍ਹਾਂ ਦਾ ਇਹ ਭਾਵ ਹੁੰਦਾ ਹੈ ਕਿ "ਭਰਾਵੋ ਆਓ ਕੱਠੇ ਹੋਵੋ ਸਾਡੇ ਮਾਰਨ ਵਾਲਾ ਆਉਂਦਾ ਹੈ ਇਸ ਨੂੰ ਹਟਾਓ"। ਉਨ੍ਹਾਂ ਦੀ ਅਜੇਹੀ ਦਰਦਨਾਕ ਧੁਨਿ ਨੂੰ ਸੁਨਕੇ ਸਾਰੇ ਪੰਖੀ, ਜੋ ਉਨ੍ਹਾਂ ਦੇ ਸਮੀਪ ਹੁੰਦੇ ਹਨ, ਆ ਜਾਂਦੇ ਹਨ। ਜਿਸ ਪਰ ਓਹ ਸਭ ਦੇ ਸਭ ਉੱਚੀ-੨ ਰੌਲਾ ਪਾ ਦੇਂਦੇ ਹਨ ਅਰ ਉਸ ਵਿਰੋਧੀ ਪਰ ਉਡ-੨ ਕੇ ਘੁੰਮਰਾਂ ਪਾਉਂਦੇ ਹਨ, ਫਿਰ ਕੋਈ -੨ ਵੱਡਾ ਦਲੇਰ ਉਸ ਦੇ ਚੁੰਜ ਯਾ ਪੰਜੇ ਮਾਰਦਾ ਹੈ, ਅਰ ਆਖਦਾ ਹੈ ਕਿ, ਹੇ ਪਾਪੀ ਚਲਯਾ ਜਾਹ ਨਹੀਂ ਮਾਰ ਸੁੱਟਾਂਗੇ।

ਉਨ੍ਹਾਂ ਦੇ ਇਸ ਵਾਉ ਵੇਲੇ ਦਾ ਫਲ ਇਹ ਹੁੰਦਾ ਹੈ ਜੋ ਉਨ੍ਹਾਂ ਦਾ ਵਿਰੋਧੀ ਸੱਪ ਯਾ ਬਿੱਲਾ ਆਦਿਕ ਡਰਕੇ ਅਪਨੇ ਛਿਪ ਜਾਨ ਦਾ ਯਤਨ ਕਰਦਾ ਹੈ, ਫਿਰ ਓਹ ਉਸ ਨੂੰ ਨਸਾਕੇ ਆਪ ਵੱਡੇ ਹੀ ਆਨੰਦ ਹੁੰਦੇ ਹਨ ਅਰ ਖੰਭਾਂ ਨੂੰ ਸੁਵਾਰਦੇ ਹਨ, ਇੱਕ ਦੂਜੇ ਨਾਲ ਖੇਡਦੇ ਹਨ, ਜੋ ਸਾਬਤ ਕਰਦੇ ਹਨ ਕਿ ਸਾਡੀ ਬਹਾਦਰੀ ਨੇ ਉਸ ਸਾਡੇ ਕਾਲ ਰੂਪ ਦੁਸ਼ਮਨ ਨੂੰ ਨਸਾ ਦਿੱਤਾ ਹੈ।

ਇਸ ਤੇ ਅੱਗੇ, ਫਿਰ ਉਹ ਗੁਜ਼ਾਰੇ ਦਾ ਫਿਕਰ ਕਰਦੇ ਹਨ ਅਰ ਕਿਆ ਚੰਗਾ ਤਰੀਕਾ ਅਖਤਿਆਰ ਕਰਦੇ ਹਨ ਜਿਸ ਤੇ ਨਿਰਯਤਨ ਹੀ ਅਪਨੀ ਪਾਲਨਾ ਕਰ ਲੈਂਦੇ ਹਨ। ਓਹ ਅਪਨੇ ਨਾਲੋਂ ਮਾੜੇ ਅਰ ਦੂਸਰੀ ਕਿਸਮ ਦੇ ਜੀਵਾਂ ਨੂੰ ਪਕੜ-੨ ਕੇ ਛੱਕ ਜਾਂਦੇ ਹਨ ਅਰ ਜਿਸ ਜਗਾ ਮਿੱਟੀ ਵਿੱਚ ਪਯਾ ਹੋਇਆ ਅਪਨਾ ਖਾਣਾ ਦੇਖਦੇ ਹਨ ਓਹ ਝੱਟ ਚੁਗ ਲੈਂਦੇ ਹਨ, ਅਰ ਓਹ ਇਹ ਭੀ ਕਰਦੇ ਹਨ ਜੋ ਸਾਰੇ ਆਪਸ ਵਿਚ ਮਿਲਕੇ ਨਾਲੇ ਬਾਤਾਂ ਕਰਦੇ ਹਨ ਅਤੇ ਨਾਲੇ ਅਪਨਾ ਪੇਟ ਭਰਦੇ ਹਨ।

ਇਸ ਤੋਂ ਮਗਰੋਂ ਫਿਰ ਹਰ ਇਕ ਅਪਨੇ ਆਰਾਮ ਲਈ ਰੁੱਖਾਂ ਦੀ ਹਰੀਆਂ ਸ਼ਾਖਾਂ ਪਰ ਬੈਠਕੇ ਵੱਡਾ ਆਨੰਦ ਕਰਦਾ ਹੈ, ਮਾਨੋ ਪਾਤਸ਼ਾਹ ਬਨਕੇ ਦਖਾਉਂਦਾ ਹੈ। ਇਹ ਹਾਲਤ ਅਸੀਂ ਅਪਨੇ ਬਚਾਓ ਅਰ ਪਾਲਨਾ ਲਈ ਜਾਨਵਰਾਂ ਦੀ ਦੇਖਦੇ ਹਾਂ।

ਇਸ ਤੇ ਅੱਗੇ ਜਦ ਅਸੀਂ ਰੁੱਖਾਂ ਦਾ ਹਾਲ ਦੇਖਦੇ ਹਾਂ ਤਦ ਇਹ ਪਾਉਂਦੇ ਹਾਂ ਕਿ ਭਾਵੇਂ ਓਹ ਪੰਖੀਆਂ ਵਾਂਗ ਨੱਸਨ ਭੱਜਨ ਅਰ ਉੱਡਨ ਦੀ ਸਮਰੱਥਾ ਤਾਂ ਨਹੀਂ ਰਖਦੇ ਜਿਸ ਨਾਲ ਓਹ ਅਪਨਾ ਪੂਰਾ-੨ ਬਚਾਓ ਕਰ ਸੱਕਨ ਪਰੰਤੂ ਫਿਰ ਭੀ ਉਹ ਅਪਨੀ ਸ਼ਕਤੀ ਅਨੁਸਾਰ ਬਚਾਓ ਤੇ ਫਰਕ ਕਰਦੇ।

ਪਹਿਲੇ ਤਾਂ ਉਹ ਆਪ ਤੇ ਵੱਡੇ ਭਾਰੀ ਰੁਖ ਦੇ ਹੇਠ ਜਿਸ ਨੂੰ ਉਹ ਜਾਨਦੇ ਹਨ ਕਿ ਸਾਨੂੰ ਅਪਨੀ ਉੱਨਤੀ ਨਹੀਂ ਕਰਨ ਦੇਵੇਗਾ ਅਰ ਅਸੀਂ ਇਸ ਦੇ ਹੇਠ ਰਹਕੇ ਸੁੱਕ ਜਾਏ 'ਗੇ, ਤਦ ਉਹ ਅਪਨਾ ਮੂੰਹ ਅਜੇਹੇ ਪਾਸੇ ਨੂੰ ਫੇਰ ਲੈਂਦੇ ਹਨ ਜਿੱਧਰ ਉਸ ਦਾ ਸਾਇਆ ਨਾ ਪਵੇ, ਜਿਸ ਤੇ ਖੁਲ੍ਹੇ ਆਕਾਸ ਵਿੱਚ ਜਾਕੇ ਅਪਨੀਆਂ ਸ਼ਾਖਾਂ ਫੈਲਾ ਦਿੰਦੇ ਹਨ ਅਰ ਚੰਗੇ ਫਲਾਂ ਨਾਲ ਫਲਦੇ ਫੁੱਲਦੇ ਹਨ।

ਇਸ ਤੇ ਅੱਗੇ ਉਹ ਧਰਤੀ ਦੇ ਵਿਚੋਂ ਅਪਨੇ ਤਣਿਆ ਨਾਲ ਪਾਣੀ ਨੂੰ ਖਿੱਚਕੇ ਅਪਨੇ ਪੱਤੇ -੨ ਤੇ ਟਾਹਣੀ ੨ ਨੂੰ ਪਹੁੰਚਾਕੇ ਹਰੀ ਭਰੀ ਕਰਦੇ ਹਨ, ਇਸ ਤੇ ਬਿਨਾਂ ਆਪ ਥੋਂ ਕਮਜ਼ੋਰ ਰੁੱਖ ਨੂੰ ਦਬਾਕੇ ਮਗਰੋਂ ਆਪ ਹੀ ਰਹ ਜਾਂਦੇ ਹਨ ਜੋ ਇੱਕ ਭਾਰੀ ਘਨ ਸਾਇਆ ਵਾਲੇ ਹੁੰਦੇ ਹਨ, ਇਹ ਅਪਨੇ ਬਚਾਓ ਅਰ ਪਾਲਨ ਦਾ ਉਪਾਓ ਬ੍ਰਿਛ ਕਰਦੇ ਹਨ।

ਇਸ ਵਾਸਤੇ ਸਾਨੂੰ ਭੀ ਆਪਨੇ ਬਚਾਓ ਅਰ ਪੋਖਨ ਦਾ ਤਰੀਕਾ ਏਸੇ ਤਰ੍ਹਾਂ ਕਰਨਾ ਚਾਹੀਦਾ ਹੈ, ਜਿਸ ਤੇ ਅਸੀਂ ਭੀ ਉਨ੍ਹਾਂ ਪੰਖੀਆਂ ਅਤੇ ਰੁਖਾਂ ਵਾਂਗ ਸੁਖ ਪਾਈਏ ।

ਪਹਿਲੇ ਜਦ ਸਾਡੇ ਨਿਗਲ ਜਾਨ ਲਈ ਅਨਮਤੀ ਰੂਪੀ ਸੱਪ ਅਤੇ ਦੂਸਰੀ ਕੌਮਾਂ ਦੇ ਬਿੱਲੇ ਸਾਮ੍ਹਨੇ ਆ ਕੇ ਦਖਾਈ ਦੇਨ, ਤਦ ਅਸੀਂ ਭੀ ਅਪਨੇ ਉਪਦੇਸ਼ਾਂ ਦਾ ਰੌਲਾ ਪਾ ਦਈਏ ਅਰ ਉਸ ਵੇਲੇ ਨਿੱਕੇ ਵੱਡੇ ਭਾਈਆਂ ਨੂੰ ਅਪਨੀ ਦਰਦਨਾਕ ਅਵਾਜ਼ ਨਾਲ ਪ੍ਰਗਟ ਕਰੀਏ ਕਿ ਐ ਪੰਥ ਹਿਤੈਸ਼ੀਓ ਆਓ ਅਰ ਮਿਲੋ ਕਿਉਂਕਿ ਇਹ ਮਹਾਂ ਭਯਾਨਕ ਵਿਰੋਧੀ ਸਾਨੂੰ ਭੱਖਨਾਂ ਚਾਹੁੰਦੇ ਹਨ। ਇਸੇ ਤਰ੍ਹਾਂ ਸਾਡੇ ਵਿਚੋਂ ਭੀ ਜੋ ਵੱਡੇ ੨ ਵਿੱਦਵਾਨ ਉਨ੍ਹਾਂ ਦਲੇਰ ਜਾਨਵਰਾਂ ਵਾਂਗ ਹੋਨ ਸੋ ਅਪਨੀ ਯੁਕਤੀ ਉਕਤੀ ਦੇ ਪੰਜਯਾਂ ਅਰ ਗੁਰਮਤ ਦੇ ਪ੍ਰਮਾਨਾਂ ਦੀ ਚੁੰਜਾਂ ਮਾਰ ਕੇ ਉਨ੍ਹਾਂ ਦੀ ਹੋਸ਼ ਭੁਲਾ ਦੇਨ, ਅਰ ਜਿਤਨਾ ਚਿਰ ਓਹ ਅਪਨੀ ਕੁਤਰਕਾਂ ਨੂੰ ਲੈ ਕੇ ਚਲੇ ਨਾ ਜਾਣ ਉਤਨਾ ਚਿਰ ਅਸੀਂ ਅਪਨੇ ਉਪਦੇਸ਼ਾਂ ਦੇ ਸ਼ੋਰ ਸ਼ਰਾਬੇ ਨੂੰ ਬੰਦ ਨਾ ਕਰੀਏ, ਜਿਸ ਤੇ ਉਹ ਅਨਮਤੀ ਵਿਰੋਧੀ ਜ਼ਰੂਰ ਹੈ ਜੋ ਆਪਨੇ ਜੇਹਾ ਮੂੰਹ ਲੈ ਕੇ ਅਪਨੇ ਮਤਾਂ ਦੀਆਂ ਖੁੱਡਾਂ ਵਿਚ ਜਾ ਛਪਨਗੇ।

ਇਸ ਤੇ ਅੱਗੇ ਜੋ ਸਾਨੂੰ ਅਪਨੇ ਤੇ ਦੁਰਬਲ ਅਰ ਗਿਰੇ ਹੋਏ ਲੋਗ ਯਾ ਕੌਮਾਂ ਨਜ਼ਰੇ ਆਉਨ ਅਸੀਂ ਭੀ ਉਨ੍ਹਾਂ ਪਰ ਧਰਮ ਦੇ ਹਮਲੇ ਕਰਕੇ ਅਪਨੇ ਵਿੱਚ ਨਿਗਲ ਜਾਈਏ, ਕਿਉਂਕਿ ਅਜੇ ਤਕ ਦੁਨੀਆਂ ਪਰ ਅਜੇਹੀਆਂ ਕੌਮਾਂ ਹਨ ਜਿਨ੍ਹਾਂ ਦਾ ਕੋਈ ਵਾਲੀਵਾਰਸ

ਨਹੀਂ ਹੈ ਅਰ ਨਾ ਉਨ੍ਹਾਂ ਦਾ ਕੋਈ ਪੱਕਾ ਧਰਮ ਹੀ ਹੈ ਜਿਸ ਤੇ ਉਨ੍ਹਾਂ ਨੂੰ ਅਪਨੇ ਵਿਚ ਲੈ ਕਰਨ ਤੇ ਅਸੀਂ ਭੀ ਡਾਢੇ ਮੋਟੇ ਅਰ ਜ਼ੋਰਾਵਰ ਹੋ ਜਾਵਾਂਗੇ।

ਦੂਸਰਾ ਅਸੀਂ ਅਪਨੇ ਨਿਰਬਾਹ ਲਈ·ਨਿਰੀ ਸੁਸਤੀ ਹੀ ਨਾ ਅਖਤਯਾਰ ਕਰ ਬੈਠੀਏ ਕਿੰਤੂ ਵੱਡੀ ੨ ਸੌਦਾਗਰੀਆਂ, ਖੇਤੀ ਅਰ ਬਣਜ, ਬਯਾਪਾਰਾਂ ਅਤੇ ਸਪਾਹਗਰੀ ਨਾਲ ਅਪਨੀ ਪਾਲਨਾ ਕਰੀਏ, ਇਸ ਭੂਗੋਲ ਦੇ ਹਿੱਸਿਆਂ ਵਿੱਚ ਜਿੱਥੇ ਅਪਨਾ ਗੁਜ਼ਾਰਾ ਦੇਖੀਏ ਓਥੇ ਹੀ ਜਾ ਕੇ ਅਪਨਾ ਡੇਰਾ ਲਗਾ ਦੇਈਏ, ਜਿਸਤੇ ਅਸੀਂ ਵੱਡੇ ਦੌਲਤਵੰਦ ਹੋ ਜਾਏਂਗੇ, ਜਿਸ ਦਾ ਫਲ ਅੰਤ ਨੂੰ ਇਹ ਹੋਵੇਗਾ ਜੋ ਇਸ ਸੰਸਾਰ ਦੇ ਰੁੱਖ ਪਰ ਬੈਠਕੇ ਆਨੰਦ ਭੋਗਾਂਗੇ।

ਤੀਸਰਾ ਉਸ ਰੁੱਖ ਵਾਂਗ ਸਾਨੂੰ ਭੀ ਉਸ ਕੌਮ ਥੋਂ ਜੋ ਸਾਡੇ ਪਰ ਛਾਈ ਹੋਈ ਹੈ ਜੁਦਾ ਹੋਨ ਦੀ ਕੋਸ਼ਸ਼ ਕਰਨੀ ਚਾਹੀਏ ਅਰ ਅਪਨਾ ਅਲੱਗ ਹੋ ਕੇ ਪ੍ਰਚਾਰ ਕਰੀਏ ਜਿਸ ਤੇ ਨਸੰਗ ਹੋ ਕੇ ਫਲੀਏ ਫੁੱਲੀਏ, ਇਸ ਤੇ ਬਿਨਾਂ ਜੋ ਛੋਟੇ ਫਿਕਰਯਾਂ ਦੇ ਬੂਟੇ ਹਨ ਉਨ੍ਹਾਂ ਨੂੰ ਸੁਕਾਕੇ ਅਪਨੀ ਸਮਰੱਥਾ ਅਜੇਹੀ ਵਧਾਈਏ ਜਿਸ ਤੇ ਮੌਜਯ ਧੰਨ ਅਤੇ ਬਲ ਦੀ ਸ਼ਾਖਾ ਨਾਲ ਆਪ ਅਤੇ ਦੂਜਿਆ ਨੂੰ ਸੁੱਖ ਪ੍ਰਦਾਨ ਕਰੀਏ।

ਇਸ ਵਾਸਤੇ ਐ ਖਾਲਸਾ ਪੰਥ ਤੂੰ ਦੇਖ ਜੋ ਅਪਨੇ ਬਚਾਓ ਅਰ ਆਰਾਮ ਲਈ ਓਹ ਗਰੀਬ ਪੰਖੀ ਅਤੇ ਉਹ ਬੇਜ਼ਬਾਨ ਰੁੱਖ ਕਿਆ ੨ ਯਤਨ ਕਰਦੇ ਹਨ, ਪਰੰਤੂ ਸ਼ੋਕ ਦੀ ਬਾਤ ਹੈ ਜੋ ਤੇਰੇ ਵਿੱਚ ਅਜੇ ਇਨ੍ਹਾਂ ਜੀਵਾਂ ਜਿਤਨੀ ਭੀ ਸਮਝ ਅਪਨੇ ਜ਼ਿੰਦਾ ਰੱਖਨ ਲਈ ਪੈਦਾ ਨਹੀਂ ਹੋਈ, ਇਸ ਵਾਸਤੇ ਹੁਨ ਤੂੰ ਸਿਆਣਾ ਬਣ ਅਰ ਅਪਨੇ ਆਪ ਨੂੰ ਸੰਭਾਲ।

੨੯. ਸਾਡਾ ਦੁਨੀਆਂ ਪਰ ਫੈਲਨ ਦਾ ਉਪਾਉ (ਖ.ਅ.ਲ. ੧੮੯੯ ਈ:)

ਇਸ ਬਾਤ ਨੂੰ ਹਰ ਕੋਈ ਜਾਣਦਾ ਹੈ ਕਿ ਹਰ ਇੱਕ ਵਸਤੂ ਜਦ ਅਪਨੀ ਉੱਨਤੀ ਕਰਦੀ ਹੈ ਤਦ ਉਸ ਨੂੰ ਜ਼ਰੂਰ ਹੀ ਅਪਨੀ ਪਹਿਲੀ ਹਾਲਤ ਦਾ ਬਦਲਨਾ ਪੈਂਦਾ ਹੈ, ਅਰ ਉਸ ਦੇ ਬਦਲਨੇ ਵੇਲੇ ਉਸ ਨੂੰ ਕੁਛ ਕਲੇਸ਼ ਭੀ ਪ੍ਰਤੀਤ ਹੁੰਦੇ ਹਨ, ਪਰੰਤੂ ਜਦ ਉਹ ਅਪਨੇ ਕਲੇਸ਼ ਦਾ ਫਲ ਸੁਖ ਦੇਖਦੇ ਹੈ ਤਦ ਸਾਰੇ ਕਸ਼ਟ ਭੁੱਲ ਜਾਂਦੇ ਹਨ, ਅਰ ਉਹ ਸੁਖ ਹੀ ਉਸ ਦਾ ਇਸ਼ਟ ਹੋ ਜਾਂਦਾ ਹੈ।

ਥੋੜੇ ਹੀ ਸਾਲਾਂ ਦਾ ਅਰਸਾ ਹੋਇਆ ਹੈ ਜੋ ਬਾਰ ਵਿੱਚ ਆਬਾਦੀ ਕਰਨ ਦਾ

ਸ੍ਰਕਾਰ ਨੂੰ ਖਯਾਲ ਆਇਆ ਜਿਸ ਵਿੱਚ ਜ਼ਮੀਨਾਂ ਵੰਡਨੀਆਂ ਆਰੰਭ ਹੋਈਆਂ ਪਰੰਤੂ ਉਸ ਸਮਯ ਪਰ ਬਹੁਤ ਸਾਰੇ ਕ੍ਰਿਸਾਨ ਇਹ ਖਯਾਲ ਕਰਦੇ ਸਨ ਕਿ ਸਾਨੂੰ ਇਕ ਉਜਾੜੀ ਜੰਗਲੀ ਝਾੜੀ ਬੂਟੀਆਂ ਵਾਲੀ ਜ਼ਮੀਨ ਜਿੱਥੇ ਪਾਣੀ ਦਾ ਨਾਉਂ ਭੀ ਨਹੀਂ ਹੈ ਦੁਖਦਾਈ ਹੋਵੇਗੀ, ਅਰ ਇਹ ਸਾਡੇ ਘਰ ਦੇ ਖੇਤ ਹੀ ਗੁਜ਼ਾਰੇ ਜੋਗੇ ਕਾਫੀ ਹਨ।

ਪਰੰਤੂ ਉਸ ਵੇਲੇ ਕਈ ਕੁ ਦੂਰ ਅੰਦੇਸ਼ਾਂ ਨੇ ਇਹ ਆਰਾਮ ਨੂੰ ਛੱਡਕੇ ਅਪਨਾ ਇਰਾਦਾ ਪੱਕਾ ਕਰ ਲੀਤਾ ਜਿਸ ਤੇ ਅਪਨੇ ਬਾਲ ਬੱਚੇ ਅਰ ਡੰਗ੍ਰ ਪਸ਼ੂਆਂ ਨੂੰ ਲੈ ਕੇ ਬਾਰ ਨੂੰ ਤੁਰ ਪਏ, ਉਸ ਵੇਲੇ ਉਨ੍ਹਾਂ ਦਾ ਜਾਣਾ ਅਰ ਪੈਂਡੇ ਦੀ ਹਾਲਤ ਦੇਖਕੇ ਤਰਸ ਆਉਂਦਾ ਸਾ ਕਿਉਂਕਿ ਸਾਰੇ ਸਿਰ ਮੂੰਹ ਮਿੱਟੀ ਨਾਲ ਭਰੇ ਹੋਏ ਬਾਲ ਬੱਚੇ ਮੋਢਿਆਂ ਤੇ ਚੁੱਕੇ ਹੋਏ ਅਤੇ ਡੰਗਰ ਅੱਗੇ ਲਾਏ ਹੋਏ ਮਾਨੋਂ ਕੀਕਨਾਂ ਦਾ ਡੇਰਾ ਪ੍ਰਤੀਤ ਹੁੰਦਾ ਸਾ, ਅਰ ਉਨ੍ਹਾਂ ਦੀ ਹਾਲਤ ਦਯਾਂ ਦੇ ਜੋਗ ਸੀ ਅਤੇ ਜਦ ਉਨ੍ਹਾਂ ਨੇ ਬਾਰ ਵਿੱਚ ਜਾ ਕੇ ਦੇਖਯਾ ਤਦ ਉੱਥੇ ਭੀ ਬੀਆਬਾਨ ਉਜਾੜ ਪਈ ਹੈ ਜਿਸ ਵਿੱਚ ਪਾਣੀ ਦੀ ਖ਼ੁਆਰੀ ਅਰ ਮਕਾਨ ਦੀ ਲਾਚਾਰੀ ਹੈ, ਪਰ ਉਨ੍ਹਾਂ ਕ੍ਰਿਸਾਨਾਂ ਨੇ ਫਿਰ ਹੋਰ ਤਕਲੀਫ...... ਜੋ ਕਹੀਆਂ ਅਤੇ ਕੁਹਾੜੀਆਂ .... (ਇਥੋਂ ੨-੩ ਸਤਰਾਂ ਪੜ੍ਹੀਆਂ ਨਹੀਂ ਜਾ ਸਕੀਆਂ) ਜਦ ਉਨ੍ਹਾਂ ਨੂੰ ਕੁਝ ਕੁ ਉਮੈਦ ਹੋਈ ਅਰ ਡੰਗਰ ਵੱਛਾ ਚਰਾਉਨ ਲੱਗੇ ਤਦ ਪਚਾਧਿਆਂ ਨੇ ਅਜੇਹੇ ਹੱਥ ਦਿਖਾਏ ਜੋ ਚੰਗੀ ਘੋੜੀ ਯਾ ਗਾਈਂ ਮੱਝ ਚੁਰਾਕੇ ਲੈ ਜਾਨ, ਜਿਨ੍ਹਾਂ ਦਾ ਇਲਾਜ ਇਨ੍ਹਾਂ ਨੇ ਉਨ੍ਹਾਂ ਦਾ ਮੁਕਾਬਲਾ ਕੀਤਾ ਅਰ ਫਤੇ ਪਾਈ।

ਇਨ੍ਹਾਂ ਸਾਰੇ ਦੁੱਖਾਂ ਦਾ ਲਾਭ ਅਰ ਦੇਸ ਨਿਕਾਲਯਾਂ ਦਾ ਫਲ ਅੰਤ ਨੂੰ ਇਹ ਹੋਇਆ ਜੋ ਸਾਰੀ ਬਾਰ ਖਾਲਸਾ ਨਾਲ ਆਬਾਦ ਹੋ ਗਈ ਹੈ, ਮੁਲਤਾਨ ਅਤੇ ਝੰਗ ਦੇ ਇਲਾਕੇ ਜਿੱਥੇ ਖਾਲਸਾ ਦਾ ਨਾਉਂ ਭੀ ਨਹੀਂ ਸਾ ਅੱਜ ਜਗ੍ਹਾ-੨ ਪਰ ਧਰਮਸਾਲਾਂ ਅਰ ਗੁਰੂ ਗ੍ਰੰਥ ਸਾਹਿਬ ਬ੍ਰਾਜ ਰਹੇ ਹਨ ਅਤੇ ਗੁਰ ਮ੍ਰਯਾਦਾ ਹੋ ਰਹੀ ਹੈ, ਜਿਸ ਤੇ ਆਸ਼ਾ ਪੈਂਦੀ ਹੈ ਕਿ ਥੋੜੇ ਹੀ ਅਰਸੇ ਤਕ ਉਨ੍ਹਾਂ ਨੂੰ ਪੁਰਾਣਾਂ ਦੇਸ ਭੁੱਲ ਜਾਏਗਾ। ਜਦ ਅਸੀਂ ਇਸ ਛੋਟੇ ਜੇਹੇ ਦ੍ਰਿਸ਼ਟਾਂਤ ਤੇ ਦੇਖਦੇ ਹਾਂ ਕਿ ਬਾਰ ਵਿੱਚ ਅੱਜ ਕੱਲ ਖਾਲਸਾ ਹਜ਼ਾਰਾਂ ਪਤੀ ਹੋ ਗਿਆ ਹੈ ਅਰ ਵੱਡੇ ਹੀ ਆਨੰਦ ਵਿੱਚ ਦੇਖੀਦਾ ਹੈ, ਤਦ ਇਸੇ ਤਰ੍ਹਾਂ ਜਦੋਂ ਇਹੋ ਖਾਲਸਾ ਦੂਰ -੨ ਦੇ ਟਾਪੂਆਂ ਵਿੱਚ ਜਾ ਕੇ ਆਬਾਦ ਹੋਵੇਗਾ ਤਦ ਜ਼ਰੂਰੀ ਹੈ ਜੇ ਕੋਈ ਸਮਾਂ ਪਾ ਕੇ ਧਨਵਾਨ ਹੋ ਜਾਏਗਾ ਅਤੇ ਪੰਜਾਬ ਦੀ ਪ੍ਰੀਤੀ ਧਰਮ ਕਰਕੇ ਤਾਂ ਰੱਖੇਗਾ ਪਰ ਦੇਸ ਕਰਕੇ ਛੱਡ ਦਏਗਾ।

ਅਰਬ, ਰੂਮ, ਕਾਬਲ ਅਤੇ ਹਿੰਦੁਸਤਾਨ ਦੇ ਮੁਸਲਮਾਨ ਆਪਸ ਦੇ ਪਹਰਾਵੇ ਅਰ ਬੋਲ ਚਾਲ ਅਤੇ ਦੇਸ ਦੇ ਲਿਹਾਜ਼ ਕਰਕੇ ਇੱਕ ਜੈਸੇ ਨਹੀਂ ਹਨ ਪਰੰਤੂ ਕੌਮ ਅਰ ਧਰਮ ਦੇ ਸੀਗੇ ਵਿੱਚ ਇੱਕ ਰੂਪ ਹਨ, ਇਸੇ ਤਰ੍ਹਾਂ ਜਦ ਖਾਲਸਾ ਭਾਈ ਬ੍ਰਹਮਾਂ, ਮਲਾਇਆ, ਆਸਾਮ, ਚੀਨ, ਜਾਪਾਨ ਅਤੇ ਐਫਰੀਕਾ ਜੈਸੇ ਦੇਸਾਂ ਵਿੱਚ ਅਪਨੀ ਬੂਦੋਬਾਸ਼ ਕਰ ਲੈਨਗੇ ਤਦ ਆਸ਼ਾ ਪੈਂਦੀ ਹੈ ਜੋ ਉਨ੍ਹਾਂ ਟਾਪੂਆਂ ਵਿੱਚ ਵੱਡੇ ੨ ਧਨੀ ਹੋ ਜਾਨਗੇ, ਅਰ ਉਹ ਗੁਰਦੁਆਰੇ ਜੋ ਉਨ੍ਹਾਂ ਨੇ ਹਜ਼ਾਰਾਂ ਰੁਪਏ ਖਰਚ ਕੇ ਬਨਾਏ ਹਨ ਆਬਾਦ ਰਹਨਗੇ, ਪਰੰਤੂ ਧਰਮ ਦੇ ਸਬੰਧ ਨਾਲ ਉਸ ਦਾ ਇਸ ਦੇਸ ਦੇ ਖਾਲਸਾ ਨਾਲ ਪੂਰਾ ੨ ਸੰਬੰਧ ਏਸੇ ਤਰ੍ਹਾਂ ਰਹੇਗਾ ਜਿਸ ਤਰ੍ਹਾਂ ਮੁਸਲਮਾਨਾਂ ਦਾ ਹਰ ਇੱਕ ਮੁਲਕ ਵਿੱਚ ਵਸਕੇ ਹੈ ।

ਪ੍ਰੰਤੂ ਇਸ ਵੱਡੇ ਕਾਰਜ ਦੇ ਕਰਨੇ ਵਿੱਚ ਦੋ ਵਸਤੂਆਂ ਦੀ ਵੱਡੀ ਲੋੜ ਹੈ, ਜਿਨ੍ਹਾਂ ਵਿਚੋਂ ਪਹਿਲੇ ਹੌਸਲਾ ਅਰ ਦੂਜਾ ਧਨ ਹੈ, ਕਿੰਤੂ ਇਨ੍ਹਾਂ ਦੋਨਾਂ ਵਸਤੂਆਂ ਦਾ ਪੂਰਾ ਕਰਨਾ ਕੋਈ ਕਠਨ ਬਾਤ ਨਹੀਂ ਹੈ ਕਿਉਂਕਿ ਜੋ ਸਿੱਖ ਬਚਪਨ ਤੇ ਉਨ੍ਹਾਂ ਟਾਪੂਆਂ ਵਿੱਚ ਜਾਕੇ ਬੁੱਢੇ ਹੋ ਗਏ ਹਨ ਅਰ ਧਨ ਰਖਦੇ ਹਨ ਸੋ ਮਰਨ ਦੇ ਵਾਸਤੇ ਪੰਜਾਬ ਵਿੱਚ ਆਉਨ ਦੀ ਉਨ੍ਹਾਂ ਨੂੰ ਕੋਈ ਲੋੜ ਨਹੀਂ ਹੈ, ਇਸ ਵਾਸਤੇ ਉਹ ਓਸੇ ਜਗ੍ਹਾ ਪਰ ਅਪਨੀਆਂ ਜ਼ਮੀਨਾਂ ਬਨਾਕੇ ਯਾ ਸੌਦਾਗਰੀਆਂ ਦੀ ਦੁਕਾਨਾਂ ਖੋਲ੍ਹਕੇ ਵੱਡੇ ੨ ਜ਼ਿਮੀਂਦਾਰ ਅਤੇ ਸੌਦਾਗਰ ਬਨ ਜਾਨ ਅਤੇ ਅਪਨੀ ਔਲਾਦ ਨੂੰ ਇੱਕ ਅੱਛਾ ਖਾਨਦਾਨ ਕਰਕੇ ਚਲੇ ਜਾਨ। ਜਦ ਇਹ ਖਾਲਸਾ ਰੌਣਕ ਪਰ ਹੋ ਗਿਆ ਤਦ ਉਸ ਦੇਸ ਦੀ ਬੋਲੀ ਸਿੱਖ ਕੇ ਅਪਨੇ ਧਰਮ ਉਪਦੇਸ਼ ਉਸ ਦੇਸ ਨਿਵਾਸੀਆਂ ਨੂੰ ਕਰਕੇ ਅਪਨੇ ਧਰਮ ਵਿੱਚ ਲਿਆਏਗਾ, ਜਿਸ ਪਰ ਆਸ਼ਾ ਪੈਂਦੀ ਹੈ ਜੋ ਸੌ ਸਾਲ ਤਕ ਖਾਲਸਾ ਸਾਰੇ ਟਾਪੂਆਂ ਵਿੱਚ ਫੈਲ ਜਾਏਗਾ। ਅਸੀਂ ਖਿਆਲ ਕਰਦੇ ਹਾਂ ਜੋ ਸਾਡੇ ਸੱਜਨ ਇਸ ਮਜ਼ਮੂਨ ਵੱਲ ਜ਼ਰੂਰ ਧਯਾਨ ਕਰਨਗੇ।

੩੦ ਕੁੜੀ ਮਾਰ (ਖ.ਅ.ਲ. ੧੯੯੯ ਈ:)

ਕੁੜੀ ਅਰਥਾਤ ਅਪਨੀ ਲੜਕੀ ਦਾ ਜੋ ਆਤਮ ਦਾ ਅਰਥਾਤ ਅਪਨੇ ਆਤਮਾ ਥੋਂ ਉਤਪਤ ਹੋਈ ਹੈ, ਘਾਤ ਕਰਨੇ ਵਾਲਾ ਆਦਮੀ ਆਤਮਘਾਤੀ ਅਰ ਮਹਾਂਪਾਪੀ ਹੈ ਜਿਸ ਤੇ ਐਸੇ ਨਿਰਦੈ ਪੁਰਖ ਦੇ ਨਾਲ ਸਬੰਧ ਰਖਨਾ ਐਸਾ ਹੀ ਬੁਰਾ ਹੈ ਜੈਸਾ ਕਿ ਇੱਕ ਜ਼ਾਲਮ ਆਦਮੀ ਨੂੰ ਇਹ ਖਿਆਲ ਕਰਕੇ ਕਿ ਇਸ ਦੇ ਜ਼ੁਲਮ ਦਾ ਫਲ ਇਸ ਨੂੰ ਮਿਲੇਗਾ ਪ੍ਰੀਤੀ ਰੱਖਕੇ ਪਾਪ ਨੂੰ ਜ਼ਿਆਦਾ ਵਧਾਉਨਾ ਹੈ। ਲੜਕੀ ਉਹ ਵਸਤੂ ਹੈ ਜੋ ਅਪਨੀ ਉਮਰਾ ਪਰ

ਪਹੁੰਚ ਕੇ ਪੁਰਖ ਦਾ ਅੱਧਾ ਹਿੱਸਾ ਆਖਯਾ ਜਾਂਦਾ ਹੈ ਜਿਸ ਤੇ ਬਿਨ੍ਹਾਂ ਇਹ ਪ੍ਰਾਣੀ ਅਪਨਾ ਸੰਸਾਰਕ ਕੰਮ ਪੂਰਾ ਨਹੀਂ ਕਰ ਸਕਦਾ ਇਸ ਵਾਸਤੇ ਇਸ ਦਾ ਬਿਨਾਂ ਕਿਸੇ ਨਮਿੱਤ ਤੇ ਮਾਰ ਸੁੱਟਨਾ ਈਸ੍ਵਰ ਦੀ ਸੰਸਾਰਕ ਮਨੁੱਖ ਸਿਸ੍ਰਟੀ ਦੇ ਅੱਧੇ ਹਿੱਸੇ ਦਾ ਘਾਤ ਕਰਨਾ ਹੈ ਜੋ ਮਹਾਂ ਖੂਨੀ ਯਾ ਧਰਮ ਘਾਤੀ ਦਾ ਕੰਮ ਹੈ।

ਇਸਤ੍ਰੀ ਬਿਨਾਂ ਇਹ ਪਾਪ ਹੋਰ ਭੀ ਵਧਕੇ ਅਪਨਾ ਭਯਾਨਕ ਰੂਪ ਦਿਖਾਉਂਦਾ ਹੈ ਜੈਸਾ ਕਿ ਪਸੂ ਅਤੇ ਪੰਖੀਆਂ ਦੇ ਮਾਰਨੇਹਾਰੇ ਇਸੀ ਤਰ੍ਹਾਂ ਕ੍ਰੋਧ ਵਿੱਚ ਆ ਕੇ ਕਿਸੇ ਗੁਣ ਦੋਖ ਦੇ ਕਾਰਨ ਆਦਮੀ ਯਾ ਇਸਤ੍ਰੀ ਪਰ ਵਾਰ ਕਰਨ ਵਾਲੇ ਪੁਰਖਾਂ ਦਾ, ਕਿਸੇ ਪਰਕਾਰ ਦਾ ਅਪਨਾ ਲਾਭ ਯਾ ਹਾਨੀ ਦਾ ਕਾਰਨ ਹੁੰਦਾ ਹੈ ਪ੍ਰੰਤੂ ਉਸ ਜੀਵ ਨੂੰ ਜੋ ਸੰਸਾਰ ਪਰ ਆ ਕੇ ਅਜੇ ਅਪਨੇ ਉਨ੍ਹਾਂ ਅੱਛੇ ਗੁਣਾਂ ਨੂੰ ਪਰਗਟ ਹੀ ਨਹੀਂ ਕਰ ਸਕਿਆ ਜੋ ਉਸ ਦੀ ਜ਼ਿੰਦਗੀ ਤੇ ਹੋਣੇ ਸੇ ਐਸੇ ਨਿਰਬਲ ਅਨਾਥ ਅਤੇ ਨਿਰ ਅਪਰਾਧ ਦੀ ਜਾਨ ਮਾਰਨ ਦਾ ਘੋਰ ਪਾਪ ਕਰਨਾ ਗੁਰੂ ਜੀ ਨੇ ਮਹਾਂਪਾਪ ਜਾਨਕੇ ਐਥੋਂ ਤਕ ਆਗਿਆ ਦਿੱਤੀ ਸੀ ਕਿ ਉਨ੍ਹਾਂ ਨਾਲ ਖਾਲਸਾ ਵਰਤਾਓ ਨਾ ਕਰੇ।

ਪ੍ਰੰਤੂ ਅੰਗ੍ਰੇਜ਼ੀ ਸਰਕਾਰ ਨੇ ਗੁਰੂ ਜੀ ਦੇ ਇਸ ਉਪਦੇਸ਼ ਨੂੰ ਐਥੋਂ ਤਕ ਪੂਰਾ ਕੀਤਾ ਹੈ ਕਿ ਐਸੇ ਮੰਦਕਰਮੀ ਨੂੰ ਕਾਲੇ ਪਾਣੀ ਅਤੇ ਫਾਂਸੀ ਦੀ ਸਜ਼ਾ ਦੇਣੀ ਉੱਤਮ ਸਮਝੀ ਅਰ ਇਸ ਪਾਪ ਨੂੰ ਰੋਕਿਆ ਹੈ। ਜੇ ਸਰਕਾਰ ਭੀ ਸਾਡੇ ਪ੍ਰਸ਼ਨ ਕਰਤਾ ਵਾਂਗ ਏਹੋ ਸਮਝ ਲੈਂਦੀ ਕਿ ਜੋ ਕਰੇਗਾ ਸੋ ਅਪਨੇ ਪਾਪ ਦਾ ਫਲ ਪਰਮੇਸ਼ਰ ਤੇ ਪਾਇਗਾ ਤਾਂ ਕੁੜੀਮਾਰਾਂ ਦੇ ਖਾਨਦਾਨ ਕਦੇ ਕਿਸੇ ਕੰਨਯਾ ਦੇ ਪਿਤਾ ਹੁੰਦੇ ਹੀ ਨਾ, ਇਸ ਵਾਸਤੇ ਸਾਡੇ ਮਿੱਤ੍ਰ ਨੂੰ ਚਾਹੀਦਾ ਹੈ ਜੋ ਪਾਪੀ ਦਾ ਸਾਥੀ ਯਾ ਹਮਾਇਤੀ ਭੀ ਪਾਪ ਵਿੱਚ ਹਿੱਸਾ ਲੈਨ ਵਾਲਾ ਸਮਝ ਕੇ ਇਸ ਖਯਾਲ ਨੂੰ ਦੂਰ ਕਰ ਦੇਵੇ।

੩੧. ਸਾਰਾ ਗੜ੍ਹੀ ਦੇ ਸ਼ਹੀਦ (ਖ.ਅ.ਲ. ੧੮੯੯ ਈ:)

ਸਾਡੇ ਜਾਤੀ ਤਜ਼ਰਬੇ ਨੇ ਇਹ ਬਾਤ ਅੱਖੀਂ ਦਿਖਾ ਦਿੱਤੀ ਹੈ ਕਿ ਕਮਾਈ ਵਾਲੇ ਪੁਰਖਾਂ ਦੀ ਕਮਾਈ ਕਦੇ ਭੀ ਅਨਥਾ ਨਹੀਂ ਜਾਂਦੀ, ਜਿਸ ਤੇ ਉਹ ਕਦੇ ਨਾ ਕਦੇ ਪ੍ਰਗਟ ਹੁੰਦੀ ਹੈ। ਇਨ੍ਹਾਂ ਸ਼ਹੀਦਾਂ ਦੀ ਯਾਦਗਾਰ ਵਾਸਤੇ ਅਸਾਂ ਨੇ ਵੱਡੇ ਹੀ ਜ਼ੋਰ ਨਾਲ ਪੁਕਾਰ ਕੀਤੀ ਸੀ ਕਿ ਓਸੇ ਜਗ੍ਹਾ ਹੋਨੀ ਚਾਹੀਦੀ ਹੈ ਜਿਸ ਜਗ੍ਹਾ ਓਹ ਸੂਰਬੀਰ ਅਪਨੀਆਂ ਪਯਾਰੀਆਂ ਜਾਨਾਂ ਕੁਰਬਾਨ ਕਰ ਗਏ ਸਨ ਪਰੰਤੂ ਸਾਡੇ ਮਿੱਤ੍ਰਾਂ ਨੇ ਚੰਦੇ ਵਾਸਤੇ ਵੱਡੇ ੨

ਇਸ਼ਤਿਹਾਰ ਦਿਤੇ ਪਰ ਯਾਦਗਾਰ ਦਾ ਨਾਮ ਤਕ ਭੀ ਪ੍ਰਗਟ ਨਾ ਕੀਤਾ, ਕੋਈ ਆਖਦਾ ਸਾ ਕਿ ਅੰਮ੍ਰਿਤਸਰ ਵਿੱਚ ਬਨੇਗੀ ਅਰ ਕੋਈ ਕਹਿੰਦਾ ਸੀ ਕਿ ਮੁਕਤਸਰ, ਕੋਈ ਤਰਨਤਾਰਨ ਲਈ ਛਾਪਦਾ ਸੀ ਫਿਰ ਬਿਲਕੁਲ ਚੁੱਪਚਾਪ ਹੋ ਗਈ।

ਪਰ ਉਨ੍ਹਾਂ ਸੱਚੇ ਬਹਾਦਰਾਂ ਦੀ ਹੱਡੀਆਂ ਨੇ ਉਨ੍ਹਾਂ ਹੀ ਭਿਆਨਕ ਪਹਾੜਾਂ ਵਿਚ ਫਰਯਾਦ ਕੀਤੀ ਕਿ ਹੇ ਕਲਗੀਧਰ ਮਹਾਰਾਜ ਕਿਆ ਆਪ ਸਾਨੂੰ ਮਿੱਟੀ ਨਾਲ ਮਿੱਟੀ ਮਿਲਾ ਕੇ ਮਿੱਟੀ ਕਰ ਦੇਵੋਗੇ, ਜਿਸ ਪਰ ਗੁਰੂ ਜੀ ਮਹਾਰਾਜ ਨੇ ਉਨ੍ਹਾਂ ਦੀ ਪੁਕਾਰ ਸੁਨੀ ਅਤੇ ਉਸ ਜਗ੍ਹਾ ਪਰ ਯਾਦਗਾਰ ਕਾਇਮ ਕਰਾਈ ਅਤੇ ਸਰਕਾਰੀ ਜੰਗੀ ਅਫਸਰਾਂ ਦੇ ਦਿਲਾਂ ਵਿੱਚ ਉਨ੍ਹਾਂ ਦੀ ਹਮਦਰਦੀ ਵਸਾਈ।

ਸਾਰਾ ਗੜ੍ਹੀ ਦੀ ਲੜਾਈ (ਲੇਖਕ ਪ੍ਰੀਤਮ ਸਿੰਘ ਐਮ.ਏ. ਵੱਲੋਂ)

ਭਾਰਤ ਦੀ ਉਤਰੀ ਪੱਛਮੀ ਸਰਹੱਦ ਉਤੇ ਸਥਿੱਤ ਸਾਰਾਗੜ੍ਹੀ (ਹੁਣ ਪਾਕਿਸਤਾਨ ਵਿੱਚ) ਦੀ ਸੰਸਾਰ ਪ੍ਰਸਿੱਧ ਲੜਾਈ ੧੨ ਸਤੰਬਰ, ੧੮੯੭ ਨੂੰ ੩੬ ਸਿੱਖ ਰਜ਼ਮੈਂਟ ਦੇ ੨੧ ਭਾਰਤੀ ਜਵਾਨਾਂ (ਬ੍ਰਿਟਿਸ਼ ਫੌਜ) ਨੇ ਅਫਗਾਨਿਸਤਾਨ ਦੇ ਹਜ਼ਾਰਾਂ ਬਾਗੀ ਪਠਾਣਾਂ ਵਿਰੁੱਧ ਲੜੀ ਸੀ। ਇਸ ਲੜਾਈ ਵਿੱਚ ਸਾਰੇ (੨੧) ਸਿੱਖ ਫੌਜੀਆਂ ਨੂੰ ਸ਼ਹੀਦ ਹੋਣ ਉਪਰੰਤ ਸਭ ਤੋਂ ਵੱਡਾ ਬਹਾਦਰੀ ਸਨਮਾਨ "ਇੰਡੀਅਨ ਆਰਡਰ ਆਫ ਮੈਰਿਟ" ਪ੍ਰਾਪਤ ਕੀਤਾ ਸੀ। ਇਹ ਉੱਤਮ ਦਰਜ਼ੇ ਦੀ ਕੁਰਬਾਨੀ ਉਤਸ਼ਾਹ ਅਤੇ ਭਾਰਤੀ ਫੌਜੀਆਂ ਦੀ ਫਰਜ਼ਾਂ ਪ੍ਰਤੀ ਇਮਾਨਦਾਰੀ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਸਰਹੱਦੀ ਇਲਾਕੇ ਵਿੱਚ ਅੰਗਰੇਜ਼ਾਂ ਨੇ ਲਾਕਹਾਰਟ ਅਤੇ ਗੁਲਿਸਤਾਨ ਦੇ ਕਿਲੇ ਬਣਾਏ ਸਨ ਜਿਨ੍ਹਾਂ ਵਿਚਕਾਰ ੬੦੦੦ ਫੁੱਟ ਦੀ ਉਚਾਈ ਉਤੇ ਸਾਰਾਗੜ੍ਹੀ ਦੀ ਚੌਕੀ ਬਣਾਈ ਸੀ। ਹਵਾਲਦਾਰ ਈਸ਼ਰ ਸਿੰਘ ਦੀ ਕਮਾਂਡ ਹੇਠ ੨੧ ਸਿੱਖ ਫੌਜੀ ਅਮਲੇ ਦਾ ਪਿਛਲੇ ੫ ਸਾਲ ਤੋਂ ਕਬਜ਼ਾ ਸੀ। ੧੮੯੬ ਵਿੱਚ ਪਠਾਣਾਂ ਨੇ ਅੰਗਰੇਜ਼ ਸਰਕਾਰ ਵੱਲੋਂ ਵਪਾਰੀਆਂ ਨੂੰ ਸੁਰੱਖਿਆ ਦੇਣ ਦੀ ਨੀਤੀ ਵਿਰੁੱਧ ਬਗਾਵਤ ਕਰ ਦਿੱਤੀ ਜਿਸ ਕਰਕੇ ਸਿੱਖ ਬਟਾਲੀਅਨ ੩੧ ਦਸੰਬਰ, ੧੮੯੬ ਨੂੰ ਕੋਹਾਟ ਪਹੁੰਚ ਗਈ ਅਤੇ ੨ ਜਨਵਰੀ, ੧੮੯੭ ਨੂੰ ਲਾਕਹਾਰਟ ਕਿਲੇ ਨੂੰ ਕਬਜ਼ੇ ਵਿੱਚ ਲੈ ਲਿਆ। ਕਿਲੇ ਦੇ ੫ ਮੀਲ ਦੇ ਘੇਰੇ ਵਿੱਚ ਸਾਰਾਗੜ੍ਹੀ, ਦਾਰ, ਸੰਗਰ, ਸਰਟਰੋਪ, ਕਰੈਂਗ ਅਤੇ ਗੁਲਿਸਤਾਨ ਥਾਵਾਂ ਉਤੇ ਫੌਜੀ ਦਸਤੇ ਤਾਇਨਾਤ ਸਨ। ਬਾਗੀ ਪਠਾਣਾਂ ਦਾ ਗੜ੍ਹ ਕੋਹਾਟ ੪੦ ਕਿਲੋਮੀਟਰ ਉਤੇ ਸੀ। ੨੭ ਅਗਸਤ ਤੋਂ ੮ ਸਤੰਬਰ, ੧੮੯੭ ਨੂੰ

ਕਬਾਇਲੀਆਂ ਨੇ ਇਕ ਹਮਲਾ ਕੀਤਾ ਜਿਸ ਨੂੰ ੧੦ ਸਤੰਬਰ, ੧੮੯੭ ਨੂੰ ਖਨਕੀ ਘਾਟੀ ਵੱਲ ਪਿਛੇ ਧੱਕ ਦਿੱਤਾ। ਅਗਲੇ ਦਿਨ ਹੀ ੧੦ ਹਜ਼ਾਰ ਕਬਾਇਲੀਆਂ ਨੇ ਸਮਾਣਾ ਪੋਸਟ ਉਤੇ ਹਮਲਾ ਕਰ ਦਿੱਤਾ ਜੋ ਚਾਰ ਵਾਰ ਨਾਕਾਮ ਕਰ ਦਿੱਤਾ ਸੀ। ਅਫਰੀਦੀ ਕਬਾਇਲੀਆਂ ਨੇ ਸਲਾਹ ਕਰਕੇ ਘੱਟ ਨਫਰੀ ਕਰਕੇ ੧੨ ਸਤੰਬਰ, ੧੮੯੭ ਨੂੰ ਸਵੇਰੇ ੯.੩੦ ਵਜੇ ਸਾਰਾਗੜ੍ਹੀ ਉਤੇ ਵੱਡਾ ਹੱਲਾ ਬੋਲ ਦਿੱਤਾ, ਦੁਪਹਿਰ ਤੱਕ ਲੜਾਈ ਹੁੰਦੀ ਰਹੀ। ੨੧ ਫੌਜੀਆਂ ਵਿਚੋਂ ਜਦੋਂ ੧੦ ਕੁ ਹੀ ਰਹਿ ਗਏ ਤਾਂ ਕਮਾਂਡਿੰਗ ਅਫਸਰ ਕਰਨਲ ਹੇਰਾਟਨ ਨੇ ਬਚਾਓ ਦਲ ਲੈ ਕੇ ਹੰਭਲਾ ਮਾਰਿਆ ਪਰ ਸਫਲ ਨਾ ਹੋਏ। ਉਸ ਸਮੇਂ ਬਾਹਰ ਝਾੜੀਆਂ ਨੂੰ ਅੱਗ ਲਗਾਕੇ ਧੂੰਏ ਦੀ ਓਟ ਵਿੱਚ ਦੋ ਪਠਾਣਾਂ ਨੇ ਗੜ੍ਹੀ ਦੀ ਕੰਧ ਵਿੱਚ ਹਥੌੜਿਆਂ ਨਾਲ ਮੋਘਾ ਕਰ ਲਿਆ, ਬਹੁਤ ਸਾਰੇ ਪਠਾਣ ਗੜ੍ਹੀ ਵਿੱਚ ਜਾ ਪਹੁੰਚੇ ਪਰੰਤੂ ਸਾਰਾਗੜ੍ਹੀ ਉਤੇ ਕਬੰਜ਼ਾ ਨਾ ਹੋਣ ਦਿਤਾ ਅਤੇ ਹੁਣ ਛੇ ਵਿਚੋਂ ਪੰਜ (ਸੁੰਦਰ ਸਿੰਘ, ਹੰਸਾ ਸਿੰਘ, ਜੀਵਨ ਸਿੰਘ, ਸੋਭਾ ਸਿੰਘ ਅਤੇ ਭੋਲਾ ਸਿੰਘ) ਸ਼ਹੀਦ ਹੋ ਗਏ ਤਾਂ ਬਾਕੀ ਰਹਿਆ ਇੱਕ ਸਿਪਾਹੀ ਗੁਰਮੁੱਖ ਸਿੰਘ ਜਿਸਨੇ ਸੰਦੇਸ਼ ਭੇਜਿਆ ਕਿ ਹੁਣ ਮੈਂ ਇਕੱਲਾ ਅਤੇ ਮੇਰੀ ਰਾਈਫਲ ਬਾਕੀ ਹੈ। ਮੈਂ ਦੁਸ਼ਮਣਾਂ ਨੂੰ ਰੋਕੀ ਰੱਖਾਂਗਾ। ਸ਼ਾਮ ਦੇ ੩.੪੦ ਵਜੇ ਸਨ, ਇੱਕੋ ਜ਼ਖਮੀ ਫੌਜੀ ਸੀ, ਹਜ਼ਾਰਾ ਦੀ ਗਿਣਤੀ ਵਿੱਚ ਪਠਾਣ ਗੜ੍ਹੀ ਵਿੱਚ ਪਹੁੰਚੇ ਅਤੇ ਗੁਰਮੁੱਖ ਸਿੰਘ ਨੂੰ ਵੀ ਸ਼ਹੀਦ ਕਰ ਦਿੱਤਾ। ਅੰਗਰੇਜ਼ ਸਰਕਾਰ ਨੇ ਸਿੱਖ ਫੌਜੀ ਪਰੀਵਾਰਾਂ ਨੂੰ ਇੱਕ-੧ ਮੁਰੱਬਾ ਜ਼ਮੀਨ ਅਤੇ ਪੰਜ-੨ ਸੌ ਰੁਪਏ ਨਕਦ ਇਨਾਮ ਦਿੱਤੇ। ਉਨ੍ਹਾਂ ਵਿਚੋਂ ਬਹੁਤੇ ਫੌਜੀ ਫਿਰੋਜ਼ਪੁਰ ਅਤੇ ਅੰਮ੍ਰਿਤਸਰ ਤੋਂ ਸਨ। ਸਾਰਾਗੜ੍ਹੀ ਵਿਖੇ ਸ਼ਹੀਦ ਫੌਜੀਆਂ ਦੀ ਯਾਦ ਵਿੱਚ ਇੱਕ ਬੁਰਜ਼ੀ ਬਣਾਈ ਗਈ, ਲਾਕਹਾਰਟ ਕਿਲੇ ਵਿੱਚ ਸ਼ਹੀਦੀ ਲਾਨ ਬਣਾਈ ਗਈ। ੧੯੦੪ ਵਿੱਚ ਫਿਰੋਜ਼ਪੁਰ ਵਿਖੇ ਉਨ੍ਹਾਂ ਸ਼ਹੀਦ ਫੌਜੀਆਂ ਦੀ ਯਾਦ ਵਿੱਚ ਇਕ ਗੁਰਦੁਆਰਾ ਬਣਾਇਆ ਗਿਆ। ਬਾਅਦ ਵਿੱਚ ਸਰਕਾਰ ਨੇ ਅੰਮ੍ਰਿਤਸਰ ਵਿਖੇ ਵੀ ਸਾਰਾਗੜ੍ਹੀ ਦੇ ਫੌਜੀ ਸ਼ਹੀਦਾਂ ਦੀ ਯਾਦ ਵਿੱਚ ਇੱਕ ਗੁਰਦੁਆਰਾ ਬਣਾਇਆ ਸੀ। ਫਰਾਂਸ ਦੀ ਇੱਕ ਪੁਸਤਕ ਵਿੱਚ ਦੁਨੀਆਂ ਦੀਆਂ ੮ ਬਹਾਦਰੀ ਦੀਆਂ ਕਹਾਣੀਆਂ ਵਿੱਚ ਸਾਰਾਗੜ੍ਹੀ ਦੀ ਲੜਾਈ ਦੀ ਕਹਾਣੀ ਵੀ ਸ਼ਾਮਲ ਹੈ। ਸਿੱਖ ਰਜਮੈਂਟ ਵਲੋਂ ਹੁਣ ਹਰ ਸਾਲ ੧੨ ਸਤੰਬਰ ਨੂੰ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸ਼ਹੀਦੀ ਦਿਨ ਮਨਾਇਆ ਜਾਂਦਾ ਹੈ। ਭਾਰਤੀ ਫੌਜ਼ ਦਾ ਇਤਿਹਾਸ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਬਹਾਦਰੀ ਦੇ ਵਰਨਣ ਤੋਂ ਬਿਨਾਂ ਪੂਰਾ ਨਹੀਂ ਹੁੰਦਾ।

੩੨. ਅੰਗਰੇਜੀ ਰਾਜ ਬਾਰੇ (ਖ.ਅ.ਲ.੧੯੦੯ ਈ:)

(ੳ) ਸਰਕਾਰ ਅੰਗਰੇਜ਼ੀ ਦੀ ਹਕੂਮਤ ਵਿਚ ਸ਼ੇਰ ਅਤੇ ਬਕਰੀ ਇਕ ਘਾਟ ਪਰ ਪਾਣੀ ਪੀਂਦੇ ਹਨ ਜਿਸ ਦੇ ਅਦਲ ਅਤੇ ਇਨਸਾਫ ਦਾ ਸੂਰਜ ਦੁਨੀਆਂ ਪਰ ਪ੍ਰਕਾਸ਼ ਰਿਹਾ ਹੈ- ਸੋ ਕਿਯਾ ਹੋਇਆ ਜੋ ਸਾਡੇ ਪਰ ਨਾਲਸ ਕਰਨੇ ਵਾਲੇ ਵਡੇ ਵਡੇ ਦੌਲਤਵੰਦ ਆਦਮੀ ਹਨ।

(ਅ) ਗਵਰਨਮਿੰਟ ਅੰਗਰੇਜ਼ੀ ਦਾ ਧੰਨਵਾਦ ਕਰਨਾ ਸਭ ਤੋਂ ਵਧ ਕੇ ਮੁਖਯ ਧਰਮ ਹੈ ਕਿਉਂਕਿ ਜਿਸ ਦੇ ਪ੍ਰਤਾਪ ਤੇ ਹਰ ਇਕ ਆਦਮੀ ਆਪਣੀ ਰਾਇ ਬਿਨਾ ਕਿਸੀ ਰੋਕ ਟੋਕ ਦੇ ਆਮ ਪਰ ਪ੍ਰਗਟ ਕਰ ਦਿੰਦਾ ਹੈ ਅਰ ਉਸ ਪਰ ਕੋਈ ਜ਼ਾਲਮ ਜ਼ੁਲਮ ਨਹੀਂ ਕਰ ਸਕਦਾ।

(ੲ) ਪੁਰਾਨੇ ਸਮਯਾਂ ਪਰ ਜਦ ਸਾਡਾ ਖਯਾਲ ਜਾਂਦਾ ਹੈ ਤਦ ਹਰ ਇਕ ਮਹਾਤਮਾ ਨੂੰ ਅਪਨੇ ਖਯਾਲ ਪ੍ਰਗਟ ਕਰਨ ਲਈ ਵੱਡੀ ਭਾਰੀ ਦਿੱਕਤ ਹੁੰਦੀ ਸੀ, ਜਿਸ ਤੇ ਉਸ ਦਾ ਸੱਚ ਆਖਨਾ ਮੌਤ ਦਾ ਪਯਾਲਾ ਪੀਣਾ ਦਿਸਦਾ ਸੀ।

(ਸ) ਜਦ ਅਸੀਂ ਅੱਜ ਕਲ ਸਰਕਾਰ ਅੰਗਰੇਜ਼ੀ ਦੇ ਅਮਨ ਵਾਲੇ ਰਾਜ ਵੱਲ ਵੇਖਦੇ ਹਾਂ ਤਦ ਇੱਕ ਸਤਯੁਗ ਦਾ ਨਮੂਨਾ ਪਾਉਂਦੇ ਹਾਂ ਜਿਸ ਵਿੱਚ ਹਰ ਇਕ ਆਦਮੀ ਅਪਨੇ ਸੁਧਾਰ ਅਤੇ ਅਪਨੀ ਉੱਨਤੀ ਦਾ ਸਾਧਨ ਬਿਨਾਂ ਰੋਕ ਟੋਕ ਦੇ ਕਰ ਸਕਦਾ ਹੈ ।

(ਹ) ਪੰਜਾਬ ਦੀ ਧਾਰਮਕ ਹਾਲਤ ਬਹੁਤ ਹੀ ਗਿਰ ਗਈ ਸੀ ਜਿਸ ਦਾ ਪਹਿਲਾ ਰੱਛਕ ਸਰਕਾਰ ਅੰਗ੍ਰੇਜੀ ਦਾ ਜੰਗੀ ਸੀਗਾ ਹੀ ਸਾ ਉਸ ਤੇ ਬਿਨਾਂ ਰਹਤ ਮਰਯਾਦਾ ਨੂੰ ਸਭ ਲੋਗ ਤਲਾਂਜਲੀ ਦੇ ਗਏ ਸਨ, ਸਰਕਾਰ ਇਸ ਪੰਥ ਨੂੰ ਅਪਨਾ ਸੱਜਾ ਬਾਜੂ ਜਾਨਦੀ ਹੈ ਜਿਸ ਤੇ ਵੱਡੇ ੨ ਭਯਾਨਕ ਪਹਾੜਾਂ ਵਿਚ ਅਰ ਭਾਰੇ ੨ ਡਿਰਾਉਨੇ ਸਮੁੰਦਾਂ ਵਿੱਚ ਏਸੇ ਤਰ੍ਹਾਂ ਅਫਰੀਕਾ ਦੇ ਤੱਤੇ ਮੁਲਖਾਂ ਵਿੱਚ ਜਦ ੨ ਸਰਕਾਰ ਨੂੰ ਜੰਗ ਕਰਨ ਦਾ ਮੌਕਾ ਪਿਯਾ ਹੈ ਤਦ ਇਸ ਗੁਰੂ ਗੋਬਿੰਦ ਸਿੰਘ ਜੀ ਦੇ ਸੱਚ ਪੁਤ੍ਰ ਖਾਲਸਾ ਧਰਮ ਵਾਲੇ ਪੰਥ ਨੇ ਹੀ ਵਧ ੨ ਉਸ ਦੀ ਫਤਹ ਵਿੱਚ ਹਿੱਸਾ ਲੀਤਾ ਹੈ, ਜਿਸ ਦੇ ਬਦਲੇ ਵੱਡੇ ੨ ਵਾਈਸਰਾ ਅਤੇ ਜੰਗੀ ਲਾਟਾਂ ਨੇ ਅਪਨੀ ਕਲਮਾਂ ਨਾਲ ਇਹ ਬਾਤ ਲਿਖੀ ਹੈ ਕਿ ਸਿੱਖਾਂ ਜੈਸਾ ਬਹਾਦ੍ਰ ਦੁਨੀਆਂ ਪਰ ਹੋਰ ਕੋਈ ਸਿਪਾਹੀ ਨਹੀਂ ਹੈ।

ਅਸੀਂ ਆਸਾ ਰਖਦੇ ਹਾ ਜੋ ਸਾਡੇ ਖਾਲਸਾ ਸਿੰਘ ਭਾਈ ਜਿਸ ੨ ਟਾਪੂ ਅਤੇ ਦੇਸਾਂ ਵਿਚ ਬਿਰਾਜ ਰਹੇ ਹਨ ਸੋ ਉਸੇ ੨ ਜਗਾ ਦੇ ਬਾਸ਼ਿੰਦਿਆਂ ਨੂੰ ਧਰਮ ਵੱਲ ਲਗਾ ਕਰ ਖਾਲਸਾ ਸਜਾਉਣ ਦਾ ਯਤਨ ਕਰਨਗੇ ਜਿਸ ਦਾ ਫਲ ਇਹ ਹੋਵੇਗਾ ਕਿ ਸਾਰੇ ਦੁਨੀਆਂ ਦੇ ਹਿੱਸੇ ਵਿੱਚ ਖਾਲਸਾ ਦਾ ਹਿੱਸਾ ਅਤੇ ਅਬਾਦੀ ਹੋਨ ਤੇ ਧਰਮ ਅਤੇ ਸਰਕਾਰ ਅੰਗਰੇਜ਼ੀ ਨੂੰ ਸਹਾਇਤਾ ਲਈ ਅਮਨ ਦੀ ਉੱਨਤੀ ਹੋਵੇਗੀ।

੩੩. ਇਤਫਾਕ ਕਿਯਾ ਵਸਤੂ ਹੈ ? (ਖ.ਅ.ਲ. ੧੯00 ਈ:)

ਅੱਜ ਕੱਲ ਬਹੁਤ ਸਾਰੇ ਲੋਗ ਕੰਨਾਂ ਵਿੱਚ ਏਹੋ ਅਵਾਜ਼ ਪਾਉਂਦੇ ਹਨ ਕਿ ਜਿਤਨਾ ਚਿਰ ਇਤਫਾਕ ਨਹੀਂ ਹੁੰਦਾ ਉਤਨਾ ਚਿਰ ਪੰਥ ਦੀ ਉੱਨਤੀ ਹੋਨੀ ਅਤੀ ਕਠਨ ਹੈ, ਅਰ ਬੱਹੁਤ ਸਾਰੀਆਂ ਅਖਬਾਰਾਂ ਵਿੱਚ ਇਸ ਵਿਸ਼ੇ ਪਰ ਮਜ਼ਮੂਨ ਨਿਕਲ ਚੁਕੇ ਅਰ ਨਿਕਲ ਰਹੇ ਹਨ ਕਿ ਆਪਸ ਵਿੱਚ ਇਤਫਾਕ ਕਰੋ ਅਰ ਅਪਨੇ ਆਪ ਨੂੰ ਸੁਧਾਰੋ।

ਇਸ ਪੁਕਾਰ ਨੂੰ ਅਸੀਂ ਵੱਡੀ ਹੀ ਇੱਜ਼ਤ ਨਾਲ ਸੁਨਦੇ ਅਰ ਅੱਖੀਂ ਨਾਲ ਦੇਖਦੇ ਹਾਂ ਅਤੇ ਇਸ ਬਾਤ ਪਰ ਅਸੀਂ ਭੀ ਪੂਰਾ ੨ ਵਿਸ਼ਵਾਸ ਰਖਦੇ ਹਾਂ ਅਰ ਜਾਨਦੇ ਹਾਂ ਕਿ ਇਹ ਬਿਲਕੁਲ ਸੱਤ ਹੈ ਕਿਉਂਕਿ ਜਿਤਨਾ ਚਿਰ ਸਾਡੇ ਆਪਸ ਵਿੱਚ ਇਤਫਾਕ ਨਹੀਂ ਹੁੰਦਾ ਉਤਨਾ ਚਿਰ ਸਾਡੀ ਹਾਲਤ ਬਹੁਤ ਹੀ ਖਰਾਬ ਸਮਝੀ ਜਾਏਗੀ, ਜਿਸ ਤੇ ਇਹ ਆਖਨਾ ਪੈਂਦਾ ਹੈ ਜੋ ਕਿਸੇ ਕੌਮ ਯਾ ਦੇਸ ਨੇ ਕਦੇ ਭੀ ਤਰੱਕੀ ਨਹੀਂ ਕੀਤੀ ਜਿਤਨਾ ਚਿਰ ਸਾਡਾ ਆਪਸ ਵਿੱਚ ਇਤਫਾਕ ਨਹੀਂ ਹੁੰਦਾ ਉਤਨਾ ਚਿਰ ਸਾਡੀ ਹਾਲਤ ਬਹੁਤ ਹੀ ਖਰਾਬ ਸਮਝੀ ਜਾਏਗੀ, ਜਿਸ ਤੇ ਇਹ ਆਖਨਾ ਪੈਂਦਾ ਹੈ ਜੋ ਕਿਸੇ ਕੌਮ ਯਾ ਦੇਸ ਨੇ ਕਦੇ ਭੀ ਤਰੱਕੀ ਨਹੀਂ ਕੀਤੀ ਜਿਤਨਾ ਚਿਰ ਉਸ ਵਿੱਚ ਇਤਫਾਕ ਦੀ ਨਵੀਂ ਜ਼ਿੰਦਗੀ ਨੇ ਕੰਮ ਨਹੀਂ ਕੀਤਾ। ਪਰੰਤੂ ਆਮ ਭਾਈਆਂ ਦੇ ਕਥਨ ਅਤੇ ਸਾਡੇ ਖਯਾਲ ਵਿੱਚ ਇਤਫਾਕ ਦੇ ਅਰਥ ਪਰ ਬਹੁਤ ਭੇਦ ਪ੍ਰਤੀਤ ਹੁੰਦਾ ਹੈ ਜਿਸ ਦਾ ਨਿਰਨਾ ਕਰਨੇ ਤੇ ਅਸੀਂ ਆਸ਼ਾ ਰੱਖਦੇ ਹਾਂ ਕਿ ਸਾਰੇ ਪਾਠਕ ਸਮਝ ਜਾਨਗੇ ਕਿ ਇਤਫਾਕ ਨਾਮ ਕਿਸ ਪਦਾਰਥ ਦਾ ਹੈ ?

ਸਾਡੇ ਭਾਈਆਂ ਨੇ ਇਤਫਾਕ ਦੇ ਅਸੂਲ ਇਹ ਸਮਝੇ ਹਨ ਕਿ ਹਰ ਇੱਕ ਕੌਮ ਦਾ ਸਹਾਇਕ ਆਪਸ ਵਿੱਚ ਮਿਲਕੇ ਬੈਠ ਜਾਏ ਅਰ ਕੋਈ ਕਿਸੇ ਪਰ ਕਿਸੇ ਪ੍ਰਕਾਰ ਦੀ ਨੁਕਤਾਚੀਨੀ ਨਾ ਕਰੇ, ਜਿਸ ਤੇ ਸਾਰੇ ਰਲ ਮਿਲਕੇ ਇਕ ਬਨੇ ਰਹਿਨ, ਅਤੇ ਅਮਨ ਦੇ ਨਾਲ ਸਾਰੀ ਕਾਰਰਵਾਈ ਹੋਵੇ ਜਿਸ ਵਿਚ ਕਿਸੇ ਦੀ ਕਾਰਰਵਾਈ ਪਰ ਕੋਈ ਕੁਤਰਕ ਨਾ

ਕੀਤੀ ਜਾਏ ਅਰ ਇਸੇ ਵਰਤਾਓ ਦਾ ਨਾਂ ਇਤਫਾਕ ਹੈ।

ਪਰੰਤੂ ਅਸੀਂ ਇਸ ਇਤਫਾਕ ਨੂੰ ਭਾਵੇਂ ਬੁਰਾ ਤਾਂ ਨਹੀਂ ਆਖਦੇ ਕਿੰਤੂ ਇਤਨਾ ਆਖਨਾਂ ਜ਼ਰੂਰੀ ਸਮਝਦੇ ਹਾਂ ਕਿ ਅਜੇਹੇ ਇਤਫਾਕ ਦਾ ਹੋਨਾ ਸਰਸੋਂ ਦੇ ਫੁੱਲਾਂ ਵਾਂਗ ਕੇਵਲ ਇੱਕ ਦਿਖਾਵਾ ਮਾਤ੍ਰ ਹੀ ਸੁੰਦਰ ਪ੍ਰਤੀਤ ਹੁੰਦਾ ਹੈ ਪਰੰਤੂ ਅਸਲ ਵਿੱਚ ਇਹ ਕਦੇ ਭੀ ਕਿਸੇ ਕਾਰਜ ਦੇ ਸਿੱਧ ਕਰਨੇ ਲਈ ਤਿਆਰ ਨਹੀਂ ਹੋਇਆ, ਇਸ ਵਾਸਤੇ ਅਸੀਂ ਇਸ ਪਰ ਇਤਨਾ ਆਖਦੇ ਹਾਂ ਕਿ ਸੱਚਾ ਇਤਫਾਕ ਓਹ ਹੈ ਜੋ ਇੱਕ ਅਸੂਲ ਪਰ ਕਾਇਮ ਕੀਤਾ ਜਾਏ ਅਰ ਜਿਸ ਪਰ ਕੌਮ ਦੇ ਸੱਚੇ ਹਿਤੈਸ਼ੀ ਅਪਨੇ ਆਪ ਨੂੰ ਕੁਰਬਾਨ ਕਰ ਦੇਨ ਲਈ ਤਿਆਰ ਹਨ।

ਪਹਿਲੀ ਤਰ੍ਹਾਂ ਦਾ ਇਤਫਾਕ ਜਦ ਮਸੀਹ ਨੇ ਕੀਤਾ ਸਾ ਤਦ ਉਸਦੇ ਬਾਰ੍ਹਵੇਂ ਚੇਲੇ ਨੇ, ਜੋ ਉਸ ਦੇ ਅਸੂਲ ਪਰ ਇਤਫਾਕ ਵਾਲਾ ਨਹੀਂ ਸੀ, ਮਸੀਹ ਨੂੰ ਬਾਦਸ਼ਾਹ ਨੂੰ ਪਕੜਾਕੇ ਉਸ ਦੀ ਸੂਲੀ ਦਾ ਕਾਰਨ ਹੋਇਆ ਪਰੰਤੂ ਜੋ ਗਯਾਰਾਂ ਚੇਲੇ ਉਸ ਦੇ ਅਸੂਲ ਪਰ ਇੱਕ ਜਾਨ ਸੇ ਉਨ੍ਹਾਂ ਦੇ ਹੱਥੋਂ ਹੀ ਮਸੀਹ ਦੀ ਜ਼ਿੰਦਗੀ ਦਾ ਪੁਰਖਾਰਥ ਸਫਲਾ ਹੋਇਆ।

ਇਸੇ ਪ੍ਰਕਾਰ ਦਸਮੇਂ ਪਾਤਸ਼ਾਹ ਜੀ ਦੇ ਸਮਯ ਵਿੱਚ ਭੀ ਸ਼ਬਦ ਬਾਣੀ ਸੁਨਨੇ ਵਾਲੇ ਅਰ ਨਿਰੇ ਕੜਾਹ ਪ੍ਰਸ਼ਾਦਿ ਛਕ ਕੇ ਅਰਦਾਸੇ ਸੋਧਨੇ ਵਾਲੇ ਪੁਰਖਾਂ ਦੇ ਇਤਫਾਕ ਨੇ ਉਹ ਨਫਾਕ ਪੈਦਾ ਕੀਤਾ ਜੋ ਸਮਯ ਬਨੇ ਪਰ ਸਭ ਬੇਦਾਵਾ ਲਿਖਕੇ ਨੱਸ ਗਏ ਸੇ ਕਿੰਤੂ ਜਿਨ੍ਹਾਂ ਸਿਦਕੀਆਂ ਦਾ ਇਤਫਾਕ ਧਰਮ ਪਰਚਾਰ ਦੇ ਅਸੂਲ ਪਰ ਇੱਕ ਸਾ ਉਨ੍ਹਾਂ ਨੇ ਹੀ ਅਪਨੀਆਂ ਜਾਨਾਂ ਇਕ ਤਿਨਕੇ ਤੇ ਭੀ ਤੁਛ ਜਾਨਕੇ ਗੁਰੂ ਦੇ ਨਾਮ ਪਰ ਕੁਰਬਾਨ ਕੀਤੀਆਂ ਸਨ, ਜੈਸਾ ਕਿ ਭਾਈ ਸੰਗਤ ਸਿੰਘ ਜੀ ਜੈਸੇ ਸੂਰਬੀਰ ਧਰਮਾਤਮਾ ਨੇ ਚਮਕੌਰ ਦੇ ਭਿਆਨਕ ਸਮਯ ਪਰ ਗੁਰੂ ਜੀ ਦੀ ਜਗ੍ਹਾ ਅਪਨੀ ਛਾਤੀ ਪਰ ਤੀਰ ਖਾਧੇ ਅਰ ਗੁਰੂ ਜੀ ਨੂੰ ਤੱਤੀ ਵਾਯੂ ਨਾ ਲੱਗਨ ਦਿੱਤੀ, ਇਸ ਤੇ ਇਹੋ ਸਿੱਧ ਹੋਇਆ ਕਿ ਸੱਚਾ ਇਤਫਾਕ ਓਹੋ ਹੈ ਜੋ ਧਰਮ ਦੇ ਅਸੂਲ ਪਰ ਕੀਤਾ ਜਾਏ ਕਿੰਤੂ ਜਿਸ ਇਤਫਾਕ ਵਿੱਚ ਅਪਨੇ ਅਸੂਲਾਂ ਦੀ ਪ੍ਰੌਢਤਾ ਨਹੀਂ ਹੈ ਸੋ ਸੱਚਾ ਇਤਫਾਕ ਨਹੀਂ ਹੈ ।

ਸੱਚੇ ਇਤਫਾਕ ਦੇ ਵਾਸਤੇ ਹੀ ਮਸੀਹ ਨੇ ਆਖਯਾ ਸਾ ਕਿ ਮੈਂ ਸੁਲਾ ਕਰਾਉਨ ਨਹੀਂ ਆਇਆ ਕਿੰਤੂ ਬਾਪ ਸੇ ਬੇਟੇ ਅਰ ਬੇਟੇ ਤੇ ਬਾਪ ਨੂੰ ਜੁਦਾ ੨ ਕਰਨੇ ਆਇਆ ਹਾਂ। ਇਸੇ ਇਤਫਾਕ ਦੇ ਵਾਸਤੇ ਮੁਹੰਮਦ ਸਾਹਿਬ ਨੇ ਤਲਵਾਰ ਪਕੜ ਕੇ ਅਰਬ ਦੇ ਬਸਨੇ

ਵਾਲਯਾਂ ਪਰ ਚਲਾਈ ਜਿਸ ਨਾਲ ਅਪਨੇ ਅਸੂਲਾਂ ਥੋਂ ਉਲਟ ਲੋਗਾਂ ਨੂੰ ਨਫਾਕ ਦੇ ਬੀਜ ਜਾਨਕੇ ਨਿਰਬੀਜ ਕੀਤਾ। ਇਸੇ ਪਰਕਾਰ ਦਸਮੇਂ ਪਾਤਸ਼ਾਹ ਜੀ ਨੇ ਅਪਨੀ ਚਮਕੀਲੀ ਤੇਗ ਦੇ ਨਾਲ ਝੂਠੇ ਇਤਫਾਕ ਵਾਲਯਾਂ ਨੂੰ ਨਸਾਕੇ ਪੰਜ ਸੱਚੇ ਇਤਫਾਕ ਵਾਲੇ ਚੁਨ ਲੀਤੇ, ਜਿਸ ਤੇ ਇਨ੍ਹਾਂ ਮਹਾਤਮਾਂ ਦੇ ਸਾਰੇ ਪੁਰਖਾਰਥ ਅਤੇ ਪਰੀਛਾ ਦੇ ਨਮੂਨੇ ਇਹ ਪੰਥ ਬਰਾਜਮਾਨ ਹੈ।

ਅਸੀਂ ਇਕ ਕਾਰੀਗਰ ਮਿਸਤ੍ਰੀ ਅਰ ਦਰਜ਼ੀ ਦੇ ਕੰਮ ਥੋਂ ਭੀ ਇਤਫਾਕ ਦਾ ਵੱਡਾ ਭਾਰੀ ਅਸੂਲ ਸਿੱਖ ਸਕਦੇ ਹਾਂ ਕਿਉਂਕਿ ਉਹ ਇਕ ਮੇਜ਼ ਬਨਾਉਣ ਸਮੇਂ ਅਰ ਦਰਜ਼ੀ ਅਪਨੇ ਕੋਟ ਸੀਉਨ ਦੇ ਵੇਲੇ ਇਹ ਖਯਾਲ ਨਹੀਂ ਕਰਦਾ ਕਿ ਅਸੀਂ ਲੱਕੜੀ ਦੇ ਸੱਕ ਅਰ ਕਪੜੇ ਦੀ ਟਾਕੀਆਂ ਨੂੰ ਵੱਢ ਕੱਟਕੇ ਕਯੋਂ ਨਫਾਕ ਪਾਉਂਦੇ ਹਾਂ ਕਿੰਤੂ ਸਭ ਦੇ ਮਿਲਾਪ ਨਾਲ ਹੀ ਮੇਜ਼ ਅਰ ਕੋਟ ਕਯੋਂ ਨਹੀਂ ਬਨਾ ਲੈਂਦੇ, ਪਰੰਤੂ ਉਹ ਜਾਨਦੇ ਹਨ ਕਿ ਇਹ ਸੱਕ ਅਰ ਲੀਰਾਂ ਜਿਤਨਾਂ ਚਿਰ ਰੰਦੇ ਅਤੇ ਕੈਂਚੀ ਨਾਲ ਦੂਰ ਨਹੀਂ ਕੀਤੀਆਂ ਜਾਨਗੀਆਂ ਅਰ ਇਨ੍ਹਾਂ ਦਾ ਨਫਾਕ ਨਹੀਂ ਕੀਤਾ ਜਾਏਗਾ ਉਤਨਾ ਚਿਰ ਮੇਜ਼ ਯਾ ਕੋਟ ਦੀ ਕੱਟੀਆਂ ਫੱਟੀਆਂ ਅਤੇ ਕਾਤ੍ਰਾਂ ਦਾ ਆਪਸ ਵਿਚ ਇਤਫਾਕ ਨਹੀਂ ਹੋਵੇਗਾ।

ਇਸੇ ਤਰ੍ਹਾਂ ਹੇ ਇਤਫਾਕ ਦੇ ਪਯਾਰੇ ਸੱਜਨੋਂ ਜੇ ਤੁਸੀਂ ਸੱਚਾ ਇਤਫਾਕ ਚਾਹੁੰਦੇ ਹੋ ਤਦ ਪਹਿਲੇ ਨਫਾਕ ਨੂੰ ਕੰਮ ਵਿਚ ਲਿਆਓ ਜਿਸ ਤੇ ਉਹ ਝੂਠੇ ਇਤਫਾਕ ਦੇ ਫੂੱਲ ਮਿਟ ਕੇ ਸੱਚੇ ਮਿਲਾਪ ਵਾਲੇ ਫਲਦਾਰ ਫੂੱਲਾਂ ਨੂੰ ਲੈ ਕੇ ਅਪਨਾ ਪ੍ਰਭਾਵ ਦਿਖਾਉਨ, ਇਸ ਵਾਸਤੇ ਨਿਰਾ ਮਿਲਕੇ ਬੈਠਨਾ ਹੀ ਇਤਫਾਕ ਨਹੀਂ, ਕਿੰਤੂ ਇਤਫਾਕ ਉਹ ਵਸਤੂ ਹੈ ਜੋ ਵਿਰੋਧੀ ਰੁਕਾਵਟਾਂ ਤੇ ਨਫਰਤ ਕਰਕੇ ਫਿਰ ਸਚਾਈ ਵੱਲ ਅਪਨੇ ਆਪ ਨੂੰ ਪ੍ਰੇਰ ਸਕਦੀਆਂ ਹਨ, ਆਸ਼ਾ ਹੈ ਕਿ ਸਾਡੇ ਸੱਜਨ ਇਤਫਾਕ ਦੇ ਅਸਲੀ ਤਾਤਪਰਜ ਨੂੰ ਜਾਨ ਗਏ ਹੋਨਗੇ।

੩੪.ਖਾਲਸਾ ਵਿੱਚ ਸਦਾ ਤੇ ਹੀ ਧੋਖਾ ਖਾਕੇ ਦੁੱਖ ਪਾਉਣੇ (੧)

(ਖ.ਅ.ਲ.੧੯੦੦ ਈ:)

ਲਾਹੌਰ ਦੇ ਘੱਰ ਦੀ ਬਹਾਦਰੀ ਅਤੇ ਮਹਾਰਾਜਾ ਰਣਜੀਤ ਸਿੰਘ ਸਾਹਿਬ ਸ਼ੇਰਿ ਪੰਜਾਬ ਦੀ ਰਾਜਨੀਤੀ ਇਕ ਇਸ ਪ੍ਰਕਾਰ ਦੀ ਪੇਚਦਾਰ ਸੀ ਜਿਸ ਦੇ ਸਮਝਨ ਲਈ ਵੱਡੇ ੨ ਨੀਤੀ ਨਿਪੁੰਨ ਲੋਕ ਭੀ ਰਹਿ ਜਾਂਦੇ ਸਨ, ਉਸ ਦੀ ਸਿੱਧੀ ਸਾਦੀ ਖੇਲ ਸਾਬਤ ਕਰਦੀ

ਸੀ ਕਿ ਇਸ ਦੇ ਅਕਬਾਲ ਦਾ ਝੰਡਾ ਜਿਸ ਦਰਜੇ ਪਰ ਝੂਲ ਰਿਹਾ ਸੀ ਉੱਥੇ ਅਜੇ ਤਕ ਹਿੰਦੁਸਤਾਨ ਦੀ ਦੇਸੀ ਰਿਆਸਤ ਨੂੰ ਕੋਈ ਜਗ੍ਹਾ ਨਹੀਂ ਹੈ ।

ਮਹਾਰਾਜਾ ਗੁਰਪੁਰ ਨਿਵਾਸੀ ਦੇ ਜੰਗੀ ਬਹਾਦਰ ਅਤੇ ਰਣਭੂਮੀ ਵਿੱਚ ਅਡੋਲ ਰਹਿਣੇ ਵਾਲੀ ਸਪਾਹ ਸਾਬਤ ਕਰਦੀ ਸੀ ਕਿ ਇਹ ਬਰਕਤ ਪੰਜਾਬ ਵਿੱਚ ਇੱਕ ਮਹਾਰਾਜਾ ਦੇ ਹੀ ਹੱਥ ਆਈ ਹੈ, ਜਿਸ ਤੇ ਤਾਰੀਖ ਇਸ ਬਾਤ ਦੀ ਗੁਵਾਹੀ ਦੇਂਦੀ ਹੈ ਕਿ ਹਿੰਦੁਸਤਾਨ ਵਿੱਚ ਇੱਕ ਏਹੋ ਮਹਾਰਾਜਾ ਸਾ ਜਿਸ ਨੇ ਲੜਾਈ ਵਿੱਚ ਕਦੇ ਭੀ ਦੁਸ਼ਮਨ ਨੂੰ ਪਿੱਠ ਨਹੀਂ ਦਖਲਾਈ ਸੀ ਅਰ ਇਸੀ ਤਰ੍ਹ ਇਸ ਭਾਰਤ ਭੂਮੀ ਵਿੱਚ ਇੱਕ ਏਹੋ ਸਿੱਖ ਮਹਾਰਾਜਾ ਸੀ ਜਿਸ ਨੇ ਦੁਸ਼ਮਨਾਂ ਦੇ ਮੂੰਹ ਮੋੜਕੇ ਉਨ੍ਹਾਂ ਦੀਆਂ ਪਿੱਠਾਂ ਪਰ ਤਲਵਾਰਾਂ ਅਤੇ ਬਰਛੀਆਂ ਮਾਰਕੇ ਮੈਦਾਨ ਫਤੇ ਕੀਤੇ ਸਨ, ਇਸ ਦੀ ਫੌਜੀ ਤਾਕਤ ਦੀ ਸ਼ੋਭਾ ਤਾਰੀਖਾਂ ਦੇ ਦੇਖਣੇ ਵਾਲੇ ਤਾਂ ਜਾਣਦੇ ਹੀ ਹਨ ਪਰੰਤੂ ਅੱਜ ਤਕ ਕਈ ਆਦਮੀਆਂ ਦੇ ਮੂੰਹੋਂ ਸੁਨਕੇ ਭੀ ਹੈਰਾਨ ਹੋ ਜਾਈਦਾ ਹੈ ।

ਇੱਕ ਮਹਾਤਮਾਂ ਨੇ ਉਨ੍ਹਾਂ ਦੀ ਸ਼ੋਭਾ ਕਰਦੇ ਹੋਏ ਆਖਯਾ ਹੈ ਕਿ ਜਦ ਰੋਪੜ ਵਿਚ ਲੈਫਟੀਨੈਂਟ ਗਵਰਨਰ ਨਾਲ ਮਹਾਰਾਜਾ ਸਾਹਿਬ ਦੀ ਮੁਲਾਕਾਤ ਹੋਈ ਸੀ ਸੋ ਨਜ਼ਾਰਾ ਇੱਕ ਦੇਖਨ ਜੋਗ ਸੀ, ਅਰ ਉਸ ਵੇਲੇ ਦੀ ਧੂਮ ਧਾਮ ਅਤੇ ਜੰਗੀ ਸਮਰੱਥਾ ਦੱਸਦੀ ਸੀ ਕਿ ਭੀਮ ਅਤੇ ਅਰਜਨ ਜੈਸੇ ਜੋਧੇ ਦੁਨੀਆਂ ਚੋਂ ਚਲੇ ਨਹੀਂ ਗਏ ਕਿੰਤੂ ਓਹ ਅਜੇ ਤੱਕ ਜ਼ਿੰਦੇ ਹਨ। ਓਹ ਆਖਦੇ ਸਨ ਕਿ ਜਦ ਮਹਾਰਾਜਾ ਨਾਲ ਲਾਟ ਸਾਹਿਬ ਦੀ ਪ੍ਰਾਈਵੇਟ ਮੁਲਾਕਾਤ ਅਰਥਾਤ ਇਕਾਗ੍ਰ ਮਿਲਾਪ ਹੋਇਆ ਸਾ ਤਦ ਉਨ੍ਹਾਂ ਨੇ ਮਹਾਰਾਜਾ ਅੱਗੇ ਫੌਜ਼ ਦੇਖਨੇ ਦੀ ਦਰਖਾਸਤ ਕੀਤੀ ਅਰ ਨਾਲ ਹੀ ਇਹ ਭੀ ਆਖਯਾ ਕਿ ਮੈਂ ਸਰਦਾਰ ਹਰੀ ਸਿੰਘ ਜੀ ਨਲੂਏ ਨੂੰ ਭੀ ਦੇਖਨਾ ਚਾਹੁੰਦਾ ਹਾਂ, ਜਿਸ ਪਰ ਸਰਕਾਰ ਨੇ ਮਨਜ਼ੂਰ ਕੀਤਾ, ਅਰ ਹੁਕਮ ਦਿੱਤਾ ਕਿ ਹਰ ਇਕ ਫੌਜ਼ ਦਾ ਅਫਸਰ ਅਪਨੀਆਂ ੨ ਪਲਟਨਾਂ ਅਤੇ ਰਸਾਲਿਆਂ ਨੂੰ ਤਿਆਰ ਕਰੇ ਜੋ ਲਾਟ ਸਾਹਿਬ ਨਾਲ ਸ੍ਰਕਾਰ ਦੇਖੇਗੀ , ਇਸ ਪਰ ਸੁਨਦੇ ਸਾਰ ਹੀ ਸਭ ਅਫਸਰਾਂ ਨੇ ਫੌਜਾਂ ਨੂੰ ਤਿਆਰ ਬਰ ਤਿਆਰ ਕੀਤਾ, ਜਿਸ ਪਰ ਲਾਟ ਸਾਹਿਬ ਅਤੇ ਮਹਾਰਾਜਾ ਸਾਹਿਬ ਤਾਂ ਇਕ ਵੱਡੇ ਉੱਚੇ ਮਕਾਨ ਪਰ ਅਪਨੇ ਅਮੀਰ ਅਤੇ ਵਜ਼ੀਰਾਂ ਨੂੰ ਨਾਲ ਲੈ ਕੇ ਬੈਠ ਗਏ ਅਤੇ ਫੌਜਾਂ ਨੂੰ ਅੱਗਯੋਂ ਲੰਘਨ ਦੀ ਆਗਯਾ ਦਿੱਤੀ। ਉਸ ਸਮਯ

ਪੈਦਲ ਪਲਟਨਾਂ ਦੀ ਦਮਕ ਅਤੇ ਚਮਕ ਨੇ ਇਸ ਤਰ੍ਹਾਂ ਦਾ ਨਜ਼ਾਰਾ ਦਖਾਇਆ ਜੋ ਆਖਨ ਤੇ ਬਾਹਰ ਹੈ। ਹਰ ਇੱਕ ਪਲਟਨ ਦੇ ਸਪਾਹੀਆਂ ਦੀ ਡੀਲਡੌਲ ਅਰ ਕਵਾਇਦ ਵਾਲੀ ਚਾਲ ਸਾਬਤ ਕਰਦੀ ਸੀ ਕਿ ਇਹ ਸਮੁੰਦ੍ਰ ਦੀਆਂ ਲਹਿਰਾਂ ਉਛਲ ਰਹੀਆਂ ਹਨ ਇਸੇ ਤਰ੍ਹਾਂ ਪੰਜੇ ਸ਼ਸਤ੍ਰ ਸਜਾਏ ਹੋਏ ਅਰ ਸੰਗੀਨਾ ਚੜ੍ਹੀ ਬੰਦੂਕਾਂ ਬਿਜਲੀ ਵਾਂਗ ਚਮਕ ਕੇ ਦਿਲ ਨੂੰ ਦਹਲਾ ਰਹੀਆਂ ਸਨ, ਜਿਸ ਤੇ ਕਾਇਰਾਂ ਦੇ ਦਿਲ ਬਿਨਾਂ ਮੌਤੋਂ ਹੀ ਮਰਨ ਲਈ ਤਯਾਰ ਸਨ, ਫਿਰ ਉਨ੍ਹਾਂ ਪਲਟਨਾਂ ਦੇ ਸਰਦਾਰ ਜੋ ਘੋੜਿਆਂ ਪਰ ਸਵਾਰ ਸੇ ਉਨ੍ਹਾਂ ਦੇ ਬਹਾਦਰਾਨਾ ਚਿਹਰੇ ਅਤੇ ਜੰਗੀ ਕਦ ਦਸਦੇ ਸਨ ਕਿ ਦੁਨੀਆਂ ਪਰ ਕੋਈ ਐਸਾ ਦੁਸ਼ਮਨ ਨਹੀਂ ਹੈ ਜੋ ਇਨ੍ਹਾਂ ਦੇ ਸ਼ਸਤ੍ਰਾਂ ਦੀ ਝਾਲ ਚਲ ਸੱਕੇ ਜਿਸ ਤੇ ਸਾਵਨ ਦੇ ਬੱਦਲ ਦੀ ਘਟਾਂ ਯਾ ਛੱਲਾਂ ਭਰੇ ਸਮੁੰਦਰ ਦੀਆਂ ਲਹਿਰਾਂ ਜੈਸੇ ਸਾਮਾਨ ਨੂੰ ਦੇਖਕੇ ਲਾਟ ਸਾਹਿਬ ਬਹੁਤ ਹੀ ਪ੍ਰਸੰਨ ਹੋਏ ਅਰ ਮਹਾਰਾਜਾ ਸਾਹਿਬ ਦੀ ਤਾਰੀਫ ਕੀਤੀ।

ਇਸ ਤੇ ਮਗਰੋਂ ਰਸਾਲੇ ਨਿਕਲਨੇ ਆਰੰਭ ਹੋਏ ਤਦ ਉਹ ਪਹਿਲਾ ਨਜ਼ਾਰਾ ਬਿਲੱਕੁੱਲ ਬਦਲ ਗਿਆ ਜਿਸ ਤੇ ਕਬੂਤ੍ਰਾਂ ਜੈਸੇ ਘੋੜੇ ਮਾਨੋਂ ਇੱਕ ਅਪਨੀ ਚਾਲ ਦੀ ਕਲਾਬਾਜ਼ੀਆਂ ਦਿਖਾਕੇ ਮਨਾਂ ਨੂੰ ਮੋਹ ਰਹੇ ਸੇ, ਜਿਨ੍ਹਾਂ ਦੇ ਸੁੰਬਾਂ ਦੀ ਧੂੜ ਨਾਲ ਅਕਾਸ ਪੂਰਤ ਹੋ ਰਿਹਾ ਸਾ, ਜਿਸ ਵੇਲੇ ਰਸਾਲੇ ਦੀ ਚਮਕ ਦਮਕ ਅਤੇ ਸਵਾਰਾਂ ਦੇ ਹਥਯਾਰਾਂ ਦੀ ਕੜਕ ਧੜਕ ਹੁੰਦੀ ਸੀ ਤਦ ਅਚਾਚੇਤ ਦਿਲ ਕੰਬ ਜਾਂਦੇ ਸਨ, ਹਰ ਇੱਕ ਰਸਾਲੇ ਦੇ ਅੱਗੇ ਧੌਂਸਾ ਬਜਦਾ ਅਤੇ ਨਸ਼ਾਨ ਝੂਲਦਾ ਜਾਂਦਾ ਸੀ ਜਿਸ ਦੇ ਪਿੱਛੇ ਉਸ ਦਾ ਅਫਸਰ ਹੱਥ ਵਿੱਚ ਧੂਹੀ ਹੋਈ ਤੇਗ ਅਤੇ ਪੌਣ ਦੇ ਬੇਗ ਵਾਂਗ ਆਉਂਦਾ ਸਾ, ਜਿਸ ਦੇ ਮਗਰ ਸਾਰਾ ਰਸਾਲਾ ਸਾਵਨ ਦੀ ਘਟਾ ਵਾਂਗ ਘੋਰਦਾ ਜਾਂਦਾ ਸਾ, ਉਸ ਵੇਲੇ ਕਲਗੀ ਜਿਗ੍ਹਾ ਜੜਾਊਆਂ ਨਾਲ ਸਜੇ ਦਸਤਾਰੇ ਅਤੇ ਸ਼ਸਤ੍ਰਾਂ ਅਰ ਸੰਜੋਆਂ ਨਾਲ ਕੱਜੇ ਹੋਏ ਸਵਾਰ ਇਕ ਬਬਰ ਸ਼ੇਰ ਮਾਲੂਮ ਹੁੰਦੇ ਸਨ ਜਿਸ ਤੇ ਓਹ ਸ੍ਰੀ ਹਜ਼ੂਰ ਮਹਾਰਾਜਾ ਦੇ ਜਲਾਲ ਦਾ ਜਲਵਾ ਦਿਖਾ ਕੇ ਹਾਸਦਾਂ ਦੇ ਹੌਸਲੇ ਤੋੜਦੇ ਸਨ।

ਪਰੰਤੂ ਜਦ ਕੋਈ ਸਰਦਾਰ ਦੂਰ ਤੇ ਹੀ ਰਸਾਲੇ ਨੂੰ ਕੁਦਾਕੇ ਵੱਡੀ ਧੂਮ ਧਾਮ ਨਾਲ ਆਉਂਦਾ ਅਤੇ ਸ੍ਰੀ ਮਹਾਰਾਜਾ ਦੇ ਅੱਗੇ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਬੁਲਾਉਂਦਾ ਸਾ ਫਿਰ ਬਾਜ ਵਾਂਗ ਘੋੜੇ ਨੂੰ ਉਡਾਕੇ ਲੰਘਦਾ ਤਦ ਸ੍ਰੀ ਲਾਟ ਸਾਹਿਬ

ਮਹਾਰਾਜ ਤੇ ਪੁਛਦੇ ਸਨ ਕਿ "ਕਿਆ ਇਹੋ ਸਰਦਾਰ ਹਰੀ ਸਿੰਘ ਹੈ" ਜਿਸ ਦਾ ਉੱਤ੍ਰ ਮਹਾਰਾਜਾ ਸਾਹਿਬ ਇਹ ਦੇਂਦੇ ਸੇ ਕਿ "ਨਹੀਂ ਸਾਹਿਬ ਇਹ ਹਰੀ ਸਿੰਘ ਨਹੀਂ ਹੈ।"

ਇਸੇ ਤਰ੍ਹਾਂ ਜਦ ਦੂਸਰਾ ਤੀਸਰਾ ਚੌਥਾ ਪੰਜਵਾਂ ਆਦਿਕ ਰਸਾਲਾ ਅਪਨੀ ਪੂਰੀ ਸਮਰੱਥਾ ਨੂੰ ਲੈ ਕੇ ਨਿਕਲਦਾ ਸਾ ਅਰ ਗੱਜ ਕੇ ਜੈਕਾਰਾ ਗਜਾਉਂਦਾ ਸਾ ਤਦ ਫਿਰ ਹਰ ਇੱਕ ਨੂੰ ਲਾਟ ਸਾਹਿਬ ਪੁੱਛਦੇ ਸਨ ਕਿ "ਕਿਆ ਇਹੋ ਸਰਦਾਰ ਹਰੀ ਸਿੰਘ ਹੈ" ਤਦ ਫਿਰ ਸਰਕਾਰ ਆਖਦੀ ਸੀ ਕਿ ਨਹੀਂ ਸਾਹਿਬ ਇਹ ਨਹੀਂ। ਉਸ ਵੇਲੇ ਸਭ ਏਹੋ ਖਯਾਲ ਕਰਦੇ ਸਨ ਕਿ ਸਾਰੀ ਦੁਨੀਆਂ ਦਾ ਚੰਗਾ ਘੋੜਾ ਅਤੇ ਜੁਆਨ ਇਸ ਜਗ੍ਹਾ ਪਰ ਹੀ ਕੱਠਾ ਕੀਤਾ ਗਿਆ ਹੈ ਜਿਸ ਤੇ ਕੁਛ ਪਾਰਾਵਰ ਨਹੀਂ ਆਉਂਦਾ ਸਾ।

ਸਭ ਤੇ ਮਗਰੋਂ ਜਦ ਸਰਦਾਰ ਹਰੀ ਸਿੰਘ ਸਾਹਿਬ ਅਪਨੇ ਰਸਾਲੇ ਨੂੰ ਲੈ ਕੇ ਨਿਕਲੇ ਉਸ ਵੇਲੇ ਦੀ ਧੂਮ ਧਾਮ ਇੱਕ ਵੱਖਰੀ ਹੀ ਦਿਖਾਈ ਦੇਂਦੀ ਸੀ ਜਿਨ੍ਹਾਂ ਦੇ ਸਾਰੇ ਘੋੜੇ ਇਕੋ ਰੰਗ ਦੇ ਅਰ ਇਕੋ ਜੇਹੇ ਭਾਰੀ ਜੰਗੀ ਸਵਾਰ ਉਨ੍ਹਾਂ ਪਰ ਮੂਰਤਾਂ ਵਾਂਗ ਜੜੇ ਹੋਏ ਨਜ਼ਰ ਆਉਂਦੇ ਸੇ ਜਿਨ੍ਹਾਂ ਦੇ ਸਿਰ ਪੈਰਾਂ ਤਕ ਸਰਬ ਲੋਹ ਹੀ ਸਜਿਆ ਹੋਇਆ ਸਾ ਉਨ੍ਹਾਂ ਦੀ ਚਮਕ ਦਮਕ ਅਤੇ ਭਯਾਨਕ ਭਬਕ ਦੇ ਅੱਗੇ ਕਿਸੇ ਦੇ ਦਮ ਮਾਰਨ ਦੀ ਜਗ੍ਹਾ ਨਹੀਂ ਸੀ, ਇਸੇ ਤਰ੍ਹਾਂ ਸਰਦਾਰ ਹਰੀ ਸਿੰਘ ਸਾਹਿਬ ਸ਼ਸਤ੍ਰ ਬਸਤ੍ਰਾਂ ਨਾਲ ਸਜੇ ਹੋਏ ਜਿਗ੍ਹਾ ਤੇ ਕਲਗੀ ਨਾਲ ਬਨੇ ਠਨੇ ਹੋਏ ਜਿਨ੍ਹਾਂ ਦੀ ਸੂਰਤ ਦਸਦੀ ਸੀ ਕਿ ਦੁਨੀਆਂ ਪਰ ਇਹ ਇੱਕੋ ਬਹਾਦ੍ਰ ਹੈ ਜੋ ਸਾਰੀ ਸਰਹੱਦ ਲਈ ਅਜ਼ਰਾਈਲ ਫਿਰਸ਼ਤਾ ਹੈ ਆਏ ਅਤੇ ਸ੍ਰੀ ਵਾਹਿਗੁਰੂ ਜੀ ਕੀ ਫਤੇ ਗਜਾਈ ਤਦ ਓਸੇ ਵੇਲੇ ਲਾਟ ਸਾਹਿਬ ਉੱਠਕੇ ਖੜੇ ਹੋ ਗਏ ਅਤੇ ਪੱਟਾਂ ਪਰ ਹੱਥ ਮਾਰਕੇ ਜ਼ੋਰ ਨਾਲ ਬੋਲੇ ਕਿ "ਕੀ ਇਹ ਸਰਦਾਰ ਹਰੀ ਸਿੰਘ ਨਹੀਂ ਤਾਂ ਕਿਆ ਕੋਈ ਖ਼ੁਦਾ ਹੋਵੇਗਾ" ਜਿਸ ਪਰ ਮਹਾਰਾਜਾ ਨੇ ਹੱਸ ਕੇ ਕਿਹਾ ਕਿ ਹਾਂ ਸਾਹਿਬ ਏਹੋ ਹੈ, ਜਿਸ ਦੀ ਛਬ ਨੂੰ ਦੇਖਕੇ ਲਾਟ ਸਾਹਿਬ ਦਾ ਰੋਮ ੨ ਪ੍ਰਸੰਨ ਹੋ ਗਿਆ ਅਤੇ ਆਖਨ ਲੱਗੇ ਕਿ ਇਸ ਦੇ ਅੱਗੇ ਕਾਬਲ ਦਾ ਫਤੇ ਕਰਨਾ ਕਿਆ ਬਾਤ ਹੈ। ਪਾਠਕ ਦੇਖ ਸਕਦੇ ਹਨ ਕਿ ਇਹ ਕੋਈ ਥੋੜੀ ਸਮਰੱਥਾ ਵਾਲੀ ਬਾਤ ਨਹੀਂ ਸੀ।

੩੫. ਖਾਲਸਾ ਵਿੱਚ ਸਦਾ ਤੇ ਹੀ ਧੋਖਾ ਖਾ ਕੇ ਦੁੱਖ ਪਾਉਣੇ (੨)

(ਖ.ਅ.ਲ.੧੯੦੦ ਈ:)

ਇਸੀ ਤਰ੍ਹਾਂ ਦੇ ਹਾਲਾਤ ਜੇ ਹੋਰ ਲਿਖੇ ਜਾਨ ਤਾਂ ਇੱਕ ਵੱਡਾ ਭਾਰੀ ਪੁਸਤਕ ਹੋ ਜਾਵੇਗਾ ਪ੍ਰੰਤੂ ਇਸ ਗਲ ਨੂੰ ਮੰਨਨਾ ਪੈਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦਾ ਤੇਜ਼ ਅਤੇ ਪ੍ਰਤਾਪ ਅਪਨੇ ਸਮਯ ਵਿਚ ਇੱਕ ਅਦੁਤੀਯ ਸੱਦਯਾ ਜਾਂਦਾ ਸਾ,ਇਸ ਦੀ ਸਮਰੱਥਾ ਦੇ ਅੱਗੇ ਕਿਸੇ ਰਾਜੇ, ਮਹਾਰਾਜੇ ਅਮੀਰ, ਖਾਨ ਅਤੇ ਨਵਾਬ ਦੀ ਸਮਰੱਥਾ ਨਹੀਂ ਸੀ ਜੋ ਦਮ ਮਾਰ ਸਕਦੀ, ਇਸੀ ਵਾਸਤੇ ਇਸ ਦੇਸ ਦੇ ਵੱਡੇਰ ਆਕੜ ਖਾਂ ਆਦਮੀਆਂ ਨੇ ਅਪਨੇ ਸਿਰ ਕਮਾਨ ਦੇ ਗੋਸ਼ੇ ਵਾਂਗ ਇਸ ਪ੍ਰਤਾਪੀ ਮਹਾਰਾਜਾ ਦੇ ਅੱਗੇ ਝੁਕਾਏ ਸੇ, ਅਰ ਇਸ ਨੇ ਭੀ ਅਪਨੇ ਰਣਜੀਤ ਨਾਮ ਨੂੰ ਸਫਲਾ ਕਰਨ ਲਈ ਵੱਡੇ ਭਾਰੀ ਆਕੀ ਗੜ੍ਹ ਅਪਨੀ ਭੁਜਾਂ ਦੇ ਜ਼ੋਰ ਨਾਲ ਫਤੇ ਕਰਾਏ ਸੇ।

ਮਹਾਰਾਜਾ ਦੀ ਸਾਰੀ ਤਵਾਰੀਖ ਤਾਂ ਅੰਗ੍ਰੇਜ਼ੀ, ਫਾਰਸੀ ਅਤੇ ਗੁਰਮੁਖੀ ਆਦਿਕ ਪੁਸਤਕਾਂ ਦੇ ਪੜ੍ਹਨੇ ਤੇ ਅੱਛੀ ਤਰ੍ਹਾਂ ਮਿਲ ਜਾਂਦੀ ਹੈ ਪ੍ਰੰਤੂ ਉਸ ਸਮਯ ਦੇ ਹਾਲਾਤਾਂ ਨੂੰ ਕਈ ਕੁ ਉਸ ਵੇਲੇ ਦੇ ਕਿੱਸੇ ਬਨਾਉਨ ਵਾਲੇ ਕਵੀਆਂ ਨੇ ਭੀ ਅਪਨੇ ਅੱਖੀਂ ਦੇਖੇ ਅਤੇ ਲਿਖਕੇ ਉਨ੍ਹਾਂ ਦਾ ਨਕਸ਼ਾ ਅੱਛੀ ਤਰ੍ਹਾਂ ਨਾਲ ਖਿੱਚਿਆਂ ਹੈ, ਜਿਸਦੇ ਪੜ੍ਹਨੇ ਤੇ ਮੰਨਨਾ ਪੈਂਦਾ ਹੈ ਕਿ ਇਸ ਭਾਰਤਵਰਸ਼ ਵਿੱਚ ਮਹਾਰਾਜਾ ਰਣਜੀਤ ਸਿੰਘ ਗੁਰਪੁਰ ਨਿਵਾਸੀ ਅਪਨੇ ਜੈਸਾ ਹੋਰ ਕੋਈ ਸਾਥੀ ਨਹੀਂ ਰਖਦਾ ਸਾ, ਜੈਸਾ ਕਿ ਇੱਕ ਸ਼ਾਹ ਮੁਹੰਮਦ ਨਾਮ ਮੁਸਲਮਾਨ ਕਵੀ, ਜੋ ਉਸੀ ਸਮਯ ਵਿੱਚ ਹੋਇਆ ਹੈ, ਮਹਾਰਾਜਾ ਦੀ ਬਾਬਤ ਇਸ ਤਰ੍ਹਾਂ ਲਿਖਦਾ ਹੈ, ਯਥਾ:-

"ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ ਨਾਲ ਜ਼ੋਰ ਦੇ ਮੁਲਕ ਨਿਵਾਇ ਗਿਆ। ਮੁਲਤਾਨ ਕਸ਼ਮੀਰ ਪਸ਼ੌਰ ਚੰਬਾ ਜੰਮੂ ਕਾਂਗੜਾ ਕੋਟ ਝੁਕਾਇ ਗਿਆ। ਹੋਰ ਲੇਹ ਲਦਾਖ ਤੇ ਚੀਨ ਤੋੜੀ ਸਿੱਕਾ ਆਪਨੇ ਨਾਮ ਚਲਾਇ ਗਿਆ। ਸ਼ਾਹ ਮੁਹੰਮਦਾ ਜਾਨ ਪੰਜਾਹ ਬਰਸਾਂ ਅੱਛਾ ਰੱਜ ਕੇ ਰਾਜ ਕੁਮਾਇ ਗਿਆ"।

ਸ਼ਾਹ ਮੁਹੰਮਦ ਦੇ ਇਸ ਕਥਨ ਤੇ ਸਾਫ ਸਾਬਤ ਹੁੰਦਾ ਹੈ ਕਿ ਚੀਨ ਅਤੇ ਲਦਾਖ ਤਕ ਦੇਸ ਮਹਾਰਾਜਾ ਦੀ ਤਾਕਤ ਨੇ ਅਪਨੇ ਅਧੀਨ ਕਰ ਲੀਤੇ ਸਨ ਅਤੇ ਵਡੇ ਵਡੇ ਦੇਸ਼ਾਂ

ਦੇ ਹਾਕਮਾਂ ਨੂੰ ਉਸ ਨੇ ਇਸ ਤਰ੍ਹਾਂ ਝੁਕਾ ਲੀਤਾ ਸਾ ਜਿਸ ਤਰ੍ਹਾਂ ਬੈਤ ਦੇ ਰੁਖ ਨੂੰ ਵੱਡੀ ਭਾਰੀ ਅੰਧੇਰੀ ਝੁਕਾ ਲੈਂਦੀ ਹੈ ਪ੍ਰੰਤੂ ਇਸ ਬਾਤ ਨੂੰ ਹਰ ਇਕ ਆਦਮੀ ਜਾਨਦਾ ਹੈ ਕਿ ਬ੍ਰਿਛ ਦੀ ਸਾਇਆ ਅਤੇ ਮਰਦ ਦੀ ਮਾਇਆ ਨਾਲ ਹੀ ਜਾਂਦੀ ਦੀ ਅਖਾਵਤ ਵਾਂਗ ਸੋਈ ਹਾਲ ਇਸ ਘਰ ਨਾਲ ਹੋਇਆ, ਕਿਉਂਕਿ ਇਹ ਬਾਤ ਸਾਰੇ ਇਤਹਾਸਾਂ ਅਤੇ ਹਰ ਇੱਕ ਪੁਰਖਾਂ ਦੇ ਅਪਨੇ ਜਾਤੀ ਤਜਰਬਿਆਂ ਨਾਲ ਸਾਬਤ ਹੈ ਕਿ ਜਿਸ ਬਾਦਸ਼ਾਹਤ ਵਿਚ ਦੂਰ ਅੰਦੇਸ਼ ਦੀਰਘ ਵਿਚਾਰ ਵਾਲੇ ਮੰਤ੍ਰੀ ਨਹੀਂ ਹੁੰਦੇ ਉਹ ਰਾਜ ਇਕ ਇੰਦ੍ਰਜਾਲ ਦੀ ਖੇਲ ਵਾਂਗ ਇੱਕ ਪਲਕ ਝਲਕ ਦਾ ਹੀ ਚਮਤਕਾਰ ਹੁੰਦਾ ਹੈ, ਇਸੀ ਤਰ੍ਹਾਂ ਜਿਸ ਸ਼ਾਹੀ ਖਾਨਦਾਨ ਵਿੱਚ ਨੀਤੀ ਨਿਪੁੰਨ ਸ਼ਾਹਜ਼ਾਦੇ ਨਹੀਂ ਹੁੰਦੇ ਉਹ ਘਰ ਭੀ ਧੂਏਂ ਦੇ ਧੌਲਰਾਂ ਵਾਂਗ ਦੇਖਦੇ ੨ ਹੀ ਉਡ ਜਾਂਦਾ ਹੈ, ਜਿਸ ਤੇ ਬਾਦਸ਼ਾਹ ਅਤੇ ਰਾਜਿਆਂ ਨੂੰ ਅੱਛੀ ਤਰ੍ਹਾਂ ਯਾਦ ਰਖਨਾ ਚਾਹੀਦਾ ਹੈ ਕਿ ਅਪਨੇ ਮੰਤ੍ਰੀ ਅਤੇ ਸੰਤਾਨ ਨੂੰ ਲਾਇਕ ਬਨਾਉਨ ਦਾ ਯਤਨ ਕਰਨ, ਕਿਉਂਕਿ ਸਾਰੀ ਦੁਨੀਆਂ ਦੇ ਬਾਦਸ਼ਾਹਾਂ ਦੀ ਤਵਾਰੀਖਾਂ ਸਾਨੂੰ ਦਸ ਰਹੀਆਂ ਹਨ ਕਿ ਜਿਸ ਸ਼ਾਹੀ ਖਾਨਦਾਨ ਦੇ ਅਮੀਰ ਅਤੇ ਵਜ਼ੀਰ ਲਾਇਕ ਰਹੇ ਅਰ ਉਨ੍ਹਾਂ ਦੀ ਸੰਤਾਨ ਨੀਤੀ ਨਿਪੁੰਨ ਰਹੀ ਤਦ ਉਨ੍ਹਾਂ ਨੇ ਕਦੇ ਭੀ ਅਪਨੀ ਖੁਆਰੀ ਇਸ ਦੁਨੀਆਂ ਪਰ ਨਹੀਂ ਦੇਖੀ ਕਿੰਤੂ ਜਿਸ ਵਿੱਚ ਇਹ ਬਾਤ ਨਹੀਂ ਸੀ ਉਨ੍ਹਾਂ ਨੇ ਅਪਨੇ ਖਾਨਦਾਨ ਦੇ ਸ਼ੀਸ਼ ਮਹਲ ਨੂੰ ਬਿਪਤਾ ਦੇ ਪੱਥਰਾਂ ਨਾਲ ਤੋੜਕੇ ਚੂਰਾ ੨ ਕਰ ਦਿੱਤਾ ਜਿਸ ਤੇ ਉਨ੍ਹਾਂ ਦੀ ਸੰਤਾਨ ਭਿਖਾਰੀ ਹੋ ਕੇ ਗਲੀਆਂ ਵਿਚ ਮੰਗੀ ਫਿਰਦੀ ਦੇਖੀ ਗਈ ਹੈ ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਮਗਰੋਂ ਉਨ੍ਹਾਂ ਦੀ ਸੰਤਾਨ ਵਿਚੋਂ ਲਾਇਕ ਸਵਾਇ ਮਹਾਰਾਜਾ ਸ਼ੇਰ ਸਿੰਘ ਜੀ ਦੇ ਹੋਰ ਕੋਈ ਨਹੀਂ ਸਾ, ਇਸੀ ਤਰ੍ਹਾਂ ਉਨ੍ਹਾਂ ਦੇ ਸਾਰੇ ਅਹਿਲਕਾਰਾਂ ਵਿੱਚ ਖੁਦਗਰਜ਼ੀ ਕੁਟ ੨ ਕੇ ਭਰੀ ਹੋਈ ਸੀ। ਜਦ ਸ੍ਰਕਾਰ ਦਾ ਅਸਵਾਰਾ ਹੋਇਆ ਤਦ ਸਭ ਅਹਿਲਕਾਰਾਂ ਨੇ ਆਪੋ ਆਪਨੀ ਜਗ੍ਹਾ ਪਰ ਮਸੌਦੇ ਗੁੰਦ ਲੀਤੇ ਅਰ ਹਰ ਇੱਕ ਵੱਡਾ ਅਹਿਲਕਾਰ ਅਪਨੀ ਸਮਰੱਥਾ ਵਧਾਉਣ ਅਰ ਦੂਜੇ ਨੂੰ ਦਬਾਉਨ ਲਈ ਯਤਨ ਕਰਦਾ ਸਾ ਜਿਸ ਤੇ ਇਸ ਘਰ ਵਿੱਚ ਝਗੜੇ ਦਾ ਰੁੱਖ ਅਪਨਾ ਬੁਰਾ ਫਲ ਲਿਆਉਨ ਲਈ ਤਿਆਰ ਹੋ ਗਿਆ। ਸ੍ਰਕਾਰ ਦੇ ਚਲਾਣੇ ਦੇ ਮਗਰੋਂ ਮਹਾਰਾਜਾ ਖੜਕ ਸਿੰਘ ਜੀ ਵਲੀਅਹਦ ਤਖਤ ਪਰ ਬਿਠਾਏ ਗਏ ਅਰ ਸਭ ਅਮੀਰੋ ਵਜ਼ੀਰ ਇਨ੍ਹਾਂ ਦੇ ਅੱਗੇ

ਆ ਕੇ ਨਜ਼ਰਾਨੇ ਧਰਨ ਲੱਗੇ ਜਿਸ ਤੇ ਰਾਜ ਪ੍ਰਬੰਧ ਦਾ ਪੂਰਾ ਯਤਨ ਹੋਨ ਲੱਗਾ।

ਪ੍ਰੰਤੂ ਮਹਾਰਾਜਾ ਖੜਕ ਸਿੰਘ ਜੀ ਸਾਹਿਬ ਬਹੁਤ ਹੀ ਸਿੱਧਾ ਸਾਦਾ ਮਹਾਰਾਜਾ ਸਾ ਅਰ ਉਨ੍ਹਾਂ ਨੂੰ ਨਾ ਤਾਂ ਕੋਈ ਵਿੱਦਯਾ ਸੀ ਅਰ ਨਾ ਉੱਤਮ ਰਾਜਨੀਤੀ ਹੀ ਜਾਨਦੇ ਸਨ ਕਿਉਂਕਿ ਜਿਸ ਪੁਰਖ ਨੂੰ ਨੀਤੀ ਦਾ ਗਯਾਨ ਹੋ ਸੋ ਭਾਵੇਂ ਵਿੱਦਯਾ ਨਾ ਭੀ ਜਾਨਦਾ ਹੋਵੇ ਤਾਂ ਭੀ ਉਹ ਅਪਨੇ ਰਾਜ ਪ੍ਰਬੰਧ ਨੂੰ ਅੱਛੀ ਤਰ੍ਹਾਂ ਚਲਾ ਸਕਦਾ ਹੈ, ਜੈਸਾ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੀ ਵਿੱਦਯਾ ਦਾ ਇਹ ਹਾਲ ਹੈ ਜੋ ਹੋਰ ਤਾਂ ਕਿਧਰੇ ਰਿਹਾ ਕਿੰਤੂ ਇਹ ਗੁਰਮੁਖੀ ਦੀ ਪੈਂਤੀ ਤਕ ਭੀ ਨਹੀਂ ਜਾਨਦੇ ਸੇ ਅਰ ਜਦ ਕਿਤੇ ਦਸਤਖਤ ਕਰਦੇ ਸਨ ਤਦ ਭੀ 'ਸ" ਅਤੇ 'ਹ" ਹੀ ਲਿਖਦੇ ਸਨ ਪਰੰਤੂ ਇਨ੍ਹਾਂ ਦਾ ਰਾਜ ਪ੍ਰਬੰਧ ਐਸਾ ਉੱਤਮ ਸਾ ਜੋ ਹਰ ਇੱਕ ਮਾਮਲੇ ਨੂੰ ਆਪ ਹੀ ਅੱਛੀ ਤਰ੍ਹਾਂ ਨਿਪਟਾਉਂਦੇ ਸਨ।

ਇਸ ਤੇ ਉਲਟ ਜਦ ਮਹਾਰਾਜਾ ਖੜਕ ਸਿੰਘ ਜੀ ਰਾਜ ਕਰਨ ਲੱਗੇ ਤਦ ਇਸ ਖਾਨਦਾਨ ਦੇ ਪ੍ਰਤਾਪ ਦਾ ਸੂਰਜ ਢਲਨਾ ਆਰੰਭ ਹੋਇਆ ਜਿਸ ਤੇ ਪਹਿਲੇ ਅਹਿਲਕਾਰਾਂ ਵਿਚ ਆਪਸ ਦਾ ਵਿਰੋਧ ਪੈਦਾ ਹੋ ਗਿਆ, ਅਰ ਮਹਾਰਾਜਾ ਦਾ ਸਾਦਾਪਨ ਉਨ੍ਹਾਂ ਨੂੰ ਇਸ ਬਾਤ ਦੀ ਆਗਯਾ ਦੇਂਦਾ ਸਾ ਕਿ ਅਸੀਂ ਜੋ ਚਾਹੀਏ ਸੋ ਕਰੀਏ ਅਤੇ ਅਪਨੇ ਵਧਾਉਣ ਲਈ ਮਾਰੀਏ ਯਾ ਮਰੀਏ।

ਮਹਾਰਾਜਾ ਖੜਕ ਸਿੰਘ ਜੀ ਦਾ ਚਿੱਤੋਂ ਪਯਾਰਾ ਰਾਜਾ ਸੁਚੇਤ ਸਿੰਘ ਸਾ ਜੋ ਪਹਾੜੀਆ ਡੋਗਰਾ ਸਾ ਅਰ ਮਹਾਰਾਜਾ ਸਾਹਿਬ ਉਸ ਨੂੰ ਦਿਨ ਰਾਤ ਅਪਨੇ ਪਾਸ ਰੱਖਦੇ ਹੁੰਦੇ ਸਨ ਜਿਸ ਤੇ ਓਹ ਭੀ ਮਹਾਰਾਜਾ ਨੂੰ ਅਪਨੇ ਉੱਪਰ ਦਿਆਲੂ ਸਮਝਕੇ ਹਰ ਇੱਕ ਬਾਤ ਦੀ ਸਲਾਹ ਦੇਂਦਾ ਰਹਿੰਦਾ ਸੀ, ਪਰੰਤੂ ਉਸ ਦੀ ਮਹਾਰਾਜਾ ਨਾਲ ਸਮੀਪਤਾ ਰਾਜਾ ਧਯਾਨ ਸਿੰਘ ਸਾਹਿਬ ਨੂੰ ਨਾ ਭਾਈ ਜਿਸ ਤੇ ਉਨ੍ਹਾਂ ਨੇ ਸੁਚੇਤ ਸਿੰਘ ਦੇ ਮਾਰਨ ਦਾ ਯਤਨ ਆਰੰਭ ਕੀਤਾ ਪਰ ਅਪਨੇ ਚਿੱਤ ਵਿੱਚ ਪੱਕਾ ਸੰਕਲਪ ਕਰ ਲੀਤਾ ਕਿ ਇਸ ਦੇ ਮਾਰਨੇ ਤੇ ਰੱਜ ਕੇ ਭੋਜਨ ਛਕਣਾ ਹੈ, ਜਿਸ ਉਸ ਦੇ ਮਾਰਨ ਲਈ ਕਈ ਪ੍ਰਕਾਰ ਦੇ ਉਪਾਓ ਸੋਚਨ ਲੱਗੇ ਪ੍ਰੰਤੂ ਇਹ ਗਲ ਮਸ਼ਹੂਰ ਹੈ ਕਿ ਜੋ ਆਦਮੀ ਕਿਸੇ ਬਾਤ ਨੂੰ ਕਰਨਾ ਚਾਹੁੰਦਾ ਹੈ ਸੋ ਉਸ ਦੇ ਵਾਸਤੇ ਕੋਈ ਰਸਤਾ ਭੀ ਨਕਾਲ ਲੈਂਦਾ ਹੈ।

੩੯. ਬੀਮਾਰ ਅਤੇ ਉਸ ਦਾ ਇਲਾਜ (ਖ.ਅ.ਲ. ੧੯੦੦ ਈ:)

ਜਦ ਅਸੀਂ ਕਿਸੇ ਬੀਮਾਰ ਨੂੰ ਦੁਖੀਆ ਦੇਖਦੇ ਹਾਂ ਤਦ ਉਸ ਦੀ ਰੱਖਯਾ ਕਰਨੇ ਵਾਲੇ ਦੋ ਤਰ੍ਹਾਂ ਦੇ ਆਦਮੀ ਪਾਉਂਦੇ ਹਾਂ, ਜਿਨ੍ਹਾਂ ਵਿਚੋਂ ਇੱਕ ਤਾਂ ਓਹ ਹਕੀਮ ਹੁੰਦੇ ਹਨ ਜੋ ਚੁੱਪ ਚਾਪ ਬੀਮਾਰੀ ਨੂੰ ਦੇਖਕੇ ਉਸ ਲਈ ਔਖਧੀਆਂ ਤਿਆਰ ਕਰਦੇ ਹਨ, ਅਰ ਪਾਸ ਦੇ ਰਹਨ ਵਾਲਯਾਂ ਨੂੰ ਆਖਦੇ ਹਨ ਕਿ ਇਸ ਪਾਸ ਕਿਸੇ ਪ੍ਰਕਾਰ ਦਾ ਸ਼ੋਰ ਨਾ ਮਚਾਉਨਾ ਅਰ ਇਸ ਨੂੰ ਆਰਾਮ ਵਿਚ ਦੇਖਕੇ ਬਹੁਤਾ ਨਾ ਬੁਲਾਉਨਾ, ਇਸੀ ਪ੍ਰਕਾਰ ਇਸ ਨੂੰ ਇਹ ਦੁਆਈ ਇਤਨੇ ੨ ਘੰਟੇ ਮਗਰੋਂ ਦੇਣੀ, ਪਰੰਤੂ ਜੇ ਭੁੱਖ ਲੱਗੇ ਯਾ ਪੀਣ ਨੂੰ ਮੰਗੇ ਤਾਂ ਇਹ ੨ ਵਸਤੂਆਂ ਇਸ ੨ ਤਰ੍ਹਾਂ ਨਾਲ ਬਨਾਕੇ ਖਾਣ ਪੀਣ ਨੂੰ ਦੇਣੀਆਂ, ਫਿਰ ਇਸ ਦੇ ਪਾਸ ਕੋਈ ਮੈਲੀ ਕੁਚੈਲੀ ਵਸਤੂ ਨਾ ਰਹੇ ਅਰ ਇਸ ਦਾ ਕਮਰ੍ਹਾ ਠੀਕ ਰਹੇ, ਜਿਸ ਪਰ ਉਮੈਦ ਪੈਂਦੀ ਹੈ ਕਿ ਇਹ ਬੀਮਾਰ ਥੋੜੇ ਹੀ ਦਿਨਾਂ ਵਿੱਚ ਰਾਜ਼ੀ ਹੋ ਜਾਏਗਾ।

ਇਸੀ ਤਰ੍ਹਾਂ ਉਸ ਬੀਮਾਰ ਦੇ ਹਿਤੈਸ਼ੀ ਇੱਕ ਦੂਜੇ ਆਦਮੀ ਹੁੰਦੇ ਹਨ ਜੋ ਉਸ ਦੀ ਤੰਦਰੁਸਤੀ ਚਾਹੁੰਦੇ ਹਨ ਅਰ ਓਹ ਹਕੀਮ ਦੀ ਰਾਇ ਤੇ ਉਲਟ ਅਪਨੀ ਹਮਦਰਦੀ ਇਸ ਤਰ੍ਹਾਂ ਪ੍ਰਗਟ ਕਰਦੇ ਹਨ ਜੋ ਬੀਮਾਰ ਦੇ ਮੰਜੇ ਨੂੰ ਚਾਰੇ ਪਾਸਿਯੋਂ ਘੇਰ ਲੈਂਦੇ ਹਨ ਜਿਨ੍ਹਾਂ ਵਿੱਚੋਂ ਇੱਕ ਉਸ ਨੂੰ ਦੇਖਕੇ ਬੋਲਦਾ ਹੈ ਕਿ ਹਾਇ ਦੇਖੋ ਇਸ ਦਾ ਚਿਹਰਾ ਕਿਤਨਾ ਉਤਰ ਗਿਆ ਹੈ ਅਰ ਅੱਖੀਂ ਬਦਲ ਗਈਆਂ ਹਨ ਸੋ ਹੁਣ ਤਾਂ ਰੱਬ ਹੀ ਬਚਾਏ ਤਾਂ ਬਚੇਗਾ, ਫਿਰ ਦੂਜਾ ਆਖਦਾ ਹੈ ਕਿ ਭਾਈ ਸਾਨੂੰ ਛੱਡ ਚਲਯਾ ਹੈ, ਅਸੀਂ ਤਾਂ ਤੇਰੇ ਆਸਰੇ ਹੀ ਜੀਉਂਦੇ ਸੇ, ਇਸੀ ਤਰ੍ਹਾਂ ਤੀਜਾ ਆਖਦਾ ਹੈ ਕਿ ਸਾਨੂੰ ਮਾਰ ਕੇ ਮਰੀਂ ਅਰ ਤੇਰੇ ਬਦਲੇ ਰੱਬ ਸਾਨੂੰ ਚੁੱਕ ਲੇਵੇ, ਇਸ ਨੂੰ ਸੁਨਕੇ ਚੌਥਾ ਉਚੀ ਕੂਕ ਮਾਰ ਕੇ ਧਾਹੀਂ ਉਤਰਦਾ ਹੈ ਅਰ ਆਖਦਾ ਹੈ ਕਿ ਲੁੱਟ ਲਏ ਓਇ ਮੁਲਖਾ ਬਾਹੁੜੀ ਓਇ ਜਹਾਨਾਂ, ਰੱਬ ਨੇ ਇਹ ਦੁਖ ਕਿੱਥੋਂ ਦਖਾਏ ਹਨ, ਅਸੀਂ ਕਯਾ ਪਾਪ ਕੀਤੇ ਹਨ।

ਪੰਜਵਾਂ ਆਖਦਾ ਹੈ ਕਿ ਯਾਰੋ ਇਸ ਨੂੰ ਹਕੀਮ ਦੀ ਦੱਸੀ ਹੋਈ ਦਵਾਈ ਤਾਂ ਪਲਾਓ ਜੇ ਭਲਾ ਰੱਬ ਮਿਹਰ ਕਰੇ, ਇਸ ਨੂੰ ਸੁਨਕੇ ਛੇਵਾਂ ਆਖਦਾ ਹੈ ਕਿ ਹਕੀਮਾਂ ਦੀ ਕੁਛ ਕਮੀਂ ਰੱਖੀ ਹੈ ਬਥੇਰੇ ਇਲਾਜ ਕਰ ਚੁੱਕੇ ਅਰ ਔਖਧੀਆਂ ਖੁਲਾ ਚੁੱਕੇ ਹਾਂ ਪਰ ਰੱਬ ਨੇ

ਇੱਕ ਨਾ ਮੰਨੀ, ਇਸ ਵਾਸਤੇ ਹੁਨ ਦੇਓ ਜੋ ਕੁਝ ਖਾਣ ਨੂੰ ਮੰਗਦਾ ਹੈ ਅਰ ਪਲਾਓ ਜੋ ਇਸ ਦਾ ਦਿਲ ਚਾਹੁੰਦਾ ਹੈ, ਇਸ ਨੂੰ ਆਰਾਮ ਨਾ ਕਰਨ ਦਿਓ, ਕਿਤੇ ਐਸਾ ਨਾ ਹੋਵੇ ਜੋ ਸੁੱਤਾ ਹੀ ਰਹ ਜਾਵੇ, ਦੀਵਾ ਵੱਟੀ ਤਿਆਰ ਰੱਖੋ, ਸੱਥਰ ਬਨਾ ਛੱਡੋ, ਬੁਢੀਆਂ ਨੂੰ ਆਖੋ ਜੋ ਦੂਰ ਨਾ ਜਾਣ ਕਯੋਂ ਦਮ ਦਾ ਕੁਝ ਭਰਵਾਸਾ ਨਹੀਂ ਅਰ ਆਖੋ ਕਿ ਜੀਊਂਦੇ ੨ ਦਾ ਮੂੰਹ ਦੇਖ ਲੈਨ ਅਰ ਕੋਈ ਗਲ ਕਰ ਲੈਨ।

ਇਤਨਾ ਸੁਨਕੇ ਇੱਕ ਵੱਡੀ ਹਮਦਰਦਨ ਆਉਂਦੀ ਹੈ ਅਰ ਆ ਕੇ ਸੰਧਲਾ ਬੰਨ੍ਹ ਕੇ ਪਿੱਟਦੀ ਹੈ ਜਿਸ ਨੂੰ ਦੇਖਕੇ ਦੂਜੀਆਂ ਭੀ ਕੀਰਨੇ ਪਾਉਂਦੀਆਂ ਅਰ ਉਚੇ ੨ ਚਿਰਲਾਉਂਦੀਆਂ ਹਨ, ਅਰ ਆਖਦੀਆਂ ਹਨ "ਵੇ ਮੈਂ ਵਾਰੀ ਵੇ ਮੈਂ ਸਦਕੇ ਪੁੱਤਾ ਛੱਡ ਚਲਯਾਂ ਵੇ ਸਾਨੂੰ ਨਾਲ ਲੈ ਚਲ ਵੇ, ਹਾਇ ਨੀ ਭੈਣੇ ਮੈਂ ਲੁੱਟ ਲੀਤੀ, ਓਹ, ਓਹ, ਹਾਇ, ਹਾਇ" ਇਨ੍ਹਾਂ ਦੇ ਰੋਣੇ ਅਰ ਪਿੱਟਨੇ ਨੂੰ ਸੁਨਕੇ ਦਮਾਗੋਂ ਖਾਲੀ ਅਕਲ ਦੇ ਅੰਧੇ ਅਰ ਗੱਠ ਦੇ ਪੂਰੇ ਆਖਦੇ ਹਨ ਕਿ ਭਾਈ ਸੱਚ ਹੈ ਦਿਲ ਨੂੰ ਲੱਗੀ ਹੋਈ ਹੈ ਅਰ ਮੋਹ ਦੇ ਵਸ ਹੋਕੇ ਦਿਲ ਦੀ ਹਬਾੜ੍ਹ ਕੱਢ ਰਹੇ ਹਨ।

ਜੇ ਕੋਈ ਕਹੇ ਕਿ ਇਹ ਸਭ ਬਾਤਾਂ ਹਕੀਮ ਦੀ ਦੱਸੀ ਹੋਈ ਸਲਾਹ ਤੇ ਬਿਲਕੁੱਲ ਉਲਟ ਹਨ, ਜਿਸ ਤੇ ਉਸ ਰਾਇ ਪਰ ਚੱਲੋ ਸ਼ਾਇਦ ਕੁਝ ਆਰਾਮ ਹੋ ਜਾਏ ਤਦ ਝੱਟ ਪੱਟ ਉੱਤ੍ਰ ਮਿਲਦਾ ਹੈ, ਕਿ ਹਕੀਮ ਪਿਆ ਖੂਹ ਵਿਚ, ਓਹ ਪਿਆ ਖਾਤੇ ਵਿੱਚ, ਉਸ ਦੇ ਸਿਰ ਸੁਆਹ ਪਾਓ ਸਾਡੇ ਦਿਲ ਨੂੰ ਅੱਗ ਲੱਗੀ ਹੋਈ ਹੈ ਕਿਆ ਇਸ ਨੇ ਬਾਰ ਬਾਰ ਆਉਂਨਾ ਹੈ, ਕੋਈ ਘੜੀ ਦਾ ਮੇਲ ਹੈ ਦਿਲ ਦਾ ਗੁਬਾਰ ਤਾਂ ਕੱਢ ਲਈਏ।" ਇਸ ਨੂੰ ਸੁਣ ਕੇ ਉੱਲੂ ਬਾਟੇ ਬੋਲਦੇ ਹਨ ਕਿ ਸੱਚ ਹੈ ਇਨਾਂ ਦੀ ਪ੍ਰੀਤੀ ਕੱਦ ਇਹ ਗੱਲ ਕਰਨ ਦਿੰਦੀ ਹੈ ਜੇ ਇਸ ਵੇਲੇ ਨਾ ਬੁਲਾਉਨ ਅਰ ਇਸ ਦੇ ਅੱਗੇ ਆਪਣਾ ਹਾਲ ਨਾ ਦਿਖਾਉਨ। ਇਸ ਦਾ ਨਤੀਜਾ ਇਹ ਹੁੰਦਾ ਹੈ ਜੇ ਉਸ ਬਿਮਾਰ ਦੀ ਜ਼ਿੰਦਗੀ ਪ੍ਰਮੇਸ਼ਰ ਦੇ ਹੀ ਵਸ ਹੁੰਦੀ ਹੈ ਨਹੀਂ ਉਸ ਦੇ ਅਜਿਹੇ ਹਮਦਰਦਾਂ ਨੇ ਤਾਂ ਅੱਗੇ ਤੋਰਨ ਵੱਲੋਂ ਕੁਝ ਵੀ ਫਰਕ ਨਹੀਂ ਰੱਖਿਆ ਹੈ। ਇਸ ਪੱਰ ਪਾਠਕ ਦੇਖ ਸਕਦੇਹਨ ਕਿ ਉਸ ਬਿਮਾਰ ਦੇ ਜੀਵਨ ਦਾ ਸੱਚਾ ਖੈਰਖ਼ੁਆਹ ਕੌਨ ਹੈ ਅਰਥਾਤ ਓਹ ਹਕੀਮ ਕਿ ਇਹ ਪਿੱਟੂ ਸਾਥ।

ਅੱਜ ਕੱਲ ਜਦ ਅਸੀਂ ਖਾਲਸਾ ਪੰਥ ਦੀ ਹਾਲਤ ਵਲ ਭੀ ਦੇਖਦੇ ਹਾਂ ਤਾਂ ਠੀਕ ੨ ਏਸੇ ਤਰ੍ਹਾਂ ਦੀ ਪਾਉਂਦੇ ਹਾਂ ਅਰ ਇਸ ਨੂੰ ਭੀ ਅਨਮਤਾਂ ਦੀ ਬੀਮਾਰੀ ਨੇ ਐਥੋਂ ਤਕ ਘੇਰ ਕੇ ਕਮਜ਼ੋਰ ਕਰ ਦਿੱਤਾ ਹੈ ਜੋ ਇਸ ਦਾ ਬਚਨਾ ਭੀ ਕਠਨ ਪ੍ਰਤੀਤ ਹੁੰਦਾ ਹੈ, ਪਰੰਤੂਇਸ ਦੀ ਰੱਖਯਾ ਕਰਨ ਦੇ ਉੱਦਮੀ ਭੀ ਦੋ ਤਰ੍ਹਾਂ ਦੇ ਹੀ ਭਾਈ ਹਨ ਜਿਨ੍ਹਾਂ ਵਿਚੋਂ ਇੱਕ ਤਾਂ ਓਹ ਹਨ ਜੋ ਆਖਦੇ ਹਨ ਕਿ ਜੋ ਕੰਮ ਕੀਤਾ ਜਾਏ ਸੋ ਵੱਡੀ ਵਿਚਾਰ ਅਤੇ ਦਾਨਾਈ ਨਾਲ ਕੀਤਾ ਜਾਏ ਅਰ ਬਹੁਤਾ ਸ਼ੋਰ ਮਚਾਉਨ ਨਾਲੋਂ ਬਹੁਤਾ ਉਪਾਓ ਕੀਤਾ ਜਾਏ, ਅਰ ਗੁਰੂਆਂ ਦੇ ਅਸੂਲਾਂ ਦੀ ਔਖਧੀਆਂ ਨੂੰ ਇਸ ੨ ਪ੍ਰਕਾਰ ਨਾਲ ਵਰਤਯਾ ਜਾਏ, ਅਰ ਇਸ ੨ ਪ੍ਰਕਾਰ ਦੇ ਉਪਦੇਸ਼ਾਂ ਦੀ ਗਿਜ਼ਾ ਦਿੱਤੀ ਜਾਏ ਜਿਸ ਤੇ ਇਸ ਪੰਥ ਦੇ ਸੁਧਰ ਜਾਨ ਦੀ ਪੂਰੀ ੨ ਆਸ਼ਾ ਹੈ ।

ਇਸ ਦੇ ਉਲਟ ਦੂਜੇ ਪਾਸਯੋਂ ਸੱਜਨ ਆਖਦੇ ਹਨ ਕਿ ਵਾਓਵੇਲਾ ਕੀਤਾ ਜਾਏ ਇਸ ਮੌਕੇ ਪਰ ਸ਼ਰਬਤ ਦੀ ਜਗ੍ਹਾ ਮਿਰਚਾਂ ਅਰ ਸੁੰਡ ਅਤੇ ਸੁੰਡ ਦੀ ਜਗ੍ਹਾ ਨੀਲੋਫਰ ਦਾ ਸ਼ਰਬਤ ਭੀ ਦਿੱਤਾ ਜਾਏ ਤਾਂ ਕੋਈ ਹਰਜ ਨਹੀਂ ਹੈ ਕਿਉਂਕਿ ਓਹ ਭੀ ਇੱਕ ਦਵਾਈ ਹੀ ਹੈ, ਹਰ ਇੱਕ ਆਦਮੀ ਭਾਵੇਂ ਓਹ ਉਸ ਕੰਮ ਦੇ ਜੋਗ ਹੈ ਭਾਵੇਂ ਨਹੀਂ ਐਵੇਂ ਰੌਲਾ ਪਾਵੇ। ਜੇ ਇਸ ਪਰ ਕੋਈ ਆਖੇ ਕਿ ਪਯਾਰਓ ਜ਼ਰਾ ਸੋਚ ਸਮਝ ਤਾਂ ਲੇਵੋ ਅਰ ਜੋ ਜਿਸ ਕੰਮ ਦੇ ਜੋਗ ਹੈ ਉਸ ਦੇ ਇਹ ਕੰਮ ਸਪੁਰਦ ਕਰੋ, ਤਦ ਅੱਗੋਂ ਉੱਤ੍ਰ ਮਿਲਦਾ ਹੈ, ਹਾਇ ੨ ਸਾਡੇ ਸੀਨੇ ਸੜ ਜਾਂਦੇ ਹਨ ਅਰ ਤੁਹਾਨੂੰ ਗੱਲਾਂ ਸੁਝਦੀਆਂ ਹਨ, ਭਾਈ ਜੀ, ਡੋਬੇ ਤੁਹਾਡੀਆਂ ਦਾਨਾਈਆਂ ਨੇ ਅਰ ਸੁਆਹ ਪਈ ਤੁਹਾਡੀਆਂ ਸਿਆਨਪਾਂ ਦੇ ਸਿਰ, ਕਿਆ ਤੁਸੀਂ ਸਾਡੇ ਜੋਸ਼ਾਂ ਨੂੰ ਰੋਕ ਲੇਵੋਗੇ, ਤੁਸੀਂ ਤਾਂ ਸੱਤਿਆਨਾਸੀ ਹੋ।

ਇਸ ਨੂੰ ਸੁਨਕੇ ਓਹ ਆਦਮੀ ਜਿਨ੍ਹਾਂ ਨੂੰ ਕੋਈ ਦੁਨੀਆਂ ਦਾ ਤਜ਼ਰਬਾ ਨਹੀਂ ਹੈ ਅਰ ਨਾ ਉਨ੍ਹਾਂ ਨੇ ਕੌਮੀ ਉੱਨਤੀ ਅਤੇ ਹਾਨੀ ਦੇ ਸਵਾਲ ਨੂੰ ਕੁਝ ਕਾਲ ਪੜ੍ਹਿਆ ਸੁਨਿਆ ਅਤੇ ਸੋਚਿਆ ਹੀ ਹੈ, ਝੱਟ ਆਖਦੇ ਹਨ ਕਿ ਸੱਚ ਮਹਾਰਾਜ ਸੱਚ ਹੈ ਆਪ ਤੇ ਬਿਨਾਂ ਹੋਰ ਸਾਰਾ ਕੱਚੋ ਕੱਚ ਹੈ, ਬੇਸ਼ੱਕ ਸਾਨੂੰ ਦਾਨਾਈਆਂ ਅਤੇ ਸੋਚਾਂ ਨੇ ਹੀ ਅੱਜ ਕੱਲ ਮਾਰ ਛੱਡਯਾ ਹੈ, ਵਕਤ ਕੰਮ ਦਾ ਹੈ, ਨਾ ਦਾਨਾਈ ਅਤੇ ਵਿਚਾਰ ਦਾ, ਇਸ ਦਾਨਾਈ ਨੂੰ ਖੂਹ ਵਿੱਚ ਸਿੱਟੋ, ਅਸੀਂ ਜਾਨਦੇ ਹਾਂ ਕਿ ਜ਼ਰੂਰ ਆਪਦੇ ਦਿਲ ਨੂੰ ਲੱਗੀ ਹੋਈ ਹੈ।

ਪਾਠਕ ਦੇਖ ਸਕਦੇ ਹਨ ਕਿ ਇਹ ਬੁਰਛਾ ਗਰਦੀ ਐਸੀ ਹੀ ਹੈ ਜੈਸੀ ਅੰਗ੍ਰੇਜ਼ਾਂ ਨਾਲ ਲੜਨੇ ਦੇ ਵੇਲੇ ਤਲੰਗਜਾਂ ਸਿੰਘਾਂ ਨੇ ਕੀਤੀ ਸੀ ਜਿਸ ਦਾ ਨਮੂਨਾ ਇਹ ਹੈ, ਯਥਾ:- "ਸੁਨਕੇ ਖਬਰ ਫਰੰਗੀ ਦੀ ਚੜੇ ਸਭੇ ਫੌਜਾਂ ਉਠ ਬੇਮੋਹਰੀਆਂ ਹੋਇ ਤੁਰੀਆਂ। ਅੱਗੇ ਵਾਰ ਕੁਵਾਰ ਨਾ ਕਿਸੇ ਡਿੱਠਾ ਇੱਕ ਦੂਸਰੇ ਦੇ ਅੱਗੇ ਲੱਗ ਟੁਰੀਆਂ। ਅੱਗੇ ਤੋਪ ਦੇ ਧਨੀ ਭੀ ਹੈਨ ਗੋਰੇ ਬੰਗਾਂ ਪਹਿਨ ਕੇ ਬੈਠੀਆਂ ਨਾਹਿ ਕੁੜੀਆਂ। ਸ਼ਾਹ ਮੁਹੰਮਦਾ ਵਰਜ ਦੇ ਜਾਂਦਿਆਂ ਨੂੰ ਫੌਜਾਂ ਹੋਇ ਮੁਹਾਣੀਆਂ ਕਦੋਂ ਮੁੜੀਆਂ"। ਜਿਸ ਤੇ ਬੁਰਛਿਆਂ ਦੀ ਇਸ ਬੇਮੁਹਾਰੀ ਦਾ ਨਤੀਜਾ ਇਹ ਨਿਕਲਯਾ ਸਾ ਜੋ ਪਹਿਲੀ ਲੜਾਈ ਵਿੱਚ ਹੀ ਸੱਠ ਤੋਪਾਂ ਛੱਡਕੇ ਨੱਸ ਆਏ ਸਨ, ਅਰ ਓਹ ਬੁਰਛਾ ਗਰਦੀ ਅੱਜ ਤਕ ਪ੍ਰਸਿੱਧ ਹੈ, ਅਰ ਏਸੇ ਬੁਰਛਾ ਗਰਦੀ ਨੇ ਸਰਦਾਰ ਸਿਆਮ ਸਿੰਘ ਜੈਸੇ ਬਹਾਦ੍ਰਾਂ ਦੇ ਸਿਰ ਧਰਤੀ ਪਰ ਰੁਲਾਏ ਸੇ ਅਰ ਕੋਈ ਸ਼ੇਰਾਂ ਵਰਗੇ ਸਰਦਾਰ ਦੇ ਪੁੱਤ੍ਰ ਅਪਨੀ ਮੂਰਖਤਾ ਨਾਲ ਮਰਵਾਏ ਸੇ, ਜਿਸ ਹਾਲਤ ਨੂੰ ਯਾਦ ਕਰਕੇ ਅੱਜ ਉਸ ਮੂਰਖਤਾ ਪਰ ਸਭ ਮੁਲਕਾਂ ਦੇ ਦਾਨਾ ਲੋਗ ਅਫਸੋਸ ਕਰਦੇ ਹਨ।

ਐ ਪੰਥ ਅਸੀਂ ਆਪਦੀ ਇਸ ਕ੍ਰਿਪਾ ਨੂੰ ਜੋ ਸਾਡੇ ਪਰ ਕੀਤੀ ਅਰ ਕਰ ਰਿਹਾ ਹੈ ਕਦੇ ਭੀ ਭੁਲਾ ਨਹੀਂ ਸਕਦੇ ਕਿਉਂਕਿ ਤੈਂ ਸੁਣਿਆ ਸਾਡੀਆਂ ਅਪੀਲਾਂ ਨੂੰ ਅਰ ਤੈਂ ਮਦਦ ਕੀਤੀ ਸਾਡੇ ਉੱਦਮ ਦੀ ਜਿਸਤੇ ਅਸੀਂ ਸੱਚੇ ਦਿਲ ਤੇ ਤੇਰੇ ਧੰਨਯਵਾਦੀ ਹਾਂ ਅਰ ਸਦਾ ਹੀ ਰਹੇਂਗੇ, ਪ੍ਰੰਤੂ ਵੱਡੇ ਸ਼ੋਕ ਨਾਲ ਆਖਨਾ ਪੈਂਦਾ ਹੈ ਕਿ ਸਾਡੇ ਸਾਰੇ ਮਨੋਰਥ ਅਕਾਲ ਪੁਰਖ ਪੂਰੇ ਨਹੀਂ ਹੋਨ ਦਿੱਤੇ ਜਿਸ ਦਾ ਕਾਰਨ ਇਹ ਹੈ ਕਿ ਜਿਸ ਕੰਮ ਨੂੰ ਅਸੀਂ ਧੀਰਜ ਅਤੇ ਚੰਗੀ ਤਰ੍ਹਾਂ ਨਾਲ ਕਰਨਾ ਚਾਹਿਆ ਉਸੇ ਦੇ ਉਲਟ ਦੂਜੇ ਪਾਸਿਓਂ ਬੁਰਛਾਗਰਦੀ ਆਰੰਭ ਹੋ ਗਈ।

ਪਹਿਲੇ ਖਾਲਸਾ ਕਾਲਜ ਦੇ ਵੇਲੇ ਜਦ ਲਾਹੌਰ ਵਿੱਚ ਬਣਨੇ ਲਈ ਯਤਨ ਕਰਦੇ ਸਾਂ ਤਦ ਝੱਟ ਪੱਟ ਬੁਰਛਾਗਰਦੀ ਨੇ ਜ਼ੋਰ ਪਾ ਦਿੱਤਾ ਜਿਸ ਪਰ ਕਈ ਹਜ਼ਾਰ ਦਸਤਖਤ ਹੋ ਕੇ ਸ੍ਰੀ ਹਜ਼ੂਰ ਲਾਟ ਸਾਹਿਬ਼ ਪਾਸ ਭੇਜੇ ਗਏ ਸੇ ਕਿ ਜੋ ਕਾਲਜ ਲਾਹੌਰ ਬਣਨਾ ਆਖਦੇ ਹਨ ਸੋ ਦੁਸ਼ਟ ਹਨ ਅਰ ਪਾਪੀ ਹਨ ਇਸ ਵਾਸਤੇ ਕਾਲਜ ਦਾ ਅੰਮ੍ਰਿਤਸਰ ਬਨਾਉਣਾ ਪੰਥ ਦੀ ਸ਼ੋਭਾ ਅਤੇ ਉੱਨਤੀ ਹੈ, ਜਿਸਤੇ ਬੁਰਛਾਗਰਦੀ ਦੇ ਢੋਲ ਦੇ ਅੱਗੇ ਸਾਡੀ ਤੂਤੀ ਦੀ ਅਵਾਜ਼ ਰਹ ਚੁਕੀ ਸੀ ਜਿਸ ਦਾ ਨਤੀਜਾ ਇਹ ਨਿਕਲਿਆ ਜੋ ਹੁਣ ਓਹੋ ਆਦਮੀ ਮੱਖੀ ਵਾਂਗ ਹੱਥ

ਮਲਦੇ ਹਨ ਅਰ ਸਾਫ ਆਖਦੇ ਹਨ ਕਿ ਅਸੀਂ ਤਦੋਂ ਪਾਪ ਕੀਤਾ ਸਾ ਪਰ "ਅਬ ਪਛਤਾਏ ਕਿਆ ਬਨੇ ਜਬ ਚਿੜੀਆਂ ਚੁਗ ਗਈ ਖੇਤ" ਵਾਲੀ ਬਾਤ ਹੋ ਗਈ ਹੈ, ਕਿੰਤੂਪੰਥ ਨੂੰ ਇਤਨਾ ਜ਼ਰੂਰ ਮਾਲੂਮ ਹੋ ਗਿਆ ਹੈ ਕਿ ਅਸੀਂ ਜੋ ਉਸ ਵੇਲੇ ਪਾਪੀ ਅਰ ਦੁਸ਼ਟ ਪੁਕਾਰੇ ਜਾਂਦੇ ਸੇ ਸੋ ਠੀਕ ਨਹੀਂ ਸੇ, ਜਿਸ ਤੇ ਸਾਫ ਬਾਤ ਹੈ ਕਿ ਹੇ ਪੰਥ ਤੂੰ ਪਹਿਲੇ ਕੰਮ ਗੁਵਾਕੇ ਸਾਡੀ ਬਾਤ ਨੂੰ ਸੱਚੀ ਮੰਨਦਾ ਹੈ।

ਅੱਜ ਕੱਲ ਭੀ ਜੋ ਇੱਕ ਵੱਡਾ ਸਵਾਲ ਤੇਰੇ ਅੱਗੇ ਪੇਸ਼ ਹੋ ਗਿਆ ਹੈ ਜਿਸ ਦਾ ਅਸਲ ਸਿੱਧਾਂਤ ਇਹ ਹੈ ਕਿ ਜੋ ਅੰਮ੍ਰਿਤਧਾਰੀ ਸਿੰਘ ਹੈ ਸੋ ਅਪਨਾ ਧਾਰਮਕ ਭਾਈ ਹੈ, ਉਸ ਥੋਂ ਘ੍ਰਿਣਾ ਕਰਨੀ ਗੁਰੂਦੇ ਅਸੂਲਾਂ ਅਤੇ ਉਪਦੇਸ਼ਾਂ ਤੇ ਉਲਟ ਹੈ, ਇਸ ਪਰ ਬੇਸ਼ਕ ਤੈਂ ਅਜੇ ਤੱਕ ਕੋਈ ਨੋਟਸ ਨਹੀਂ ਲੀਤਾ ਅਰ ਇਸ ਵੇਲੇ ਚਾਹੀਦਾ ਸਾ ਕਿ ਚਾਰੇ ਪਾਸਿਆਂ ਤੇ ਇਸ ਪਰ ਖਯਾਲ ਕਰਨ ਲਈ ਵਿਚਾਰ ਹੁੰਦਾ, ਅਰ ਇਸ ਸਵਾਲ ਨੂੰ ਜੋ ਕੌਮ ਨੂੰ ਇਕ ਕੌਮ ਬਨਾਕੇ ਦਖਾਉਨ ਦਾ ਕਾਰਨ ਹੈ ਜ਼ਰੂਰ ਖਯਾਲ ਕਰਦਾ ਅਤੇ ਦੇਖਦਾ ਕਿ ਜੇ ਤੇਰੇ ਇਸ ਕੌਮੀ ਸਵਾਲ ਵਿੱਚ ਭੀ ਬੁਰਛਾਗਰਦੀ ਹੋ ਗਈ ਤਦ ਯਾਦ ਰੱਖ ਜੋ ਤੇਰਾ ਫਿਰ ਕਿਤੇ ਭੀ ਟਕਾਨਾ ਨਹੀਂ ਹੈ ਅਰ ਫਿਰ ਮੁੜਕੇ ਕਦੀਂ ਐਸਾ ਸਵਾਲ ਪੇਸ਼ ਹੋਨਾ ਅਤਯੰਤ ਹੀ ਕਠਨ ਹੈ, ਇਸ ਵਾਸਤੇ ਜੋ ਸਿੰਘ ਧਾਰਮਕ ਬਹਾਦਰ ਕੌਮ ਉੱਨਤੀ ਦੇ ਪਯਾਰੇ ਹਨ ਸੋ ਹਰ ਇੱਕ ਆਪੋ ਆਪਨੀ ਜਗ੍ਹਾ ਪਰ ਇਸ ਉੱਤੇ ਵਿਚਾਰ ਕਰਨ, ਅਰ ਜਿਸ ਤਰ੍ਹਾਂ ਲਗੜ ਅਤੇ ਸ਼ਕਾਰੀ ਜਾਨਵਰਾਂ ਤੇ ਸ਼ਕਾਰ ਛੁਡਾਕੇ ਮੀਰਸ਼ਕਾਰੀ ਅਪਨੇ ਹੱਥ ਲੈ ਲੈਂਦਾ ਹੈ, ਇਸੇ ਤਰ੍ਹਾਂ ਨਾਤਜਰਬੇ ਕਾਰਾਂ ਪਰ ਹੀ ਇਸ ਸਵਾਲ ਨੂੰ ਛੱਡਕੇ ਬੈਠਨਾ ਨਹੀਂ ਚਾਹੀਦਾ ਕਿੰਤੂ ਇਸ ਵਿੱਚ ਜ਼ਰੂਰ ਪੰਥ ਦੇ ਦਾਨਾ ਪੁਰਖਾਂ ਨੂੰ ਖਯਾਲ ਕਰਨਾ ਚਾਹੀਦਾ ਹੈ, ਜਿਸਤੇ ਇਹ ਅੰਤ ਦਾ ਖਯਾਲ ਸੌਖਾ ਪੂਰਾ ਹੋਵੇ ਅਰ ਇਸ ਮੌਕੇ ਪਰ ਕਾਹਲੀ ਅਤੇ ਜਾਹਲੀ ਤੇ ਕੰਮ ਨਾ ਲੀਤਾ ਜਾਏ ਪ੍ਰੰਤੂ ਐ ਪੰਥ ਦੇ ਪਯਾਰਯੋ ਅਰ ਇਸ ਕਾਰਜ ਨੂੰ ਪੂਰਾ ਕਰਨੇਹਾਰਯੋ ਯਾਦ ਰੱਖੋ ਕਿ ਜੇ ਤੁਸੀਂ ਇਸ ਬੇਨਤੀ ਨੂੰ ਨਾ ਸੁਣਿਆ ਤਾਂ ਕੋਈ ਦਿਨ ਆਵੇਗਾ ਸੋ ਸਾਡੀ ਬਾਤਾਂ ਪਰ ਖਯਾਲ ਕਰੋਗੇ ਅਰ ਹੱਥ ਮਲੋਗੇ।

੩੭. ਲਾਹੌਰ ਦਾ ਘਰ (ਖ.ਅ.ਲ. ੧੯੦੦ ਈ:)

ਓਹ ਆਦਮੀ ਅਜੇ ਤਕ ਜ਼ਿੰਦਾ ਹਨ ਜਿਨ੍ਹਾਂ ਨੇ ਲਾਹੌਰ ਦਾ ਘਰ ਆਬਾਦ ਦੇਖਯਾ

ਹੈ, ਅਤੇ ਉਨ੍ਹਾਂ ਦੀਆਂ ਬਾਤਾਂ ਸੁਨਣੇ ਤੇ ਪ੍ਰਤੀਤ ਹੁੰਦਾ ਹੈ ਕਿ ਇਸ ਸ਼ਾਹੀ ਖਾਨਦਾਨ ਦੀ ਸਮਰੱਥਾ ਕੋਈ ਹਾਸੀ ਖੇਲ ਨਹੀਂ ਸੀ। ਇਸ ਰਾਜਧਾਨੀ ਨੇ ਕੰਧਾਰ ਦੇ ਹਾਕਮ ਦਾ ਪ੍ਰਤਾਪ ਇਸ ਤਰ੍ਹਾਂ ਮੱਧਮ ਕਰ ਦਿੱਤਾ ਸਾ ਜਿਸ ਤਰ੍ਹਾਂ ਚੰਦ ਦੇ ਅੱਗੇ ਤਾਰਿਆਂ ਦੀ ਰੋਸ਼ਨੀ, ਅਰ ਇਸੀ ਤਰ੍ਹਾਂ ਇਸ ਖਾਲਸਾ ਦੇ ਤਾਕਤ ਵਾਲੇ ਘਰ ਨੇ ਕਾਬਲ ਦਾ ਹੌਸਲਾ ਇਸ ਤਰ੍ਹਾਂ ਉਡਾ ਦਿੱਤਾ ਸਾ ਜਿਸ ਤਰ੍ਹਾਂ ਸੂਰਜ ਦਾ ਤੇਜ਼ ਅਪਨੀ ਕ੍ਰਿਨਾਂ ਦੇ ਸਾਮ੍ਹਨੇ ਦੁਪਹਿਰ ਦੇ ਚੰਦ ਦਾ ਤੇਜ਼ ਫਿਕਾ ਕਰ ਦੇਂਦਾ ਹੈ, ਅਰ ਸਰਹੱਦੀ ਫਸਾਦੀ ਅੱਜ ਤਕ ਅਪਨੇ ਬੱਚਿਆਂ ਨੂੰ ਸਰਦਾਰ ਹਰੀ ਸਿੰਘ ਜੀ ਦਾ ਨਾਉਂ ਹਊਏ ਦੀ ਤਰ੍ਹਾਂ ਆਖ ਕੇ ਡਰਾਉਂਦੇ ਹਨ।

੩੮. ਅਟਕ ਦਰਯਾ (ਖ.ਅ.ਲ.੧੯੦੦ ਈ:)

ਉਸ ਵੇਲੇ ਅਟਕ ਦਰਯਾ ਦੀ ਭਯਾਨਕ ਸੂਰਤ ਅਰ ਦੋਨੋਂ ਤਰਫੀਂ ਪਹਾੜਾਂ ਦੀ ਦੇਵਾਂ ਜੈਸੀ ਮੂਰਤ ਇਕ ਮੌਤ ਦਾ ਨਜ਼ਾਰਾ ਦਖਾਉਂਦੀ ਸੀ, ਜਿੱਥੇ ਨਾ ਬੇੜੀ ਨਾ ਚੱਪਾ ਅਤੇ ਨਾ ਪੁਲ ਨਾ ਤੁਲਹਾ ਕਿੰਤੂ ਓਹ ਨਦੀ ਦੀਆਂ ਠਾਠਾਂ ਕੇਵਲ ਇਤਨਾ ਹੀ ਦਿਖਾਉਂਦਿਆਂ ਸਨ ਕਿ ਅੱਗੇ ਜਾਨਾ ਮੁਹਾਲ ਹੈ, ਉਸ ਵੇਲੇ ਸ੍ਰੀ ਮਹਾਰਾਜਾ ਸਾਹਿਬ ਬਹਾਦ੍ਰ ਨੇ ਵੱਡੇ ਹਠ ਅਤੇ ਦਲੇਰੀ ਨਾਲ ਘੋੜੇ ਪਰ ਅਸਵਾਰ ਹੋ ਕੇ ਵਗਦੀ ਅਟਕ ਦੀ ਗਹਰੀ ਧਾਰ ਵਿਚ ਛਾਲ ਮਾਰੀ ਜਿਸ ਤੇ ਆਖਦੇ ਹਨ ਕਿ ਮਾਨੋ ਉਹ ਵੇਲਾ ਦਰਯਾ ਦੇ ਖੜਾ ਕਰ ਦੇਨ ਲਈ ਈਸ਼ਵਰੀ ਹੁਕਮ ਸਾ, ਜਿਸ ਤੇ ਹਰ ਇੱਕ ਅਸਵਾਰ ਅਤੇ ਪਯਾਦਾ ਇੱਕੋ ਵੇਰ ਦਰਯਾ ਦੇ ਵਿਚ ਕੁੱਦ ਪਿਆ ਅਤੇ ਪਾਰ ਹੋ ਗਿਆ ਅਰ ਹਾਥੀਆਂ ਦੀਆਂ ਕਤਾਰਾਂ ਨੇ ਇੱਕ ਪੁਲ ਦੀ ਸੂਰਤ ਬਨਾ ਕੇ ਸਾਰਾ ਦਲ ਚੁਪ ਚਾਪ ਪਾਰ ਕਰ ਦਿੱਤਾ। ਜਦ ਸਾਰੀ ਫ਼ੌਜ਼ ਪਾਰ ਹੋ ਗਈ ਤਦ ਮਹਾਰਾਜਾ ਨੇ ਘੋੜੇ ਦੀ ਰਕਾਬਦਬਾਈ ਅਰ ਝੱਟ ਪਾਰ ਹੋ ਗਏ, ਇਸ ਬਾਤ ਨੂੰ ਅਜ ਤਕ ਲੋਗ ਮਹਾਰਾਜਾ ਰਣਜੀਤ ਸਿੰਘ ਦੀ ਕਰਾਮਾਤ ਸਮਝਦੇ ਹਨ।

੩੯. ਹਰੀ ਸਿੰਘ ਨਲੂਆ (ਖ.ਅ.ਲ. ੧੯੦੦ ਈ:)

ਸਰਦਾਰ ਹਰੀ ਸਿੰਘ ਨਲੂਏ ਦੀ ਬਹਾਦ੍ਰੀ ਦਾ ਝੰਡਾ ਦੁਨੀਆਂ ਦੇ ਅੰਤ ਤਕ ਯਸ਼ ਦੇ ਨਾਲ ਝੁਲਦਾ ਰਹੇਗਾ ਅਤੇ ਉਸ ਦੇ ਨਾਮ ਨੂੰ ਹਰ ਇਕ ਭਾਰੀ ਬਹਾਦ੍ਰਾਂ ਦੀ ਗਿਣਤੀ ਵਿੱਚ ਪਹਿਲੇ ਲਏਗਾ। ਉਸ ਦਾ ਸੁੰਦ੍ਰ ਚਿਹਰਾ ਅਤੇ ਜਿਗ੍ਹਾ ਕਲਗੀ ਵਾਲਾ ਦਸਤਾਰਾ ਇਸੀ

ਪ੍ਰਕਾਰ ਸੁਬਲੋਹ ਨਾਲ ਸਨੱਧਬੱਧ ਕਮਰਕਸਾ ਤਸਵੀਰ ਦੁਆਰਾ ਦੱਸ ਰਿਹਾ ਹੈ ਕਿ ਇਹ ਕੋਈ ਆਮ ਆਦਮੀ ਨਹੀਂ ਸੀ ਕਿੰਤੂ ਇਹ ਬੇਸ਼ੱਕ ਇੱਕ ਉਨ੍ਹਾਂ ਸੂਰਬੀਰਾਂ ਦੀ ਸ੍ਰੇਣੀ ਵਿਚੋਂ ਸੀ ਜਿਨ੍ਹਾਂ ਦੇ ਨਾਮ ਦੀਆਂ ਵਾਰਾਂ ਢਾਡੀ ਗਾਉਂਦੇ ਅਤੇ ਉਨ੍ਹਾਂ ਪੁਸਤਕਾਂ ਦੇ ਪੁਰਾਣ ਨਾਉਂ ਧਰ ਕੇ ਲੋਗ ਕਥਾ ਸੁਨਾਉਂਦੇ ਹਨ।

੪੦. ਰਾਜੇ ਮਹਾਰਾਜਿਆਂ ਬਾਰੇ (ਖ.ਅ.ਲ. ੧੯੦੦ ਈ:)

ਉਨ੍ਹਾਂ ਦਿਨਾਂ ਵਿਚ ਪਟਿਆਲਾ, ਨਾਭਾ, ਜੀਂਦ ਰਿਆਸਤਾਂ ਦੇ ਨਰੇਸ਼ ਲਾਹੌਰ ਵਿੱਚ ਸਨ। ਉਨ੍ਹਾਂ ਨੂੰ "ਸਾਡੇ ਪੰਥ ਦੇ ਭੂਖਨ" ਤੇ "ਸ਼ੋਭਾ ਜੋਗ ਰਾਜੇ ਮਹਾਰਾਜੇ ਪੰਥ ਸ਼ਿਰੋਮਣੀ" ਦੱਸਦੇ ਹਨ। ਇਵੇਂ ਹੀ ਉਨ੍ਹਾਂ ਦੀਆਂ ਰਿਆਸਤਾਂ ਨੂੰ "ਕੌਮੀ ਰਾਜਧਾਨੀਆਂ' ਦੱਸਦੇ ਹਨ। " ਫਿਰ ਸ੍ਰੀ ਮਹਾਰਾਜਾ ਧਿਰਾਜ ਪਟਿਆਲਾ ਦਾ ਪੋਹਲੋ ਵਿੱਚ ਫਤੇ ਪਾਉਣਾ ਅਤੇ ਸ੍ਰੀ ਹਜ਼ੂਰ ਮਹਾਰਾਜ ਧਿਰਾਜ ਨਾਭਾ ਦੀ ਨਯਾਇਕਾਰਤਾ ਦਾ ਚਰਚਾ ਸ਼ਹਿਰ ਦੇ ਹਰ ਇਕ ਗਲੀ ਕੂਚੇ ਵਿੱਚ ਸੁਨਿਆ' ਜਾਣ ਬਾਰੇ ਮਾਣ ਨਾਲ ਲਿਖਦੇ ਹਨ। ਇਸ ਤੋਂ ਅੱਗੇ ਉਹ ਅਕਾਲ ਪੁਰਖ ਅੱਗੇ ਪ੍ਰਾਰਥਨਾ ਕਰਦੇ ਹਨ ਕਿ 'ਜੋ ਜਗਦੀਸ਼ਵਰ ਇਨ੍ਹਾਂ ਘਰਾਣਿਆਂ ਨੂੰ ਸਦਾ ਅਟੱਲ ਰੱਖੇ।'

ਰਿਆਸਤਾਂ ਨੂੰ 'ਖਾਲਸਾ ਪੰਥ ਦੀ ਇੱਜ਼ਤ, ਮਾਨ ਅਤੇ ਵਡਾਈ' ਦੱਸਦਿਆਂ ਨਾਲ ਹੀ 'ਸਰਕਾਰ ਅੰਗਰੇਜ਼ੀ ਦੀਆਂ ਵੱਡੀਆਂ ਸਮਰੱਥਵਾਨ ਭੁਜਾ' ਕਿਹਾ ਗਿਆ ਹੈ।"ਅਰ ਇਨ੍ਹਾਂ ਦੀ ਤਾਕਤ ਅਰ ਇਨ੍ਹਾਂ ਦੀ ਸੂਰਬੀਰਤਾ ਅਤੇ ਇੱਜ਼ਤ ਸਰਕਾਰ ਅੰਗ੍ਰੇਜ਼ੀ ਦੀ ਹੀ ਸਮਰਥਾ ਅਤੇ ਇੱਜ਼ਤ ਹੈ, ਜਿਸ ਤੇ ਇਨ੍ਹਾਂ ਦਾ ਅਟੱਲ ਰਹਿਨਾ ਹੀ ਗਵਰਨਮਿੰਟ ਦੀ ਸਮਰਥਾ ਦਾ ਅਟਲ ਰਹਿਨਾ ਹੈ।"

ਸਰਕਾਰ ਅੰਗਰੇਜ਼ੀ ਦੇ ਚਮਤਕਾਰ ਅਪਨੀਆਂ ਅੱਖਾਂ ਦੇ ਸਾਮ੍ਹਨੇ ਲੈ ਆਉਂਦੇ "ਹਨ ਤੇ ਇਹ ਕਥਨ ਕਰਦੇ ਹਨ: ਅਰ ਦੇਖਦੇ ਹਾਂ ਕਿ ਜੋ ਨੌਵੇਂ ਗੁਰੂ ਜੀ ਦਾ ਇਹ ਬਚਨ ਯਾ ਪੇਸ਼ੀਨਗੋਈ ਦਾ ਕਿ ਮੇਰਾ ਸਿੱਖ ਸਮੁੰਦਰੋਂ ਪਾਰ ਤੇ ਆਉਂਦਾ ਹੈ, ਪੂਰਾ ਹੋਇਆ, ਜਿਨ੍ਹਾਂ ਤੇ ਅੱਗੇ ਦਸਮੇਂ ਪਾਤਸ਼ਾਹ ਨੇ ਅਪਨੇ ਪਯਾਰੇ ਪਿਤਾ ਦਾ ਬਚਨ ਪੂਰਾ ਕਰਨ ਲਈ ਇਸ ਦੇਸ਼ ਵਿੱਚ ਵੱਡੀਆਂ ੨ ਰਾਜਧਾਨੀਆਂ ਕਾਇਮ ਕਰ ਦਿੱਤੀਆਂ, ਜਿਨ੍ਹਾਂ ਨੂੰ ਇਸ

ਗਵਰਨਮਿੰਟ ਦੀਆਂ ਭੁਜਾ ਸਮਝਿਆ ਜਾਂਦਾ ਹੈ।

ਇਸ ਵਾਸਤੇ ਅਸੀਂ ਗੁਰੂ ਮਹਾਰਾਜ ਦਾ ਧੰਨਯਾਵਾਦ ਕਰਕੇ ਖਾਲਸਾ ਪੰਥ ਦੇ ਰਾਜੇ ਮਹਾਰਾਜੇ ਅਤੇ ਹੁਕਮਰਾਨਾਂ ਅੱਗੇ ਵੱਡੀ ਨਿਮਰਤਾ ਨਾਲ ਪਰਾਰਥਨਾ ਕਰਦੇ ਹਾਂ ਕਿ ਆਪ ਉਸ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਨਿਸ਼ਾਨੀਆਂ ਹੋ ਜਿਸ ਨੇ ਅਪਨਾ ਸਾਰਾ ਸਰਬੰਸ ਕੁਰਬਾਨ ਕਰਕੇ ਆਪ ਜੀ ਨੂੰ ਪੈਦਾ ਕੀਤਾ ਹੈ। ਇਸ ਵਾਸਤੇ ਆਪ ਦੇ ਸਾਰੇ ਸਾਮਾਨ ਇਨ੍ਹਾਂ ਵਸਤੂਆਂ ਦੇ ਨਹੀਂ ਹਨ ਜਿਨ੍ਹਾਂ ਦੇ ਖਯਾਲ ਕੀਤਾ ਜਾਂਦਾ ਹੈ, ਕਿੰਤੂ ਇਹ ਸਾਰੇ ਸ਼ਸਤਰ ਜੋ ਚਮਕੀਲੇ ਅਤੇ ਭਯਾਨਕ ਨਜ਼ਰ ਆਉਂਦੇ ਹਨ ਅਰ ਇਹ ਸਾਰੀਆਂ ਬਰਦੀਆਂ ਜੋ ਰੰਗ ਬਰੰਗ ਦਿਖਾਈ ਦੇਂਦੀਆਂ ਹਨ, ਸੋ ਇਹ ਦਸਮ ਪਾਤਸ਼ਾਹ ਦੇ ਸਰਬੰਸ ਅਤੇ ਉਨ੍ਹਾਂ ਦੇ ਸਿਦਕੀ ਸਿੰਘਾਂ ਦੇ ਲਹੂ ਮਾਸ ਅਤੇ ਹੱਡੀਆਂ ਦੇ ਬਨੇ ਹੋਏ ਹਨ, ਅਰ ਇਹ ਸਾਰੇ ਸਾਮਾਨ ਪੰਜਾਬ ਦੀ ਸਾਰੀ ਧਰਤੀ ਦੇ ਖੇਤ ਪਰ ਸਿੱਖਾਂ ਦੇ ਸਿਰ ਖ਼ੁਰਬੂਜ਼ਿਆਂ ਵਾਂਗ ਰੁਲਾ ਕੇ ਅਤੇ ਲੋਹੂ ਪਾਣੀ ਦੇ ਕੇ ਪੈਦਾ ਕੀਤੇ ਗਏ ਹਨ, ਇਸ ਵਾਸਤੇ ਆਸ਼ਾ ਹੈ ਕਿ ਆਪ ਇਸ ਦੇ ਕਾਇਮ ਰਖਨੇ ਲਈ ਹਰ ਵਕਤ ਖਯਾਲ ਰਖੋਗੇ।

ਅੰਤ ਨੂੰ ਅਸੀਂ ਗੁਰੂ ਮਹਾਰਾਜ ਅੱਗੇ ਪਰਾਰਥਨਾ ਕਰਦੇ ਹਾਂ ਕਿ ਹੇ ਸੱਚੇ ਪਾਤਸ਼ਾਹ ਆਪ ਸਦਾ ਹੀ ਇਨ੍ਹਾਂ ਖਾਨਦਾਨਾਂ ਦੀ ਰੱਖਯਾ ਕਰੋ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਪੰਜਾਬ ਦੇ ਉਸ ਸਮੇਂ ਦੇ ਰਾਜਿਆਂ ਮਹਾਰਾਜਿਆਂ ਦੀ ਸਿੰਘ ਸਭਾ ਲਹਿਰ ਵਿਚ ਹਾਂ-ਵਾਚੀ ਭੂਮਿਕਾ ਅਤੇ ਉਨ੍ਹਾ ਦਾ ਸਿੱਖ ਸ਼ਕਤੀ ਦੇ ਚਿੰਨ੍ਹ ਵਜੋਂ ਮੰਨਿਆ ਹੋਣਾ ਭਾਈ ਦਿੱਤ ਸਿੰਘ ਦੇ ਹਿਰਦੇ ਨੂੰ ਗਦ ਗਦ ਕਰਦਾ ਹੈ। ਪਰ ਭਾਈ ਦਿੱਤ ਸਿੰਘ ਇਸ ਤਾਕਤ ਨੂੰ ਐਸ਼ੋ-ਆਰਾਮ ਦਾ ਸਾਧਨ ਮੰਨਣ ਦੀ ਥਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਸਮਾਜ ਦੇ ਨਿਰਮਾਣ ਲਈ ਵਰਤੀਂਦਾ ਲੋੜਦੇ ਹਨ। ਇਸ ਲਈ ਖ਼ਬਰਦਾਰੀ ਵਜੋਂ ਉਹ ਉਪਰੋਕਤ ਪੈਰੇ ਵਿਚ, ਮੁਗਲ ਸਲਤਨਤ ਦੇ ਸਮੇਂ ਕੀਤੀਆਂ ਗਈਆਂ ਕੁਰਬਾਨੀਆਂ ਦਾ ਰੌਂਗਟੇ ਖੜ੍ਹੇ ਕਰਨ ਵਾਲਾ ਜ਼ਿਕਰ ਕਰਦੇ ਹਨ। 'ਰਾਜ ਪ੍ਰਬੋਧ ਨਾਟਕ' ਵੀ ਉਨ੍ਹਾਂ ਨੇ ਇਨ੍ਹਾਂ ਰਾਜਿਆਂ ਮਹਾਰਾਜਿਆਂ ਲਈ ਇਕ ਤਰ੍ਹਾਂ ਮਾਰਗ ਦਰਸ਼ਨ ਕਰਨ ਲਈ ਹੀ ਲਿਖਿਆ।

੪੧. ਐ ਕੌਮ ਤੂੰ ਗੁਰੂ ਦੀਆਂ ਬਰਕਤਾਂ ਨੂੰ ਭੁੱਲ ਗਈ ਹੈਂ (ਖ.ਅ.ਲ.੧੯੦੦ ਈ:)

ਐ ਕੌਮ ਤੂੰ ਦੇਖ ਜੋ ਜਿਨ੍ਹਾਂ ਕੌਮਾਂ ਨੇ ਅਪਨੇ ਗੁਰੂ ਦੀਆਂ ਬਰਕਤਾਂ ਨੂੰ ਹਰਦਮ ਯਾਦ ਰੱਖਿਆ ਹੈ ਸੋ ਕਿਸ ਤਰ੍ਹਾਂ ਦੁਨੀਆਂ ਪਰ ਫਲੀਆਂ ਅਤੇ ਫੁੱਲੀਆਂ ਹਨ ਅਰ ਉਨ੍ਹਾਂ ਦੇ ਪ੍ਰਤਾਪ ਦਾ ਸਤਾਰਾ ਕਿਸ ਤਰ੍ਹਾਂ ਚਮਕ ਰਿਹਾ ਹੈ। ਪਰੰਤੂ ਤੇਰੇ ਦਿਨ ਕੁਛ ਐਸੇ ਹੀ ਉਲਟੇ ਹੋ ਰਹੇ ਹਨ ਜਿਨ੍ਹਾਂ ਤੇ ਤੈਨੂੰ ਅਪਨੇ ਗੁਰੂਆਂ ਦੀਆਂ ਬਰਕਤਾਂ ਕੁਝ ਭੀ ਚੇਤੇ ਨਹੀਂ ਆਉਂਦੀਆਂ ਅਰ ਤੂੰ ਉਨ੍ਹਾਂ ਤੇ ਫਿਰਕੇ ਅਕ੍ਰਿਤ-ਘਨਤਾ ਵੱਲ ਹੀ ਜਾਇ ਰਹੀ ਹੈ।

ਹੇ ਕੌਮ ਤੂੰ ਯਾਦ ਕਰ ਅਪਨੇ ਪੁਰਾਣੇ ਉਨ੍ਹਾਂ ਦਿਨਾਂ ਨੂੰ ਜਦ ਤੇਰਾ ਨਾਮ ਅਤੇ ਨਸ਼ਾਨ ਭੀ ਇਸ ਸੰਸਾਰ ਪਰ ਨਹੀਂ ਸਾ ਅਰ ੪੩੧ ਸਾਲ ਤੇ ਇੱਕ ਮਹੀਨਾ ਪਹਿਲੇ ਤੇਰਾ ਕੁਛ ਪਤਾ ਭੀ ਨਹੀਂ ਸਾ ਕਿ ਤੈਂ ਪੈਦਾ ਹੋਕੇ ਕਯਾ ਕੁਛ ਕਰਨਾ ਹੈ ਪ੍ਰੰਤੂ ਇਸ ਤੇ ਉਰੇ ਆਕੇ ਭੀ ਤੂੰ ਇੱਕ ਇਸ ਬਨਾਵਟ ਪਰ ਰਹੀ ਜਿਸ ਪਰਕਾਰ ਸ਼ੇਰ ਦਾ ਬੱਚਾ ਅੱਖੀਂ ਖੁੱਲ੍ਹਨ ਤੇ ਪਹਿਲੇ ਹੁੰਦਾ ਹੈ ਜਿਸ ਤਰ੍ਹਾਂ ਉਹ ਮਾਸਾਹਾਰੀ ਸ਼ੇਰ ਨਿਰਾ ਬੱਚਾ ਹੋਨੇ ਦੇ ਕਾਰਨ ਦੁੱਧ ਪਰ ਹੀ ਅਪਨੀ ਪਾਲਨਾ ਕਰਦਾ ਹੈ । ਇਸੇ ਤਰ੍ਹਾਂ ਤੈਂ ਭੀ ਅਪਨੇ ਜਨਮ ਤੇ ਮਗਰੋਂ ਕੁਛਕ ਕਾਲ ਨਿਰਾ ਭਜਨ,ਕੀਰਤਨ ਅਤੇ ਸਹਨਸੀਲਤਾ ਨਾਲ ਹੀ ਦਿਨ ਕਟੀ ਕੀਤੀ ਸੀ, ਗੁਰੂ ਅਮਰਦਾਸ ਜੀ ਮਹਾਰਾਜ ਦਾ ਸਮਾਂ ਤੇਰੀ ਇਸ ਬਾਤ ਦੀ ਗੁਵਾਹੀ ਦੇ ਰਿਹਾ ਹੈ ਕਿ ਉਨ੍ਹਾਂ ਦੇ ਜਲ ਦੇ ਘੜੇ ਜਦ ਕਾਫਰ ਜਾਨ ਕੇ ਲੋਗ ਭੰਨ ਦੇਂਦੇ ਸਨ ਅਰ ਗਰੀਬ ਸਿੱਖ ਆਕੇ ਗੁਰੂ ਜੀ ਦੇ ਪਾਸੋਂ ਉਨ੍ਹਾਂ ਦਾ ਉਪਾਓ ਪੁੱਛਦੇ ਸਨ ਤਦ ਏਹੋ ਉਤ੍ਰ ਮਿਲਦਾ ਸਾ ਕਿ ਇਹ ਲੋਗ ਜ਼ੁਲਮ ਕਰਨੇ ਅਤੇ ਤੁਸੀਂ ਸਹਾਰਨੇ ਵਾਸਤੇ ਪੈਦਾ ਕੀਤੇ ਗਏ ਹੋ ਜਿਸ ਤੇ ਬਦਲਾ ਲੈਣਾ ਸਾਡਾ ਕੰਮ ਨਹੀਂ ਹੈ। ਐ ਪੰਥ ਤੂੰ ਦੇਖ ਜੋ ਤੇਰੀ ਉਸ ਸਮਯ ਕਯਾ ਹਾਲਤ ਸੀ ਜਿਸ ਤੇ ਤੂੰ ਆਪਨੇ ਪਾਣੀ ਦੇ ਘੜੇ ਭੰਨਨੋਂ ਬਚਾਉਨ ਲਈ ਭੀ ਕਿਸੇ ਖਾਸ ਖਯਾਲ ਤੇ ਰੋਕਯ ਜਾਂਦਾ ਸਾ ਪ੍ਰੰਤੂ ਉਸ ਸਮਯ ਕੇਵਲ ਅਕਾਲ ਪੁਰਖ ਦਾ ਅਰਾਧਨ ਅਤੇ ਲੰਗਰ ਦਾ ਇੱਕ ਕਰਨਾ ਹੀ ਤੇਰੇ ਵਾਸਤੇ ਸਮਰੱਥਾ ਦਾ ਕਾਰਨ ਸਾ।

ਇਸ ਤੇ ਮਗਰੋਂ ਐ ਪੰਥ ਤੇਰੇ ਸਚੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੇਰੇ ਸਾਮ੍ਹਨੇ ਜ਼ਾਲਮ ਪੁਰਖਾਂ ਦੇ ਹੱਥੋਂ ਤੱਤੇ ਰੇਤੇ ਸ਼ਰੀਰ ਪਰ ਪੁਆਏ ਅਰ ਤੱਤੇ ਤਵਿਆਂ

ਪਰ ਖੜੇ ਹੋਕੇ ਨਦੀ ਵਿੱਚ ਪ੍ਰਾਣ ਗੁਵਾਏ ਪਰੰਤੂ ਜਿਸ ਤਰ੍ਹਾਂ ਇੱਕ ਨਿੱਕਾ ਬੇਟਾ ਬਾਪ ਦੀ ਬਿਪਤਾ ਨੂੰ ਦੇਖਕੇ ਸਵਾਇ ਰੋਣ ਤੇ ਕੁਝ ਭੀ ਮਦਦ ਨਹੀ ਦੇ ਸਕਦਾ ਇਸੇ ਪ੍ਰਕਾਰ ਉਸ ਸਮੇ ਤੇਰਾ ਸਵਾਇ ਹਾਹਾ ਕਾਰ ਤੇ ਹੋਰ ਕੁਝ ਭੀ ਜ਼ੋਰ ਨਹੀਂ ਚਲਦਾ ਸਾ।

ਇਸ ਤੇ ਅਗਲੇ ਸਮਯ ਵਿੱਚ ਹੀ ਤੇਰੇ ਛੇਵੇਂ ਪਾਤਸ਼ਾਹ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਕੇ ਤੇਰੀ ਸੂਰਬੀਰਤਾ ਨੂੰ ਇਸ ਤਰ੍ਹਾਂ ਪਲਟਾ ਦਿੱਤਾ ਜਿਸ ਤਰ੍ਹਾਂ ਅੱਖੀਂ ਖੁਲ੍ਹਨੇ ਪਰ ਸ਼ੇਰ ਦਾ ਬੇਟਾ ਹਾਥੀਆਂ ਪਰ ਗਰਜਦਾ ਹੈ ਪਰ ਫਿਰ ਭੀ ਹੇ ਕੌਮ ਤੇਰੀਆਂ ਬਹਾਦਰੀਆਂ ਅਰ ਜੰਗ ਵਿੱਚ ਫਤੇ ਹਾਸਲ ਕਰਨੀਆਂ ਕੋਈ ਇਤਨੇ ਦਰਜੇ ਤੱਕ ਨਹੀਂ ਸਨ ਕਿ ਤੈਨੂੰ ਸਰਬਦਾ ਸੁਖੀ ਕਰ ਸਕਦੀਆਂ।

ਓੜਕ ਨੂੰ ਐ ਕੌਮ ਤੇਰਾ ਉਹ ਸੱਚਾ ਪਿਤਾ ਸਹਨਸ਼ਾਹ ਆਇਆ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਨਾਮ ਕਹਾਇਆ ਜਿਸ ਨੇ ਤੈਨੂੰ ਸਿੰਘ ਸਜਾ ਕੇ ਸ਼ਕਾਰ ਦਾ ਢੰਗ ਸਿਖਾਇਆ ਅਰ ਤੇਰਾ ਦੀਨ ਅਤੇ ਦੁਨੀਆਂ ਦਾ ਕੰਮ ਕੇਵਲ ਜੰਗ ਹੀ ਸਮਝਾਇਆ ਸਾ। ਉਸ ਸਮਯ ਹੇ ਕੌਮ ਤੈਂ ਅਪਨੀ ਅਸਲੀ ਸੂਰਤ ਨੂੰ ਧਾਰਨ ਕਰ ਲੀਤਾ ਸਾ ਜਿਸ ਤੇ ਸ਼ਸਤ੍ਰਧਾਰੀ ਸੂਰਬੀਰਤਾ ਦਾ ਦਰਜਾ ਹਾਸਲ ਕੀਤਾ।

ਫਿਰ ਹੁਣ ਤੂੰ ਦੇਖ ਕਿ ਤੇਰੇ ਨਾਲ ਕਿਆ ੨ ਕਾਰਨ ਹੋਏ ਸੇ ਜਿਨ੍ਹਾਂ ਦੇ ਸੁਨਨੇ ਪਰ ਸਰੀਰ ਦੇ ਰੋਮ ਖੜੇ ਹੋ ਜਾਂਦੇ ਹਨ ਅਰ ਦਿਲ ਕੰਬ ਉਠਦਾ ਹੈ ਕਿਉਂਕਿ ਤੂੰ ਯਾਦ ਕਰ ਉਨ੍ਹਾਂ ਦਿਨਾਂ ਨੂੰ ਜਦ ਤੇਰੇ ਸੱਚੇ ਪਾਤਸ਼ਾਹ ਦੇ ਸਹਬਜ਼ਾਦੇ ਚਮਕੌਰ ਦੇ ਮੈਦਾਨ ਵਿੱਚ ਤਲਵਾਰਾਂ ਨਾਲ ਕਤਲ ਕੀਤੇ ਸਨ ਅਰ ਬਾਕੀ ਦੇ ਦੋ ਸਰਹੰਦ ਦੀਆਂ ਨੀਵਾਂ ਹੇਠ ਦਬਾਏ ਸਨ ਫਿਰ ਤੇਰੇ ਮਹਾਰਾਜਾ ਧਿਰਾਜ ਦਸਮੇਂ ਪਾਤਸ਼ਾਹ ਦੀਆਂ ਧਰਮਾਤਮਾ ਮਹਾਰਾਣੀਆਂ ਦਿੱਲੀ ਵਿੱਚ ਬੰਦ ਹੋਈਆਂ ਸਨ ਅਰ ਫਿਰ ਤੇਰੇ ਮਗਰ ਸ਼ਾਹੀ ਦਲ ਇਸ ਤਰ੍ਹਾਂ ਫਿਰ ਰਹੇ ਸਨ ਜਿਸ ਤਰ੍ਹਾਂ ਸ਼ਕਾਰ ਮਗਰ ਸ਼ਕਾਰੀ ਫਿਰਦੇ ਹਨ ਜਿਨ੍ਹਾਂ ਦੇ ਹੱਥੋਂ ਤੇਰੇ ਲੱਖਾਂ ਬੇਗੁਨਾਹ ਬੱਚੇ ਤਲਵਾਰਾਂ ਨਾਲ ਕਤਲ ਹੋਏ ਅਰ ਚਰਖੀਆਂ ਪਰ ਚੜ੍ਹਾਏ ਗਏ ਸਨ।

ਓੜਕ ਨੂੰ ਐ ਕੌਮ ਤੇਰੀ ਤੇਗ ਨੇ ਉਸ ਗੁਰੂ ਦੀ ਬਰਕਤ ਪਾਕੇ ਅਪਨੇ ਹੱਥ ਫਤੇ ਪਾਈ ਅਰ ਇਸ ਪੰਜਾਬ ਦੇ ਵਿੱਚ ਤੇਰੀ ਰਾਜਧਾਨੀਆਂ ਬਨਾਈਆਂ ਜਿਸ ਤੇ ਸੈਂਕੜੇ

ਸਰਦਾਰਾਂ ਦੇ ਘਰਾਣੇ ਅੱਜ ਤਕ ਬ੍ਰਾਜਮਾਨ ਹਨ ਜੋ ਸਰਕਾਰ ਅੰਗ੍ਰੇਜ਼ੀ ਦੇ ਰਾਜ ਵਿੱਚ ਇਜ਼ਤ ਨਾਲ ਅਪਨਾ ਸੁੱਖ ਭੋਗ ਰਹੇ ਹਨ ਇਸ ਤੇ ਬਿਨ੍ਹਾਂ ਤੇਰੇ ਜੰਗੀ ਬਹਾਦਰ ਸਰਕਾਰ ਅੰਗ੍ਰੇਜ਼ੀ ਦੇ ਝੰਡੇ ਹੇਠ ਅਪਨੀ ਸੱਚੀ ਸੂਰਬੀਰਤਾ ਦਿਖਾਕੇ ਸਰਦਾਰ ਬਹਾਦਰ ਅਤੇ ਜੰਗ ਬਹਾਦਰ ਬਨੇ ਹੋਏ ਹਨ।

ਐ ਕੌਮ ਤੂੰ ਦੇਖ ਜੋ ਕਿਸ ਹਾਲਤ ਵਿੱਚੋਂ ਨਿਕਲਕੇ ਉਸ ਗੁਰੂ ਦੀ ਕ੍ਰਿਪਾ ਨਾਲ ਤੂੰ ਕੇਹੜੇ ਦਰਜੇ ਤੱਕ ਪਹੁੰਚ ਗਈ ਹੈਂ, ਜਿਨਾਂ ਸਾਰੀ ਦੁਨੀਆਂ ਤੇਰੀ ਬਾਜ਼ੂਆਂ ਦੀ ਤਾਕਤ ਨੂੰ ਸਾਬਾਸ ਕਰ ਰਹੀ ਹੈ ਪਰ ਸ਼ੋਕ ਜੋ ਤੈਂ ਅਪਨੇ ਗੁਰੂ ਦੀਆਂ ਸੱਚੀਆਂ ਬਰਕਤਾਂ ਨੂੰ ਭੁਲਾ ਦਿੱਤਾ ਹੈ, ਇਸ ਵਾਸਤੇ ਤੂੰ ਜਾਗ ਅਰ ਸਵਾਧਾਨ ਹੋ ਅਤੇ ਕਲਗੀਧਰ ਮਹਾਰਾਜ ਦੀਆਂ ਉਨ੍ਹਾਂ ਸੱਚੀਆਂ ਬਰਕਤਾਂ ਨੂੰ ਯਾਦ ਕਰ।

੪੨. ਖਾਲਸਾ ਪੰਥ ਪਰ ਵਿਚਾਰ (ਖ.ਅ.ਲ.੧੯੦੦ ਈ:)

ਸਿੱਖਾਂ ਦਾ ਗੁਰੂਆਂ ਤੇ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਪਰ ਵਿਸ਼ਵਾਸ ਹੈ ਅਰ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਗਰੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂਆਂ ਦੀ ਬਾਣੀ ਅਤੇ ਭਗਤਾਂ ਦੀ ਬਾਣੀ ਮਿਲਾਕੇ (ਜਿਨ੍ਹਾਂ ਵਿੱਚ ਰਵਿਦਾਸ ਜੈਸੇ ਚੁਮਾਰ, ਧੰਨੇ ਜੈਸੇ ਜੱਟ, ਸੈਨ ਨਾਈ, ਸਧਨਾ ਕਸਾਈ, ਫਰੀਦ ਮੁਸਲਮਾਨ ਅਤੇ ਤ੍ਰਿਲੋਚਨ ਬ੍ਰਹਮਨ ਜੈਸੇ ਸਨ) ਬਣਾਇਆ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਹਰ ਇੱਕ ਗੁਰੂ ਜੀ ਨੇ ਅਪਨੇ ਨਾਮ ਦੇ ਅੱਗੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਮ ਇਸ ਵਾਸਤੇ ਰੱਖਯਾ ਸਾ ਜੋ ਉਹ ਅਪਨੇ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਪਰ ਬੈਠਨੇ ਦੇ ਕਾਰਨ ਸ੍ਰੀ ਗੁਰੂ ਨਾਨਕ ਹੀ ਜਾਨਦੇ ਸਨ, ਜੈਸਾ ਕਿ ਸ਼ਹਨਸ਼ਾਹ ਦੇ ਤਖਤ ਪਰ ਬਰਾਜਨ ਵਾਲੇ ਸ਼ਹਨਸ਼ਾਹ ਦਾ ਨਾਮ ਓਹਦੇ ਦੇ ਲਿਹਾਜ਼ ਨਾਲ ਓਹੋ ਰਹਿੰਦਾ ਹੈ, ਜੈਸਾ ਕਿ ਅੱਜ ਕੱਲ ਅਸੀਂ ਦੇਖਦੇ ਹਾਂ ਕਿ ਵਿਲੀਯਮ ਪਹਿਲਾ, ਦੂਜਾ, ਤੀਜਾ ਅਤੇ ਚੌਥਾ ਕਹਕੇ ਤਾਰੀਖਾਂ ਵਿੱਚ ਪਾਏ ਜਾਂਦੇ ਹਨ, ਇਸੇ ਤਰ੍ਹਾਂ ਗੁਰੂਆਂ ਦਾ ਭੀ ਜੋ ਅਟੱਲ ਅਤੇ ਸੱਚੇ ਰਾਜ ਵਾਲਾ ਤਖਤ ਸਾ ਉਸ ਦੇ ਤਾਬਯਾ ਹੋਨ ਕਰਕੇ ਜੋ ਉਸ ਪਰ ਬਰਾਜਦਾ ਸਾ ਸੋ ਮਹਲਾ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਆਦਿਕ ਕਰਕੇ ਪਰਸਿੱਧ ਹੈ।

ਇਸੇ ਤਰ੍ਹਾਂ ਜੋ ਭਗਤਾਂ ਦੀ ਬਾਣੀ ਹੈ ਸੋ ਭੀ ਸਾਨੂੰ ਇਹ ਦਸਦੀ ਹੈ ਕਿ ਜਿਸ ਤਰ੍ਹਾਂ ਹਿੰਦੂ ਮਤਾਨੁਸਾਰ ਸੂਦਰ ਦੀ ਬਾਣੀ ਸੁਣਨੇ ਦੇ ਜੋਗ ਨਹੀਂ ਸਮਝੀ ਜਾਂਦੀ ਇਸੇ ਤਰ੍ਹਾਂ ਇਸ ਤੇ ਉਲਟ ਗੁਰਮਤ ਪਰਗਟ ਕਰਦਾ ਹੈ ਕਿ ਸੱਚੀ ਬਾਣੀ ਭਾਵੇਂ ਚੰਡਾਲ ਦੀ ਵੀ ਹੋਵੇ ਸੋ ਭੀ ਸਰਧਾ ਦੇ ਜੋਗ ਹੈ, ਜਿਸ ਤੇ ਗੁਰੂਆਂ ਨੇ ਹਿੰਦੂ ਮਤ ਦੇ ਅਭਮਾਨ ਤੋੜਨ ਲਈ ਵਿਚਾਰੇ ਰਵਿਦਾਸ ਚੁਮਾਰ ਦੀ ਬਾਣੀ ਨੂੰ ਭੀ ਸੱਤਕਾਰ ਕਰਕੇ ਅਪਨੇ ਨਾਲ ਹੀ ਉਸ ਪਰ ਚੌਰ ਫੁਰਾਇਆ ਜੋ ਖਾਲਸਾ ਨੂੰ ਹਿੰਦੂ ਨਹੀਂ ਦਸਦਾ।

ਇਸ ਸਾਰੇ ਕਥਨ ਤੇ ਜੋ ਸਾਡੇ ਭਾਈ ਵਾਕਫਕਾਰ ਨੇ ਇਹ ਨਤੀਜਾ ਨਿਕਾਲਯਾ ਹੈ ਕਿ ਸਿੱਖਾਂ ਦੀਆਂ ਰਸਮਾਂ ਯਾ ਆਚਾਰੋ ਬਿਹਾਰ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜ਼ਿਕਰ ਨਹੀਂ ਸੋ ਭੀ ਠੀਕ ਨਹੀਂ ਹੈ ਕਿਉਂਕਿ ਜਦ ਅਸੀਂ ਹਿੰਦੂਆਂ ਦੇ ਵੇਦਾਂ ਨੂੰ ਭੀ ਦੇਖਦੇ ਹਾਂ ਤਦ ਭੀ ਏਹੋ ਪਾਉਂਦੇ ਹਾਂ ਕਿ ਉਨ੍ਹਾਂ ਵਿੱਚ ਭੀ ਹਿੰਦੂਆਂ ਦੀ ਰਾਹੋ ਰਸਮ ਦਾ ਕੋਈ ਕਥਨ ਨਹੀਂ ਹੈ, ਕਿੰਤੂ ਵੇਦਾਂ ਤੇ ਮਗਰੋਂ ਮਨੂੰ ਜੈਸੇ ਰਿਖੀਆਂ ਨੇ ਧਰਮ ਸ਼ਾਸਤ੍ਰ ਬਨਾਏ ਜਿਨ੍ਹਾਂ ਤੇ ਸਾਰੇ ਕਾਰੋ ਬਿਹਾਰ ਅੱਜ ਕਲ ਚਲ ਰਹੇ ਹਨ। ਇਸ ਪ੍ਰਕਾਰ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭੀ ਕੋਈ ਰਸਮ ਨਹੀਂ ਹੈ ਪਰੰਤੂ ਸਿੱਖਾਂ ਵਿੱਚ ਭੀ ਏਸੇ ਤਰ੍ਹਾਂ ਹੁਨ ਧਰਮ ਸ਼ਾਸਤ੍ਰ ਬਨ ਰਹੇ ਹਨ ਜਿਨ੍ਹਾਂ ਨਾਲ ਇਨ੍ਹਾਂ ਦੇ ਸਭ ਬਿਵਹਾਰ ਹੋਨਗੇ, ਕਿਉਂਕਿ ਜਿਸ ਤਰ੍ਹਾਂ ਮਨੂੰ ਸਿੰਮਰਤੀ ਆਦਿਕ ਧਰਮ ਸ਼ਾਸਤ੍ਰ ਵੇਦਾਂ ਤੇ ਬਹੁਤ ਹੀ ਸਦੀਆਂ ਮਗਰੋਂ ਬਨੇ ਸਨ ਇਸ ਤਰ੍ਹਾਂ ਸਿੱਖਾਂ ਦੇ ਧਰਮ ਸ਼ਾਸਤ੍ਰ ਭੀ ਸ੍ਰੀ ਗੁਰੂ ਗਰੰਥ ਸਾਹਿਬ ਤੇ ਸਦੀਆਂ ਮਗਰੋਂ ਬਨਨੇ ਕੋਈ ਅਸੰਭਵ ਨਹੀਂ ਹਨ, ਪ੍ਰੰਤੂ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਖਦੇ ਹਾਂ ਤਦ ਉਸ ਵਿੱਚ ਸਾਰੇ ਸੰਸਕਾਰ ਅਤੇ ਅਚਾਰੋ ਬਿਹਾਰ ਦਾ ਕਥਨ ਹੈ, ਜਿਸ ਨੂੰ ਖਾਲਸੇ ਨੇ ਜਦੋਂ ਬ੍ਰਹਮਣ ਭਾਗ ਵਾਂਗ ਖੋਲ੍ਹਕੇ ਲਿਖਯਾ ਤਦ ਸਾਰਾ ਆਚਾਰੋ ਬਿਹਾਰ ਦੂਸਰੀਆਂ ਕੌਮਾਂ ਵਾਂਗ ਚਲ ਪਏਗਾ।

੪੩. ਪੰਥ ਦੇ ਜੀਵਨ ਲਈ ਵਿਚਾਰ(ਖ.ਅ.ਲ. ੧੯੦੦ ਈ:)

ਜਦ ਅਸੀਂ ਨਿੱਕੀਆਂ ਨਿੱਕੀਆਂ ਕੀੜੀਆਂ ਦੇ ਭੌਣ ਪਰ ਜਾਕੇ ਦੇਖਦੇ ਹਾਂ ਤਦ ਇੱਕ ਅਧਭੁਤ ਲੀਲ੍ਹਾ ਪਾਉਂਦੇ ਹਾਂ, ਜਿਸ ਨੂੰ ਦੇਖਕੇ ਅਸੀਂ ਇੱਕ ਉੱਤਮ ਦਿਸ਼ਟਾਂਤ ਹਾਸਲ ਕਰ ਸਕਦੇ ਹਾਂ। ਪਹਿਲੇ ਉਹ ਕੀੜੀਆਂ ਆਪਸ ਵਿੱਚ ਮਿਲਕੇ ਜਿੱਥੇ ਕਿਤੇ ਦਾਣੇ

ਦੇਖਦੀਆਂ ਹਨ ਓਥੇ ਜਾਕੇ ਚੁਗਨ ਲੱਗ ਜਾਂਦੀਆਂ ਹਨ, ਫਿਰ ਲਿਆਕੇ ਅਪਨੀ ਖੁੱਡ ਵਿੱਚ ਕੱਠਾ ਕਰਦੀਆਂ ਰਹਿੰਦੀਆਂ ਹਨ, ਜਿਸ ਦਾ ਤਾਤਪਰਜ ਇਹ ਹੁੰਦਾ ਹੈ ਕਿ ਉਹ ਅਪਨੀ ਖੁਰਾਕ ਨੂੰ ਜਮਾਂ ਕਰਦੀਆਂ ਹਨ ਅਤੇ ਜਾਨਦੀਆਂ ਹਨ ਕਿ ਜਦ ਸਾਉਨ ਦੀ ਬਰਖਾ ਅਤੇ ਸਿਆਲੇ ਦੀਆਂ ਝੜੀਆਂ ਨਾਲ ਧਰਤੀ ਪਰ ਜਲ ਥਲ ਹੋਇ ਜਾਏਗਾ ਤਦ ਸਾਡੀ ਜ਼ਿੰਦਗੀ ਦੇ ਰੱਖਨ ਲਈ ਏਹੋ ਪੁਰਖਾਰਥ ਹੋਵੇਗਾ।

ਇਸ ਤੇ ਬਿਨ੍ਹਾਂ ਅਸੀਂ ਇੱਕ ਹੋਰ ਭੀ ਉਨ੍ਹਾਂ ਵਿੱਚ ਗੁਣ ਦੇਖਦੇ ਹਾਂ ਕਿ ਜਦ ਉਹ ਖਯਾਲ ਕਰਦੀਆਂ ਹਨ ਕਿ ਹੁਣ ਬਰਖਾ ਪੈਣੇ ਵਾਲੀ ਹੈ ਤਦ ਉਹ ਇਹ ਸਮਝਕੇ ਕਿ ਸਾਡੇ ਬੱਚੇ ਪਾਣੀ ਵਿੱਚ ਡੁਬਕੇ ਨਾ ਮਰ ਜਾਣ ਤਾਂ ਉਨ੍ਹਾਂ ਅੰਡਿਆਂ ਨੂੰ ਚੱਕ ਕੇ ਐਸੀ ਜਗਾਂ ਰਖਦੀਆਂ ਹਨ ਜਿਥੇ ਪਾਣੀ ਦੀ ਮਾਰ ਤੇ ਬਚੇ ਰਹਨ।

ਜਦ ਅਸੀਂ ਕੀੜੀਆਂ ਦੇ ਵਿੱਚ ਅਪਨੇ ਬਚਨ ਦਾ ਅਤੇ ਅਪਨੀ ਸੰਤਾਨ ਦੀ ਰੱਖਯਾ ਦਾ ਇਤਨਾ ਸੁਭਾਉ ਪਾਉਂਦੇ ਹਾਂ ਤਦ ਅਸਾਨੂੰ ਉਨ੍ਹਾਂ ਤੇ ਇਹ ਸਿੱਖਯਾ ਜ਼ਰੂਰ ਸਿਖਣੀ ਚਾਹੀਦੀ ਹੈ ਕਿ ਅਸੀਂ ਅਪਨਾ ਬਚਾਓ ਅਤੇ ਅਪਨੀ ਸੰਤਾਨ ਦੀ ਰੱਖਯਾ ਕਰ ਸਕੀਏ, ਪਰੰਤੂ ਜੇ ਸਾਡੇ ਵਿੱਚ ਇਤਨਾ ਖਯਾਲ ਭੀ ਨਹੀਂ ਪੈਦਾ ਹੁੰਦਾ ਤਦ ਸਮਝਨਾ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਕੀੜੀਆਂ ਤੇ ਭੀ ਨਕੰਮੇ ਹਾਂ, ਜਿਨ੍ਹਾਂ ਨੂੰ ਉਨ੍ਹਾਂ ਵਾਂਗ ਅਪਨਾ ਅਤੇ ਅਪਨੀ ਸੰਤਾਨ ਦਾ ਕੋਈ ਭੀ ਖਯਾਲ ਨਹੀਂ ਹੈ, ਜੋ ਇਸ ਨੂੰ ਸਦਾ ਦੇ ਲਈ ਅਟਲ ਰਖੀਏ।

ਇਸੇ ਤਰ੍ਹਾਂ ਜਦ ਅਸੀਂ ਖਾਲਸਾ ਪੰਥ ਦਾ ਹਾਲ ਦੇਖਦੇ ਹਾਂ ਤਦ ਬਹੁਤ ਹੀ ਨਰਾਸ਼ ਹੋ ਜਾਂਦੇ ਹਾਂ ਅਤੇ ਸ਼ੋਕ ਪੂਰਤ ਹੋਕੇ ਪੁਕਾਰਦੇ ਹਾਂ ਕਿ ਐ ਪੰਥ ਤੈਨੂੰ ਅਪਨੇ ਬਚਨ ਲਈ ਕੁਝ ਭੀ ਖਯਾਲ ਨਹੀਂ ਆਉਂਦਾ, ਕਿਉਂਕਿ ਅਨਮਤੀ ਕੁਰੀਤੀਆਂ ਦੀ ਸਰਦੀ ਅਤੇ ਉਨ੍ਹਾਂ ਦੇ ਉਪਦੇਸ਼ਾਂ ਦੇ ਭਾਰੀ ਹੜ੍ਹ ਨਾਲ ਤੇਰੇ ਆਤਮਾ ਦੀ ਖੁਰਾਕ, ਜੋ ਗੁਰੂਆਂ ਦੇ ਵਾਕ ਹਨ, ਰੁੜ੍ਹੇ ਜਾ ਰਹੇ ਹਨ ਜਿਨ੍ਹਾਂ ਦੇ ਨਾ ਹੋਣੇ ਤੇ ਤੇਰੇ ਆਤਮਾ ਦੀ ਧਰਮਕ ਜ਼ਿੰਦਗੀ ਦਾ ਨਾਸ ਹੋ ਜਾਣਾ ਇੱਕ ਸੁਭਵਾਕ ਬਾਤ ਹੈ ਪਰੰਤੂ ਤੈਂ ਕਦੇ ਭੀ ਇਹ ਖਯਾਲ ਨਹੀਂ ਕੀਤਾ ਕਿ ਇਸ ਅਨਮਤੀ ਕੁਰੀਤੀਆਂ ਦੇ ਰੋਕਨ ਲਈ ਗੁਰ ਉਪਦੇਸ਼ਾਂ ਦਾ ਜ਼ਖੀਰਾ ਇਕੱਤ੍ਰ ਕਰੇ ਜਿਸ ਤੇ ਇਸ

ਆਫਤ ਤੋਂ ਬਚ ਜਾਈਏ। ਇਸ ਤੋਂ ਬਿਨਾਂ ਤੇਰੀ ਓਹ ਪਿਆਰੀ ਸੰਤਾਨ ਜਿਸ ਪਰ ਤੇਰੀ ਜ਼ਿੰਦਗੀ ਦਾ ਮਦਾਰ ਹੈ, ਅਰ ਤੂੰ ਇਸ ਬਾਤ ਨੂੰ ਅੱਛੀ ਤਰ੍ਹਾਂ ਜਾਨਦੀ ਹੈ ਕਿ ਉੱਨਤੀ ਦਾ ਸਾਰਾ ਸਾਧਨ ਕੇਵਲ ਸੰਤਾਨ ਦੀ ਰੱਖਯਾ ਹੀ ਹੈ, ਜਿਸ ਦੀ ਪਾਲਨਾ ਕਰਨੀ ਤੇਰਾ ਪਰਮ ਧਰਮ ਸਾ ਪਰੰਤੂ ਤੇਰੇ ਇਹ ਛੋਟੇ ਛੋਟੇ ਬੱਚੇ ਤੇਰੀ ਕੁੱਛਤੋਂ ਗਿਰਕੇ ਕਈ ਜਗ੍ਹਾ ਰੁਲ ਰਹੇ ਹਨ, ਜੈਸਾ ਕਿ ਕਈ ਆਰੀਯਾ ਸਮਾਜ ਦੇ ਹੱਥ ਆਕੇ ਮੋਨੇ ਦੇ ਸ਼ਕਾਰ ਹੋ ਗਏ ਹਨ, ਅਰ ਕਈ ਬ੍ਰਹਮ-ਸਮਾਜ ਦੇ ਕਾਬੂ ਆਕੇ ਜਗ੍ਹਾ ਜਗ੍ਹਾ ਪਰ ਬਚਾਈ ਟੋਲਦੇ ਫਿਰਦੇ ਹਨ, ਇਸੇ ਤਰ੍ਹਾਂ ਕੋਈ ਸਨਾਤਨ ਧਰਮੀ ਸਦਾਕੇ ਪੱਥਰ ਪੂਜਾ ਦੇ ਪਿਆਰੇ ਹੋ ਰਹੇ ਹਨ, ਫਿਰ ਕਈ ਜੋਗੀ ਜੰਗਮ ਅਤੇ ਭੇਖਾਂ ਵਿੱਚ ਫਸਕੇ ਤੇਰਾ ਤਿਆਗ ਕਰ ਬੈਠੇ ਹਨ, ਇਸੀ ਤਰ੍ਹਾਂ ਕਈ ਈਸਾਈ ਹੋਕੇ ਈਸਾ ਦੇ ਗੀਤ ਗਾਉਂਦੇ ਹਨ, ਫਿਰ ਕਈ ਮੁਸਲਮਾਨ ਹੋਕੇ ਸੁੰਨਤਾਂ ਕਰਾਕੇ ਕਲਮੇਂ ਬੁਲਾਉਂਦੇ ਹਨ, ਅਤੇ ਕਈ ਅਗਨੀ-ਹੋਤ੍ਰੀ ਦੇ ਚੇਲੇ ਹੋਕੇ ਉਸ ਦੇ ਹੀ ਗੀਤ ਗਾਉਂਦੇ ਹਨ ਜਿਸ ਤੇ ਹੇ ਕੌਮ ਇਨ੍ਹਾਂ ਸਾਰੇ ਦਰਯਾਵਾਂ ਰੂਪੀ ਫਿਰਕਯਾਂ ਨੂੰ ਤੇਰੇ ਹੀ ਬੱਚਿਆਂ ਦੇ ਚਸਮਿਆਂ ਨੇ ਭਰਪੂਰ ਕੀਤਾ ਹੋਇਆ ਹੈ ਕਿਉਂਕਿ ਜਿਸ ਫਿਰਕੇ ਵਿੱਚ ਦੇਖਿਆ ਜਾਂਦਾ ਹੈ ਸੋ ਤੇਰੇ ਬੱਚਿਆਂ ਦਾ ਹੀ ਭਟਕਨਾ ਨਜ਼ਰ ਆਉਂਦਾ ਹੈ।

ਫਿਰ ਹੇ ਪੰਥ ਤੂੰ ਦੱਸ ਜੋ ਤੈਂ ਇਨ੍ਹਾਂ ਦੀ ਰੱਖਿਆ ਵਾਸਤੇ ਕਿਆ ਉਪਾਇ ਕੀਤਾ ਹੈ? ਪਰੰਤੂ ਜਦ ਵਿਚਾਰ ਕੇ ਦੇਖਿਆ ਜਾਂਦਾ ਹੈ ਤਦ ਏਹੋ ਨਜ਼ਰ ਆਉਂਦਾ ਹੈ ਕਿ ਤੈਂ ਇਸ ਦਾ ਉਪਾਉ ਕੁਝ ਭੀ ਨਹੀਂ ਸੋਚਿਆ, ਜਿਸ ਤੇ ਸਾਫ ਪਾਇਆ ਜਾਂਦਾ ਹੈ ਕਿ ਤੂੰ ਉਸ ਛੋਟੀ ਜੇਹੀ ਬੇਜ਼ਬਾਨ ਕੀੜੀ ਤੇ ਭੀ ਨਿਰ ਬੁਧਿ ਅਤੇ ਲਾਪਰਵਾਹ ਹੈ, ਜਿਸ ਨੇ ਅਪਨੇ ਜੀਵਨ ਅਤੇ ਸੰਤਾਨ ਦੀ ਕੋਈ ਭੀ ਪ੍ਰਵਾਹ ਨਹੀਂ ਕੀਤੀ, ਪਰੰਤੂ ਜੇ ਤੇਰਾ ਏਹੋ ਹਾਲ ਰਿਹਾ ਤਾਂ ਤੂੰ ਯਾਦ ਰੱਖ ਜੋ ਫਿਰ ਕੋਈ ਦਿਨ ਆਵੇਗਾ ਜੋ ਤੇਰਾ ਨਾਮ ਤਕ ਭੀ ਕੌਮਾਂ ਦੀ ਗਿਣਤੀ ਵਿੱਚ ਨਹੀਂ ਰਹੇਗਾ, ਇਸ ਵਾਸਤੇ ਐ ਕੌਮ ਤੂੰ ਜਾਗ ਅਤੇ ਅਪਨੇ ਜੀਵਨ ਲਈ ਯਤਨ ਕਰ।

੪੪. ਹੇ ਖਾਲਸਾ ਪੰਥ ਅਪਨੇ ਆਪ ਨੂੰ ਸੰਭਾਲ (ਖ.ਅ.ਲ.੧੯੦੦ਈ:)

ਐ ਖਾਲਸਾ ਪੰਥ ਤੂੰ ਦੇਖ ਜੋ ਤੇਰੀ ਹਾਲਤ ਕਿਸ ਤਰ੍ਹਾਂ ਹੌਲੀ ਹੌਲੀ ਘਟਦੀ ਜਾਂਦੀ ਹੈ ਅਤੇ ਤੇਰੇ ਜ਼ਖੀਰੇ ਨੂੰ ਕਿਸ ਤਰ੍ਹਾਂ ਨੁਕਸਾਨ ਪਹੁੰਚ ਰਿਹਾ ਹੈ, ਜਿਸ ਪਰ ਆਸ਼ਾ ਪੈਂਦੀ ਹੈ

ਕਿ ਜੇ ਤੈਂ ਅਪਨੀ ਖਬਰ ਨਾ ਲੀਤੀ ਤਾਂ ਤੇਰੇ ਕਮਜ਼ੋਰ ਹੋਨ ਤੇ ਸਰਕਾਰ ਅੰਗ੍ਰੇਜ਼ੀ ਅਤੇ ਦਸਮੇਂ ਗੁਰੂ ਜੀ ਦੇ ਪਵਿੱਤ੍ਰ ਨਾਮ ਨੂੰ ਬਹੁਤ ਹੀ ਨੁਕਸਾਨ ਪਹੁੰਚੇਗਾ।

ਜਦ ਅਸੀਂ ਤੇਰੀ ਹਾਲਤ ਦਾ ਚਾਲੀ ਸਾਲ ਦੇ ਪਹਿਲੇ ਸਮਯ ਦਾ ਮੁਕਾਬਲਾ ਕਰਦੇ ਹਾਂ ਤਦ ਰਾਤ ਦਿਨ ਦਾ ਫਰਕ ਪਾਉਂਦੇ ਹਾਂ ਅਰ ਦੇਖਦੇ ਹਾਂ ਕਿ ਤੇਰੀ ਨਸਲ ਬਹੁਤ ਹੀ ਘੱਟਦੀ ਜਾਂਦੀ ਹੈ ਅਤੇ ਕੋਈ ਦਿਨ ਆਏਗਾ ਜੋ ਤਾਲਾਉ ਦੇ ਪਾਣੀ ਵਾਂਗ ਇਹ ਹੌਲੀ ੨ ਸੁੱਕਦੀ ੨ ਅਪਨਾ ਨਾਸ ਕਰ ਬੈਠੇਗੀ, ਜਿਸ ਦਾ ਫਲ ਇਸ ਦੇਸ ਨਿਵਾਸੀਆਂ ਦੇ ਹੱਕ ਵਿੱਚ ਅੱਛਾ ਨਾ ਹੋਵੇਗਾ ਅਤੇ ਸ੍ਰਕਾਰ ਅੰਗ੍ਰੇਜੀ ਲਈ ਅਫਸੋਸ ਦਾ ਕਾਰਨ ਹੋਵੇਗਾ।

ਕਦੇ ਤੇਰੀ ਓਹ ਹਾਲਤ ਸੀ ਜਿਸ ਦੇ ਮੁਕਾਬਲੇ ਪਰ ਅਹਮਦ ਸ਼ਾਹ ਦੂਰਾਨੀ ਅਤੇ ਨਾਦਰ ਜੈਸੇ ਬਹਾਦਰਾਂ ਨੇ ਅਪਨੇ ਦੰਦ ਖੱਟੇ ਕਰਾਏ ਸਨ ਅਤੇ ਤੇਰੇ ਹੱਥਾਂ ਦੇ ਸ਼ਸਤ੍ਰ ਖਾਕੇ ਮੁੜ ਇਸ ਦੇਸ ਵਿੱਚ ਨਹੀਂ ਆਏ ਸਨ ਅਰ ਵਡੇ-ਵਡੇ ਸਹਨਚੀ ਜੈਸੇ ਪਠਾਨਾਂ ਨੇ ਤੇਰੀ ਬਹਾਦਰੀ ਅਤੇ ਸੂਰਤਾਂ ਨੂੰ ਦੇਖਕੇ ਅਜੇਹੀ ਪਿੱਠ ਦਿਖਾਈ ਸੀ ਜੋ ਦੁਸ਼ਮਨ ਨੂੰ ਭੀ ਨਸੀਬ ਨਾ ਹੋਵੇ।

ਇਸ ਤੇ ਉਰੇ ਆਕੇ ਭੀ ਤੈਂ ਅਪਨੀ ਸੂਰਬੀਰਤਾ ਨੂੰ ਐਥੋਂ ਤਕ ਕਾਇਮ ਰੱਖਯਾ ਸਾ ਜੋ ਲਾਰਡ ਲਾਰੰਸ ਜੈਸੇ ਅਕਲਵੰਦਾਂ ਨੇ ਇਹ ਸੋਚਿਆ ਸਾ ਕਿ ਪੰਜਾਬ ਦੀ ਤਾਕਤ ਤੋੜਨ ਦਾ ਉਪਾਓ ਏਹੋ ਹੈ ਕਿ ਜਗ੍ਹਾ ਜਗ੍ਹਾ ਪਰ ਮਦਰੱਸੇ ਖੋਲ੍ਹ ਦਿੱਤੇ ਜਾਨ ਜਿਸ ਤੇ ਇਨ੍ਹਾਂ ਦਾ ਖਿਆਲ ਤਾਲੀਮ ਵੱਲ ਪੈ ਜਾਏ ਜਿਸ ਦਾ ਫਲ ਅੱਜ ਕੱਲ ਠੀਕ ਨਿਕਲ ਆਇਆ ਹੈ ਕਿ ਸਿੱਖਾਂ ਦੇ ਬੱਚੇ ਕੱਦ ਵਿੱਚ ਊਠ ਦੇ ਗੋਡੇ ਜੇਡੇ-੨ ਰਹਿ ਗਏ ਹਨ ਅਤੇ ਸੁੱਕੀਆਂ ਗਰਦਨਾਂ ਨਾਲ ਸਿਰਾਂ ਦੇ ਭਾਰ ਮੁਸ਼ਕਲ ਚੁੱਕਦੇ ਹਨ, ਜਿਨ੍ਹਾਂ ਦੀ ਅੱਖੀਆਂ ਐਨਕ ਬਿਨਾਂ ਕੰਮ ਨਹੀਂ ਕਰਦੀਆਂ।

ਇਸ ਤੇ ਅੱਗੇ ਤੈਂ ਸੰ:੧੮੫੭ ਦੇ ਗ਼ਦਰ ਵਿੱਚ ਸਰਕਾਰ ਅੰਗ੍ਰੇਜ਼ੀ ਦੀ ਅਜੇਹੀ ਮਦਦ ਕੀਤੀ ਸੀ ਜੋ ਕੇਸਰੀ ਝੰਡੇ ਨੂੰ ਇਸ ਹਿੰਦੁਸਤਾਨ ਵਿੱਚ ਕਾਇਮ ਰੱਖਨ ਲਈ ਫਸਾਦੀਆਂ ਦਾ ਗਰੂਰ ਤੋੜਿਆ ਸੀ, ਜਿਸ ਦੀ ਯਾਦਗਾਰ ਨਾ ਸਿਰਫ ਤਾਰੀਖਾਂ ਪਰ ਹੀ ਲਿਖੀ ਹੋਈ ਹੈ ਕਿੰਤੂ ਅੱਛੇ ਅੱਛੇ ਓਹੁਦੇਦਾਰ ਅੰਗ੍ਰੇਜ਼ਾਂ ਦੇ ਦਿਲਾਂ ਪਰ ਵੱਡੀ ਸੁੰਦ੍ਰਤਾ ਨਾਲ

ਉਕਰੀ ਹੋਈ ਹੈ।

ਐ ਪੰਥ ਇਸ ਬਾਤ ਨੂੰ ਅਜੇ ੨੬ ਸਾਲ ਹੀ ਗੁਜ਼ਰੇ ਹਨ ਕਿ ਅਸੀਂ ਅਪਨੀ ਅੱਖੀ ਦੇਖਯਾ ਸਾ ਕਿ ਪਲਟਨ ਨੰ: ੧੫ ਸਿੱਖ ਜਦ ਫੀਰੋਜ਼ਪੁਰ ਵਿੱਚ ਸੀ ਤਦ ਉਸ ਦੇ ਸਿੰਘ ਬਬਰ ਸ਼ੇਰਾਂ ਜੇਹੇ ਕੱਦਾਵਰ ਅਤੇ ਸਮਰੱਥ- ਵਾਨ ਸੇ, ਉਨ੍ਹਾਂ ਦੇ ਸਿਰ ਸਰਦਾਰਾਂ ਦੇ ਸਨ ਅਤੇ ਗਰਦਨਾਂ ਵੱਡੇ ਵੱਡੇ ਪਹਲਵਾਨਾਂ ਜੈਸੀਆਂ ਸਨ।

ਇਸੇ ਤਰ੍ਹਾਂ ਹੋਰਨਾਂ ਪਲਟਨਾਂ ਦੇ ਸਿੰਘਾਂ ਦੀਆਂ ਪੁਰਾਣੀਆਂ ਤਸਵੀਰਾਂ ਜਦ ਅਸੀਂ ਦੇਖਦੇ ਹਾਂ ਤਦ ਅਕਲ ਹੈਰਾਨ ਹੁੰਦੀ ਹੈ ਕਿ ਪਰਮੇਸ਼ਰ ਨੇ ਸਾਰੀ ਦੁਨੀਆਂ ਦੀ ਡੀਲ ਡੌਲ ਨੂੰ ਇੱਕ ਇਨਾਂ ਦੇ ਹੀ ਹਿੱਸੇ ਵਿੱਚ ਵੰਡ ਦਿੱਤਾ ਸੀ ਜਿਸ ਤੇ ਮਾਝੇ, ਮਾਲਵੇ, ਦੁਆਬੇ ਅਤੇ ਮੈਣ ਦੁਆਬੇ ਦੇ ਸਰਦਾਰ ਅਤੇ ਸਪਾਹੀ ਇਸ ਤਰ੍ਹਾਂ ਫਿਰਦੇ ਨਜ਼ਰ ਆਉਂਦੇ ਸਨ ਜੇਹੇ ਬੇਲਯੋਂ ਸ਼ੇਰ ਨਿਕਲਦੇ ਹਨ।

ਪ੍ਰੰਤੂ ਸਾਨੂੰ ਵੱਡੇ ਸ਼ੋਕ ਨਾਲ ਆਖਨਾਂ ਪੈਂਦਾ ਹੈ ਕਿ ਖਾਲਸਾ ਪੰਥ ਦੇ ਅਜੇਹੇ ਜੁਆਨਾਂ ਦੇ ਓਹ ਕੱਦ ਹੁਣ ਲੋਪ ਹੁੰਦੇ ਜਾਂਦੇ ਹਨ ਅਤੇ ਦਿਨ ਬਦਿਨ ਦੌਲੇਸ਼ਾਹ ਦੇ ਚੂਹੇ ਜੇਹੇ ਨਿਕਲਦੇ ਆਉਂਦੇ ਹਨ। ਫੌਜਾਂ ਦੇ ਸਰਦਾਰ ਅਤੇ ਸਪਾਹੀ ਇਸ ਬਾਤ ਨੂੰ ਸੋਚਕੇ ਜ਼ਰੂਰ ਹੀ ਸ਼ੋਕ ਪ੍ਰਗਟ ਕਰਨਗੇ ਕਿ ਸਪਾਹੀ ਦਾ ਪੁੱਤ੍ਰ ਅੱਗੇ ਨੂੰ ਸਪਾਹੀ ਨਹੀਂ ਰਹਿੰਦਾ ਅਤੇ ਸਰਦਾਰ ਦਾ ਪੁੱਤ੍ਰ ਸਰਦਾਰੀ ਤੇ ਹੱਥ ਧੋ ਬੈਠਦਾ ਹੈ, ਜਿਸ ਤੇ ਅਸੀਂ ਸੂਬੇਦਾਰ ਮੇਜਰਾਂ ਅਤੇ ਸੂਬੇਦਾਰਾਂ ਦੇ ਪੁੱਤ੍ਰਾਂ ਨੂੰ ਦੇਖਦੇ ਹਾਂ ਜੋ ਅਜੇਹੇ ਕਮਜ਼ੋਰ ਹਨ ਅਰ ਛੋਟੇ ਕੱਦਾਂ ਵਾਲੇ ਰਹਿੰਦੇ ਹਨ ਜਿਸ ਤਰ੍ਹਾਂ ਇੱਕ ਵੱਡੇ ਮਾਲੀ ਸਾਹਨ ਦੇ ਬੱਚੇ ਛੋਟੇ-ਛੋਟੇ ਰੀਂਡਕੇ ਵੱਛੇ ਹੁੰਦੇ ਹਨ।

ਇਸੇ ਤਰ੍ਹਾਂ ਜਦ ਨੱਗ੍ਰਾਂ ਵਿੱਚ ਭੀ ਦੇਖਦੇ ਹਾਂ ਤਦ ਵੱਡੇ-ਵੱਡੇ ਜੁਆਨਾਂ ਦੀ ਨਸਲ ਤੀਜਾ ਹਿੱਸਾ ਘੱਟ ਗਈ ਹੈ ਬਲਕਿ ਐਥੋਂ ਤਕ ਗਿਰ ਗਈ ਹੈ ਜੋ ਇਕ ਦੀ ਜਗ੍ਹਾ ਪੂਰੀ ਕਰਨ ਲਈ ਦੂਜਾ ਆਦਮੀ ਨਹੀਂ ਮਿਲਦਾ, ਜੈਸਾ ਕਿ ਵਲਟੋਹੀਏ ਫਤੇ ਸਿੰਘ ਦੀ ਤਾਕਤ ਦਾ ਜੁਆਨ ਜੋ ਸਾਰੇ ਪੰਜਾਬ ਦੇ ਸਿੰਘਾਂ ਵਿੱਚੋਂ ਲੱਭੋਗੇ ਤਦ ਤਿੰਨ ਹਜ਼ਾਰ ਰੁਪਏ ਇਨਾਮ ਰੱਖਨ ਪਰ ਭੀ ਨਹੀਂ ਮਿਲੇਗਾ, ਇਸ ਦਾ ਕਾਰਨ ਇਹੋ ਹੈ ਕਿ ਸਿੱਖਾਂ ਦੀ ਨਸਲ ਦਿਨੋਂ ਦਿਨ ਗਿਰਦੀ ਜਾਂਦੀ ਹੈ।

ਅੱਜ ਕੱਲ ਸਰਕਾਰ ਨੂੰ ਪਲਟਨਾਂ ਲਈ ਜੁਆਨ ਨਹੀਂ ਮਿਲਦੇ ਅਰ ਹਾਰ ਕੇ ਮਿਣਤੀ ਕੋਲੋਂ ਇੰਚ ਦੋ ਇੰਚ ਘੱਟ ਹੀ ਰੱਖਣਾ ਪੈਂਦਾ ਹੈ ਸੋ ਇਹ ਕਿਸ ਬਾਤ ਦਾ ਨਤੀਜਾ ਹੈ ਕੇਵਲ ਇਸੇ ਦਾ ਜੋ ਸਿੱਖਾਂ ਦੇ ਖਾਨਦਾਨ ਨਸ਼ਟ ਹੋ ਰਹੇ ਹਨ ਅਤੇ ਸਿੱਖਾਂ ਨੂੰ ਇਨ੍ਹਾਂ ਦੇ ਕਾਇਮ ਰੱਖਨ ਦਾ ਖਿਆਲ ਅੱਜ ਤੱਕ ਨਹੀਂ ਆਇਆ।

ਹੇ ਖਾਲਸਾ ਜੀ ਹੁਣ ਤੁਸੀਂ ਏਕਾਂਤ ਬੈਠਕੇ ਇਸ ਮਜ਼ਮੂਨ ਨੂੰ ਸੋਚੋ ਕਿ ਜੇ ਇਹੋ ਹਾਲਤ ਰਹੀ ਤਾਂ ਸਰਕਾਰ ਨੂੰ ਫੌਜ਼ ਲਈ ਸਪਾਹੀ ਅਤੇ ਪੰਥ ਨੂੰ ਬਹਾਦਰੀ ਦੇ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਾਮ ਨੂੰ ਰੋਸ਼ਨ ਰੱਖਨ ਦਾ ਕਿਆ ਉਪਾਓ ਹੋਵੇਗਾ, ਅਰ ਓਹ ਸਿੰਘ ਜੋ ਪੈਂਤਾਲੀ-੨ ਮੀਲ ਪਹਾੜੀ ਦੇਸਾਂ ਪਰ ਧਾਵੇ ਕਰਕੇ ਅਤੇ ਲੜਾਈ ਕਰਕੇ ਦੁਸ਼ਮਨ ਨੂੰ ਤਬਾਹ ਕਰਦੇ ਹਨ ਸੋ ਕਿਥੋਂ ਮਿਲਨਗੇ ਅਰ ਸਰਹੱਦੀ ਅਤੇ ਹੋਰ ਦੇਸਾਂ ਦੇ ਘਮੰਡ ਕੌਣ ਤੋੜੇਗਾ, ਅਤੇ ਸਰਕਾਰੀ ਝੰਡੇ ਨੂੰ ਕੌਣ ਅਟੱਲ ਰੱਖੇਗਾ ?

ਇਸ ਵਾਸਤੇ ਅਸੀਂ ਪੰਥ ਅੱਗੇ ਅਪੀਲ ਕਰਦੇ ਹਾਂ ਕਿ ਐ ਪੰਥ ਤੂੰ ਸੋਚ ਅਰ ਸਰਕਾਰ ਦੇ ਅੱਗੇ ਭੀ ਫਰਯਾਦ ਕਰਦੇ ਹਾਂ ਕਿ ਜਿਸ ਤਰ੍ਹਾਂ ਗੋਰਖੀਆਂ ਦੀ ਨਸਲ ਰੱਖਨ ਲਈ ਪ੍ਰਬੰਧ ਹੈ। ਇਸੇ ਤਰ੍ਹਾਂ ਸਿੱਖਾਂ ਦੇ ਵਾਸਤੇ ਭੀ ਕੋਈ ਪ੍ਰਬੰਧ ਕੀਤਾ ਜਾਏ। ਪਰੰਤੂ ਐ ਪੰਥ ਤੂੰ ਆਪ ਭੀ ਅਪਨੀ ਹਾਲਤ ਦੇ ਠੀਕ ਰੱਖਨੇ ਲਈ ਯਤਨ ਕਰ, ਜਿਸ ਤੇ ਤੂੰ ਅਟੱਲ ਰਹੇ ਕਿੰਤੂ ਕਿਆ ਤੂੰ ਇਸ ਮਜ਼ਮੂਨ ਨੂੰ ਐਵੇਂ ਸੁੱਟ ਦੇਏਂਗਾ?

੪੫. ਕੌਮਾਂ ਕਿਉਂ ਕਰ ਬਣਦੀਆਂ ਅਤੇ ਜ਼ਿੰਦਾ ਰਹਿੰਦੀਆਂ ਹਨ

(ਖ.ਅ.ਲ. ਅਪ੍ਰੈਲ,੧੯੦੧ ਈ:)

ਇਸ ਧਰਤੀ ਪਰ ਕਈ ਖਾਨਦਾਨ ਅਜਿਹੇ ਹੋਏ ਹਨ ਕਿ ਜਿਨ੍ਹਾਂ ਨੂੰ ਪਹਿਲੇ ਕੋਈ ਭੀ ਨਹੀਂ ਜਾਨਦਾ ਸੀ, ਕਿਤੇ ਉਨ੍ਹਾਂ ਦਾ ਨਾਮ ਨਿਸ਼ਾਨ ਭੀ ਨਹੀਂ ਮਿਲਦਾ ਸੀ, ਤਵਾਰੀਖ ਵਿਚ ਉਨ੍ਹਾਂ ਦਾ ਕਿਤੇ ਨਾਮ ਆਉਣਾ ਯਾ ਬਹੁਤ ਸਾਰੇ ਲੋਗਾਂ ਵਿਚ ਪ੍ਰਸਿੱਧ ਹੋਨਾ ਤਾਂ ਕਿਧਰੇ ਰਹਿਆ, ਫਿਰ ਜਦ ਸਿਦਕੀ ਅਤੇ ਪੁਰਸ਼ਾਰਥੀ ਆਦਮੀ ਉਨ੍ਹਾਂ ਖਾਨਦਾਨਾਂ ਦੇ ਚਰਾਗ ਪੈਦਾ ਹੋ ਗਏ ਤਦ ਉਹ ਖਾਨਦਾਨ ਉਨ੍ਹਾਂ ਦੇ ਤਫੈਲ ਦੁਨੀਯਾਂ ਵਿਚ ਵੱਡੇ ਮਸ਼ਹੂਰ ਅਤੇ ਸ਼ੁਲਾਘਾਯੋਗ ਹੋਏ। ਖਆਲ ਕਰਨੇ ਦੀ ਬਾਤ ਇਹ ਹੈ ਕਿ ਉਨ੍ਹਾਂ ਖਾਨਦਾਨਾਂ ਵਿਚ ਆਦਮੀ ਤਾਂ ਅੱਗੇ

ਭੀ ਹੁੰਦੇ ਰਹੇ ਸਨ ਪਰੰਤੂ ਅੱਗੇ ਉਨ੍ਹਾਂ ਨੂੰ ਕੋਈ ਭੀ ਜਾਨਦਾ ਬੁਝਦਾ ਨਹੀਂ ਸੀ, ਸੋ ਜਦ-ਜਦ ਉਨ੍ਹਾਂ ਖਾਨਦਾਨਾਂ ਵਿਚ ਸਿਦਕੀ, ਪੁਰਸ਼ਾਰਥੀ, ਉਦਮੀ ਅਤੇ ਕੁਰਬਾਨੀ ਕਰਨ ਵਾਲੇ ਪੈਦਾ ਹੋਏ ਤਦ ਉਨ੍ਹਾਂ ਖਾਨਦਾਨਾਂ ਵਲ, ਜਿਨ੍ਹਾਂ ਵਲ ਕੋਈ ਤੱਕਦਾ ਵੀ ਨਹੀਂ ਸੀ, ਸਭ ਦੀਆਂ ਅੱਖਾਂ ਹੋ ਗਈਆਂ, ਫਿਰ ਜਦ ਅਜਿਹੀਆਂ ਮਸ਼ਹੂਰ ਖਾਨਦਾਨਾਂ ਵਿਚੋਂ ਸਿਦਕੀ ਤੇ ਕੁਰਬਾਨੀ ਵਾਲੇ ਆਪਣਾ ਡੰਕਾ ਵਜਾ ਕੇ ਚਲੇ ਜਾਂਦੇ ਹਨ ਅਤੇ ਉਚ ਦਰਜੇ ਦੇ ਆਦਮੀ ਨਹੀਂ ਰਹਿੰਦੇ ਹਨ ਤਦ ਉਹ ਖਾਨਦਾਨ ਗੁੰਮ ਹੋਨੇ ਸ਼ੁਰੂ ਹੁੰਦੇ ਹਨ ਯਾ ਉਨਾਂ ਵਿੱਚ ਅਜਿਹੇ ਚੋਰੂ ਪੈਦਾ ਹੋ ਜਾਂਦੇ ਹਨ ਜੋ ਆਪਨਿਆਂ ਹੀ ਵਿਸ਼ੇ ਵਿਕਾਰਾਂ ਦੇ ਅਧੀਨ ਹੋ ਕੇ ਉਸ ਦੀ ਉੱਨਤੀ ਵਲ ਖਯਾਲ ਤਾਂ ਕਿਧਰੇ ਰਹਿਆ ਉਸ ਦੀ ਕੀਤੀ ਕਰਾਈ ਨੂੰ ਭੀ ਖੂਹ ਵਿਚ ਪਾਕੇ ਉਸ ਦਾ ਸੱਤਯਾਨਾਸ਼ ਕਰ ਦਿੰਦੇ ਹਨ ਜਿਸ ਦਾ ਇਹ ਨਤੀਜਾ ਨਿਕਲਦਾ ਹੈ ਕਿ ਉਨ੍ਹਾਂ ਖਾਨਦਾਨਾਂ ਦੇ ਸਿਦਕੀ ਅਤੇ ਪੁਰਸ਼ਾਰਥੀ ਆਦਮੀਆਂ ਦੇ ਨਾਮ ਇਕ ਦ੍ਰਿਸ਼ਟਾਂਤ ਦੇ ਤੌਰ ਪਰ ਲੋਕਾਂ ਦੀਆਂ ਜ਼ਬਾਨਾਂ ਪਰ ਰਹਿ ਜਾਂਦੇ ਹਨ, ਹੋਰ ਉਨ੍ਹਾਂ ਨੂੰ ਕੋਈ ਭੀ ਜਾਣਦਾ ਨਹੀਂ ਹੁੰਦਾ।

ਇਸ ਤਰ੍ਹਾ ਕੌਮਾਂ ਭੀ ਸਿਦਕੀ, ਕੁਰਬਾਨੀ ਕਰਨੇ ਵਾਲੇ ਅਤੇ ਧਾਰਮਕ ਮਹਾਤਮਾਂ ਦੇ ਲਗਾਤਾਰ ਕੋਸ਼ਸ਼ਾਂ ਨਾਲ ਜਾ ਕੇ ਬਨਦੀਆਂ ਅਤੇ ਦੁਨੀਯਾਂ, ਪਰ ਪ੍ਰਸਿੱਧ ਅਤੇ ਨੇਕ ਨਾਮ ਹੋ ਕੇ ਰਹਿੰਦੀਆਂ ਹਨ। ਜੇਕਰ ਉਨ੍ਹਾਂ ਕੌਮਾਂ ਵਿੱਚ ਖੁਦਗਰਜ਼, ਇੱਜ਼ਤਾਂ ਲੈਨੇ ਦੀ ਖਾਤਰ ਕੰਮ ਕਰਨੇ ਵਾਲੇ, ਬੁਰੇ ਭਾਵ ਅਤੇ ਬੁਰੇ ਆਚਰਨ ਰਖਣੇ ਵਾਲੇ ਆਗੂ ਹੋ ਕੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਹਨ ਤਦ ਇਹ ਸਮਝ ਲਵੇ ਕਿ ਉਹ ਕੌਮਾਂ ਦੁਨੀਯਾ ਪਰ ਥੋੜੇ ਹੀ ਚਿਰ ਦੀਆਂ ਪਰਾਹੁਨੀਆਂ ਹੁੰਦੀਆਂ ਹਨ।

ਹੁਨ ਜਦ ਅਸੀਂ ਦੁਨੀਯਾਂ ਦੇ ਇਤਿਹਾਸ ਵਲ ਵੇਖਦੇ ਹਾਂ ਅਤੇ ਵੱਡੀਆਂ-੨ ਕੌਮਾਂ ਦੇ ਬਨਣੇ ਅਤੇ ਇਸਥਰ ਰਹਿਨੇ ਦੇ ਸਿਲਸਲੇ ਪਰ ਸੋਚ ਵਿਚਾਰ ਕਰਦੇ ਹਾਂ ਤਦ ਸਾਨੂੰ ਬਹੁਤ ਸਾਰੀਆਂ ਉਤਮ ਸਿੱਖਿਆ ਮਿਲਦੀਆਂ ਹਨ।

ਸਾਡੇ ਪਾਠਕਾਂ ਨੂੰ ਇਹ ਬਾਤ ਮਾਲੂਮ ਹੀ ਹੋਵੇਗੀ ਕਿ ਮਸੀਹ ਤੋਂ ਪਹਿਲੇ ਨਾ ਤਾਂ ਕੋਈ ਈਸਾਈ ਮਜ਼ਬ ਅਤੇ ਨਾਂ ਕੋਈ ਈਸਾਈ ਕੌਮ ਨੂੰ ਹੀ ਇਸ ਦੁਨੀਆਂ ਪਰ ਜਾਨਦਾ ਸੀ ਪ੍ਰੰਤੂ ਉਸ ਦੇ ਆਪਨੇ ਸਿਧੇ ਸਾਧੇ ਨਿਸਚੇ ਅਤੇ ਉਸ ਨਿਸਚੇ ਦੀ ਖਾਤਰ ਦੁਖ ਅਤੇ

ਕਸ਼ਟ ਸਹਾਰਨੇ ਨੇ ਉਸ ਦੇ ਪਿੱਛੋਂ ਉਸ ਦਿਆਂ ਸ਼ਾਗਿਰਦਾਂ ਵਿਚ ਅਜਿਹਾ ਬਲ ਅਤੇ ਪਰਕਰਮ ਪੈਦਾ ਕਰ ਦਿਤਾ ਕਿ ਗਰੀਬੀ ਤੇ ਬੇਇਲਮ ਮੱਛੀਆਂ ਫੜਨੇ ਵਾਲੇ ਮਸੀਹ ਦਿਆਂ ਉਪਦੇਸਾਂ ਦਾ ਪ੍ਰਚਾਰ ਕਰਨੇ ਵਲ ਲੱਗ ਗਏ ਅਤੇ ਇਕ ਦੂਜੇ ਪਿੱਛੋਂ ਈਸਾਈ ਮਜ਼ਬ੍ਹ ਪਰ ਅਜਿਹੇ ਸਿਦਕੀ ਹੋਏ ਹਨ ਕਿ ਇਹ ਮਜ਼ਬ੍ਹ ਦਿਨ ਦੂਣੀ ਰਾਤ ਚੌਗਣੀ ਉਨਤੀ ਕਰਦਾ ਚਲਿਆ ਗਿਆ ਹੈ ,ਭਾਵੇਂ ਹਜ਼ਾਰਾਂ ਹੀ ਕੁਸਤੋਖੂਨ ਹੋਏ ਹਨ, ਭਾਵੇਂ ਕਿਤਨੇ ਹੀ ਫਿਰਕੇ ਬਨ ਗਏ ਹਨ ਪਰ ਇਹ ਗੱਲ ਮੰਨਣੀ ਪੈਂਦੀ ਹੈ ਕਿ ਮਸੀਹ ਦੇ ਪੈਰਵਾਂ ਦੇ ਸਿਦਕ ਅਤੇ ਕੁਰਬਾਨੀ ਦੀ ਤੁਫੈਲ ਇਹ ਮਜ਼ਬ ਅੱਜ ਦੁਨੀਆਂ ਪਰ ਅਜਿਹਾ ਫੈਲਿਆ ਹੈ ਕੀ ਇਸ ਵੇਲੇ ਵੱਡੇ ਵੱਡੇ ਦੁਨੀਆਂ ਦੇ ਬਾਦਸ਼ਾਹ ਇਹ ਮਜ਼ਬ੍ਹ ਪਰ ਕੁਰਬਾਨ ਹੁੰਦੇ ਹਨ, ਭਾਵੇਂ ਈਸਾਈ ਕੌਮਾਂ ਇਸ ਵੇਲੇ ਦੁਨੀਆਂ ਪਰ ਆਪਣੇ ਨਾਲ ਦਾ ਹੋਰ ਕੋਈ ਨਹੀਂ ਰਖਦੀਆਂ ਹਨ ਭਾਵੇਂ ਉਹਨਾਂ ਪਾਸ ਦੁਨੀਆਂ ਦੇ ਐਸ਼ ਅਸ਼ਰਤ ਦੇ ਸਾਰੇ ਸਮਾਨ ਮੌਜੂਦ ਹਨ ਪਰ ਫਿਰ ਵੀ ਇਨ੍ਹਾਂ ਵਿਚ ਸਿਦਕੀ ਅਤੇ ਕੁਰਬਾਨੀ ਕਰਨੇ ਵਾਲੇ ਅਜਿਹੇ ਮੌਜੂਦ ਹਨ ਕਿ ਦੁਨੀਆਂ ਵਿਚ ਏਸ ਵੇਲੇ ਇਹਨਾਂ ਦੇ ਦ੍ਰਿਸ਼ਟਾਂਤ ਹੋਰ ਥੇ ਮੁਸ਼ਕਲ ਨਾਲ ਮਿਲਣਗੇ। ਵੱਡੇ ਵੱਡੇ ਵਿਦਵਾਨ, ਐ.ਏ.ਬੀ.ਏ., ਐਲ.ਐਲ.ਬੀ. ਅਤੇ ਵੱਡੇ ਵੱਡੇ ਓਹਦੇਦਾਰ, ਅਪਨਿਆਂ ਓਹਦਿਆਂ ਨੂੰ ਛੱਡ ਕੇ ਯਾ ਪਿਨਸ਼ਨਾਂ ਲੈ ਕੇ ਅਪਨੇ ਮਜ਼ਬ ਦਾ ਪ੍ਰਚਾਰ ਦੂਰ-੨ ਮੁਲਕਾਂ ਵਿਚ ਜਾਕੇ ਕਰਦੇ ਹਨ। ਅਤੇ ਕਿਤਨੇ ਹੀ ਦੁਖ ਅਤੇ ਕਸ਼ਟ ਸਹਾਰ ਕੇ ਭੀ ਆਪਣੇ ਇਸ਼ਟ ਦੇ ਪ੍ਰਚਾਰ ਕਰਨ ਅਤੇ ਉਸ ਦੀ ਉਨਤੀ ਦੇ ਸਾਧਨ ਸੋਚਣੇ ਵਿਚ ਜ਼ਰਾ ਢਿਲ ਨਹੀਂ ਕਰਦੇ ਹਨ। ਸਾਡੇ ਭਾਈ ਖੁਦ ਵੇਖ ਸਕਦੇ ਹਨ ਕਿ ਚਰਚ-ਆਫ-ਇੰਗਲੈਂਡ ਅਤੇ ਅਮਰੀਕਨ ਮਿਸ਼ਨ ਦੀਆਂ ਸੁਸਾਇਟੀਆਂ ਨੂੰ, ਜੋ ਸਾਡੇ ਮੁਲਕ ਵਿਚ ਕੰਮ ਕਰ ਰਹੀਆਂ ਹਨ ਵੇਖਣ ਤੋਂ ਮਾਲੂਮ ਹੋਵੇਗਾ ਕਿ ਉਨ੍ਹਾਂ ਵਿਚ ਕਿਤਨੇ ੨ ਵਿਦਵਾਨ ਲੋਗ ਬਹੁਤ ਥੋੜੇ ੨ ਗੁਜ਼ਾਰੇ ਲੈ ਕੇ ਕੰਮ ਕਰ ਰਹੇ ਹਨ, ਫਿਰ ਨਾ ਕੇਵਲ ਓਥੇ ਹੀ ਅਪਨੇ ਧਰਮ ਦਾ ਪਚਾਰ ਕਰਦੇ ਹਨ ਕਿ ਜਿਥੇ ਰਾਜ ਦੇ ਪ੍ਰਬੰਧ ਦੇ ਕਾਰਨ ਅਮਨ ਚੈਨ ਅਤੇ ਜਾਨ ਦਾ ਖਤਰਾ ਨਹੀਂ ਹੁੰਦਾ ਹੈ ਕਿੰਤੂ ਅਜਿਹੀਆਂ ਜਗ੍ਹਾ ਅਤੇ ਮੁਲਕਾਂ ਵਿਚ ਭੀ ਜਾ ਕੇ ਆਪਨੇ ਮਜ਼ਬ ਦੀਆਂ ਬਾਤਾਂ ਨੂੰ ਲੋਗਾਂ ਦਿਆਂ ਕੰਨਾਂ ਵਿਚ ਪਾਉਂਦੇ ਹਨ ਜਿਥੇ ਕਿ ਬਿਲਕੁਲ ਅੰਧਾ ਧੁੰਦ ਪਈ ਹੋਈ ਹੁੰਦੀ ਹੈ। ਤਿਬਤ ਦਿਆਂ ਪਹਾੜਾਂ ਵਿਚ ਜਾ ਕੇ ਵੇਖੋ ਤਾਂ ਪਾਦਰੀ ਲੋਕ ਫਿਰ ਰਹੇ ਹਨ ਅਤੇ ਉਹਨਾਂ ਲੋਗਾਂ ਦੀ ਜ਼ੁਬਾਨ

ਨੂੰ ਸਿਖ ਕੇ ਫਿਰ ਪ੍ਰਚਾਰ ਕਰ ਰਹੇ ਹਨ। ਕਸ਼ਮੀਰ ਵਿਚ ਕਸ਼ਮੀਰੀ ਭਾਸ਼ਾ ਨੂੰ ਸਿਖਕੇ ਉਸ ਜਬਾਨ ਵਿਚ ਅੰਜੀਲ ਦੀ ਸਿਖਿਆ ਨੂੰ ਲੋਗਾਂ ਪਰ ਪ੍ਰਗਟ ਕਰ ਰਹੇ ਹਨ। ਚੀਨ ਵਿਚ ਜਾਕੇ ਵੇਖੋ ਤਾਂ ਪਾਦਰੀਆਂ ਨੇ ਆਪਨੇ ਝੰਡੇ ਗੱਡੇ ਹੋਏ ਹਨ। ਅਫਰੀਕਾ ਦਿਆਂ ਵਹਿਸ਼ੀਆਂ ਵਿਚ ਜਾਕੇ ਪ੍ਰਚਾਰ ਕਰ ਰਹੇ ਹਨ, ਬ੍ਰਹਮਾ ਦੇ ਵੈਰਾਨ ਅਲਾਕਿਆਂ ਵਿਚ ਵੀ ਬ੍ਰਹਮੀ ਜ਼ਬਾਨ ਨੂੰ ਸਿਖਕੇ ਉਸ ਦੁਆਰਾ ਅੰਜੀਲ ਦੀ ਮੁਨਾਦੀ ਕਰ ਰਹੇ ਹਨ। ਥੋੜੇ ਦਿਨ ਹੀ ਹੋਏ ਹਨ ਕਿ ਪਾਦਰੀਆਂ ਨੇ ਅਮੀਰ ਸਾਹਿਬ ਕਾਬਲ ਨੂੰ ਪਤ੍ਰ ਭੇਜਿਆ ਸੀ ਕਿ ਈਸਾਈ ਮਜ਼ਬ ਦੇ ਪ੍ਰਚਾਰ ਲਈ ਸਾਨੂੰ ਅਫਗਾਨਿਸਤਾਨ ਵਿਚ ਆਉਣ ਦੀ ਆਗਿਆ ਦੇਵੇ ਭਾਵੇਂ ਅਮੀਰ ਸਾਹਿਬ ਨੇ ਆਗਿਆ ਨਹੀਂ ਦਿੱਤੀ ਪਰੰਤੂ ਮਾਲੂਮ ਹੁੰਦਾ ਹੈ ਕਿ ਇਹ ਲੋਗ ਪਠਾਨਾਂ ਜਿਹੇ ਬੇਤਸਰ ਅਤੇ ਵਹਿਮੀ ਆਦਮੀਆਂ ਵਿਚ ਜਾਕੇ ਭੀ ਆਪਣੇ ਧਰਮ ਦਾ ਉਪਦੇਸ਼ ਕਰਨੇ ਤੋਂ ਜਰਾ ਵੀ ਨਹੀਂ ਡਰੇ। ਸਾਡੇ ਹੀ ਮੁਲਕ ਵਿਚ ਹਰ ਇਕ ਸੂਬੇ ਦੀ ਭਾਸਾ ਨੂੰ ਸਿਖਕੇ ਉਸੇ ਵਿਚ ਭੀ ਆਪਣੇ ਧਰਮ ਨੂੰ ਫੈਲਾ ਰਹੇ ਹਨ। ਕਈ ਜਗ੍ਹਾ ਵਿਚ ਸੈਂਕੜੇ ਪਾਦਰੀ ਮਰ ਭੀ ਜਾਂਦੇ ਹਨ, ਪਿਛਲੇ ਹੀ ਦਿਨਾਂ ਵਿਚ ਚੀਨ ਵਿਚ ਕਈ ਪਾਦਰੀਆਂ ਨੂੰ ਲੋਗਾਂ ਨੇ ਮਾਰ ਦਿੱਤਾ, ਫਿਰ ਵੀ ਇਹ ਲੋਗ ਡਰ ਕੇ ਅੱਗੇ ਤੋਂ ਆਪਣੇ ਮਜ਼ਬ੍ਹ ਦੇ ਪ੍ਰਚਾਰ ਤੋਂ ਨਹੀਂ ਹਟੇ ਹਨ। ਨਾਂ ਕੇਵਲ ਮਰਦ ਹੀ ਆਪਣੇ ਧਰਮ ਪਰ ਪੱਕੇ ਹਨ ਕਿੰਤੂ ਇਨ੍ਹਾਂ ਦੀਆਂ ਸੁਭਾਗ ਇਸਤਰੀਆਂ ਹਜਾਰਾਂ ਹੀ ਆਪਨੇ ਧਰਮ ਦੇ ਪ੍ਰਚਾਰ ਵਿਚ ਲਗੀਆਂ ਹੋਈਆਂ ਹਨ, ਪਿੰਡਾਂ ਵਿਚ ਵੇਖੋ ਤਾਂ ਕਿਸ ਤਰ੍ਹਾਂ ਇਹ ਮਿਸਾਂ ਦੁਆਈਆਂ ਵੰਡਦੀਆਂ ਫਿਰਦੀਆਂ ਹਨ, ਸ਼ਹਿਰਾਂ ਵਿਚ ਵੇਖੋ ਤਾਂ ਮੁਫਤ ਪੜ੍ਹਾਉਂਦੀਆਂ ਹਨ ਅਤੇ ਗਰੀਬ ਗੁਰਬਿਆਂ ਨੂੰ ਮੁਫਤ ਦਵਾਈਆਂ ਦੇ ਕੇ ਮਸੀਹ ਦੇ ਨਾਮ ਨੂੰ ਸੁਣਾਕੇ ਅਪਨੇ ਮਨ ਵਿਚ ਖੁਸ਼ ਹੁੰਦੀਆਂ ਹਨ, ਗੰਦੇ ਤੋਂ ਗੰਦੇ ਫੋੜੇ ਫਿਨਸੀਆਂ ਨੂੰ ਚੀਰਨੇ ਜਰਾ ਭੀ ਘ੍ਰਿਨਾ ਨਹੀਂ ਕਰਦੀਆਂ ਹਨ, ਗੱਲ ਕਾਹਦੀ ਕਿ ਜੇਕਰ ਇਨ੍ਹਾਂ ਲੋਗਾਂ ਦੇ ਸਾਰੇ ਕੰਮਾਂ ਦਾ ਜਿਕਰ ਕਰੀਏ ਤਾਂ ਕਿਤਨੇ ਪੁਸਤਕ ਬਨ ਸਕਦੇ ਹਨ, ਪਰੰਤੂ ਇਹ ਸਾਰੀਆਂ ਬਾਤਾਂ ਤੋਂ ਇਹ ਬਾਤ ਅੱਛੀ ਤਰ੍ਹਾਂ ਸਾਬਤ ਹੁੰਦੀ ਹੈ ਕਿ ਇਹ ਲੋਗ ਆਪਨੇ ਧਰਮ ਪਰ ਪੱਕੇ ਸਿਦਕੀ ਅਤੇ ਕੁਰਬਾਨੀ ਕਰਨੇ ਵਾਲੇ ਹਨ ਅਰਥਾਤ ਅਪਨੇ ਧਰਮ ਪਰ ਇਹਨਾਂ ਨੇ ਆਪਣੇ ਆਪ ਨੂੰ ਵਾਰ ਬਾਨੀ ਕਰਨੇ ਵਾਲੇ ਹਨ ਅਰਥਾਤ ਅਪਨੇ ਧਰਮ ਪਰ ਇਹਨਾਂ ਨੇ ਅਪਣੇ ਆਪ ਨੂੰ ਵਾਰ ਛੱਡਿਆ ਹੈ। ਏਥੋਂ ਤਕ ਕਹਿੰਦੇ ਹਨ ਕਿ

ਜਾਨ ਚਲੀ ਜਾਵੇ ਤਾਂ ਜਾਣੇ ਦੋ ਪਰੰਤੂ ਮਸੀਹ ਦੀ ਬਸਾਰਤ ਦੁਨੀਆਂ ਪਰ ਪ੍ਰਗਟ ਹੋਵੇ ਅਤੇ ਅਜਿਹਾ ਕੋਈ ਪੁਰਸ਼ ਭੀ ਨਾ ਦਿਸੇ ਜਿਸ ਦਿਆਂ ਕੰਨਾਂ ਵਿਚ ਮਸੀਹ ਦਾ ਨਾਮ ਭੀ ਪਿਆ ਨਾ ਹੋਵੇ।

੪੯. ਲੁੱਧਰਾਂ ਦੀਆਂ ਮੱਛੀਆਂ ਅਤੇ ਸਾਡੇ ਕੰਮ
(ਖ.ਅ.ਲ. ੨੪ ਮਈ, ੧੯੦੧ਈ:)

ਲੁੱਧਰ ਇੱਕ ਕਿਸਮ ਦੇ ਜਾਨਵਰ ਹੁੰਦੇ ਹਨ ਜਿਨ੍ਹਾਂ ਦਾ ਹਾਲ ਲੋਕਾਂ ਵਿੱਚ ਇਸ ਪ੍ਰਕਾਰ ਪ੍ਰਸਿੱਧ ਹੈ। ਆਖਦੇ ਹਨ ਕਿ ਉਹ ਸਾਰੇ ਮਿਲਕੇ ਦਰਯਾ ਵਿੱਚੋਂ ਮੱਛੀਆਂ ਕੱਢ-ਕੱਢ ਕੇ ਕਿਨਾਰੇ ਪਰ ਢੇਰ ਲਾਉਂਦੇ ਰਹਿੰਦੇ ਹਨ ਅਰ ਜਦ ਆਪਣੀ ਭੁੱਖ ਦੇ ਦੂਰ ਕਰਨ ਵਾਸਤੇ ਕਾਫੀ ਸਮਝਦੇ ਹਨ ਤਦ ਸਾਰੇ ਬੈਠਕੇ ਵੰਡਣ ਲੱਗ ਜਾਂਦੇ ਹਨ, ਅਰ ਜਦ ਵੰਡਦੇ-ਵੰਡਦੇ ਇਕ ਮੱਛੀ ਭੀ ਘੱਟ ਵੱਧ ਹੋ ਜਾਂਦੀ ਹੈ ਤਦ ਉਹ ਸਾਰੀਆਂ ਨੂੰ ਹੀ ਚੁੱਕ ਕੇ ਦਰਯਾ ਵਿੱਚ ਸੁੱਟ ਦੇਂਦੇ ਹਨ ਅਰ ਨਵੇਂ ਸਿਰੇ ਤੇ ਫੇਰ ਉਦਮ ਆਰੰਭ ਦੇਂਦੇ ਹਨ। ਏਸੇ ਤਰ੍ਹਾਂ ਉਹ ਮੱਛੀਆਂ ਦੇ ਕਮ ਜ਼ਿਆਦਾ ਹੋਣ ਪਰ ਸਾਰਾ ਦਿਨ ਖਪ-ਖਪ ਕੇ ਮਰਦੇ ਰਹਿੰਦੇ ਹਨ, ਪਰੰਤੂ ਜੇ ਉਨ੍ਹਾਂ ਦੇ ਸਿਰ ਵਿੱਚ ਇਤਨੀ ਅਕਲ ਆ ਜਾਏ ਕਿ ਜੋ ਮੱਛੀ ਵੱਧ ਯਾ ਘੱਟ ਹੈ ਉਹੋ ਦਰਯਾ ਵਿੱਚ ਸੁੱਟ ਦੇਈਏ ਅਰ ਜੋ ਆਪਸ ਵਿੱਚ ਪੂਰੀਆਂ ਹਨ ਸੋ ਰਲ ਕੇ ਵੰਡ ਲਈਏ ਤਦ ਕਿਆ ਹੀ ਹੱਛਾ ਹੋਵੇ, ਕਿੰਤੂ ਇਤਨੀ ਹੀ ਅਕਲ ਦੀ ਕਮੀ ਹੋਣ ਤੇ ਸਾਰਾ ਦਿਨ ਟੱਕਰਾਂ ਮਾਰਦੇ ਹਨ ਅਤੇ ਪ੍ਰਯੋਜਨ ਕੁਝ ਵੀ ਸਿੱਧ ਨਹੀਂ ਹੁੰਦਾ।

ਜਦ ਅਸੀਂ ਵਿਚਾਰ ਕੇ ਦੇਖਦੇ ਹਾਂ ਤਦ ਸਾਡੇ ਕੰਮ ਭੀ ਉਨ੍ਹਾਂ ਲੁੱਧਰਾਂ ਵਾਂਗ ਹੀ ਅਪਨੀ ਸੂਰਤ ਦਖਾਉਂਦੇ ਹਨ, ਜਿਸ ਦਾ ਨਮੂਨਾ ਇਸ ਤਰ੍ਹਾਂ ਹੈ ਕਿ ਪਹਿਲੇ ਤਾਂ ਅਸੀਂ ਬਿਨਾਂ ਪ੍ਰੇਮ ਅਤੇ ਇਕ ਭਾਵ ਹੋਣੇ ਦੇ ਸਾਰੇ ਮਿਲਕੇ ਪੰਥ ਉੱਨਤੀ ਦੇ ਕੰਮ ਨੂੰ ਆਰੰਭ ਦੇਂਦੇ ਹਾਂ ਅਰ ਉਸ ਦੇ ਪੂਰਾ ਕਰਨ ਲਈ ਤਨ, ਮਨ ਅਤੇ ਧਨ ਤੇ ਯਤਨ ਕਰਦੇ ਹਾਂ ਪਰੰਤੂ ਜਦੋਂ ਅਸੀਂ ਆਪਨੀ ਮਿਹਨਤਾਂ ਅਰ ਤਕਲੀਫਾਂ ਦਾ ਨਤੀਜਾ ਉਸ ਕਾਰਜ ਦੀ ਸਿੱਧੀ ਲਈ ਦੇਖਦੇ ਹਾਂ ਅਰ ਚਾਹੁੰਦੇ ਹਾਂ ਕਿ ਹੁਣ ਅਸੀਂ ਉਸ ਕਾਰਜ ਨੂੰ ਫਲਦਾ ਫੂਲਦਾ ਦੇਖੀਏ ਤਦ ਸਾਡੇ ਵਿੱਚ ਉਸ ਮੱਛੀ ਦੀ ਨਯਾਈ ਕੋਈ ਨਾ ਕੋਈ ਪ੍ਰਸਪਰ ਵਿਰੋਧ ਦਾ ਭਾਵ ਵੱਧ ਘੱਟ ਹੋ ਜਾਂਦਾ ਹੈ ਜਿਸ ਤੇ ਅਸੀਂ ਇਹ ਸਮਝਦੇ ਹਾਂ ਕਿ ਬਸ ਹੁਣ ਇਹ ਕੰਮ ਠੀਕ ਨਹੀਂ ਰਿਹਾ

ਜਿਸ ਤੇ ਉਸ ਸਾਰੇ ਦੇ ਸਾਰੇ ਬਣੇ ਬਣਾਏ ਕਾਰਜ ਨੂੰ ਐਵੇਂ ਰਹਿਣ ਦੇਂਦੇ ਹਾਂ ਅਰ ਉਸ ਨੂੰ ਛੱਡਕੇ ਫਿਰ ਨਵੇਂ ਸਿਰੇ ਹੋਰ ਕਮੇਟੀ ਬਣਾਕੇ ਕੁਝ ਨਾ ਕੁਝ ਕੰਮ ਆਰੰਭ ਕਰ ਦੇਂਦੇ ਹਾਂ, ਜਿਸ ਤੇ ਸਾਡੇ ਦੇਖਨੇ ਵਿੱਚ ਆਇਆ ਹੈ ਜੋ ਸਾਡੇ ਦੇਸ ਅਤੇ ਪੰਥ ਹਿਤੈਸ਼ੀ ਸਿੰਘ ਭਾਈਆਂ ਨੇ ਸੈਂਕੜੇ ਕੰਮ ਆਰੰਭੇ ਸਨ ਅਰ ਆਰੰਭ ਰਹੇ ਹਨ ਪਰੰਤੂ ਅੰਤ ਨੂੰ ਉਹ ਸਾਰੇ ਹੀ ਲੁੱਧਰਾਂ ਦੀਆਂ ਮੱਛੀਆਂ ਵਾਂਗ ਨਿਸਫਲ ਗਏ ।

ਕਿੰਤੂ ਜੇ ਕਦੇ ਸਾਡੇ ਸਿੰਘ ਭਾਈਆਂ ਦੇ ਸਿਰ ਵਿੱਚ ਭੀ ਇਤਨੀ ਅਕਲ ਆ ਜਾਵੇ ਕਿ ਜੋ ਕਾਰਵਾਈ ਕਰੀਏ ਉਸ ਵਿੱਚ ਪੂਰਨ ਪ੍ਰੇਮ ਅਤੇ ਇਕ ਭਾਵ ਹੋਵੇ ਅਤੇ ਦਿਲ ਵਿੱਚ ਕਪਟ ਰੱਖਕੇ ਇਤਫਾਕ ਦੀ ਪੁਕਾਰ ਪੁਕਾਰ ਨਾ ਕਰੀਏ ਅਤੇ ਜੇਕਰ ਖਾਸ-ਖਾਸ ਆਦਮੀਆਂ ਨਾਲ ਪ੍ਰੇਮ ਹੈ ਤਾਂ ਉਨ੍ਹਾਂ ਨਾਲ ਹੀ ਕਾਰਜ ਆਰੰਭ ਕਰੀਏ ਫਿਰ ਉਸ ਕਾਰਜ ਦੀਆਂ ਹੋਰ ਜਿਤਨੀਆਂ ਬਾਤਾਂ ਪੰਥ ਨੂੰ ਲਾਭਦਾਇਕ ਹਨ ਉਨ੍ਹਾਂ ਪਰ ਇਤਫਾਕ ਕਰਕੇ ਯਤਨ ਕਰੀਏ ਤਦ ਦੇਖ ਸਕੀਦਾ ਹੈ ਜੋ ਅਸੀਂ ਕਿਤਨੀ ਛੇਤੀ ਉੱਨਤੀ ਕਰ ਸਕਦੇ ਹਾਂ, ਅਰ ਕਿਸ ਤਰ੍ਹਾਂ ਕੌਮ ਨੂੰ ਲਾਭ ਪਹੁੰਚਾ ਸਕਦੇ ਹਾਂ।

ਅੱਜ ਕੱਲ ਦੇਖਨੇ ਵਿੱਚ ਆਇਆ ਹੈ ਕਿ ਜਦ, ਇਕ ਕਮੇਟੀ ਵਿੱਚ ਪ੍ਰਸਪਰ ਵਿਰੋਧ ਹੋ ਜਾਂਦਾ ਹੈ ਤਾਂ ਇਸ ਤੇ ਕਈ ਭਾਈ ਤੰਗ ਆ ਜਾਂਦੇ ਹਨ ਤਦ ਉਸ ਕਮੇਟੀ ਯਾ ਸਭਾ ਨੂੰ ਛੱਡ ਕੇ ਆਪਣੀ ਨਵੀਂ ਤਿਆਰੀ ਆਰੰਭ ਦੇਂਦੇ ਹਨ ਇਸ ਦਾ ਕਾਰਨ ਇਹ ਹੈ ਕਿ ਉਸ ਕਾਰਜ ਨੂੰ ਯਾ ਕਮੇਟੀ ਨੂੰ ਪਹਿਲੇ ਸੋਚ ਕੇ ਨਹੀਂ ਚਲਾਇਆ। ਜੇਕਰ ਇਕ ਭਾਵ ਅਤੇ ਰਾਇ ਦੇ ਆਦਮੀ ਮਿਲਕੇ ਕੰਮ ਕਰਨ ਤਾਂ ਠੀਕ ਹੁੰਦਾ ਹੈ ਪਰੰਤੂ ਦਿਲਾਂ ਵਿੱਚ ਪ੍ਰਸਪਰ ਵਿਰੋਧ ਦੇ ਹੁੰਦਿਆਂ ਕੰਮ ਕਰਦੇ ਹਨ ਜਿਸ ਤੇ ਕੁਛ ਚਿਰ ਪਿਛੋਂ ਵਿਰੋਧ ਦੀ ਅਗਨੀ ਪ੍ਰਜੁਲਤ ਹੋ ਜਾਂਦੀ ਹੈ ।ਇਸੇ ਵਾਸਤੇ ਸਾਡੇ ਕੰਮ ਜਦ ਆਰੰਭ ਹੁੰਦੇ ਹਨ ਤਦ ਦੇਵਤੇ ਦੀ ਸੂਰਤ ਪਰ ਹੁੰਦੇ ਹਨ ਅਰ ਜਦ ਕੁਛਕ ਦੇਰ ਪੈ ਜਾਂਦੀ ਹੈ ਤਦ ਉਹੋ ਭੂਤਨੇ ਦੀ ਸ਼ਕਲ ਵਿੱਚ ਨਜ਼ਰ ਆਉਣ ਲੱਗ ਜਾਂਦੇ ਹਨ, ਜਿਨ੍ਹਾਂ ਪਰ ਦੂਸਰੇ ਲੋਗ ਦੇਖਕੇ ਹਾਸੀ ਕਰਦੇ ਹਨ ਅਰ "ਸਿੱਖਾਂ ਦੇ ਦਿਮਾਗ ਵਿੱਚ ਅਕਲ ਨਹੀਂ" ਆਖਣ ਦਾ ਹੌਸਲਾ ਕਰਦੇ ਹਨ, ਇਸ ਵਾਸਤੇ ਅਸੀਂ ਆਪਣੇ ਪੰਥ ਹਿਤੈਸ਼ੀਆਂ ਸੱਜਨਾਂ ਅੱਗੇ ਵੱਡੀ ਨਿਮ੍ਰਤਾ ਨਾਲ ਬੇਨਤੀ ਕਰਦੇ ਹਾਂ ਕਿ ਆਪ ਇਸ ਮਜ਼ਮੂਨ ਨੂੰ ਵੱਡੀ ਗਹਰੀ ਨਿਗ੍ਹਾ ਨਾਲ ਵਿਚਾਰੇ ਅਰ ਇਸ ਪਰ ਅਮਲ ਕਰਕੇ ਆਪਣੇ ਖਆਲ ਨੂੰ ਸੁਧਾਰੇ, ਆਸ਼ਾ ਹੈ ਕਿ ਸੱਜਨ ਜਨ ਇਸ ਬਾਤ ਨੂੰ ਜ਼ਰੂਰ ਵਿਚਾਰਨਗੇ।

੪੭. ਕੁੱਤਾ ਅਤੇ ਉਸ ਦੀ ਸਵਾਮੀ ਭਗਤੀ

(ਖ.ਅ.ਲ.੨੪ ਮਈ,੧੯੦੧ਈ:)

ਕੁੱਤਾ ਇਕ ਐਸਾ ਜਾਨਵਰ ਹੈ ਜਿਸ ਦੇ ਨਾਲ ਛੂਹਨ ਤੇ ਭੀ ਆਦਮੀ ਆਪਣੇ ਤਾਈਂ ਅਪਵਿੱਤਰ ਸਮਝਦਾ ਹੈ, ਅਰ ਹਰ ਇਕ ਪੁਰਖ ਉਸ ਨੂੰ ਦੂਰ ਦੂਰ ਕਰਕੇ ਦੁਰਕਾਰਦਾ ਹੈ, ਜਿਸ ਤੇ ਉਹ ਕਈ ਤਰ੍ਹਾਂ ਦੇ ਨਰਾਦਰ ਸਹਾਰਦਾ ਹੈ। ਇਸ ਤੇ ਬਿਨਾਂ ਜਦ ਪੁਰਖ ਵੱਡੇ ਆਨੰਦ ਨਾਲ ਅਪਨੇ ਅਗੇ ਕਈ ਪ੍ਰਕਾਰ ਦੇ ਭੋਜਨਾਂ ਦਾ ਥਾਲ ਰੱਖਕੇ ਛਕਦਾ ਹੈ ਤਦ ਇਹ ਵਿਚਾਰਾ ਦੂਰ ਬੈਠਾ ਹੀ ਝੁਰਕਦਾ ਅਰ ਪੂਛ ਹਲਾਉਂਦਾ ਹੈ। ਜਦ ਮਨੁੱਖ ਅਪਨਾਂ ਰਜਕੇ ਪੇਟ ਭਰ ਲੈਂਦਾ ਹੈ ਤਦ ਕੁਝ ਬਚਿਆ ਖੁਚਿਆ ਜੂਠਾ ਅੰਨ ਦੂਰ ਤੋਂ ਉਸ ਦੇ ਅੱਗੇ ਸੁੱਟਦਾ ਹੈ, ਜਿਸ ਤੇ, ਜੁੱਤੀਆਂ ਯਾ ਮਿੱਟੀ ਵਿੱਚ ਸੁੱਟੇ ਹੋਏ ਅਨਾਜ ਨੂੰ ਉਹ ਹਜ਼ਾਰ ਹਜ਼ਾਰ ਧੰਨਯਵਾਦ ਕਰਕੇ ਖਾ ਜਾਂਦਾ ਹੈ।

ਹਰ ਇਕ ਆਦਮੀ ਨੂੰ ਇਹ ਬਾਤ ਅਨੁਭਵ ਸਿੱਧ ਹੈ ਕਿ ਕੁੱਤਾ ਦਿਨ ਅਤੇ ਰਾਤ ਕਿਸ ਤਰ੍ਹਾਂ ਜ਼ਲੀਲ ਹੁੰਦਾ ਫਿਰਦਾ ਹੈ ਅਰ ਉਸ ਨੂੰ ਭੁਖ ਨੰਗ ਦਾ ਦੁਖ ਕਿਥੋਂ ਤਕ ਸਤਾਉਂਦਾ ਹੈ, ਜੇਠ ਹਾੜ ਦੀ ਗਰਮੀ, ਸਾਉਨ ਭਾਦੋਂ ਦੀ ਬਰਖਾ ਅਤੇ ਸਿਆਲ ਦੀ ਸਰਦੀ ਅਪਨੇ ਉਪਰ ਸਹਾਰਦਾ ਹੈ ਅਰ ਖੂਬੀ ਦੀ ਬਾਤ ਇਹ ਹੈ ਜੋ ਉਹ ਵਿਚਾਰਾ ਅਪਨਾ ਦੁਖ ਕਿਸੇ ਨੂੰ ਭੀ ਨਹੀਂ ਸੁਨਾਉਂਦਾ ਅਤੇ ਜੇ ਇਨ੍ਹਾਂ ਆਫਤਾਂ ਦਾ ਸਤਾਇਆ ਹੋਇਆ ਕਿਸੇ ਪਾਸ ਜਾਂਦਾ ਭੀ ਹੈ ਤਦ ਉਹ ਵੱਡੇ ਜ਼ੋਰ ਨਾਲ ਉਸ ਨੂੰ ਦੂਰ ਕਰਦਾ ਹੈ। ਪਰੰਤੂ ਇਤਨਾ ਦੁਖ ਸਹਾਰ ਕੇ ਭੀ ਉਸ ਕੁਤੇ ਵਿੱਚ ਇਤਨੀ ਸਵਾਮੀ ਭਗਤੀ ਹੈ ਕਿ ਉਹ ਆਪਣੇ ਮਾਲਕ ਦਾ ਸੱਚਾ ਖੈਰਖੁਆਹ ਰਹਿੰਦਾ ਹੈ, ਅਰ ਕਾਲੀ ਬੋਲੀ ਰਾਤ ਵਿਚ ਉਸ ਦੇ ਘਰ ਦੀ ਰਾਖੀ ਕਰਦਾ ਹੈ, ਚੋਰ ਅਤੇ ਉਚੱਕਿਆਂ ਨੂੰ ਦੇਖ ਉੱਚੀ ਉੱਚੀ ਭੌਂਕਦਾ ਹੈ ਅਰ ਪੁਕਾਰ ਪੁਕਾਰ ਕੇ ਆਖਦਾ ਕਿ ਹੇ ਪਾਪੀਓ ਤੁਸੀਂ ਚਲੇ ਜਾਓ ਅਰ ਮੇਰੇ ਮਾਲਕ ਦੇ ਘਰ ਦੀ ਹਾਨੀ ਨਾ ਕਰੋ ਅਰ ਇਸੇ ਤਰ੍ਹਾਂ ਆਪਣੇ ਮਾਲਕ ਨੂੰ ਆਖਦਾ ਹੈ ਕਿ ਹੇ ਸਵਾਮੀ ਜੀ ਉਠੋ ਜਾਗੋ ਅਰ ਆਪਣੇ ਘਰ ਨੂੰ ਇਸ ਦੁਸ਼ਮਣ ਚੋਰ ਤੋਂ ਬਚਾਓ।

ਇਸ ਤੇ ਬਿਨਾਂ ਉਸ ਵਿਚ ਇਕ ਹੋਰ ਵੱਡੀ ਸਿਫਤ ਹੈ ਕਿ ਆਪਣੇ

ਸਵਾਮੀ ਦਾ ਇਤਨਾ ਸਰਧਾਲੂ ਅਤੇ ਪਯਾਰਾ ਹੈ ਜਿਸ ਤੇ ਉਹ ਸਦਾ ਹੀ ਉਸ ਦਾ ਭਲਾ ਚਾਹੁੰਦਾ ਹੈ, ਅਰ ਅਪਨੇ ਮਾਲਕ ਤੇ ਬਿਨਾਂ ਹੋਰ ਭਾਵੇਂ ਕਿਤਨਾ ਹੀ ਧਨਾਢ ਕਿਉਂ ਨਾ ਹੋਵੇ ਉਸ ਵੱਲ ਨਜ਼ਰ ਭਰਕੇ ਭੀ ਨਹੀਂ ਦੇਖਦਾ, ਧਨ, ਨਿਰਧਨ, ਚੰਗੇ ਅਤੇ ਮੰਦੇ ਗੁਣਾਂ ਵਾਲੇ ਅਪਨੇ ਪਤੀ ਦੀ ਹੀ ਭਗਤੀ ਅਪਨਾ ਪਰਮ ਧਰਮ ਜਾਣਦਾ ਹੈ, ਜਿਸ ਤੇ ਦੇਖ ਸਕੀਦਾ ਹੈ ਕਿ ਕੁੱਤਾ ਇਸ ਦੁਰਦਿਸ਼ਾ ਵਿਚ ਰਹਿਕੇ ਭੀ ਅਪਨੇ ਸਵਾਮੀ ਦੀ ਰਖਿਆ ਚਾਹੁੰਦਾ ਹੈ ਅਰ ਹਰ ਵੇਲੇ ਉਸ ਦੀ ਸੁੱਖ ਮਨਾਉਂਦਾ ਹੈ।

ਹੁਣ ਅਸੀਂ ਇਸ ਦੇ ਮੁਕਾਬਲੇ ਪਰ ਖਾਲਸਾ ਭਾਈਆਂ ਦੇ ਹਾਲ ਵੱਲ ਦੇਖਦੇ ਹਾਂ ਕਿ ਕਿਥੋਂ ਤਕ ਇਸ ਦੀ ਬਰਾਬਰੀ ਕਰ ਸਕਦਾ ਹੈ। ਜਦ ਅਸੀਂ ਦੇਖਦੇ ਹਾਂ ਤਦ ਗੁਰੂ ਦਸਮੇਂ ਪਾਤਸ਼ਾਹ ਕਲਗੀਧਰ ਜੀ ਮਹਾਰਾਜ ਨੇ ਇਨ੍ਹਾਂ ਨੂੰ ਚਿੜੀਆਂ ਤੇ ਬਾਜ਼ ਅਤੇ ਨਿਰਧਨਾਂ ਤੇ ਧਨਵਾਨ ਕੀਤਾ ਜਿਸ ਤੇ ਛੋਟੇ ਛੋਟੇ ਖਾਨਦਾਨਾਂ ਨੂੰ ਸਰਦਾਰੀਆਂ ਪ੍ਰਦਾਨ ਕੀਤੀਆਂ, ਅਰ ਪੰਜਾਬ ਨੂੰ ਵੱਡੀ ਇੱਜ਼ਤ ਬਖਸ਼ੀ ਜਿਸ ਤੇ ਛੋਟੇ ਤੇ ਛੋਟੇ ਆਦਮੀ ਭੀ ਸਰਦਾਰ ਕਹਾਏ।

ਪਰੰਤੂ ਸ਼ੋਕ ਦੀ ਬਾਤ ਇਹ ਹੈ ਜੋ ਖਾਲਸਾ ਜੀ ਨੇ ਉਸ ਅਪਨੇ ਰੱਖਕ ਦਸ਼ਮੇਂ ਗੁਰੂ ਜੀ ਦੇ ਪੁਰਖਾਰਥ ਨੂੰ ਸਫਲਾ ਕਰਨ ਲਈ ਕੁਝ ਭੀ ਯਤਨ ਨਹੀਂ ਕੀਤਾ ਅਰ ਨਾਹੀ ਗੁਰੂ ਜੀ ਮਹਾਰਾਜ ਦੇ ਧਰਮ ਭਾਵ ਨੂੰ ਦੁਨੀਆਂ ਪਰ ਕਇਮ ਰੱਖਨੇ ਲਈ ਕੋਈ ਯਤਨ ਕੀਤਾ, ਬਲਕਿ ਦੇਖਨੇ ਵਿਚ ਆਉਂਦਾ ਹੈ ਜੋ ਖਾਲਸਾ ਜੀ ਅਜੇਹਾ ਅਕ੍ਰਿਤਘਨ ਹੋ ਗਿਆ ਜੋ ਜਿਸ ਗੁਰੂ ਦੀ ਕ੍ਰਿਪਾ ਤੇ ਇਸ ਨੇ ਇਸ ਤਰ੍ਹਾਂ ਦਾ ਸੁਖ ਭੋਗਿਆ ਹੈ ਉਸ ਤੇ ਬਿੱਲਕੁਲ ਉਲਟ ਹੋ ਰਿਹਾ ਹੈ।

ਸਾਡੇ ਸਾਮ੍ਹਨੇ ਹਜ਼ਾਰਾ ਐਸੇ ਸਿੱਖ ਹਨ ਜਿਨਾਂ ਨੇ ਗੁਰੂ ਜੀ ਦੀ ਕਿਰਪਾ ਤੇ ਸਰਦਾਰੀ ਪਾ ਕੇ ਸਖੀ ਸਰਵਰ ਦੇ ਚੇਲੇ ਬਣ ਗਏ ਹਨ, ਅਰ ਕਈ ਗੁਰੂ ਦੇ ਪ੍ਰਤਾਪ ਤੇ ਧਨ ਸੰਪਦਾ ਪਾਕੇ ਸ਼ਿਵਾਲਿਆਂ ਅਤੇ ਠਾਕੁਰ ਦੁਆਰਿਆਂ ਵਿਚ ਘੰਟੇ ਬਜਾ ਰਹੇ ਹਨ, ਇਸੀ ਪ੍ਰਕਾਰ ਕਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਗ੍ਹਾ ਪਰ ਗਰੜ ਪੁਰਾਣ ਨੂੰ ਵਡਾਈ ਦੇਂਦੇ ਹਨ, ਫਿਰ ਕਈ ਖਾਲਸਾ ਭਾਈ ਜੀ ਜੋ ਵੱਡੇ ਵੱਡੇ ਓਹੁਦੇਦਾਰ ਕਹਾਉਂਦੇ ਹਨ ਸੋ ਗੁਰੂ ਨੂੰ ਭੁਲਾਕੇ ਅਨਮਤੀ ਗੁਲਾਮ ਬਣ ਗਏ ਹਨ, ਫਿਰ ਕਈ ਅੱਛੇ ਅੱਛੇ ਘਰਾਣਿਆਂ ਦੇ

ਆਦਮੀ ਸਿਰ ਦਾੜ੍ਹੀ ਮੁਨਾਕੇ ਅਪਨੇ ਖਾਨਦਾਨ ਦੀ ਇੱਜ਼ਤ ਗੁਵਾ ਰਹੇ ਹਨ, ਜਿਸ ਤੇ ਸਾਫ ਪਾਇਆ ਜਾਂਦਾ ਹੈ ਕਿ ਖਾਲਸਾ ਜੀ ਵਿਚ ਗੁਰੂਆਂ ਦੇ ਉਪਕਾਰਾਂ ਦਾ ਪੂਰਾ ਪੂਰਾ ਪ੍ਰੇਮ ਨਹੀਂ ਹੈ, ਅਰ ਇਸ ਤੇ ਬਿਨ੍ਹਾਂ ਹਜ਼ਾਰਾਂ ਕੁਰੀਤੀਆਂ ਦੇ ਚੋਰ ਇਸ ਪੰਥ ਨੂੰ ਹਾਨੀ ਪਹੁੰਚਾ ਰਹੇ ਹਨ ਜਿਸ ਤੇ ਖਾਲਸਾ ਜੀ ਕੋਈ ਵੀ ਖਯਾਲ ਨਹੀਂ ਕਰਦਾ ਅਰ ਐਥੋਂ ਤਕ ਗਿਰ ਗਿਆ ਹੈ ਕਿ ਅਪਣੀ ਇੱਜ਼ਤ ਭੀ ਰੱਖਨ ਦੀ ਅਕਲ ਨਹੀਂ ਹੈ ।

ਇਸ ਵਾਸਤੇ ਐ ਸੱਜਨ ਜਨੋ ਆਪ ਦੇਖੋ ਅਰ ਸੋਚੋ ਕਿ ਖਾਲਸਾ ਪੰਥ ਦੇ ਕਰਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਤੁਸੀਂ ਕਿਥੋਂ ਤਕ ਕਦਰ ਕੀਤਾ ਹੈ ਅਰ ਉਨ੍ਹਾਂ ਦੇ ਉਪਕਾਰਾਂ ਨੂੰ ਅੱਖੀਂ ਅੱਗੇ ਰੱਖਕੇ ਤੁਸੀਂ ਉਨ੍ਹਾਂ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਕਿੱਥੋਂ ਤਕ ਉੱਦਮ ਕੀਤਾ ਹੈ, ਅਰ ਅਪਨੇ ਗਿਰਬਾਨ ਵਿਚ ਮੂੰਹ ਪਾਕੇ ਦੇਖੋ ਜੋ ਆਪ ਵਿਚ ਕਿੱਥੋਂ ਤਕ ਕ੍ਰਿਤੱਗਤਾ ਹੈ?

੪੮.ਜਾਗਦਿਆਂ ਦੀਆਂ ਕੱਟੀਆਂ ਤੇ ਸੁੱਤਿਆਂ ਦੇ ਕੱਟੇ

(ਖ.ਅ.ਲ. ੩੧ ਮਈ, ੧੯੦੧ ਈ:)

ਇਹ ਇਕ ਆਮ ਬਾਤ ਇਸ ਦੇਸ਼ ਦੇ ਵਿੱਚ ਪ੍ਰਸਿੱਧ ਹੈ ਜਿਸ ਨੂੰ ਹਰ ਇਕ ਆਦਮੀ ਕਿਸੇ ਦੀ ਲਾ-ਪਰਵਾਹੀ ਪਰ ਹਾਨੀ ਉਠਾਉਣ ਤੇ ਬੋਲਦਾ ਹੈ ਅਰ ਇਸ ਦਾ ਬ੍ਰਿਤਾਂਤ ਇਸ ਤਰ੍ਹਾਂ ਕਰਦੇ ਹਨ, ਦੋ ਆਦਮੀਆਂ ਦੇ ਪਾਸ ਭੈਸਾਂ ਸੂਣ ਵਾਲੀਆਂ ਸਨ ਅਰ ਉਹ ਦੋਨੋਂ ਇਕੋ ਜਗ੍ਹਾ ਪਰ ਰਹਿੰਦੇ ਸੇ, ਉਨ੍ਹਾਂ ਦੋਨਾਂ ਵਿਚੋਂ ਇਕ ਤਾਂ ਹਰ ਵੇਲੇ ਉਨ੍ਹਾਂ ਦੀ ਖਬਰ ਲੈਂਦਾ ਰਹੇ ਕਿ ਕਦ ਸੂਣਗੀਆਂ ਅਤੇ ਕੱਟੇ ਦੇਣਗੀਆਂ ਕਿ ਕੱਟੀਆਂ, ਅਰ ਦੂਜਾ ਬੇ ਫਿਕਰ ਹੋ ਕੇ ਸੌਂ ਰਹੇ ਅਤੇ ਮਨ ਵਿੱਚ ਸਮਝ ਛੱਡੇ ਕਿ ਅਕਸਰ ਜੋ ਹੋਵੇਗਾ ਸੋ ਆਪੇ ਹੀ ਪ੍ਰਗਟ ਹੋ ਜਾਏਗਾ।

ਇਤਨੇ ਵਿੱਚ ਮਹੀਆਂ ਸੂਣੀਆਂ ਆਰੰਭ ਹੋਈਆਂ ਤਦ ਜੋ ਜਾਗਦਾ ਸੀ ਉਹ ਇਹ ਕਰੇ ਕਿ ਜੋ ਸੁੱਤੇ ਹੋਏ ਦੀ ਮੱਝ ਕੱਟੀ ਦੇਵੇ ਤਾਂ ਆਪਣੀ ਮੱਝ ਦੇ ਕੱਟੇ ਨਾਲ ਬਦਲ ਲੇਵੇ, ਅਰ ਉਸ ਨੂੰ ਜਗਾਕੇ ਆਖ ਦੇਵੇ ਕਿ ਤੇਰੀ ਮੱਝ ਨੇ ਕੱਟਾ ਦਿੱਤਾ ਹੈ। ਜਦ ਪੰਜ ਚਾਰ ਮਹੀਆਂ ਦਾ ਇਹੋ ਹਾਲ ਹੋਇਆ ਤਦ ਸੌਣ ਵਾਲੇ ਸੁਸਤ ਆਲਸੀ ਨੇ ਉਸ ਉੱਦਮੀ ਪਾਸੋਂ

ਪੁੱਛਿਆ ਕਿ ਭਾਈ ਇਹ ਕਯਾ ਕਾਰਨ ਹੈ ਜੋ ਤੇਰੀਆਂ ਸਾਰੀਆਂ ਮੱਝਾਂ ਕੱਟੀਆਂ ਦਿੰਦੀਆਂ ਹਨ ਅਤੇ ਮੇਰੀਆਂ ਸਾਰੇ ਕੱਟੇ?

ਇਸ ਪ੍ਰਸ਼ਨ ਨੂੰ ਸੁਣ ਕੇ ਉਸ ਨੇ ਇਹ ਉੱਤਰ ਦਿੱਤਾ ਕਿ ਭਾਈ "ਜਾਗਦਿਆਂ ਦੀਆਂ ਕੱਟੀਆਂ ਅਤੇ ਸੁੱਤਿਆਂ ਦੇ ਕੱਟੇ" ਹੁੰਦੇ ਹਨ ਜੇ ਤੂੰ ਭੀ ਮੇਰੇ ਵਾਂਗ ਜਾਗਦਾ ਤਾਂ ਤੇਰੀਆਂ ਮੱਝੀਆਂ ਭੀ ਜ਼ਰੂਰ ਹੀ ਕੱਟੀਆਂ ਦੇਂਦੀਆਂ। ਇਸ ਕਹਾਵਤ ਨੂੰ ਜਦ ਅਸੀਂ ਖਾਲਸਾ ਭਾਈਆਂ ਪਰ ਲਗਾਕੇ ਦੇਖਦੇ ਹਾਂ ਤਦ ਠੀਕ ਏਹੋ ਹਾਲ ਮਾਲੂਮ ਹੁੰਦਾ ਹੈ ਜਿਸ ਤੇ ਇਹ ਆਪਣੇ ਅਸੂਲਾਂ ਤੇ ਆਪ ਹੀ ਬੇਮੁੱਖ ਹੋ ਕੇ ਉਨ੍ਹਾਂ ਤੇ ਦੂਜਿਆਂ ਨੂੰ ਲਾਭ ਪਹੁੰਚਾ ਰਹੇ ਹਨ, ਜਿਨ੍ਹਾਂ ਦੇ ਦ੍ਰਿਸ਼ਟਾਂਤ ਸਾਡੇ ਸਾਮ੍ਹਣੇ ਪ੍ਰਤੱਖ ਨਜ਼ਰ ਆ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਖਾਲਸਾ ਦਾ ਧਰਮ ਗ੍ਰੰਥ ਹੈ ਸੋ ਇਕ ਅਮੋਲਕ ਮੁਕਤੀ ਅਤੇ ਗਯਾਨ ਰੂਪ ਸੁਖ ਦੇ ਦੇਣ ਵਾਲਾ ਅਤੇ ਧਰਮ ਦੀ ਅਚਲਤਾ ਰੂਪ ਧਰਮਾਕਾਰ ਬਿਰਤੀ ਦੇਨੇ ਵਾਲਾ ਉਸ ਮੱਝ ਦੀ ਨਿਆਈਂ ਹੈ।

ਇਸੇ ਤਰ੍ਹਾਂ ਮੁਸਲਮਾਨਾਂ ਦਾ ਕੁਰਾਨ, ਈਸਾਈਆਂ ਦੀ ਅੰਜੀਲ ਅਤੇ ਹਿੰਦੂਆਂ ਦੇ ਵੇਦ ਭੀ ਉਨ੍ਹਾਂ ਦੇ ਮੱਤ ਦੀਆਂ ਹੀ ਪੁਸਤਕਾਂ ਸਮਝੀਆਂ ਗਈਆਂ ਹਨ ਪਰੰਤੂ ਖ਼ੂਬੀ ਦੀ ਬਾਤ ਇਹ ਹੈ ਜੋ ਇਹ ਸਾਰੀਆਂ ਕੌਮਾਂ ਅਤੇ ਫਿਰਕੇ ਆਪਨੇ ਧਰਮ ਵਿੱਚ ਤਿਆਰ-ਬਰ-ਤਿਆਰ ਖੜ੍ਹੇ ਹਨ ਅਰ ਇਨ੍ਹਾਂ ਦੇ ਮੁਕਾਬਲੇ ਪਰ ਖਾਲਸਾ ਜੀ ਅਗਯਾਨ ਦੀ ਨੀਂਦ ਵਿੱਚ ਸੁੱਤਾ ਪਿਆ ਹੈ ਜਿਸ ਦਾ ਫਲ ਇਹ ਹੁੰਦਾ ਹੈ ਜੋ ਮੁਸਲਮਾਨ ਲੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਉਪਦੇਸ਼ਾਂ ਨੂੰ ਲੈ ਕੇ ਆਪਣੇ ਕੁਰਾਨ ਨਾਲ ਮਿਲਾ ਲੈਂਦੇ ਹਨ ਅਰ ਆਖਦੇ ਹਨ ਇਹ ਕੁਰਾਨ ਦਾ ਹੀ ਮੱਤ ਹੈ ਜਿਸ ਤੇ ਕਈ ਸਿੱਖਾਂ ਨੂੰ ਖਾਲਸਾ ਮੱਤ ਮੁਸਲਮਾਨ ਮੱਤ ਦਾ ਸਾਇਆ ਆਖਕੇ ਦੀਨ ਇਸਲਾਮ ਵਿਚ ਲਿਆ ਰਹੇ ਹਨ।

ਇਸੀ ਪ੍ਰਕਾਰ ਬਹੁਤ ਸਾਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਤੁਕਾਂ ਨੂੰ ਈਸਾਈ ਲੋਕ ਜਾਕੇ ਨੱਗਰਾਂ ਵਿੱਚ ਸੁਨਾਉਂਦੇ ਹਨ ਅਰ ਆਖਦੇ ਹਨ ਕਿ ਸਾਡੀ ਅੰਜੀਲ ਦਾ ਹੀ ਇਹ ਮੱਤ ਹੈ ਅਰ ਗ੍ਰੰਥ ਸਾਹਿਬ ਦਾ ਮੱਤ ਅੰਜੀਲ ਦਾ ਹੀ ਹੈ।

ਇਸੇ ਤਰ੍ਹਾਂ ਹਿੰਦੂ ਭਾਈ ਤਾਂ ਪੁਕਾਰ-ਪੁਕਾਰ ਕੇ ਆਖਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵੇਦਾਂ ਦਾ ਹੀ ਤਰਜਮਾ ਹੈ ਅਰ ਇਸ ਵਿੱਚ ਜੋ ਗਿਆਨ ਹੈ ਸੋ ਵੇਦਾਂ ਵਿੱਚੋਂ ਹੀ ਨਿਕਲਿਆ ਹੈ।

ਇਸੇ ਪ੍ਰਕਾਰ ਇਕ ਰਾਧਾਸਵਾਮੀ ਨਾਮੇਂ ਮੱਤ ਨਵਾਂ ਨਿਕਲਿਆ ਹੈ ਸੋ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਨੂੰ ਆਪਣੇ ਮੱਤ ਅਨੁਸਾਰ ਹੀ ਪ੍ਰਗਟ ਕਰਕੇ ਕਈ ਸਿੱਖਾਂ ਨੂੰ ਚਾਟੜੇ ਬਨਾਇ ਰਿਹਾ ਹੈ, ਇਸੇ ਪ੍ਰਕਾਰ ਆਰੀਆ ਸਮਾਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਨੂੰ ਆਪਣੇ ਹੀ ਮਨ ਘੜਤ 'ਵੇਦ ਭਾਸ਼ਾ' ਨਾਲ ਮਿਲਾ ਰਹੇ ਹਨ, ਇਸੇ ਤਰ੍ਹਾਂ ਬ੍ਰਹਮ ਭਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸਾਂ ਨੂੰ ਆਪਣੇ ਬ੍ਰਹਮ ਧਰਮ ਦਾ ਰੂਪ ਹੀ ਆਖਦੇ ਹਨ, ਜਿਸ ਤੇ ਸਾਬਤ ਹੁੰਦਾ ਹੈ ਕਿ ਹਰ ਇਕ ਫਿਰਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੱਤ ਦਾ ਆਸਰਾ ਲੈ ਕੇ ਉਸ ਮੱਤ ਨੂੰ ਆਪਣੇ ਮੱਤ ਦੀ ਸਾਖ ਸਮਝਣ ਲੱਗ ਗਿਆ ਹੈ, ਜਿਸ ਦਾ ਅੱਜ ਤਕ ਖਾਲਸਾ ਜੀ ਨੂੰ ਕੋਈ ਭੀ ਪਤਾ ਨਹੀਂ ਹੈ ।

ਇਸ ਤੇ ਬਿਨ੍ਹਾਂ ਆਪਣੀਆਂ ਕੁਰੀਤੀਆਂ ਦੇ ਕੱਟੇ ਹਰ ਇਕ ਮੱਤ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਕਰ ਰਿਹਾ ਹੈ ਜੈਸਾ ਕਿ ਮੁਸਲਮਾਨ ਆਪਣੇ ਮਨ ਘੜਤ ਸ਼ਬਦ ਬਨਾਕੇ ਜੈਸਾ ਕਿ "ਬਾਝੁ ਮੁਹੰਮਦ ਭਗਤ ਅਜਾਈ" ਲਿਖਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੱਸਦੇ ਹਨ, ਇਸੇ ਤਰ੍ਹਾਂ ਈਸਾਈ "ਸ੍ਰੀ ਅਸਕੇਤ ਜਗਤਕੇ ਈਸਾ" ਰੂਪੀ ਕੱਟੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਦੇ ਅਨਰਥ ਕਰਕੇ ਜ਼ਿੰਮੇਂ ਲਾਉਂਦੇ ਹਨ, ਫਿਰ ਹਿੰਦੂ ਲੋਗ "ਹਿੰਦੂ ਸਾਲਾਹੀ ਸਾਲਾਹ" ਦੀ ਤੁਕ ਪੜ੍ਹਕੇ ਬਿਨ੍ਹਾਂ ਵਿਚਾਰ ਗੁਰੂ ਮਹਾਰਾਜ ਨੇ ਹਿੰਦੂਆਂ ਨੂੰ ਸਲਾਹਿਆ ਹੈ ਆਖਕੇ ਹਿੰਦੂ ਮੰਨਦੇ ਹਨ, ਫਿਰ ਬ੍ਰਹਮ ਭਗਤਾਂ ਦੀ ਬਾਣੀ ਪੇਸ਼ ਕਰਕੇ ਹਰ ਇਕ ਜਗ੍ਹਾ ਤੇ ਸਚਾਈ ਚੁਰਾਨੇ ਦਾ ਕੱਟਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੱਥੇ ਮੜ੍ਹਦੇ ਹਨ, ਜਿਸ ਤੇ ਸਾਫ ਪਾਇਆ ਜਾਂਦਾ ਹੈ ਐਸੀਆਂ ਚਲਾਕੀਆਂ ਜੋ ਹਰ ਇਕ ਫਿਰਕੇ ਦੇ ਲੋਕ ਕਰ ਰਹੇ ਹਨ ਸੋ ਕੇਵਲ ਖਾਲਸਾ ਜੀ ਦੀ ਸੁਸਤੀ ਦਾ ਹੀ ਨਤੀਜਾ ਹੈ ਜਿਸ ਤੇ ਹਜ਼ਾਰਾਂ ਸਿੱਖ ਇਨ੍ਹਾਂ ਦੇ ਜਾਲ ਵਿੱਚ ਫਸਕੇ ਧਰਮੋਂ ਅਧਰਮ ਹੋ ਰਹੇ ਹਨ, ਇਸ ਪਰ ਸਾਨੂੰ ਕਹਿਣਾ ਪੈਂਦਾ ਹੈ ਕਿ ਇਹ ਉਹ ਬਾਤ ਹੈ ਜੋ ਲੋਕ ਆਖਦੇ ਹਨ ਕਿ "ਜਾਗਦਿਆਂ ਦੀਆਂ ਕੱਟੀਆਂ ਅਤੇ ਸੁੱਤਿਆਂ ਦੇ ਕੱਟੇ"।

ਇਸ ਵਾਸਤੇ ਅਸੀਂ ਪੰਥ ਦੇ ਹਿਤੈਸ਼ੀਆਂ ਅੱਗੇ ਬੇਨਤੀ ਕਰਦੇ ਹਾਂ ਕਿ ਐ ਸੱਜਣ ਜਨੋਂ ਹੁਣੇ ਤੁਸੀਂ ਜਾਗੋ ਅਰ ਆਪਣੇ ਧਰਮ ਪੁਸਤਕ ਦੀ ਸਾਰ ਲੇਵੋ ਜਿਸ ਤੇ ਇਸ ਦੇ ਤੱਤ ਗਯਾਨ ਨੂੰ ਵਿਚਾਰੋ ਅਰ ਅਨਮਤਾਂ ਦੇ ਹਮਲਿਆਂ ਤੋਂ ਇਸ ਨੂੰ ਬਚਾਓ। ਆਸ਼ਾ ਹੈ ਜੋ ਆਪ ਜ਼ਰੂਰ ਖਯਾਲ ਕਰੋਗੇ।

੪੯. ਜਿਥੇ ਧਰਮ ਓਥੇ ਸੱਭੋ ਕੁਛ(ਖ.ਅ.ਲ. ੧੪ ਜੂਨ,੧੯੦੧)

ਸੰਸਾਰ ਦੇ ਸਾਰੇ ਪਦਾਰਥਾਂ ਵਿਚੋਂ ਸਭ ਤੇ ਸੁਖਦਾਈ ਅਤੇ ਆਤਮਾ ਦਾ ਸਹਾਇਕ ਕੇਵਲ ਇਕ ਧਰਮ ਹੀ ਹੈ । ਜਿਸ ਕੌਮ ਯਾ ਦੇਸ਼ ਦੇ ਪੁਰਖਾਂ ਨੇ ਧਰਮ ਨੂੰ ਤਿਆਗ ਦਿੱਤਾ ਹੈ ਉਨ੍ਹਾਂ ਨੇ ਕੇਵਲ ਅਪਨੇ ਇਸ ਲੋਕ ਦੇ ਸੁਖਾਂ ਦਾ ਹੀ ਨਾਸ਼ ਨਹੀਂ ਕੀਤਾ ਕਿੰਤੂ ਉਨ੍ਹਾਂ ਨੇ ਪਰਲੋਕ ਦੇ ਸੁਖਾਂ ਦੀ ਭੀ ਅਪਨੇ ਆਤਮਾਂ ਸਮੇਤ ਹਾਨੀ ਕਰ ਲਈ ਹੈ । ਰਾਜਾ ਯੁਧਿਸ਼ਟਰ ਨੇ ਜਿਸ ਨੂੰ ਧਰਮਤਾਤ ਸੱਦਦੇ ਸਨ ਏਹੋ ਆਖਯਾ ਸੀ ਕਿ ਜਿਸ ਪੁਰਖ ਨੇ ਧਰਮ ਦਾ ਤਿਆਗ ਕਰ ਦਿੱਤਾ ਉਸ ਨੇ ਸਭ ਸੁਖ ਸੰਪਦਾ ਦਾ ਘਾਤ ਕਰ ਦਿੱਤਾ ਹੈ ਅਰ ਜਿਸ ਨੇ ਧਰਮ ਨੂੰ ਰਖਿਆ ਹੈ ਉਸ ਨੇ ਸੰਪੂਰਨ ਸੰਪਦਾ ਦੀ ਰੱਖਯਾ ਕੀਤੀ ਹੈ, ਇਸ ਵਾਸਤੇ ਮੈਂ ਧਰਮ ਦਾ ਤਿਆਗ ਨਹੀਂ ਕਰਾਂਗਾ। ਇਸ ਲੋਕ ਵਿਚ ਭੀ ਧਰਮੀ ਪੁਰਖਾਂ ਨੂੰ ਪੁੰਨੀ ਅਤੇ ਅਧਰਮੀਂ ਨੂੰ ਪਾਪੀ ਸਮਝਦੇ ਹਨ ਜਿਸ ਤੇ ਪੁੰਨੀ ਸਵਰਗੀ ਅਤੇ ਪਾਪੀ ਨਰਕੀ ਹੁੰਦਾ ਹੈ। ਇਸ ਤੇ ਭੀ ਸਾਫ ਸਾਬਤ ਹੈ ਕਿ ਜਿਸ ਕੌਮ ਦੇ ਆਦਮੀਆਂ ਵਿਚ ਯਾ ਜਿਸ ਕੌਮ ਵਿਚ ਧਰਮ ਨਹੀਂ ਹੈ ਉਹ ਪਾਪੀ ਕੌਮ ਨਰਕ ਦੀ ਅਧਕਾਰੀ ਹੁੰਦੀ ਹੈ ਅਰ ਜਿਸ ਵਿਚ ਧਰਮ ਦਾ ਭਾਵ ਹੈ ਉਹ ਸਦਾ ਹੀ ਸੁਭਾਗ ਸਮਝੀ ਜਾਂਦੀ ਹੈ ਅਰ ਸਾਰੀਆਂ ਸੁਖ ਸੰਪਦਾ ਉਸ ਕੌਮ ਦੇ ਅੱਗੇ ਦਾਸੀਆਂ ਹੋ ਕੇ ਖੜੀਆਂ ਰਹਿੰਦੀਆਂ ਹਨ। ਇਸ ਪਰ ਇਕ ਕਹਾਣੀ ਹੈ ਜੋ ਸਾਨੂੰ ਦੱਸਦੀ ਹੈ ਕਿ ਧਰਮ ਕੈਸਾ ਉੱਤਮ ਪਦਾਰਥ ਹੈ।

ਆਖਦੇ ਹਨ ਕਿ ਇਕ ਧਨੀ ਪੁਰਖ ਨੇ ਨਗਰ ਵਸਾਇਆ ਸਾ ਅਰ ਉਸ ਨੇ ਇਹ ਧਰਮ ਕਰ ਲੀਤਾ ਸੀ ਕਿ ਮੈਂ ਕਿਸੇ ਬਿਉਪਾਰੀ ਨੂੰ ਨਰਾਸ ਨਹੀਂ ਜਾਣ ਦਿਆਂਗਾ, ਅਰਥਾਤ ਜੋ ਉਸ ਦਾ ਮਾਲ ਮੇਰੇ ਨਗਰ ਦਾ ਕੋਈ ਆਦਮੀ ਭੀ ਨਹੀਂ ਖਰੀਦੇਗਾ ਉਸ ਨੂੰ ਮੈਂ ਖਰੀਦਾਂਗਾ। ਆਖਦੇ ਹਨ ਕਿ ਇਕ ਦਿਨ ਕਿਸੇ ਆਦਮੀ ਨੇ ਇਕ ਮੂਰਤੀ ਬਨਾਈ ਜਿਸ

ਦਾ ਨਾਉਂ 'ਦਾਰਿਦ੍ਰ' ਰੱਖਯਾ ਅਰ ਉਸ ਨਗਰ ਵਿੱਚ ਵੇਚਨੇ ਲਈ ਗਿਆ। ਜਦ ਜਾਕੇ ਇਹ ਹੋਕਾ ਦੇਵੇ ਕਿ "ਲੈ ਲੇਵੋ ਦਾਰਿੱਦ੍ਰ" ਤਦ ਇਸ ਨਾਮ ਤੇ ਸਾਰੇ ਘ੍ਰਿਣਾਂ ਕਰਨ ਅਰ ਆਖਨਿ ਕਿ ਅਸਾਂ ਨੇ ਦਾਰਿੱਦ੍ਰ ਘਰ ਵਿਚ ਰੱਖਕੇ ਕੰਗਾਲ ਹੋਣਾ ਹੈ, ਜਿਸ ਤੇ ਉਹ ਮੂਰਤੀ ਕਿਸੇ ਨੇ ਭੀ ਨਾ ਖਰੀਦੀ। ਜਦ ਉਹ ਆਦਮੀ ਨਰਾਸ ਹੋਕੇ ਮੁੜ ਚਲਿਆ ਤਦ ਉਸ ਸ਼ਾਹੂਕਾਰ ਨੇ ਦੇਖਯਾ ਅਰ ਪੁਛਿਆ ਕਿ ਭਾਈ ਤੇਰੀ ਇਹ ਮੂਰਤੀ ਕਿਸੇ ਕਿਉਂ ਨਾ ਖਰੀਦੀ ਉਸ ਨੇ ਉੱਤਰ ਦਿੱਤਾ ਕਿ ਮਹਾਰਾਜ ਇਹ ਦਾਰਿੱਦ੍ਰ ਹੈ ਇਸ ਤੇ ਸਾਰੇ ਪਰੇ ਨੱਸਦੇ ਹਨ। ਇਸ ਬਾਤ ਨੂੰ ਸੁਨਕੇ ਸ਼ਾਹੂਕਾਰ ਨੇ ਆਖਿਆ ਕਿ ਭਾਈ ਇਸ ਨੂੰ ਮੈਂ ਖਰੀਦਦਾ ਹਾਂ, ਜਿਸ ਪਰ ਉਸ ਨੇ ਮੂਰਤੀ ਨੂੰ ਖਰੀਦ ਕੇ ਘਰ ਪਹੁੰਚਾ ਦਿੱਤਾ ਅਰ ਆਪਣਾ ਧਰਮ ਪਾਲਣ ਕੀਤਾ।

ਆਖਦੇ ਹਨ ਕਿ ਜਦ ਰਾਤ ਪਈ ਤਦ ਪਹਿਲੇ ਪਹਿਰ ਸ਼ਾਹੂਕਾਰ ਦੇ ਪਾਸ 'ਭਾਗ' ਆਇਆ ਜਿਸ ਨੇ ਕਿਹਾ ਕਿ ਮਹਾਰਾਜ ਸਾਨੂੰ ਹੁਣ ਵਿਦਾ ਕਰੋ ਜਿਸ ਪਰ ਉਸ ਨੇ ਪੁਛਿਆ ਕਿ ਭਾਈ ਤੁਸੀਂ ਕੌਣ ਹੋ ਜਿਸ ਦਾ ਉੱਤਰ ਉਨ੍ਹਾਂ ਇਹ ਦਿੱਤਾ ਕਿ ਅਸੀਂ 'ਭਾਗ' ਹਾਂ ਅਰ ਆਪ ਨੇ ਘਰ ਵਿਚ ਦਾਰਿੱਦ੍ਰ ਲੈ ਆਂਦਾ ਹੈ ਫਿਰ ਜਿਥੇ ਦਾਰਿੱਦ੍ਰ ਹੈ ਓਥੇ 'ਭਾਗ' ਦਾ ਕਿਆ ਕੰਮ ਹੈ, ਇਸ ਵਾਸਤੇ ਹੁਣ ਅਸੀਂ ਆਪ ਪਾਸੋਂ ਵਿਦਾ ਹੁੰਦੇ ਹਾਂ, ਇਸ ਬਾਤ ਦਾ ਉੱਤਰ ਸਾਹੂਕਾਰ ਨੇ ਇਹੋ ਦਿੱਤਾ ਕਿ ਭਾਈ ਮੈਂ ਵੱਡੇ ਅਨੰਦ ਨਾਲ ਤੁਹਾਨੂੰ ਵਿਦਾ ਦੇਂਦਾ ਹਾਂ।।

ਜਦ ਦੂਜਾ ਪਹਿਰ ਆਇਆ ਤਦ 'ਲਛਮੀ' ਅਰ ਓਸ ਨੇ ਭੀ ਆਕੇ ਓਸੇ ਤਰ੍ਹਾਂ ਵਿਦਾ ਮੰਗੀ, ਉਸ ਨੂੰ ਭੀ ਸਾਹੂਕਾਰ ਨੇ ਜਾਨ ਦਾ ਕਾਰਨ ਪੁਛਿਆ ਜਿਸ ਦਾ ਉੱਤਰ ਉਸ ਨੇ ਏਹੋ ਦਿੱਤਾ ਕਿ ਜਿਸ ਜਗ੍ਹਾਂ ਦਾਰਿੱਦ੍ਰ ਹੈ ਉਸ ਜਗ੍ਹਾ ਲਛਮੀ ਦਾ ਰਹਨਾ ਅਸੰਭਵ ਹੈ ਦੂਸਰਾ ਜਦ 'ਭਾਗ' ਭੀ ਨਾ ਰਹੇ ਫਿਰ ਅਭਾਗ ਪਾਸ ਮੈਂ ਕਿਸ ਤਰ੍ਹਾਂ ਰਹ ਸਕਦੀ ਹਾਂ, ਜਿਸ ਨੂੰ ਸਾਹੂਕਾਰ ਨੇ ਏਹੋ ਕਿਹਾ ਕਿ ਮੈਂ ਤੈਨੂੰ ਵੱਡੇ ਅਨੰਦ ਨਾਲ ਵਿਦਾ ਦੇਂਦਾ ਹਾਂ।

ਫਿਰ ਜਦ ਤੀਜਾ ਪਹਿਰ ਆਇਆ ਤਦ 'ਯਸ਼' ਅਰਥਾਤ 'ਕੀਰਤੀ' ਆਈ ਅਰ ਆਕੇ ਓਸੇ ਤਰ੍ਹਾਂ ਵਿਦਾ ਮੰਗੀ, ਸਾਹੂਕਾਰ ਨੇ ਉਸ ਨੂੰ ਪੁੱਛਿਆ ਕਿ ਤੈਨੂੰ ਕਿਆ ਦੁਖ ਹੈ ਜਿਸ ਦਾ ਉੱਤਰ ਉਸ ਨੇ ਇਹ ਦਿੱਤਾ ਕਿ ਮਹਾਰਾਜ ਆਪ ਨੇ ਘਰ ਵਿਚ 'ਦਾਰਿੱਦ੍ਰ' ਲੈ

ਆਂਦਾ ਹੈ ਜਿਸ ਤੇ ਆਪ ਪਾਸੋਂ ਭਾਗ ਅਤੇ ਲਛਮੀ ਭੀ ਚਲੇ ਗਏ ਹਨ, ਸੋ ਦਾਰਿੱਦ੍ਰੀ, ਭਾਗਹੀਨ ਅਤੇ ਨਿਰਧਨ ਦੇ ਪਾਸ ਯਸ਼ ਕਦੇ ਰਹ ਸਕਦਾ ਹੈ ਇਸ ਵਾਸਤੇ ਮੈਂ ਭੀ ਚਲਯਾ ਹਾਂ, ਸਾਹੂਕਾਰ ਨੇ ਉਸ ਨੂੰ ਕਿਹਾ ਕਿ ਮੈਂ ਵੱਡੀ ਖੁਸ਼ੀ ਨਾਲ ਤੈਨੂੰ ਜਾਣ ਦੀ ਆਗਿਆ ਦੇਂਦਾ ਹਾਂ।

ਜਦ ਇਹ ਤਿੰਨੇ ਚਲੇ ਗਏ ਤਾਂ ਚੌਥੇ ਪਹਿਰ ਧਰਮ ਆਇਆ ਅਰ ਓਸੇ ਤਰ੍ਹਾਂ ਵਿਦਾ ਮੰਗੀ ਜਿਸ ਪਰ ਸ਼ਾਹੂਕਾਰ ਨੇ ਉਸ ਤੇ ਜਾਣ ਦਾ ਕਾਰਨ ਪੁੱਛਿਆ ਜਿਸ ਦਾ ਉੱਤਰ ਉਸ ਨੇ ਇਹ ਦਿੱਤਾ ਕਿ ਆਪ ਨੇ ਦਾਰਿੱਦ੍ਰ ਰੱਖ ਲੀਤਾ ਹੈ ਜਿਸ ਤੇ ਭਾਗ, ਲਛਮੀ ਅਤੇ ਯਸ਼ ਆਪ ਨੂੰ ਤਿਆਗ ਗਏ ਹਨ ਇਸ ਵਾਸਤੇ ਅਭਾਗ ਨਿਰਧਨ, ਅਪਜਸ਼ੀ ਅਤੇ ਦਾਰਿੱਦੀ ਪੁਰਖ ਪਾਸ ਧਰਮ ਕਦ ਰਹ ਸਕਦਾ ਹੈ ਜਿਸ ਤੋਂ ਮੈਂ ਭੀ ਜਾਣਾ ਚਾਹੁੰਦਾ ਹਾਂ। ਜਦ ਸਾਹੂਕਾਰ ਨੇ ਇਹ ਬਾਤ ਸੁਨੀ ਤਦ ਹੱਸਕੇ ਉੱਤਰ ਦਿੱਤਾ ਕਿ ਹੇ ਧਰਮ ਮੈਂ ਤਾਂ ਤੈਨੂੰ ਰੱਖਯਾ ਹੈ ਜਿਸ ਤੇ ਹੋਰ ਕਿਸੇ ਦੀ ਪਰਵਾਹ ਨਹੀਂ ਕੀਤੀ ਕਿਉਂਕਿ ਮੇਰਾ ਧਰਮ ਸੀ ਕਿ ਜੋ ਚੀਜ਼ ਕੋਈ ਨਾ ਖਰੀਦੇ ਉਸ ਨੂੰ ਮੈਂ ਖਰੀਦਾਂਗਾ ਸੋ ਇਹ ਦਾਰਿੱਦ੍ਰ ਕਿਸੇ ਨੇ ਨਾ ਖਰੀਦਿਆ ਜਿਸ ਤੇ ਮੈਂ ਅਪਨੇ ਧਰਮ ਨੂੰ ਨਿਭਾਇਆ ਸੋ ਜਦ ਮੈਂ ਸਭ ਸੰਸਾਰ ਦੇ ਪਦਾਰਥਾਂ ਦਾ ਤਿਆਗ ਕਰਕੇ ਤੈਨੂੰ ਇਹ ਭਾਉਂਦਾ ਹੈ ਜੋ ਮੈਨੂੰ ਛੱਡ ਜਾਏ।

ਇਸ ਬਾਤ ਨੂੰ ਸੁਨਕੇ ਧਰਮ ਵੱਡਾ ਹੀ ਪ੍ਰਸੰਨ ਹੋਇਆ ਅਰ ਸ਼ਾਹੂਕਾਰ ਦਾ ਧੰਨਵਾਦ ਕਰਕੇ ਘਰ ਨੂੰ ਹੀ ਮੁੜਿਆ, ਪ੍ਰੰਤੂ ਉਹ ਤਿੰਨ ਅੱਗੇ ਖੜੇ ਧਰਮ ਨੂੰ ਉਡੀਕ ਰਹੇ ਸਨ ਪਰ ਜਦ ਉਹ ਨਾ ਆਇਆ ਉਨ੍ਹਾਂ ਨੇ ਦਰਯਾਫਤ ਕੀਤੀ ਕਿ ਉਸ ਨੇ ਸ਼ਾਹੂਕਾਰ ਦੇ ਪਾਲਨ ਕਰਨ ਪਰ ਓਥੇ ਹੀ ਰਹਨਾਂ ਮਨਜ਼ੂਰ ਕੀਤਾ ਹੈ, ਤਦ ਫਿਰ ਉਨ੍ਹਾਂ ਨੇ ਭੀ ਸੋਚਿਆ ਕਿ ਧਰਮ ਤੇ ਬਿਨ੍ਹਾਂ ਅਸੀਂ ਤਿੰਨੇ ਕਿਸੇ ਕੰਮ ਦੇ ਨਹੀਂ, ਜਿਸ ਤੇ ਪਹਿਲੇ ਓਸੇ ਤਰ੍ਹਾਂ ਭਾਗ ਆਏ ਸ਼ਾਹੂਕਾਰ ਤੇ ਘਰ ਜਾਣਦੀ ਆਗਯਾ ਮੰਗੀ ਜਿਸ ਪਰ ਉਸ ਨੇ ਕਿਹਾ ਕਿ ਤੁਸੀਂ ਤਾਂ ਮੈਨੂੰ ਦਾਰਿੱਦ੍ਰੀ ਜਾਨਕੇ ਛੱਡ ਗਏ ਸੋ ਫਿਰ ਹੁਣ ਕਿਉਂ ਆਏ ਹੋ ਜਿਸ ਦਾ ਉਤਰ ਉਨ੍ਹਾਂ ਨੇ ਇਹ ਦਿੱਤਾ ਕਿ ਮਹਾਰਾਜ ਜਿੱਥੇ ਧਰਮ ਓਥੇ ਹੀ ਅਸੀਂ ਰਹੇਂਗੇ, ਫਿਰ ਲਛਮੀ ਆਈ ਅਰ ਘਰ ਜਾਣ ਦੀ ਆਗਿਆ ਮੰਗੀ ਜਿਸ ਪਰ ਉਸ ਨੂੰ ਭੀ ਸ਼ਾਹੂਕਾਰ ਨੇ ਪੁੱਛਿਆ ਕਿ ਤੂੰ ਕਿਉਂ ਮੁੜੀ ਹੈ ਉਸ ਨੇ ਭੀ ਇਹੋ ਕਿਹਾ ਕਿ ਮਹਾਰਾਜ ਜਿਥੇ ਧਰਮ ਉਥੇ ਮੈਂ ਰਹਾਂਗੀ, ਜਿਸ ਤੇ

ਮਗਰੋਂ ਯਸ਼ ਆਇਆ ਉਸ ਨੇ ਤਾਂ ਏਹੋ ਕਿਹਾ ਕਿ ਜਿਸ ਜਗ੍ਹਾ ਧਰਮ ਨਿਵਾਸ ਕਰਦਾ ਹੈ ਉਥੇ ਹੀ ਮੈਂ ਰਹਿੰਦਾ ਹਾਂ ਇਹ ਵਾਸਤੇ ਮੈਨੂੰ ਆਖਯਾ ਦੇਵੋ ਜੋ ਘਰ ਜਾਵਾਂ, ਗੱਲ ਕਾਹਦੀ ਜੋ ਦਿਨ ਚੜ੍ਹਦੇ ਤਕ ਸਾਰੇ ਹੀ ਮੁੜਕੇ ਘਰ ਆ ਬਿਰਾਜੇ।

ਇਸ ਕਹਾਣੀ ਤੇ ਇਹ ਨਤੀਜਾ ਨਿਕਲਦਾ ਹੈ ਕਿ ਧਰਮ ਦੇ ਸਮਾਨ ਜਗਤ ਵਿਚ ਹੋਰ ਕੋਈ ਭੀ ਵਸਤੂ ਨਹੀਂ ਹੈ ਅਰ ਜਿਸ ਪਾਸ ਧਰਮ ਹੈ ਉਸ ਪਾਸ ਨੌ ਨਿਧਾਂ ਅਤੇ ਅਠਾਰਾਂ ਸਿਧਾਂ ਹਨ, ਅਰ ਜਿਸ ਵਿਚ ਧਰਮ ਨਹੀਂ ਹੈ ਉਸ ਪਾਸ ਕੁਝ ਭੀ ਨਹੀਂ ਹੈ। ਜਦ ਅਸੀਂ ਕਹਾਣੀ ਦੇ ਭਾਵ ਨੂੰ ਕੌਮਾਂ ਵੱਲ ਲਗਾਉਂਦੇ ਹਾਂ ਤਦ ਇਸ ਦਾ ਫਲ ਪ੍ਰਤੱਖ ਦੇਖਦੇ ਹਾਂ। ਪਹਿਲੇ ਈਸਾਈ ਕੌਮ ਜੋ ਧਰਮ ਪਰ ਪੱਕੀ ਹੈ ਇਸ ਨੇ ਇਸ ਧਰਮ ਦੇ ਹੀ ਪ੍ਰਤਾਪ ਨਾਲ ਇਤਨਾ ਆਰਜ਼ੂ ਪਾਇਆ ਹੈ, ਇਸੇ ਤਰ੍ਹਾਂ ਮੁਸਲਮਾਨ ਕੌਮ ਨੇ ਭੀ ਆਪਨੇ ਧਰਮ ਨੂੰ ਅੱਛੀ ਤਰ੍ਹਾਂ ਨਾਲ ਦ੍ਰਿੜ੍ਹ ਰੱਖਯਾ ਹੈ ਜਿਸ ਤੇ ਇਸ ਨੇ ਭੀ ਅਪਨੀ ਵਡਾਈ ਕੁਝ ਘੱਟ ਹਾਸਲ ਨਹੀਂ ਕੀਤੀ, ਇਸੇ ਤਰ੍ਹਾਂ ਜਿਤਨਾ ਚਿਰ ਖਾਲਸਾ ਕੌਮ ਅਪਨੇ ਧਰਮ ਵਿਚ ਪੱਕੀ ਰਹੀ ਉਤਨਾ ਚਿਰ ਇਸ ਦਾ ਸਤਾਰਾ ਬੁਲੰਦ ਰਿਹਾ, ਅਰ ਇਸ ਨੇ ਦੀਨੀ ਅਰ ਦੁਨਿਆਵੀ ਕੰਮ ਨੂੰ ਸਭ ਤੇ ਵਧ ਵਧਾਕੇ ਕੀਤਾ। ਪਰੰਤੂ ਜਦ ਤੇ ਇਸ ਕੌਮ ਨੇ ਧਰਮ ਦਾ ਪੱਲਾ ਛੱਡ ਦਿੱਤਾ ਤਦ ਤੇ ਹੀ ਇਸ ਦੇ "ਸੰਸਾਰਕ ਅਤੇ ਪਰਮਾਰਥਕ" ਸੁੱਖਾਂ ਦਾ ਨਾਸ਼ ਹੋ ਗਿਆ ਜਿਸ ਤੇ ਇਹ ਕੌਮ ਧਰਮ ਤੇ ਪਤਤ ਹੋਨੇ ਦੇ ਕਾਰਨ ਦਿਨੋ ਦਿਨ ਅਧੋਗਤੀ ਨੂੰ ਜਾ ਰਹੀ ਹੈ ਅਰ ਆਸ਼ਾ ਪੈਂਦੀ ਹੈ ਕਿ ਜੇ ਇਸ ਨੇ ਅਪਨੇ ਤਾਈ ਨਾ ਸੰਭਾਲਯਾ ਅਤੇ ਧਰਮ ਤੇ ਇਸੀ ਤਰ੍ਹਾਂ ਗਿਰੀ ਰਹੀ ਤਦ ਜੋ ਰਹੀ ਸਹੀ ਭੀ ਗਿੱਲ ਸੁੱਕ ਜਾਏਗੀ, ਇਸ ਵਾਸਤੇ ਐ ਖਾਲਸਾ ਪੰਥ ਦੇ ਪਿਆਰੇ ਸੱਜਨ ਜਨੋ ਆਪ ਯਾਦ ਕਰੋ ਉਪਰਲੀ ਕਹਾਣੀ ਦੇ ਤਾਤਪਰਜ ਨੂੰ ਅਰ ਧਾਰਨ ਕਰੋ ਧਰਮ ਨੂੰ ਜਿਸ ਤੇ ਤੁਸੀਂ ਸੰਸਾਰ ਪਰ ਹੋਰਨਾਂ ਕੌਮਾਂ ਦੇ ਸਮਾਨ ਸੁਭਾਗ ਹੋਕੇ ਰਹੋ। ਆਸ਼ਾ ਹੈ ਜੋ ਸਾਡੇ ਖਾਲਸਾ ਭਾਈ ਇਸ ਪਹਿਲੂ ਪਰ ਜ਼ਰੂਰ ਹੀ ਖਿਆਲ ਕਰਨਗੇ।

੫੦. ਕੋਹ ਨਾ ਚੱਲੀ ਬਾਬਾ ਤਿਹਾਈ (ਖ.ਅ.ਲ. ੨੯ ਜੂਨ,੧੯੦੧ ਈ:)

ਇਸ ਬਾਤ ਨੂੰ ਹਰ ਇਕ ਆਦਮੀ ਜਾਣਦਾ ਹੈ ਕਿ ਸੁਆਂਕ ਜੋ ਇਕ ਕਿਸਮ ਦਾ ਘਾਸ ਹੁੰਦਾ ਹੈ ਉਹ ਬਹੁਤ ਛੇਤੀ ਵਰਖਾ ਪੈਣ ਤੋਂ ਵੱਧ ਜਾਂਦਾ ਹੈ ਅਤੇ ਥੋੜ੍ਹੀ ਜਿਹੀ ਧੁੱਪ ਦੇ

ਲਗਣ ਤੇ ਸੜਕੇ ਸੁਆਹ ਹੋ ਜਾਂਦਾ ਹੈ, ਪਰੰਤੂ ਉਸ ਦੇ ਮੁਕਾਬਲੇ ਪਰ ਅੰਬ ਦਾ ਪੇਡ ਧੀਰੇ-ਧੀਰੇ ਵੱਧਦਾ ਹੈ ਅਤੇ ਸਦੀਆਂ ਤਾਈ ਆਪਣੇ ਮਿੱਠੇ ਫਲਾਂ ਨਾਲ ਲਾਭ ਪਹੁੰਚਾਉਂਦਾ ਹੈ। ਇਸੀ ਤਰ੍ਹਾਂ ਮੁਰਗੀ ਦਾ ਬੱਚਾ ਜੋ ਅੰਡੇ ਵਿਚੋਂ ਨਿਕਲਦਾ ਹੀ ਮਾਂ ਤੇ ਪਹਿਲੇ ਆਪਣੇ ਖਾਣੇ ਦਾ ਉੱਦਮ ਕਰ ਲੈਂਦਾ ਹੈ ਉਹ ਸਾਲ ਦੋ ਸਾਲ ਦੇ ਅੰਦਰ-ਅੰਦਰ ਹੀ ਇਸ ਦੁਨੀਆਂ ਤੋਂ ਕੂਚ ਕਰ ਜਾਂਦਾ ਹੈ ਕਿੰਤੂ ਆਦਮੀ ਦਾ ਬੱਚਾ ਜੋ ਵੱਡੀਆਂ-ਵੱਡੀਆਂ ਤਕਲੀਫਾਂ ਨਾਲ ਪਰਵਰਸ਼ ਪਾਉਂਦਾ ਹੈ ਉਹ ਸੌ ਸਾਲ ਤਕ ਯਾ ਕੁਝ ਘੱਟ-ਵੱਧ ਆਪਨੇ ਅੱਛੇ ਕੰਮਾਂ ਤੇ ਲੋਕਾਂ ਨੂੰ ਲਾਭ ਪਹੁੰਚਾ ਕੇ ਅਪਨੇ ਨਾਮ ਨੂੰ ਜ਼ਿੰਦਾ ਛੱਡ ਜਾਂਦਾ ਹੈ, ਇਸੀ ਤਰ੍ਹਾਂ ਵਿਚਾਰ ਕੇ ਦੇਖਨੇ ਤੇ ਕੌਮਾਂ ਦੀ ਹਾਲਤ ਨਜ਼ਰ ਆਉਂਦੀ ਹੈ। ਜਿਸ ਕੌਮ ਯਾ ਫਿਰਕੇ ਨੇ ਆਪਣੀ ਤਰੱਕੀ ਸੁਆਂਕ ਅਤੇ ਮੁਰਗੇ ਦੇ ਬੱਚੇ ਵਾਂਗ ਬਹੁਤ ਛੇਤੀ ਕਰ ਲੀਤੀ ਹੈ, ਉਹ ਦੁਨੀਆਂ ਪਰ ਥੋੜ੍ਹਾ ਹੀ ਚਿਰ ਰਹਿ ਕੇ ਨਾਸ਼ ਹੋ ਜਾਂਦੀ ਹੈ, ਪਰੰਤੂ ਜਿਸ ਕੌਮ ਨੇ ਕਈ ਸਦੀਆਂ ਤਾਈਂ ਠੋਕਰਾਂ ਖਾਕੇ ਆਪਣੇ ਆਪ ਨੂੰ ਵਧਾਇਆ ਹੈ ਉਹ ਹਜ਼ਾਰਾਂ ਅਤੇ ਲੱਖਾਂ ਸਦੀਆਂ ਤਕ ਦੁਨੀਆਂ ਪਰ ਕਾਇਮ ਰਹਿੰਦੀ ਹੈ।

ਇਸ ਬਾਤ ਨੂੰ ਹਰ ਇਕ ਆਦਮੀ ਜਾਣਦਾ ਹੈ ਕਿ ਕੌਮਾਂ ਹਮੇਸਾਂ ਸਿੱਧੇ-ਸਾਦੇ ਅਤੇ ਵਿਸ਼ਵਾਸ਼ੀ ਪੁਰਖਾਂ ਦੇ ਹੱਥੋਂ ਪੈਦਾ ਹੁੰਦੀਆਂ ਹਨ ਅਰ ਉਨ੍ਹਾਂ ਦੇ ਸੱਚੇ ਅਤੇ ਅੱਛੇ ਪੁਰਖਾਰਥ ਨਾਲ ਉਸ ਕੌਮ ਵਿੱਚ ਬੜੇ-ਬੜੇ ਧਨੀ, ਰਾਜਾ, ਮਹਾਰਾਜਾ, ਆਲਮ ਅਤੇ ਫਾਜ਼ਿਲ ਪੈਦਾ ਹੋ ਕੇ ਉਸ ਕੌਮ ਨੂੰ ਸ਼ੋਭਾ ਦੇ ਦਿੰਦੇ ਹਨ। ਈਸਾਈ ਕੌਮ ਦੇ ਬਨਾਉਣੇ ਵਾਲੇ ਹਜ਼ਰਤ ਮਸੀਹ ਕੋਈ ਧਨੀ ਅਤੇ ਆਲਮ ਨਹੀਂ ਸਨ ਅਰ ਉਨ੍ਹਾਂ ਦੇ ਸ਼ਾਗਿਰਦ ਮੱਛੀਆਂ ਫੜਨੇ ਵਾਲੇ ਮਛੂਏ ਅਤੇ ਟਿੱਡੀਆਂ ਖਾਣੇ ਵਾਲੇ ਗਰੀਬ ਆਦਮੀ ਸਨ। ਉਨ੍ਹਾਂ ਤੇ ਮਗਰੋਂ ਇਸ ਕੌਮ ਦੇ ਆਦਮੀਆਂ ਨੂੰ ਕਪੜਾ ਤਕ ਪਹਿਨਣ ਦੀ ਅਕਲ ਨਹੀਂ ਸੀ ਜਿਸ ਤੇ ਉਹ ਜਾਨਵਰਾਂ ਦੇ ਕੱਚੇ ਚਮੜੇ ਦੀ ਜਗ੍ਹਾ ਪਿੰਡੇ ਪਰ ਲਪੇਟਦੇ ਸੇ। ਮਿੱਟੀ ਦੇ ਪੋਚੇ ਦੇ ਕੇ ਆਪਣੇ ਅੰਗਾਂ ਨੂੰ ਢੱਕਦੇ ਸੇ, ਖਾਣੇ ਦੇ ਵਾਸਤੇ ਜੰਗਲੀ ਜਾਨਵਰਾਂ ਦੇ ਕੱਚੇ ਮਾਸ ਅਤੇ ਭੁੰਨੇ ਹੋਏ ਆਲੂ ਖਾਕੇ ਗੁਜ਼ਾਰਾ ਕਰਦੇ ਸੇ। ਪਰੰਤੂ ਉਨ੍ਹਾਂ ਸਿਦਕੀ ਅਤੇ ਵਿਸਵਾਸ਼ੀਆਂ ਦੀ ਲਗਾਤਾਰ ਮਿਹਨਤ ਅਤੇ ਤਾਕਤ ਨੇ ਐਥੋਂ ਤਕ ਆਪਣੀ ਸਮਰੱਥਾ ਦਿਖਾਈ ਜੋ ਦੁਨੀਆਂ ਦੀਆਂ ਸਾਰੀਆਂ ਕੌਮਾਂ ਵਿਚੋਂ ਸੁਭਾਗ ਸਮਝੀ ਜਾਂਦੀ ਹੈ।

ਕਿਆ ਉਨ੍ਹਾਂ ਮਛੂਆਂ ਅਤੇ ਟਿੱਡੀ ਖਾਨੇ ਵਾਲਿਆਂ ਆਦਮੀਆਂ ਤੇ ਕਿਸੇ ਨੂੰ ਏਹ ਖਯਾਲ ਪੈਂਦਾ ਸੀ ਕਿ ਕੋਈ ਉਹ ਦਿਨ ਆਏਗਾ ਕਿ ਜਦ ਇਨ੍ਹਾਂ ਦਾ ਜਲਾਲ ਸਾਰੀ ਦੁਨੀਆਂ ਪਰ ਹੋਵੇਗਾ ਅਰ ਰੇਲ, ਤਾਰ, ਪ੍ਰੈਸ, ਕਪੜੇ ਦੀਆਂ ਮਸ਼ੀਨਾਂ, ਫੋਟੋਗਰਾਫ ਆਦਿਕ ਵਿੱਦਯਾ ਨਾਲ ਸਾਰੇ ਭੂਗੋਲ ਨੂੰ ਲਾਭ ਪਹੁੰਚਾਨਗੇ ਅਰ ਮਸੀਹ ਧਾਰਮਕ ਝੰਡਾ ਦੁਨੀਆਂ ਦੇ ਬਹੁਤ ਸਾਰੇ ਹਿੱਸੇ ਪਰ ਝੁਲੇਗਾ।

ਇਸੀ ਤਰ੍ਹਾਂ ਮੁਸਲਮਾਨੀ ਦੀਨ ਨੇ ਜਦ ਆਪਨਾ ਜ਼ੋਹਰ ਦਿਖਾਇਆ ਤਦ ਇਕ ਮੁਹੰਮਦ ਸਾਹਿਬ ਉਸੀ ਦੇ ਹੱਥੋਂ ਕੁਛ ਦਾ ਕੁਛ ਕਰ ਦਿਖਾਇਆ, ਅਰਬ ਦੇ ਰੇਗਸਥਾਨ ਵਿੱਚ ਵਸਨੇ ਵਾਲੇ ਉਹ ਆਦਮੀ ਜਿਨ੍ਹਾਂ ਨੂੰ ਬੋਲਣ ਅਤੇ ਦੁਨਿਆਵੀ ਵਰਤਾਓ ਦੀ ਕੁਛ ਤਮੀਜ਼ ਨਹੀਂ ਸੀ ਹਜ਼ਰਤ ਮੁਹੰਮਦ ਸਾਹਿਬ ਦੇ ਉਹ ਖਯਾਲ ਜੋ ਖੁਦਾ ਦੇ ਵੱਲੋਂ ਪਵਿੱਤਰ ਸਮਝੇ ਜਾਂਦੇ ਹਨ ਉਸਮਾਨ ਖਲੀਫਾ ਉਨ੍ਹਾਂ ਨੂੰ ਪੱਥਰਾਂ ਉੱਤੇ ਲਿਖਦਾ ਰਹਿੰਦਾ ਸੀ ਜਿਸ ਤੇ ਹਜ਼ਾਰਾਂ ਆਦਮੀ ਦੋਹਾਂ ਪਾਸਿਆਂ ਦੇ ਦਿਨ ਵਿੱਚ ਕਤਲ ਹੁੰਦੇ ਸੇ। ਕਿਆ ਉਸ ਵਕਤ ਕੋਈ ਕਹਿ ਸਕਦਾ ਸੀ ਕਿ ਇਸ ਕੌਮ ਵਿਚ ਵੱਡੇ-ਵੱਡੇ ਸੁਲਤਾਨ ਪੈਦਾ ਹੋ ਕੇ ਭੂਗੋਲ ਦੇ ਬਹੁਤ ਹਿੱਸੇ ਪਰ ਹਕੂਮਤ ਕਰਨਗੇ ਅਰ ਇਨ੍ਹਾਂ ਵਿੱਚ ਵੱਡੇ-ਵੱਡੇ ਆਲਮ ਫਾਜ਼ਿਲ ਅਤੇ ਦੀਨਦਾਰ ਪੈਦਾ ਹੋ ਕੇ ਇਸ ਕੌਮ ਨੂੰ ਰੌਣਕ ਦੇਣਗੇ। ਪਰੰਤੂ ਇਹ ਸਾਰਾ ਫਲ ਉਨ੍ਹਾਂ ਸਿੱਧੇ -ਸਾਦੇ ਸਿਦਕੀਆਂ ਦੀ ਮਿਹਨਤਾਂ ਦਾ ਹੈ। ਇਹ ਬਾਤ ਆਮ ਪ੍ਰਸਿੱਧ ਹੈ ਕਿ ਮਿਸਰ ਇਕ ਦਿਨ ਵਿੱਚ ਨਹੀਂ ਉਸਰਿਆ। ਜਿਸ ਦਾ ਤਾਤਪਰਜ ਇਹ ਹੈ ਕਿ ਅਪਨੇ-ਅਪਨੇ ਵਕਤ ਪਰ ਉੱਨਤੀ ਕਰਨ ਵਾਲੇ ਆਦਮੀਆਂ ਦੇ ਕੰਮ ਆਪਣੇ-ਆਪਣੇ ਸਮੇਂ ਪਰ ਨਤੀਜੇ ਦਿਖਲਾਉਂਦੇ ਰਹਿੰਦੇ ਹਨ, ਜਿਸ ਤੇ ਸਾਡੇ ਸਾਮ੍ਹਣੇ ਇਨ੍ਹਾਂ ਦੋਹਾਂ ਕੌਮਾਂ ਵਿੱਚ ਵੱਡੇ-ਵੱਡੇ ਰਾਜੇ, ਮਹਾਰਾਜੇ, ਸਹਿਨਸ਼ਾਹ, ਧਨਾਢ ਅਤੇ ਆਲਿਮ, ਫਾਜ਼ਿਲ ਬ੍ਰਾਜਮਾਨ ਹੋ ਰਹੇ ਹਨ ਜੋ ਆਪੋ-ਆਪਣੀ ਜਗ੍ਹਾ ਆਪਣੀ ਦੀਨੀ ਅਤੇ ਦੁਨਿਆਵੀ ਉੱਨਤੀਂ ਵਿੱਚ ਲੱਗੇ ਹੋਏ ਹਨ।

ਹੁਣ ਜਦ ਅਸੀਂ ਖਾਲਸਾ ਕੌਮ ਦੇ ਆਦਿ ਕਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲ ਦੇਖਦੇ ਹਾਂ ਤਾਂ ਸਾਫ ਪਾਇਆ ਜਾਂਦਾ ਹੈ ਜੋ ਉਹ ਉਸ ਧਰਤੀ ਪਰ ਪੈਦਾ ਹੋਏ ਸਨ ਜਿੱਥੋਂ ਚਾਰੋਂ ਤਰਫ ਜੰਗਲ ਅਤੇ ਜੰਗਲੀ ਜਾਨਵਰਾਂ ਦਾ ਹੀ ਦਰਸ਼ਨ ਹੁੰਦਾ ਸੀ ਪਰੰਤੂ ਜਦ ਉਨ੍ਹਾਂ ਨੇ ਇਸ ਕੌਮ ਦੇ ਪੈਦਾ ਕਰਨੇ ਦੀ ਬੁਨਿਆਦ ਰੱਖੀ ਤਦ ਆਪਣੇ ਨਾਲ

ਇਕ ਗਰੀਬ ਜੱਟ ਜਿਸ ਦਾ ਨਾਉ ਬਾਲਾ ਸੀ ਅਤੇ ਦੂਸਰਾ ਮਰਦਾਨਾ ਰਬਾਬੀ ਕੀਤਾ ਸੀ। ਇਨ੍ਹਾਂ ਦੇ ਨਾਲ ਬੜੇ-ਬੜੇ ਪਹਾੜਾਂ, ਜੰਗਲਾਂ,ਸਮੁੰਦਰਾਂ ਅਤੇ ਦੁਰਗਮ ਟਾਪੂਆਂ ਵਿੱਚ ਭਰਮਣ ਕਰਕੇ ਆਪਣੇ ਪਵਿੱਤਰ ਉਪਦੇਸ਼ਾਂ ਨਾਲ ਖਾਲਸਾ ਧਰਮ ਅਤੇ ਕੌਮ ਦਾ ਬੀਜ ਬੀਜਿਆ, ਜਿਸ ਤੇ ਦਸਮੇਂ ਜਾਮੇਂ ਵਿੱਚ ਦਸਮ ਗੁਰੂ ਜੀ ਮਹਾਰਾਜ ਅਤੇ ਉਨ੍ਹਾਂ ਦੇ ਪਿੱਛੋਂ ਸਿਦਕੀ ਸਿੰਘਾਂ ਨੇ ਆਪਣੀਆਂ ਜਾਨਾਂ ਨੂੰ ਘਾਸ ਦੇ ਤਿਣਕਿਆਂ ਵਾਂਗੂੰ ਕੁਰਬਾਨ ਕਰਕੇ ਇਸ ਪੰਥ ਦੇ ਬੂੱਤ ਨੂੰ ਇਸ ਦੇਸ ਵਿੱਚ ਖੜ੍ਹਾ ਕੀਤਾ। ਕਿਆ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਵੇਲੇ ਕੋਈ ਇਹ ਕਹਿ ਸਕਦਾ ਸੀ ਕਿ ਇੱਕ ਖਾਲਸਾ ਕੌਮ ਐਸੀ ਬਣੇਗੀ ਜਿਸ ਵਿੱਚ ਰਾਜੇ, ਮਹਾਰਾਜੇ, ਹਠੀ, ਤਪੀ, ਜਤੀ, ਸਤੀ, ਗੁਣੀ, ਗਯਾਨੀ ਅਤੇ ਬਹਾਦਰ ਸਿੰਘ ਪੈਦਾ ਹੋ ਕੇ ਇਸ ਕੌਮ ਨੂੰ ਨੇਕ ਨਾਮ ਬਨਾਉਣਗੇ।

ਪਰ ਦੇਖਣੇ ਵਿੱਚ ਆਉਂਦਾ ਹੈ ਕਿ ਬਹੁਤ ਸਾਰੇ ਭਾਈ ਇਹ ਆਖਦੇ ਹਨ ਕਿ ਸਿੱਖਾਂ ਵਿੱਚ ਇਤਨੇ ਰਾਜੇ ਨਹੀਂ, ਧਨੀ ਨਹੀਂ, ਸੌਦਾਗਰ ਨਹੀਂ, ਵਿਚਾਰਵਾਨ ਨਹੀਂ, ਵਿੱਦਯਾਵਾਨ ਨਹੀਂ, ਦੂਰੰਦੇਸ਼ ਅਤੇ ਇਤਫਾਕ ਵਾਲੇ ਪੁਰਖ ਨਹੀਂ ਹਨ ਜਿਸ ਤੇ ਇਹ ਕੌਮ ਛੇਤੀ ਹੀ ਗਿਰ ਜਾਏਗੀ ਪਰੰਤੂ ਇਸ ਪਰ ਅਸੀਂ ਵੱਡੀ ਨਿਮ੍ਰਤਾ ਨਾਲ ਉਨ੍ਹਾਂ ਅੱਗੇ ਬੇਨਤੀ ਕਰਦੇ ਹਾਂ ਕਿ ਐ ਸੱਜਣ ਜਨੋਂ ਦੇਖੋ ਕਿ ਇਹ ਕੌਮ ਕਿਤਨੇ ਕੁ ਚਿਰ ਦਾ ਛੋਟਾ ਜਿਹਾ ਬੱਚਾ ਹੈ ਜੋ ਹੋਰ ਕੌਮਾਂ ਦੀ ਉਮਰਾਂ ਦੇ ਸਾਮ੍ਹਣੇ ਇਹ ਬਹੁਤ ਹੀ ਨਿੱਕਾ ਜਿਹਾ ਬਾਲ ਹੈ ਕਿੰਤੂ ਜਿਸ ਤਰ੍ਹਾਂ ਪੁਰਾਤਨ ਹਠੀ, ਤਪੀ, ਜਤੀ ਅਤੇ ਸਤੀ ਸਿੰਘਾਂ ਨੇ ਆਪਣੀਆਂ ਕੁਰਬਾਨੀਆਂ ਦਾ ਦੁੱਧ ਪਿਲਾਕੇ ਇਸ ਬੱਚੇ ਨੂੰ ਐਥੋਂ ਤਾਈਂ ਪਹੁੰਚਾਇਆ ਹੈ ਜਿਸ ਤੇ ਹੁਣ ਅੱਗੇ ਤੁਹਾਡਾ ਧਰਮ ਹੈ ਕਿ ਇਸ ਸਮੇਂ ਵਿੱਚ ਉਨ੍ਹਾਂ ਪੁਰਾਤਨੀ ਸਿੰਘਾਂ ਵਾਂਗੂੰ ਤੁਸੀਂ ਵੀ ਆਪਣੇ ਤਨ, ਮਨ ਅਤੇ ਧਨ ਦੀ ਇਸ ਪੰਥ ਵਾਸਤੇ ਕੁਰਬਾਨੀ ਕਰੋ ਜਿਸ ਤੇ ਆਸ਼ਾ ਪੈਂਦੀ ਹੈ ਕਿ ਸ੍ਰੀ ਗੁਰੂ ਜੀ ਤੁਹਾਡੀ ਮਿਹਨਤ ਨੂੰ ਸਫਲਾ ਕਰਨਗੇ। ਪਰੰਤੂ ਜੇ ਤੁਸੀਂ ਕਰਦੇ ਤਾਂ ਕੁਛ ਨਹੀਂ ਅਰ ਨਿਰੀਆਂ ਗੱਲਾਂ ਨਾਲ ਹੀ ਪੰਥ ਉੱਨਤੀ ਚਾਹੁਦੇ ਹੋ ਤਾਂ ਯਾਦ ਰੱਖੋ ਜੋ ਤੁਹਾਡਾ ਇਹ ਖਯਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਬਚਨ ਦੀ ਨਿਆਈ ਹੈ, ਯਥਾ:- "ਮੰਗੇ ਦਾਖ ਬਿਜੋਰੀਆਂ ਕੀਕਰ ਬੀਜੈ ਜੱਟ। ਹੰਢੈ ਉਨ ਕਤਾਇਦਾ ਪੈਧਾ ਲੋੜੇ ਪੱਟ"। ਅਰ ਇਸ ਹਾਲਤ ਵਿੱਚ ਪੰਥ ਦੀ ਉੱਨਤੀ ਪਰ ਸ਼ੋਕ ਕਰਨਾ ਇਸੇ ਤਰ੍ਹਾਂ ਹੈ ਜਿਸ ਤਰ੍ਹਾਂ "ਕੋਹ ਨਾ

ਚੱਲੀ ਬਾਬਾ ਤਿਹਾਈ" ਵਾਲੀ ਗੱਲ ਹੈ ।

੫੧. ਐ ਪੰਥ ਤੂੰ ਅਪਨੇ ਅਸੂਲਾਂ ਪਰ ਪੱਕਾ ਰਹੁ

(ਖ.ਅ.ਲ. ੧੨ ਜੁਲਾਈ, ੧੯੦੧ ਈ:)

ਅਸੀਂ ਇਸ ਬਾਤ ਨੂੰ ਅੱਛੀ ਤਰ੍ਹਾਂ ਜਾਨਦੇ ਹਾਂ ਕਿ ਜੋ ਵਸਤੂ ਅਪਨੀ ਅਸਲੀ ਹਾਲਤ ਪਰ ਕਾਇਮ ਰਹਿੰਦੀ ਹੈ ਤਦ ਉਹ ਸਭ ਦੇ ਸਾਮ੍ਹਨੇ ਇੱਜ਼ਤ ਦੀ ਨਿਗਾਹ ਨਾਲ ਦੇਖੀ ਜਾਂਦੀ ਹੈ ਕਿੰਤੂ ਜੋ ਵਸਤੂ ਅਪਨੀ ਅਸਲੀਅਤ ਨੂੰ ਛਡ ਬੈਠਦੀ ਹੈ ਤਦ ਉਹ ਹਰ ਇੱਕ ਦੇ ਮੂੰਹੋਂ ਧਿਕਾਰ ਅਤੇ ਨਫਰਤ ਦੇ ਜੋਗ ਹੋ ਜਾਂਦੀ ਹੈ, ਜਿਸ ਤੇ ਸਾਫ ਸਿੱਧ ਹੁੰਦਾ ਹੈ ਕਿ ਹਰ ਇੱਕ ਵਸਤੂ ਦਾ ਅਪਨੀ ਅਸਲੀ ਜਗ੍ਹਾ ਪਰ ਖੜੇ ਰਹਿਨਾ ਹੀ ਉਸ ਦੀ ਸ਼ੋਭਾ ਦੇ ਲਾਇਕ ਹੈ, ਜਿਸ ਦੇ ਦ੍ਰਿਸ਼ਟਾਂਤ ਸਾਡੇ ਸਾਮ੍ਹਣੇ ਪ੍ਰਤੱਖ ਹਨ।

ਕੇਸ ਜੋ ਪੁਰਖ ਦੀ ਸੁੰਦ੍ਰਤਾ ਦਾ ਇੱਕ ਨਮੂਨਾ ਹਨ ਅਰ ਜਿਨ੍ਹਾਂ ਦੀ ਸ਼ੋਭਾ ਕਵੀ ਲੋਗ ਅਪਨੇ ਕਾਬਯ ਗ੍ਰੰਥਾਂ ਵਿੱਚ ਵੱਡੇ ਹੀ ਉਤਸ਼ਾਹ ਨਾਲ ਕਰਦੇ ਹਨ, ਉਨ੍ਹਾਂ ਦੀ ਇਤਨੀ ਸੁੰਦ੍ਰਤਾ ਅਰ ਸ਼ੋਭਾ ਉਤਨੇ ਚਿਰ ਹੀ ਹੈ ਜਿਤਨਾ ਚਿਰ ਉਹ ਅਪਨੀ ਜਗ੍ਹਾ ਪਰ ਕਾਇਮ ਰਹਿਨ ਪਰੰਤੂ ਜਦ ਉਹ ਅਪਨੇ ਅਸਥਾਨ ਤੋਂ ਕੱਟਕੇ ਗੇਰੇ ਜਾਨ ਤਦ ਮਹਾਂ ਭਯਾਨਕ ਅਤੇ ਘ੍ਰਿਣਾਂ ਦੇ ਜੋਗ ਹੋ ਜਾਂਦੇ ਹਨ ਅਰ ਉਨ੍ਹਾਂ ਨੂੰ ਹੱਥ ਲਾਉਣ ਤੇ ਭੀ ਚਿਤ ਨੂੰ ਘ੍ਰਿਣਾ ਆਉਂਦੀ ਹੈ।

ਇਸੇ ਤਰ੍ਹਾਂ ਦੰਦ ਜਿਨ੍ਹਾਂ ਨੂੰ ਮੁਖ ਦਾ ਸ਼ਿੰਗਾਰ ਦੇਖਿਯਾ ਜਾਂਦਾ ਹੈ ਅਰ ਕਵੀ ਲੋਗ ਜਿਨ੍ਹਾਂ ਨੂੰ ਚੰਬੇ ਦੀਆਂ ਕਲੀਆਂ ਅਤੇ ਅਨਾਰ ਦੇ ਦਾਨਿਆਂ ਦੀ ਸ਼ੋਭਾ ਦਿੰਦੇ ਹਨ ਉਹੋ ਦੰਦ ਜੋ ਟੁੱਟ ਕੇ ਮੂੰਹ ਤੇ ਬਾਹਰ ਨਿਕਲ ਜਾਣ ਤਦ ਉਨ੍ਹਾਂ ਨੂੰ ਦੇਖਨ ਲਈ ਭੀ ਚਿੱਤ ਨਹੀਂ ਕਰਦਾ ਅਰ ਉਸ ਵੇਲੇ ਪੁਰਖ ਹੱਥ ਲਾਉਂਦਾ ਭੀ ਘ੍ਰਿਣਾਂ ਕਰਦਾ ਹੈ, ਜਿਸ ਤੇ ਸਾਬਤ ਹੁੰਦਾ ਹੈ ਕਿ ਦੰਦ ਅਪਨੀ ਜਗ੍ਹਾ ਪਰ ਹੀ ਸ਼ੋਭਾ ਦੇ ਜੋਗ ਹੁੰਦੇ ਹਨ।

ਇਸੀ ਤਰ੍ਹਾਂ ਫਾਰਸੀ ਦੇ ਵਿੱਚ ਇੱਕ ਕਥਨ ਹੈ ਕਿ "ਸੰਗੇ ਸੰਗੀਣ ਬਜਾਏ ਖੁਦ ਅਸਤ" ਇਸ ਦਾ ਤਾਤਪ੍ਰਜ ਇਹ ਹੈ ਕਿ ਪੱਥਰ ਅਪਨੀ ਜਗ੍ਹਾ ਪਰ ਪਿਆ ਹੀ ਭਾਰੀ

ਕਿਹਿਆ ਜਾਂਦਾ ਹੈ ਕਿੰਤੂ ਜਦ ਅਪਨੀ ਜਗ੍ਹਾ ਤੇ ਹਲ ਜਾਂਦਾ ਹੈ ਤਦ ਉਹ ਭਾਰਾ ਨਹੀਂ ਕਿਹਾ ਜਾਂਦਾ।

ਇਸੀ ਤਰ੍ਹਾਂ ਜਦ ਅਸੀਂ ਕੌਮਾਂ ਦਾ ਹਾਲ ਦੇਖਦੇ ਹਾਂ ਤਦ ਭੀ ਇਹੋ ਪਾਉਂਦੇ ਹਾਂ ਅਰ ਖਆਲ ਕਰਦੇ ਹਾਂ ਕਿ ਜਿਤਨਾਂ ਚਿਰ ਕੋਈ ਕੌਮ ਅਪਨੀ ਅਸਲੀ ਜਗ੍ਹਾਂ ਪਰ ਖੜੀ ਰਹਿੰਦੀ ਹੈ ਉਤਨਾ ਚਿਰ ਉਹ ਸ਼ੋਭਾ ਨੂੰ ਪਾਉਂਦੀ ਹੈ ਅਤੇ ਗਿਰਕੇ ਨਾਸ ਕਰ ਦੇਂਦੀ ਹੈ। ਹਿੰਦੂ ਕੌਮ ਇਸੇ ਵਾਸਤੇ ਗਿਰੀ ਹੋਈ ਕਹੀ ਜਾਂਦੀ ਹੈ ਜੋ ਇਹ ਕੌਮ ਅਪਨੀ ਅਸਲੀ ਹਾਲਤ ਤੇ ਗਿਰ ਪਈ ਹੈ, ਪਰੰਤੂ ਈਸਾਈ ਅਤੇ ਮੁਸਲਮਾਨ ਕੌਮਾਂ ਨੇ ਅੱਜ ਕੱਲ ਜੋ ਇੱਜ਼ਤ ਹਾਸਲ ਕੀਤੀ ਹੈ ਇਸ ਦਾ ਕਾਰਨ ਇਹੋ ਹੈ ਜੋ ਇਹ ਅਪਨੀ ਜਗ੍ਹਾ ਪਰ ਕਾਇਮ ਰਹੀਆਂ ਹਨ ਜਿਸ ਤੇ ਕੌਮੀ ਖਯਾਲਾਤ ਇਨ੍ਹਾਂ ਦੇ ਮਨਾਂ ਵਿੱਚ ਕੁੱਟ ਕੁੱਟ ਕੇ ਭਰੇ ਹੋਏ ਹਨ ਜਿਸ ਦੇ ਪ੍ਰਤਾਪ ਇਹ ਕੌਮਾਂ ਪ੍ਰਤਾਪਵਾਨ ਹਨ।

ਇਸੇ ਤਰ੍ਹਾਂ ਖਾਲਸਾ ਕੌਮ ਭੀ ਜਿਤਨੇ ਚਿਰ ਅੰਮ੍ਰਿਤ ਪਰ ਵਿਸ੍ਵਾਸ ਕਰਕੇ ਦਸਮੇ ' ਗੁਰੂ ਜੀ ਦੇ ਉਪਦੇਸ਼ਾਂ ਪਰ ਚਲਦੀ ਰਹੀ ਉਤਨਾਂ ਚਿਰ ਇਸ ਦੇ ਛੋਟੇ ਛੋਟੇ ਖਾਨਦਾਨ ਭੀ ਸਿੰਘ ਸਰਦਾਰ ਕਹਕੇ ਪੁਕਾਰੇ ਜਾਂਦੇ ਸਨ ਅਰ ਹੋਰ ਆਦਮੀਆਂ ਨੂੰ ਇਨ੍ਹਾਂ ਦੇ ਅੱਗੇ ਓਹ ਇੱਜ਼ਤ ਨਹੀਂ ਸੀ ਪਰੰਤੂ ਸ਼ੋਕ ਦੀ ਬਾਤ ਹੈ ਕਿ ਜਦ ਤੇ ਇਸ ਕੌਮ ਦੇ ਆਦਮੀ ਧਰਮ ਤੇ ਗਿਰ ਕੇ ਦਸਮੇਂ ਗੁਰੂ ਜੀ ਮਹਾਰਾਜ ਦੇ ਅੰਮ੍ਰਿਤ ਦੀ ਸ਼ਕਤੀ ਨੂੰ ਵਿਸਾਰ ਬੈਠੇ ਹਨ ਅਤੇ ਵਿਸ਼ੇ ਵਿਕਾਰਾਂ ਵਿੱਚ ਪੈ ਕੇ ਅਪਨਾ ਨਾਸ਼ ਕਰ ਬੈਠੇ ਹਨ ਤਦ ਤੇ ਇਹ ਕੌਮ ਹਾਸੀ ਦੇ ਜੋਗ ਹੋ ਗਈ ਹੈ। ਜਿਸ ਤੇ ਮੂਰਖ ਤੇ ਮੂਰਖ ਆਦਮੀ ਭੀ ਹਰ ਇੱਕ ਬੇਵਕੂਫੀ ਦੀ ਬਾਤ ਵਿੱਚ 'ਸਿੱਖਾਂ ਸ਼ਾਹੀ' ਕਰਕੇ ਪੁਕਾਰਨ ਲਗ ਗਿਆ ਹੈ ਇਸ ਦਾ ਕਾਰਨ ਇਹੋ ਹੈ ਜੋ ਖਾਲਸਾ ਜੀ ਅਪਨੇ ਅਸੂਲਾਂ ਪਰ ਪੱਕਾ ਨਹੀਂ ਰਿਹਾ, ਜਿਸ ਤੇ ਇਸ ਦੀ ਦੁਰਦਸ਼ਾ ਹੋ ਗਈ ਹੈ। ਇਸ ਵਾਸਤੇ ਅਸੀਂ ਵੱਡੀ ਨਿਮ੍ਰਤਾ ਨਾਲ ਪੰਥ ਹਿਤੈਸ਼ੀਆਂ ਅੱਗੇ ਬੇਨਤੀ ਕਰਦੇ ਹਾਂ ਕਿ ਐ ਸੱਜਨ ਜਨੋਂ ਆਪ ਜਾਗੋ ਅਰ ਦੇਖੋ ਜੋ ਆਪ ਦੀ ਹਾਲਤ ਕਿੱਥੋਂ ਤੋੜੀ ਗਿਰ ਗਈ ਹੈ, ਅਰ ਜਿਸ ਦਾ ਨਤੀਜਾ ਇਹ ਹੋਵੇਗਾ ਕਿ ਆਪ ਦੀ ਇੱਜ਼ਤ ਇਸ ਸੰਸਾਰ ਪਰ ਰੱਤੀ ਭਰ ਭੀ ਨਹੀਂ ਰਹੇਗੀ, ਇਸ ਵਾਸਤੇ ਹੇ ਸੱਜਨ ਜਨੋਂ ਆਪ ਉਠੋ ਅਰ ਪੁਕਾਰੋ ਕਿ ਐ ਪੰਥ ਤੂੰ ਅਪਨੇ ਅਸੂਲਾਂ ਪਰ ਪੱਕਾ ਰਹੁ।

੫੨. ਸਿੰਘਣੀਆਂ ਦੀ ਉੱਨਤੀ ਲਈ ਇਕ ਬੇਨਤੀ

(ਖ.ਅ.ਲ. ੯ ਅਗਸਤ, ੧੯੦੧ ਈ:)

ਜਦੋਂ ਅਸੀਂ ਕੌਮੀ ਉਨੱਤੀ ਦੇ ਸਾਧਨ ਸੋਚਦੇ ਹਾਂ ਤਾਂ ਉਨ੍ਹਾਂ ਸਾਧਨਾਂ ਵਿਚੋਂ ਇਕ ਤਰੱਕੀ ਦਾ ਸਾਧਨ ਸਾਨੂੰ ਇਸਤ੍ਰੀਆਂ ਦਾ ਅੱਛਾ ਅਰ ਧਰਮ ਪਰ ਪਰਪੱਕ ਹੋਣਾ ਨਜਰ ਆਉਂਦਾ ਹੈ ਕਿਉਂਕਿ ਜਿਸ ਕੌਮ ਦੀਆਂ ਇਸਤ੍ਰੀਆਂ ਧਰਮ ਪਰ ਦ੍ਰਿੜ੍ਹ ਅਤੇ ਸ੍ਰੇਸ਼ਟਾਚਾਰ ਰੱਖਦੀਆਂ ਹੋਣ ਉਸ ਕੌਮ ਦੇ ਹੋਣਹਾਰ ਬੱਚੇ ਭੀ ਛੋਟੀ ਉਮਰਾਂ ਤੋਂ ਹੀ ਧਰਮ ਦੇ ਨਿਸਚੇ ਵਾਲੇ ਹੁੰਦੇ ਹਨ। ਕਾਰਣ ਇਹ ਹੈ ਕਿ ਉਹ ਛੋਟੀ ਉਮਰਾਂ ਤੋਂ ਹੀ ਧਰਮ ਦੇ ਨਿਸ਼ਚੇ ਵਾਲੇ ਹੁੰਦੇ ਹਨ। ਕਾਰਣ ਇਹ ਹੈ ਕਿ ਉਹ ਛੋਟੀ ਉਮਰਾਂ ਤੋਂ ਹੀ ਧਰਮ ਦੀਆਂ ਗੱਲਾਂ ਆਪਣੀ ਮਾਈ ਪਾਸੋਂ ਸੁਣਦੇ ਰਹਿੰਦੇ ਹਨ ਜਿਸ ਤੇ ਉਨ੍ਹਾਂ ਦੇ ਹਿਰਦਿਆਂ ਵਿਚ ਧਰਮ ਦਾ ਅੰਕੁਰ ਦ੍ਰਿੜ੍ਹ ਹੋ ਜਾਂਦਾ ਹੈ, ਪਰੰਤੂ ਜਿਸ ਕੌਮ ਦੀਆਂ ਇਸਤ੍ਰੀਆਂ ਧਰਮ ਕਰਮ ਵਿਚ ਪ੍ਰੇਮ ਨਾ ਰੱਖਦੀਆਂ ਹੋਣ ਉਹ ਕੌਮਾਂ ਕਦੇ ਭੀ ਆਪਣੀ ਉੱਨਤੀ ਨਹੀਂ ਕਰ ਸਕਦੀਆਂ।

ਜਦੋਂ ਅਸੀਂ ਈਸਾਈ ਧਰਮ ਦੀਆਂ ਇਸਤ੍ਰੀਆਂ ਵੱਲ ਦੇਖਦੇ ਹਾਂ ਤਾਂ ਕੀ ਪਾਉਂਦੇ ਹਾਂ ਕਿ ਇਹ ਆਪਣੇ ਤਨ, ਮਨ ਅਤੇ ਧਨ ਨੂੰ ਕੌਮੀ ਉੱਨਤੀ ਵਾਸਤੇ ਖਰਚ ਕਰ ਰਹੀਆਂ ਹਨ, ਅਤੇ ਦੁਨਯਾਵੀ ਕੰਮਾਂ ਧੰਧਿਆਂ ਨੂੰ ਉਹ ਧਰਮ ਦੇ ਮੁਕਾਬਲੇ ਪਰ ਤੁਛ ਜਾਣਦੀਆਂ ਹਨ। ਕੋਈ ਈਸਾਈ ਇਸਤ੍ਰੀ ਐਸੀ ਨਾ ਹੋਵੇਗੀ ਜਿਸ ਨੂੰ ਆਪਣੇ ਧਰਮ ਨਾਲ ਪ੍ਰੇਮ ਨਾ ਹੋਵੇ ਅਰ ਅੰਜੀਲ ਤੋਂ ਵਾਕਫ ਨਾ ਹੋਵੇ। ਉਨ੍ਹਾਂ ਦੇ ਧਾਰਮਕ ਨਿਸਚੇ ਦਾ ਥੋੜਾ ਜਿਹਾ ਨਮੂਨਾ ਅਸੀਂ ਏਥੇ ਦਸਦੇ ਹਾਂ। ਜਿਸ ਦਿਨ ਐਤਵਾਰ ਹੁੰਦਾ ਹੈ ਤਾਂ ਐਨ ਵਕਤ ਪਰ ਉਹ ਹੱਥ ਵਿਚ ਅੰਜੀਲਾਂ ਫੜੀ ਗਿਰਜੇ ਵਿਖੇ ਪਹੁੰਚੀਆਂ ਹਨ, ਭਾਵੇਂ ਘਰਾਂ ਵਿਚ ਉਨ੍ਹਾਂ ਨੂੰ ਕਿਤਨਾ ਹੀ ਕੰਮ ਕਿਉਂ ਨਾ ਹੋਵੇ, ਜਿਨ੍ਹਾਂ ਨੂੰ ਦੇਖ ਦੇਖ ਕੇ ਉਨ੍ਹਾਂ ਦੇ ਬੱਚੇ ਬਚਪਨ ਤੋਂ ਹੀ ਵਧਕੇ ਉਨ੍ਹਾਂ ਦੇ ਹਿਰਦਿਆਂ ਵਿਚ ਧਰਮ ਭਾਵ ਦੇ ਹੋਣੇ ਦਾ ਨਮੂਨਾਂ ਇਹ ਹੈ ਕਿ ਬੜੇ ਬੜੇ ਘਰਾਣਿਆਂ ਦੀਆਂ ਮਿਸਾਂ ਸੰਸਾਰ ਦੇ ਸਾਰੇ ਐਸ਼ ਅਤੇ ਆਰਾਮ ਨੂੰ ਆਪਣੇ ਧਰਮ ਦੀ ਤਰੱਕੀ ਲਈ ਛੱਡ ਕੇ ਤਮਾਮ ਧਨ ਪਦਾਰਥ ਮੁਲਕ ਅਤੇ ਸਬੰਧੀਆਂ ਨੂੰ ਤਿਆਗ ਕੇ ਦੇਸ਼ ਤੋਂ ਪਰਦੇਸਾਂ ਵਿਚ ਜਾਕੇ ਧਰਮ ਉੱਨਤੀ ਲਈ ਕਸ਼ਟ ਸਹਾਰਦੀਆਂ ਹਨ, ਅਰ ਸ਼ਹਰ ਬਸ਼ਹਰ ਗਾਂਉਂ

ਗਾਂਉਂ ਅਤੇ ਘਰ ਘਰ ਵਿਚ ਫਿਰ ਫਿਰ ਕੇ ਆਪਣੇ ਧਰਮ ਦਾ ਪ੍ਰਚਾਰ ਕਰਦੀਆਂ ਹਨ। ਭਾਂਵੇਂ ਲੋਕੀ ਉਨ੍ਹਾਂ ਨੂੰ ਅਨੇਕ ਦੁਰਬਚਨ ਭੀ ਬੋਲਦੇ ਹਨ ਅਰ ਘਰਾਂ ਵਿਚ ਵੜਨੋਂ ਭੀ ਮਨ੍ਹਾ ਕਰਦੇ ਹਨ ਪਰੰਤੂ ਉਹ ਆਪਣੇ ਆਸ਼ੇ ਪਰ ਸਾਬਤ ਕਦਮ ਰਹਕੇ ਉਨ੍ਹਾਂ ਲੋਕਾਂ ਦੇ ਖੋਟੇ ਬਚਨਾਂ ਪਰ ਧਿਆਨ ਨਹੀਂ ਕਰਦੀਆਂ, ਜਿਸ ਦਾ ਫਲ ਇਹ ਹੋਯਾ ਹੈ ਕਿ ਅੱਜ ਕੱਲ ਕੋਈ ਐਸਾ ਮੁਲਕ ਅਤੇ ਦੇਸ ਦੇਖਣ ਵਿਚ ਨਹੀਂ ਆਉਂਦਾ ਜਿਸ ਵਿਚ ਇਹ ਧਰਮ ਉੱਨਤੀ ਨਾ ਕਰਦੀਆਂ ਹੋਣ, ਦੂਰ ਕਿਉਂ ਜਾਂਦੇ ਹੋ ਮਦਰਾਸ ਅਤੇ ਆਸਾਮ ਵਿਚ ਈਸਾਈਆਂ ਦੇ ਨੱਗਰਾਂ ਦੇ ਨੱਗਰ ਵਸਦੇ ਹਨ।

ਹੁਣ ਲਵੋ ਮੁਸਲਮਾਨ ਇਸਤ੍ਰੀਆਂ ਇਹ ਆਪਣੇ ਧਰਮ ਵਿਚ ਐਸੀਆਂ ਪੱਕੀਆਂ ਹੁੰਦੀਆਂ ਹਨ ਕਿ ਪੰਜ ਵੇਲੇ ਨਮਾਜ ਪੜ੍ਹਦੀਆਂ ਅਰ ਹਜ਼ਰਤ ਮੁਹੰਮਦ ਸਾਹਿਬ ਤੋਂ ਬਿਨਾਂ ਕਿਸੇ ਨੂੰ ਭੁੱਲਕੇ ਭੀ ਅੱਛਾ ਨਹੀਂ ਜਾਣਦੀਆਂ। ਆਪਣੇ ਦੀਨ ਦੀ ਉੱਨਤੀ ਲਈ ਇਹ ਭੀ ਈਸਾਈ ਇਸਤ੍ਰੀਆਂ ਤੋਂ ਘਟ ਯਤਨ ਨਹੀਂ ਕਰਦੀਆਂ ਕਿੰਤੂ ਜਦੋਂ ਇਹ ਹੋਰ ਕੌਮਾਂ ਦੀਆਂ ਇਸਤ੍ਰੀਆਂ ਨੂੰ ਮਿਲਦੀਆਂ ਹਨ ਤਾਂ ਉਨ੍ਹਾਂ ਨੂੰ ਆਪਣੇ ਧਰਮ ਦੀ ਉੱਤਮਤਾ ਦੱਸਣਾ ਆਪਣਾ ਬੜਾ ਭਾਰਾ ਫਰਜ਼ ਜਾਣਦੀਆਂ ਹਨ। ਅਰ ਆਪ ਭੁੱਲਕੇ ਭੀ ਹੋਰ ਪਾਸੇ ਦਿਲ ਨਹੀਂ ਡੁਲਾਉਂਦੀਆਂ। ਇਨ੍ਹਾਂ ਦੇ ਯਤਨ ਨੇ ਭੀ ੧੩ ਸੌ ਸਾਲਾਂ ਵਿਚ ਦੀਨ ਮੁਹੰਮਦੀ ਨੂੰ ਐਸੀ ਤਰੱਕੀ ਦਿੱਤੀ ਹੈ ਕਿ ਤਕਰੀਬਨ ਸਾਰੀ ਦੁਨੀਆਂ ਵਿੱਚ ਇਹ ਮਜ਼ਹਬ ਪਾਯਾ ਜਾਂਦਾ ਹੈ ਅਰ ਹਿੰਦੁਸਤਾਨ ਵਿਚ ਤਾਂ ਬਹੁਤ ਸਾਰੇ ਮੁਸਲਮਾਨ ਹੋ ਗਏ ਹਨ।

ਹੁਣ ਜਦੋਂ ਅਸੀਂ ਇਨ੍ਹਾਂ ਉਪਰਲੀਆਂ ਕੌਮਾਂ ਦੇ ਮੁਕਾਬਲੇ ਪਰ ਆਪਣੀ ਕੌਮ ਦੀਆਂ ਇਸਤ੍ਰੀਆਂ ਵੱਲ ਧਿਆਨ ਕਰਦੇ ਹਾਂ ਤਾਂ ਇਨ੍ਹਾਂ ਵਿਚ ਪ੍ਰੇਮ, ਪੰਥ ਉੱਨਤੀ ਦੀ ਗੰਧ ਮਾਤ੍ਰ ਭੀ ਨਹੀਂ ਪਾਉਂਦੇ ਕਿੰਤੂ ਅਨਪੜ੍ਹ, ਜਾਹਲ ਅਤੇ ਧਰਮ ਤੋਂ ਬਿਲਕੁਲ ਗਿਰੀਆਂ ਹੋਈਆਂ ਪਾਉਂਦੇ ਹਾਂ, ਦੇਸਾਂ ਪਰਦੇਸਾਂ ਵਿਚ ਭਰਮਨ ਕਰਕੇ ਧਰਮ ਦਾ ਪ੍ਰਚਾਰ ਕਰਨੇ ਦੀ ਉਮੈਦ ਤਾਂ ਇਕ ਪਾਸੇ ਰਹੀ ਇਨ੍ਹਾਂ ਦੇ ਘਰ ਦੇ ਬੱਚਿਆਂ ਨੂੰ ਭੀ ਮਾਲੂਮ ਨਹੀਂ ਹੁੰਦਾ ਕਿ ਧਰਮ ਕਿਸ ਵਸਤੂ ਦਾ ਨਾਮ ਹੈ ਅਰ ਅਸੀਂ ਕੌਣ ਹਾਂ, ਅਰ ਸਾਡਾ ਧਰਮ ਕੀ ਹੈ। ਪਹਿਲੇ ਸਮਿਆਂ ਦੀਆਂ ਇਸਤ੍ਰੀਆਂ ਨਾਲ ਜੇ ਅੱਜ ਕੱਲ ਦੀਆਂ ਦਾ ਮੁਕਾਬਲਾ ਕੀਤਾ ਜਾਵੇ ਤਾਂ

ਜ਼ਿਮੀਂ ਅਸਮਾਨ ਦਾ ਫਰਕ ਨਜਰ ਆਉਂਦਾ ਹੈ। ਕਿੱਥੇ ਮਾਈ ਭਾਗੋ ਦੀ ਸੂਰਬੀਰਤਾ ਅਰ ਨਿਸਚਾ, ਕਿੱਥੇ ਨਾਦਰਸ਼ਾਹ ਅਤੇ ਮੀਰ ਮਨੂੰ ਦੇ ਜ਼ੁਲਮਾਂ ਨੂੰ ਪ੍ਰਮੇਸ਼ਵਰ ਦਾ ਭਾਣਾ ਮਿੱਠਾ ਜਾਣ ਕੇ ਸਿਰ ਪਰ ਸਹਨੇ ਦੀ ਸਮ੍ਰੱਥਾ ਰੱਖਣ ਵਾਲੀਆਂ ਸਿੰਘਣੀਆਂ, ਜਿਨ੍ਹਾਂ ਦੇ ਕਾਰਨਾਮੇ ਸੁਣਕੇ ਮੁਰਦਾ ਦਿਲ ਵਿਚ ਭੀ ਇਕ ਵਾਰ ਤਾਂ ਧਰਮ ਦਾ ਜੋਸ਼ ਲਹਿਰਾਂ ਮਾਰ ਆਉਂਦਾ ਹੈ ਪਰੰਤੂ ਜਦੋਂ ਅਸੀਂ ਅੱਜ ਕੱਲ ਉਨ੍ਹਾਂ ਸਿਦਕਵਾਨਾਂ ਸਿੰਘਣੀਆਂ ਦੀ ਔਲਾਦ ਹੁਣ ਦੀਆਂ ਸਿੰਘਣੀਆਂ ਵੱਲ ਵੇਖਦੇ ਹਾਂ ਤਾਂ ਇਨ੍ਹਾਂ ਵਿੱਚ ਉਹ ਗੁਣ ਜੋ ਕਿ ਮਾਤਾ ਦੇ ਗੁਣ ਪੁਤਰੀਆਂ ਵਿੱਚ ਸਿਆਣੇ ਪੁਰਖ ਆਖਦੇ ਹਨ ਬਿਲਕੁਲ ਨਹੀਂ ਪਾਉਂਦੇ। ਉਹ ਜੁਲਮ ਦੇ ਸਮਿਆਂ ਵਿਚ ਜੂਹਾਂ ਅਤੇ ਜੰਗਲਾਂ ਵਿਚ ਜਿੱਥੇ ਸ਼ੇਰ ਆਦਿਕ ਜਾਨਵਰਾਂ ਦੇ ਭੈ ਸਨ ਨਿਧੜਕ ਵਿਚਰਦੀਆਂ ਅਰ ਆਪਣੇ ਭਰਾਵਾਂ ਦੀ ਸੇਵਾ ਵਿਚ ਹਿੱਸਾ ਲੈਂਦੀਆਂ ਸਨ। ਕਿੱਥੇ ਇਹ ਅੱਜ ਕਲ ਆਪਣੇ ਘਰਾਂ ਵਿਚ ਬਿੱਲੀਆਂ ਅਤੇ ਚੂਹਿਆਂ ਪਾਸੋਂ ਡਰਕੇ ਅੰਧੇਰੇ ਵਿਚ ਅੰਦਰ ਨਹੀਂ ਵੜਦੀਆਂ, ਕਿਥੇ ਕੈਦਖਾਨਿਆਂ ਅਰ ਜੰਗਲਾਂ ਵਿਚ ਭੁਖੇ ਅਤੇ ਪਿਆਸੇ ਰਹਿ ਕੇ ਬਾਣੀ ਦੇ ਪਾਠ ਅਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਬਿਨਾਂ ਨਾਗਾ ਦਰਸ਼ਨ ਕਰਨ ਵਾਲੀਆਂ ਸੁਭਾਗ ਇਸਤਰੀਆਂ, ਕਿੱਥੇ ਆਨੰਦ ਯੁਕਤ ਘਰਾਂ ਵਿਚ ਰਹਿ ਕੇ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਨਿਤਨੇਮ ਨੂੰ ਛੱਡ ਕੇ ਮੰਤਰਾਂ ਜੰਤਰ ਅਤੇ ਕਬਰਾਂ ਪਰ ਭਟਕਣ ਵਾਲੀਆਂ ਸਿੰਘਣੀਆਂ, ਕਿਥੇ ਅਕਾਲ ਪੁਰਖ ਤੋਂ ਬਿਨਾਂ ਕਿਸੇ ਦੇਵੀ, ਦੇਵਤੇ, ਭੂਤ ਪਰੇਤ ਅਤੇ ਅਵਤਾਰਾਂ ਪੈਗੰਬਰਾਂ ਨੂੰ ਤੁੱਛ ਸਮਝਣ ਵਾਲੀਆਂ ਸਿਦਕਵਾਨ ਭੈਣਾਂ, ਕਿਥੇ ਭਰਾਈਆਂ ਦੀਆਂ ਸ਼ੀਰਨੀਆਂ ਖਾਣ ਵਾਲੀਆਂ, ਕਿਥੇ ਔਲਾਦ ਨੂੰ ਸ੍ਰੇਸ਼ਟਾਚਾਰ ਦੀ ਹਰਦਮ ਸਿੱਖਿਆ ਦੇਣ ਵਾਲੀਆਂ ਕਿੱਥੇ ਆਪਣੀ ਹੱਥੀ ਕੁਰੀਤਾਂ ਦੀ ਸਿੱਖਿਯਾ ਦੇਣ ਵਾਲੀਆਂ, ਇਸ ਮੁਕਾਬਲੇ ਤੇ ਸਾਨੂੰ ਮਜਬੂਰਨ ਇਹ ਆਖਣਾਂ ਪੈਂਦਾ ਹੈ ਕਿ ਇਹ ਅੱਜ ਕਲ ਦੀਆਂ ਸਿੰਘਣੀਆਂ ਸਿੰਘਣੀਆਂ ਕਹਾਉਣ ਦੇ ਯੋਗ ਨਹੀਂ ਹਨ ਜਿਤਨੀ ਕੌਮੀ ਉੱਨਤੀ ਵਿਚ ਰੁਕਾਵਟ ਹੈ ਇਨ੍ਹਾਂ ਦੇ ਅਗਿਆਨ ਦੇ ਕਾਰਨ ਹੈ। ਅਸੀਂ ਜੋ ਕੁਝ ਕਰਦੇ ਹਾਂ ਇਹ ਸਾਡੇ ਵਿਰੁੱਧ ਕਰਦੀਆਂ ਹਨ, ਭਲਾਂ ਸੋਚੋ ਜਿਸ ਘਰ ਵਿਚ ਦੋ ਆਦਮੀਆਂ ਦੇ ਦੋ ਮਤੇ ਹੋਣ ਉਹ ਕਿੰਨਾ ਕੁ ਚਿਰ ਵੱਸੇਗਾ, ਇਸਤਰੀ ਨੂੰ ਲੋਕੀਂ ਪੁਰਖ ਦੀ ਵਜ਼ੀਰ ਆਖਦੇ ਹਨ ਭਲਾਂ ਜੇ ਵਜ਼ੀਰ ਹੀ ਬਾਦਸ਼ਾਹ ਦੇ ਉਲਟ ਹੋਵੇ ਤਾਂ ਫਿਰ ਕੌਣ ਰੱਖ ਸਕਦਾ ਹੈ। ਇਸੀ ਪਰ ਇਕ ਮਹਾਤਮਾਂ ਦਾ ਕਥਨ ਵੀ ਹੈ ਯਥਾ:

"ਖਸਮ ਪੂਜੇ ਦੇਵਤਾ ਭੂਤ ਪੂਜਨੀ ਜੋਇ।

ਏਕ ਗ੍ਰਿਹਿ ਵਿਖੇ ਦੋ ਮਤਾ ਕੁਸ਼ਲ ਕਵਨ ਵਿਧ ਹੋਇ।"

ਹੁਣ ਜ਼ਰਾ ਇਸ ਨੂੰ ਵਿਚਾਰਕੇ ਸਾਡੀਆਂ ਮਾਈਆਂ, ਭੈਣਾਂ ਤੇ ਬੀਬੀਆਂ ਹੀ ਦੱਸਣ ਕਿ ਤੁਸੀਂ ਹੋਰ ਕੌਮਾਂ ਦੀਆਂ ਇਸਤਰੀਆਂ ਦੇ ਮੁਕਾਬਲੇ ਪਰ ਆਪਣੇ ਧਰਮ ਵਿਚ ਕੀ ਉੱਨਤੀ ਕੀਤੀ ? ਸੁਵਾਏ ਇਸ ਦੇ ਕਿ ਤੁਸੀਂ ਆਪਨੀ ਉੱਤਮਤਾ ਅਤੇ ਧਰਮ ਭਾਵ ਤੋਂ ਗਿਰ ਕੇ ਅਧੋਗਤੀ ਨੂੰ ਚਲੀਆਂ ਗਈਆਂ ਹੋ। ਦੇਖੋ ਤੁਹਾਡੇ ਹਮਸਾਇਆ ਦੀਆਂ ਇਸਤ੍ਰੀਆਂ ਕਿਤਨੀ ਤਰੱਕੀ ਕਰ ਗਈਆਂ ਹਨ, ਅਰ ਤੁਸੀਂ ਇਤਨੀਆਂ ਗਿਰ ਗਈਆਂ ਅਰ ਦਿਨੋ ਦਿਨ ਗਿਰੀਆਂ ਜਾ ਰਹੀਆਂ ਹੋ, ਸੋਚੋ ਅਰ ਸੁਧਾਰੋ ਆਪਣੇ ਆਪ ਨੂੰ ਅਰ ਆਪਣੀਆਂ ਸਿੰਘਣੀਆਂ ਦੇ ਨਮੂਨੇ ਬਣਕੇ ਦੱਸੋ। ਇਸ ਸੁਭ ਅਮਨ ਦੇ ਰਾਜ ਵਿਚ ਉੱਤਮ ਸਮਯ ਹੈ ਇਹ ਯਾਦ ਰੱਖੋ ਜੇ ਹੁਣ ਵੀ ਨਾ ਉੱਨਤੀ ਕੀਤੀ ਤਾਂ ਫੇਰ ਤੁਸੀਂ ਕਦੋਂ ਧਰਮ ਭਾਵ ਦੀ ਹਾਲਤ ਵਿਚ ਆ ਸਕੋਗੀਆਂ।

ਅਸੀਂ ਬੜੀ ਨਿਮ੍ਰਤਾ ਨਾਲ ਆਪਣੀਆਂ ਮਾਈਆਂ, ਭੈਣਾਂ, ਬੀਬੀਆਂ ਅੱਗੇ ਬੇਨਤੀ ਕਰਦੇ ਹਾਂ ਕਿ ਇਸ ਉੱਤਮ ਰਾਜ ਵਿਚ ਹੁਣ ਤੁਹਾਡਾ ਉੱਨਤੀ ਕਰਨੇ ਦਾ ਵੇਲਾ ਹੈ, ਆਪਣੇ ਆਪ ਨੂੰ ਸੁਧਾਰੋ ਅਰ ਪੁਰਾਤਨੀ ਸਿੰਘਣੀਆਂ ਦੇ ਨਿਸਚੇ ਅਤੇ ਵਿਸ਼ਵਾਸ਼ ਨੂੰ ਕਾਇਮ ਰੱਖੋ ਜੋ ਤੁਹਾਡਾ ਪਰਮ ਕਰਤੱਵ ਅਤੇ ਕ੍ਰਿਤਗਯਤਾ ਹੈ, ਨਹੀਂ ਤਾਂ ਯਾਦ ਰੱਖੋ ਜੇ ਤੁਸੀਂ ਉਨ੍ਹਾਂ ਆਪਣੀਆਂ ਬੜੀਆਂ ਪਰਉਪਕਾਰਨਾਂ ਦਾ ਕਦਰ ਨਾ ਕੀਤਾ ਤਾਂ ਤੁਸੀਂ ਉਸ ਅਕ੍ਰਿਤਘਨਤਾਂ ਦੇ ਪਾਪ ਨਾਲ ਐਥੋਂ ਤਕ ਗਿਰ ਜਾਓਗੀਆਂ ਕਿ ਫੇਰ ਕਦੇ ਭੀ ਨਹੀਂ ਸੰਭਾਲ ਸਕੋਗੀਆਂ। ਸੋ ਆਸ਼ਾ ਹੈ ਸਾਡੀਆਂ ਭੈਣਾਂ ਜ਼ਰੂਰ ਅੱਜ ਤੋਂ ਆਪੋ ਆਪਣੀ ਥਾਂ ਧਰਮ ਉੱਨਤੀ ਦੇ ਬੀੜੇ ਉਠਾ ਕੇ ਪਹਿਲੇ ਆਪਣੇ ਆਪ ਨੂੰ ਸੁਧਾਰ ਦਾ ਯਤਨ ਕਰਨਗੀਆਂ।

ਪੜ. ਮੁੰਡਨ ਈਸ਼ਵਰ ਵੱਲੋਂ ਨਹੀਂ (ਖ.ਅ.ਲ.੧੯ ਅਗਸਤ, ੧੯੦੧ ਈ:)

ਮੁੰਡਨ ਦੀ ਰਸਮ ਅੱਜ ਕੱਲ ਇਤਨੀ ਤਰੱਕੀ ਪਰ ਹੈ ਕਿ ਕੋਈ ਹਿੰਦੂ ਸ਼ਾਇਦ ਹੀ ਇਸ ਤੇ ਬਚਿਆ ਹੋਵੇਗਾ, ਇਹ ਰਸਮ ਤਕਰੀਬਨ ਰੋਜ਼ ਰੋਜ਼ ਉੱਨਤੀ ਪਰ ਹੀ ਦੇਖੀ ਜਾ ਰਹੀ ਹੈ, ਇਸ ਦਾ ਪਹਿਲਾ ਸਬੂਤ ਇਹ ਹੈ ਕਿ ਬੀਸ ਬਰਸ ਪਹਿਲੇ ਜਿਤਨੇ ਹਿੰਦੂ ਹੁੰਦੇ

ਜੋ ਉਨ੍ਹਾਂ ਦੇ ਸਿਰਾਂ ਪਰ ਲੰਮੇ-ਲੰਮੇ ਪਟੇ ਅਤੇ ਦਾੜ੍ਹੀਆਂ ਹੁੰਦੀਆਂ ਸਨ ਜਿਨ੍ਹਾਂ ਦਾ ਨਮੂਨਾ ਕਿਤੇ-ਕਿਤੇ ਅਜੇ ਭੀ ਪਾਯਾ ਜਾਂਦਾ ਹੈ ਪਰੰਤੂ ਉਨ੍ਹਾਂ ਦੇ ਹੀ ਪੁੱਤਰ ਹੁਣ ਮੂੰਹ ਸਿਰ ਮਨਾਉਂਦੇ ਹਨ ਜਿਸ ਤੇ ਉਹ ਪਟਿਆਂ ਅਤੇ ਦਾੜ੍ਹੀ ਦੀ ਰਸਮ ਭੀ ਤਕਰੀਬਨ ਗੁੰਮ ਹੀ ਹੋ ਚੁੱਕੀ ਹੈ।

ਦੂਸਰਾ ਅੱਗੇ ਸਿਰਫ ਆਦਮੀ ਹੀ ਸਿਰ ਮੁਨਾਯਾ ਕਰਦੇ ਸੇ ਪਰੰਤੂ ਹੁਣ ਸਿਰ ਮੁੰਨੀ ਬੀਮਾਰੀ ਨੇ ਐਥੋਂ ਤਾਈਂ ਉੱਨਤੀ ਕੀਤੀ ਹੈ ਕਿ ਹਿੰਦੂਆਂ ਦੀਆਂ ਹਜ਼ਾਰਾਂ ਇਸਤ੍ਰੀਆਂ ਹਰਦੁਆਰ ਅਤੇ ਪ੍ਰਯਾਗ ਰਾਜ ਜਾਕੇ ਸਿਰ ਮੁਨਾਕੇ ਬੁਰੀਆਂ ਸ਼ਕਲਾਂ ਬਣਾਕੇ ਆਉਂਦੀਆਂ ਹਨ, ਖਾਸ ਕਰਕੇ ਮਾਰਵਾੜ ਅਤੇ ਨੇਪਾਲ ਆਦਿਕ ਇਲਾਕਿਆਂ ਨੇ ਇਸ ਵਿੱਚ ਬਹੁਤ ਉੱਨਤੀ ਕੀਤੀ ਹੈ।

ਬਹੁਤ ਸਾਰੇ ਵਿਚਾਰ ਤੋਂ ਰਹਿਤ ਪੁਰਸ਼ਾਂ ਦਾ ਇਹ ਖਿਆਲ ਹੈ ਕਿ ਇਹ ਮੁੰਡਨ ਈਸ਼ਵਰ ਦੀ ਆਗਿਆ ਅਨੁਸਾਰ ਹੈ ਜੋ ਈਸ਼ਵਰ ਨੇ ਵੇਦਾਂ ਵਿੱਚ ਲਿਖੀ ਹੋਈ ਹੈ। ਇਸ ਵਾਸਤੇ ਇਸ ਰਸਮ ਦਾ ਕਰਨਾ ਸਾਡਾ ਪਰਮ ਧਰਮ ਹੈ, ਪਰੰਤੂ ਜਦੋਂ ਵੇਦਾਂ ਵੱਲ ਨਿਗਾਹ ਕਰਦੇ ਹਾਂ ਤਾਂ ਉਨ੍ਹਾਂ ਵਿੱਚ ਉਸ ਵੇਦਕ ਈਸ਼ਵਰ ਦੀ ਸ਼ਕਲ ਇਹ ਦੱਸੀ ਹੋਈ ਹੈ ਯਥਾ:- "ਹ੍ਰਿਣਯ ਮੈ ਕੇਸ਼ ਹ੍ਰਿਣਯ ਸ਼ਮਸ਼੍ਰੂ" ਅਰਥਾਤ ਉਸ ਈਸ਼ਵਰ ਦੇ ਕੇਸ ਸੋਨੇ ਵਰਗੇ ਹਨ ਅਰ ਇਸੇ ਤਰ੍ਹਾਂ ਦੀ ਉਸ ਦੀ ਦਾੜ੍ਹੀ ਹੈ, ਹੁਣ ਇਸ ਵੇਦ ਵਾਕ ਦੇ ਵਿਚਾਰਨ ਤੇ ਇਹ ਸਿੱਧ ਹੁੰਦਾ ਹੈ ਕਿ ਜਿਸ ਈਸ਼ਵਰ ਦਾ ਵਰਣਨ ਇਨ੍ਹਾਂ ਵੇਦਾਂ ਵਿੱਚ ਹੈ ਉਹ ਕੇਸਾਂ ਅਤੇ ਦਾੜ੍ਹੀ ਵਾਲਾ ਹੈ ਫਿਰ ਕਿਆ ਕਾਰਨ ਹੈ ਕਿ ਉਹੋ ਈਸ਼ਵਰ ਆਪਣੀ ਔਲਾਦ ਨੂੰ ਇਸ ਸਿਰ ਮੁੰਨੀ ਰਸਮ ਦੀ ਸਿੱਖਿਆ ਦੇ ਕੇ ਇਹ ਆਖਦਾ ਹੈ ਕਿ ਮੁੰਡਨ ਤੁਹਾਡਾ ਪਰਮ ਧਰਮ ਹੈ, ਪਰੰਤੂ ਵਿਚਾਰ ਕਰਨੇ ਤੋਂ ਮਾਲੂਮ ਹੁੰਦਾ ਹੈ ਕਿ ਇਹ ਈਸ਼ਵਰੀਯ ਹੁਕਮ ਨਹੀਂ ਹੈ ਕਿੰਤੂ ਖੁਦਗਰਜ਼ ਲੋਕਾਂ ਨੇ ਆਪਣੇ ਮਨੋਰਥ ਦੀ ਸਿੱਧੀ ਵਾਸਤੇ ਇਕ ਢਕਵੰਜ ਚਲਾਏ ਹੋਏ ਹਨ। ਜੇ ਇਹ ਮੁੰਡਨ ਈਸ਼ਵਰ ਦੇ ਹੁਕਮ ਅਨੁਸਾਰ ਹੁੰਦਾ ਤਾਂ ਉਸ ਨੂੰ ਇਸ ਤੁਛ ਬਾਤ ਦੇ ਲਿਖਣ ਦੀ ਜ਼ਰੂਰਤ ਨਹੀਂ ਸੀ ਕਿੰਤੂ ਉਹ ਸਰਬ ਸ਼ਕਤੀਮਾਨ ਹੋਣੇ ਕਰਕੇ ਖੁਦ ਬਖੁਦ ਇਸ ਰਸਮ ਨੂੰ ਪੂਰਾ ਕਰ ਸਕਦਾ ਸੀ।

ਪਹਿਲੇ ਜੇ ਕਰਕੇ ਤਾਂ ਸਿਰ ਦੇ ਵਾਲਾਂ ਦਾ ਮੁੰਡਨ ਉਸ ਦੇ ਹੁਕਮ ਅਨੁਸਾਰ ਹੁੰਦਾ

ਤਾਂ ਉਸ ਸਰਬ ਸ਼ਕਤੀਮਾਨ ਈਸ਼ਵਰ ਨੂੰ ਨਾਈਆਂ ਦੀ ਜ਼ਰੂਰਤ ਨਹੀਂ ਸੀ ਕਿੰਤੂ ਉਹ ਆਪਣੀ ਸ਼ਕਤੀ ਨਾਲ ਮਿਆਦ ਮੁਕੱਰਰ ਪਰ ਸਾਰੇ ਜੀਵਾਂ ਦੇ ਮੁੰਡਨ ਕਰ ਸਕਦਾ ਸੀ, ਜਿਸ ਦਾ ਸਬੂਤ ਇਤਨਾ ਹੀ ਕਾਫੀ ਹੈ ਕਿ ਜਦੋਂ ਲੜਕਾ ਸੱਤਾਂ ਕੁ ਬਰਸਾਂ ਦਾ ਹੁੰਦਾ ਹੈ ਤਾਂ ਉਸ ਦੇ ਪਹਿਲੇ ਦੰਦ ਜੋ ਦੁੱਧ ਦੀਆਂ ਦੰਦੀਆਂ ਅਖਾਉਂਦੀਆਂ ਹਨ ਇਕ ਵਾਰ ਈਸ਼ਵਰ ਦੀ ਆਗਿਆ ਨਾਲ ਉਖੜ ਜਾਂਦੇ ਹਨ ਜਿਨ੍ਹਾਂ ਦੀ ਥਾਂ ਹੋਰ ਦੰਦ ਪੈਦਾ ਹੋ ਕੇ ਉਸ ਦੇ ਮੂੰਹ ਦੀ ਸ਼ੋਭਾ ਅਤੇ ਖਾਣਾ ਖਾਣੇ ਦਾ ਕੰਮ ਦੇਂਦੇ ਹਨ। ਜੇ ਮੁੰਡਨ ਈਸ਼ਵਰ ਦੀ ਆਗਿਆ ਅਨੁਸਾਰ ਹੁੰਦਾ ਤਾਂ ਉਹ ਜ਼ਰੂਰ ਕੋਈ ਸਮਾਂ ਨਿਯਤ ਕਰਕੇ ਆਪਣੀ ਕੁਦਰਤ ਨਾਲ ਦੰਦਾਂ ਵਾਂਗੂੰ ਸਾਰੀ ਸ੍ਰਿਸ਼ਟੀ ਦੇ ਵਾਲ ਉਤਾਰ ਦਿਆ ਕਰਦਾ ਜਿਸ ਤੋਂ ਹਰ ਇਕ ਆਦਮੀ ਨੂੰ ਭਰੋਸਾ ਹੁੰਦਾ ਕਿ ਇਹ ਠੀਕ ਈਸ਼ਵਰ ਦੀ ਆਗਿਆ ਦੇ ਅਨੁਸਾਰ ਹੈ ਅਰ ਇਹ ਭੀ ਦੰਦਾਂ ਵਾਂਗਰ ਸਾਰੀ ਦੁਨੀਆਂ ਦੇ ਲੜਕੇ ਲੜਕੀਆਂ ਦਾ ਹੋਣਾ ਚਾਹੀਦਾ ਸੀ ਨਾ ਕਿ ਸਿਰਫ ਮੁੰਡਿਆਂ ਦਾ। ਜੇਕਰ ਈਸ਼ਵਰ ਸਭ ਦਾ ਇਕ ਅਤੇ ਸਰਬ ਵਿਆਪੀ ਹੈ ਇਕੁਰ ਹੀ ਉਸ ਦਾ ਨਿਯਮ ਭੀ ਸਾਰੀ ਸ੍ਰਿਸ਼ਟੀ ਵਾਸਤੇ ਇਕ ਹੋਣਾ ਚਾਹੀਦਾ ਸੀ।

ਦੂਸਰਾ ਜੋ ਸਿਰ ਅਤੇ ਦਾੜ੍ਹੀ ਮਨਾਉਂਦੇ ਹਨ ਉਹ ਅੱਛੀ ਤਰ੍ਹਾਂ ਅਨੁਭਵ ਕਰ ਚੁੱਕੇ ਹਨ ਕਿ ਇਨ੍ਹਾਂ ਦਾ ਮੁਨਾਉਣਾ ਈਸ਼ਵਰ ਦੀ ਆਗਿਆ ਦੇ ਵਿਰੁੱਧ ਹੈ ਕਿਉਂਕਿ ਇਹ ਮੁਨਾਉਂਦੇ ਹਨ ਅਰ ਈਸ਼ਵਰ ਰੋਜ਼ ਫਿਰ ਪੈਦਾ ਕਰ ਦੇਂਦਾ ਹੈ, ਜੇ ਉਸ ਨੂੰ ਮਨਜ਼ੂਰ ਹੁੰਦਾ ਤਾਂ ਉਹ ਕਰ ਸਕਦਾ ਸੀ ਸਿਰ ਨੂੰ ਪਹਿਲੇ ਹੀ ਸਾਫ ਰੱਖਦਾ ਅਰ ਵਿਚਕਾਰ ਇਕ ਬੋਦੀ ਰੱਖ ਦੇਂਦਾ।

ਤੀਜਾ ਜੋ ਉਹ ਦਾੜ੍ਹੀ ਨੂੰ ਹੀ ਬੁਰਾ ਜਾਣਦਾ ਤਾਂ ਉਸੇ ਨੂੰ ਭੀ ਪੈਦਾ ਨਾ ਕਰਦਾ ਕਿਉਂਕਿ ਇਕੋ ਪਿਤਾ ਅਰ ਮਾਤਾ ਤੋਂ ਪੈਦਾ ਹੋਏ ਪੁੱਤਰਾਂ ਅਤੇ ਧੀਆਂ ਨੂੰ ਜਦੋਂ ਦੇਖੀਦਾ ਹੈ, ਤਾਂ ਉਸ ਦੀ ਇੱਛਾ ਸਾਫ ਪ੍ਰਗਟ ਹੋ ਜਾਂਦੀ ਹੈ ਜੋ ਲੜਕੇ ਨੂੰ ਦਾੜ੍ਹੀ ਅਤੇ ਮੁੱਛਾਂ ਆਉਂਦੀਆਂ ਹਨ ਅਰ ਲੜਕੀ ਨੂੰ ਨਹੀਂ ਆਉਂਦੀਆਂ, ਜੇ ਪੁਰਖਾਂ ਵਾਸਤੇ ਭੀ ਉਹ ਬੁਰਾ ਸਮਝਦਾ ਤਾਂ ਕਦੇ ਭੀ ਪੈਦਾ ਨਾ ਕਰਦਾ ਕਿੰਤੂ ਗੰਜੇ ਅਤੇ ਖੋਜੇ ਪੈਦਾ ਕਰ ਸਕਦਾ ਸੀ। ਇਨ੍ਹਾਂ ਥੋੜ੍ਹੀਆਂ ਜਿਹੀਆਂ ਯੁਕਤੀਆਂ ਤੋਂ ਸਿੱਧ ਹੁੰਦਾ ਹੈ ਕਿ ਮੁੰਡਨ ਸੰਸਕਾਰ ਅਥਵਾ

ਵਾਲਾਂ ਦਾ ਕਟਵਾਉਣਾ ਈਸ਼ਵਰ ਦੀ ਆਗਿਆ ਨਹੀਂ ਕਿੰਤੂ ਇਹ ਈਸ਼ਵਰ ਦੇ ਨਿਯਮਾਂ ਨੂੰ ਨਾ ਜਾਨਣੇ ਕਰਕੇ ਢਕਵੰਜ ਬਾਜ਼ੀ ਹੈ।

ਜੇ ਇਹ ਈਸ਼ਵਰ ਦਾ ਹੁਕਮ ਹੁੰਦਾ ਤਾਂ ਉਹ ਆਪ ਭੀ ਰੋਡਾ ਭੋਡਾ ਹੀ ਰਹਿੰਦਾ ਅਰਥਾਤ ਸੋਨੇ ਵਰਗੇ ਕੇਸ ਅਤੇ ਦਾੜ੍ਹੀ ਨਾ ਰੱਖਦਾ। ਜੇ ਉਹ ਆਪ ਤਾਂ ਜਟਾਜੂਟ ਰਹੇ ਅਰ ਲੋਕਾਂ ਨੂੰ ਮੁੰਡਨ ਦੱਸੇ ਉਸ ਦੀ ਬਾਤ ਮੰਨਣ ਯੋਗ ਨਹੀਂ ਹੈ ਜੋ ਕੰਮ ਆਪ ਤਾਂ ਕਰਦਾ ਨਹੀਂ ਹੋਰਨਾ ਨੂੰ ਦੱਸਦਾ ਹੈ ਉਸ ਪਰ ਕੌਣ ਵਿਸਵਾਸ਼ ਕਰ ਸਕਦਾ ਹੈ।

ਬਹੁਤ ਸਾਰੇ ਬੁੱਧੀਮਾਨਾਂ ਨੇ ਜੋ ਰਸਮਾਂ ਦੇ ਬੰਧਨਾਂ ਵਿੱਚ ਹੋਏ ਹਨ ਇਤਨਾ ਮੰਨ ਲਿਆ ਹੈ ਕਿ ਬੇਸ਼ਕ ਇਹ ਮੁੰਡਨ ਦੀ ਰਸਮ ਈਸ਼ਵਰ ਵੱਲੋਂ ਯਾ ਉਸ ਦੀ ਆਗਿਆ ਅਨੁਸਾਰ ਨਹੀਂ ਹੈ, ਕਿੰਤੂ ਮੁੰਡਨ ਇਸ ਵਾਸਤੇ ਕੀਤਾ ਜਾਂਦਾ ਹੈ ਕਿ ਉਹ ਵਾਲ ਜੋ ਮਾਤਾ ਦੇ ਗਰਭ ਵਿਚੋਂ ਆਏ ਹਨ ਮਹਾਂ ਅਸੁਧ ਅਤੇ ਮਲੀਨ ਹੁੰਦੇ ਹਨ ਜਿਸ ਤੇ ਦਾਨਾਵਾਂ ਇਨ੍ਹਾਂ ਦਾ ਮੁਨਾਉਣਾ ਜ਼ਰੂਰੀ ਕਥਨ ਕੀਤਾ ਹੈ। ਜਿਸ ਪਰ ਸਾਡੀ ਇਤਨੀ ਯੁਕਤੀ ਕਾਫੀ ਹੈ ਕਿ ਜੇ ਮੁੰਡਨ ਇਸ ਵਾਸਤੇ ਹੁੰਦਾ ਕਿ ਇਹ ਵਾਲ ਮਾਤਾ ਦੇ ਗਰਭ ਵਿਚੋਂ ਆਏ ਹਨ ਜਿਸ ਤੇ ਅਸੁਧ ਹੋਣੇ ਕਰਕੇ ਕਟਾਉਣੇ ਯੋਗ ਹੁੰਦੇ ਤਾਂ ਲੜਕੇ ਦਾ ਬਾਕੀ ਸਰੀਰ ਭੀ ਤਾਂ ਮਾਤਾ ਦੇ ਗਰਭ ਵਿਚੋਂ ਨਾਲ ਹੀ ਆਯਾ ਹੈ। ਇਸ ਲਈ ਉਸ ਦਾ ਚਮੜਾ ਭੀ ਉਤਾਰ ਦੇਣਾ ਚਾਹੀਦਾ ਸੀ ਬਲਕਿ ਉਹ ਤਾਂ ਵਾਲਾਂ ਨਾਲੋਂ ਭੀ ਅਸੁਧ ਹੈ ਕਿਉਂਕਿ ਉਸ ਦੇ ਅੰਦਰ ਵਿਸ਼ਟਾ, ਮੂਤਰ, ਲਹੂ, ਹੱਡ ਅਤੇ ਮਾਸ ਆਦਿਕ ਮਹਾਂ ਮਲੀਨ ਚੀਜ਼ਾਂ ਹਨ ਪਰੰਤੂ ਉਸ ਬੱਚੇ ਨੂੰ ਅਸੁਧਤਾ ਦਾ ਭੰਡਾਰ ਜਾਣਕੇ ਕੋਈ ਨਹੀਂ ਸਿੱਟ ਦਿੰਦਾ ਅਰ ਨਾ ਹੀ ਕਿਸੇ ਮਾਤਾ ਦੇ ਗਰਭ ਵਿਚੋਂ ਆਯਾ ਹੋਇਆ ਚਮੜਾ ਹੀ ਉਤਰਾਯਾ ਹੈ ਜਿਸ ਤੋਂ ਸਾਫ ਸਿੱਧ ਹੁੰਦਾ ਹੈ ਕਿ ਸਾਰੀ ਕਪੋਲ ਕਲਪਨਾ ਹੀ ਹੈ।

ਹੁਣ ਜਦੋਂ ਅਸੀਂ ਇਸ ਸਿਰ ਮੁੰਨੀ ਮਰਜ ਦੀ ਬੁਨਿਆਦ ਢੂੰਡਦੇ ਹਾਂ ਤਾਂ ਇਹੋ ਮਿਲਦੀ ਹੈ ਕਿ ਪ੍ਰਯਾਗ ਮਹਾਤਮ ਦੇ ਕਰਤਾ ਨੇ ਪੁਰਾਣੇ ਵੇਲਿਆਂ ਵਿੱਚ ਇਕ ਨਾਵਲ ਦੇ ਢੰਗ ਪਰ ਦੋ ਪ੍ਰਤਿਸ਼ਟਤ ਪੁਰਖਾਂ ਦੇ ਨਾਮ ਪਰ ਲਿਖਯਾ ਸੀ ਜਿਸ ਵਿੱਚ ਉਸ ਦੇ ਮੁੰਡਨ ਦਾ ਭਾਰਾ ਮਹਾਤਮ ਦੱਸਿਆ ਸੀ ਜਿਸ ਨੂੰ ਪੜ੍ਹ ਸੁਣਕੇ ਲੋਕ ਓਧਰ ਫਸ ਗਏ ਹਨ, ਅਸਲ ਵਿੱਚ ਇਹ ਈਸ਼ਵਰ ਆਗਿਆ ਦੇ ਵਿਰੁੱਧ ਹੈ ਕਿਉਂਕਿ ਈਸ਼ਵਰ ਦੀ ਆਗਿਆ ਇਸ

ਤਰ੍ਹਾਂ ਹੈ, ਯਥਾ:-"ਮੂੰਡ ਮੁੰਡਾਏ ਜੋ ਸਿਧ ਪਾਈ। ਮੁਕਤੀ ਭੇਡ ਨ ਗਈਆਂ ਕਾਈ।" ਅਰਥਾਤ ਜੇ ਸਿਰ ਮੁਨਾਉਣ ਤੋਂ ਸਿੱਧ ਅਰਥਾਤ ਮੁਕਤੀ ਪਾ ਲੈਂਦਾ ਤਾਂ ਸਾਰੀਆਂ ਭੇਡਾਂ ਮੁਕਤ ਹੋ ਜਾਂਦੀਆਂ ਜੋ ਨਹੀਂ ਹੋਈਆਂ।

ਇਸ ਵਾਸਤੇ ਹੇ ਸੱਜਣ ਪੁਰਸ਼ੋ ਇਹ ਮੁੰਡਨ ਈਸ਼੍ਵਰ ਦੀ ਆਗਿਆ ਨਹੀਂ ਹੈ ਕਿੰਤੂ ਉਸ ਦੇ ਹੁਕਮ ਦੇ ਵਿਰੁੱਧ ਹੈ।

ਅਸੀਂ ਆਪਣੇ ਸੱਜਣਾਂ ਅੱਗੇ ਬੜੀ ਅਧੀਨਗੀ ਨਾਲ ਨਵੇਦਨ ਕਰਦੇ ਹਾਂ ਕਿ ਇਹ ਈਸ਼੍ਵਰ ਦਾ ਹੁਕਮ ਨਹੀਂ ਕਿੰਤੂ ਖੁਦਗਰਜ ਲੋਕਾਂ ਨੇ ਮੂਰਖਾਂ ਦੇ ਠੱਗਣੇ ਵਾਸਤੇ ਢਕਵੰਜ ਬਣਾਏ ਹੋਏ ਹਨ ਅਰ ਤੁਹਾਨੂੰ ਈਸ਼੍ਵਰ ਦੀ ਆਗਿਆ ਦੇ ਵਿਰੁੱਧ ਕਰ ਰਹੇ ਹਨ। ਯਾਦ ਰੱਖੋ ਜੋ ਹੁਣ ਇਹ ਪਤਾ ਲੱਗਣ ਪਰ ਭੀ ਆਪ ਈਸ਼੍ਵਰ ਅਕਾਲ ਪੁਰਖ ਦੀ ਆਗਿਆ ਭੰਗ ਕਰਨ ਤੋਂ ਬਾਜ਼ ਨਹੀਂ ਆਓਗੇ ਤਾਂ ਯਾਦ ਰੱਖੋ ਕਿ ਸੁਵਾਏ ਪਸਚਾਤਾਪ ਤੋਂ ਕੋਈ ਯਤਨ ਤੁਸੀਂ ਨਹੀਂ ਕਰ ਸਕੋਗੇ, ਆਸ਼ਾ ਹੈ ਆਪ ਹੁਣ ਜ਼ਰੂਰ ਆਪਣੇ ਆਪ ਨੂੰ ਸੰਭਾਲੋਗੇ ਤਾਂ ਕਿ ਪਿੱਛੋਂ ਪਛਤਾਉਣਾ ਨਾ ਪਵੇ।

ਇਤਿ

ਚੋਣਵੀਆਂ ਪੁਸਤਕਾਂ ਦੀ ਸੂਚੀ

ਲੜੀ ਨੰ:	ਪੁਸਤਕ ਦਾ ਨਾਂ	ਲੇਖਕ ਦਾ ਨਾਂ
੧.	ਸਿੰਘ ਸਭਾ ਦਾ ਮੋਢੀ ਅਰਥਾਤ ਜੀਵਨ ਬ੍ਰਿਤਾਂਤ ਗਿਆਨੀ ਦਿੱਤ ਸਿੰਘ ਜੀ (੧੯੫੧ਈ:)	ਸ੍ਰ. ਦਲਜੀਤ ਸਿੰਘ, ਅੰਮ੍ਰਿਤਸਰ
੨.	ਜੀਵਨ ਚਰਿਤਰ ਗਿਆਨੀ ਦਿੱਤ ਸਿੰਘ ਜੀ (੧੯੬੨ ਈ:)	ਗਿਆਨੀ ਅਮਰ ਸਿੰਘ ਗੁਲਾਬ ਜਨਰਲ ਸਟੋਰ, ਅੰਮ੍ਰਿਤਸਰ
੩.	ਸ਼ੀਰੀਂ ਫ਼ਰਹਾਦ ਕ੍ਰਿਤ ਭਾਈ ਦਿੱਤ ਸਿੰਘ ਗਿਆਨੀ (੧੯੬੩ ਈ:)	ਸੰਪਾਦਕ ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ
੪.	ਗਿਆਨੀ ਦਿੱਤ ਸਿੰਘ ਰਚਨਾਵਲੀ (੧੯੭੭ ਈ;)	ਸੰਪਾਦਕ ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ ਭਾਸ਼ਾ ਵਿਭਾਗ ਪੰਜਾਬ, ਪਟਿਆਲਾ
੫.	ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਜੀ (ਜੀਵਨੀ) (੧੯੮੫)	ਕੈਪਟਨ ਧਰਮ ਸਿੰਘ, ਪਿੰਡ ਬੜਾਲਾ
੬.	ਗਿਆਨੀ ਦਿੱਤ ਸਿੰਘ ਜੀਵਨ ਤੇ ਰਚਨਾ (੧੯੯੭ਈ:)	ਡਾ: ਨਰਿੰਦਰ ਸਿੰਘ ਕਪੂਰ, ਪਟਿਆਲਾ
੭.	ਗਿਆਨੀ ਦਿੱਤ ਸਿੰਘ ਜੀਵਨ ਅਤੇ ਰਚਨਾ ੧੯੯੯ ਈ:)	ਸੰਪਾਦਕ ਗਿਆਨੀ ਗੁਰਦਿੱਤ ਸਿੰਘ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ
੮.	ਭਾਈ ਦਿੱਤ ਸਿੰਘ ਗਿਆਨੀ ਜੀਵਨ, ਰਚਨਾ ਤੇ ਸ਼ਖ਼ਸੀਅਤ (੨੦੦੫ ਈ:)	ਡਾ. ਕਰਨੈਲ ਸਿੰਘ ਸੋਮਲ ਮੋਹਾਲੀ

ਜਰੂਰੀ ਸੂਚਨਾਂ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਪੰਜਾਬੀ ਦੇ ਪਹਿਲੇ ਪ੍ਰੋਫੈਸਰ, ਸਿੱਖ ਧਰਮ/ਇਤਿਹਾਸ ਦੇ ਮਹਾਨ ਵਿਦਵਾਨ, ਉੱਚ ਕੋਟੀ ਦੇ ਕਵੀ, ਪ੍ਰਸਿੱਧ ਲੇਖਕ, ਉੱਘੇ ਡਿਵੇਟਰ, ਉੱਤਮ ਵਿਆਖਿਆਕਾਰ, ਸ੍ਰੇਸ਼ਟ ਟੀਕਾਕਾਰ ਅਤੇ ਸਰਬੋਤਮ ਉਪਦੇਸ਼ਕ, ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਖਾਲਸਾ ਅਖਬਾਰ, ਲਹੌਰ ਦੇ ਐਡੀਟਰ, ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਅਤੇ ਲਹੌਰ ਦੇ ਬਾਨੀ, ਖਾਲਸਾ ਦੀਵਾਨ ਲਹੌਰ ਅਤੇ ਖਾਲਸਾ ਕਾਲਜ, ਅੰਮ੍ਰਿਤਸਰ ਦੇ ਮੋਢੀ ਸਨ ਜਿਨ੍ਹਾਂ ਨੇ ਆਪਣੇ ਛੋਟੇ ਜਿਹੇ ਜੀਵਨ ਕਾਲ (੧੮੫੦-੧੯੦੧) ਦੌਰਾਨ ਪੰਜਾਬੀ ਮਾਂ ਬੋਲੀ ਦੀ ਝੋਲੀ ੭੧ ਪੁਸਤਕਾਂ ਨਾਲ ਭਰਕੇ ਉਸ ਦੀ ਗੋਦੀ ਨੂੰ ਹਰਾ ਭਰਾ ਕਰਕੇ ਆਪਣੇ ਖ਼ੂਨ ਨਾਲ ਸਿੱਖੀ ਦੇ ਬੂਟੇ ਨੂੰ ਸਿੰਜਿਆ ਅਤੇ ਖਾਲਸਾ ਪੰਥ ਦੀ ਨਿਸ਼ਕਾਮ ਸੇਵਾ ਅੰਤਮ ਸੁਆਸਾਂ ਤੱਕ ਨਿਭਾਈ।

ਅਜਿਹੀ ਲਾਸਾਨੀ ਸ਼ਖਸੀਅਤ ਦੀਆਂ ਕ੍ਰਿਤਾਂ ਦੀ ਪੁਨਰ-ਛਾਪ ਦੀ ਪ੍ਰਕਾਸ਼ਨਾ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਪਹਿਲਾ ਤੋਂ ਬਾਰ੍ਹਵਾਂ" ਦੇ ਰੂਪ ਵਿੱਚ ਸੰਪਾਦਤ ਅਤੇ ਪ੍ਰਕਾਸ਼ਤ ਕਰਨ ਉਪਰੰਤ ਸੰਗਤਾਂ ਵਿੱਚ ਮੁਫ਼ਤ ਵੰਡਣ ਦਾ ਨਿਮਾਣਾ ਜਿਹਾ ਉਪਰਾਲਾ ਸ੍ਰ: ਪ੍ਰੀਤਮ ਸਿੰਘ ਐਮ.ਏ. ਵੱਲੋਂ ਜਨਵਰੀ ੨੦੦੫ ਈ: ਤੋਂ ਕੀਤਾ ਗਿਆ ਹੈ। ਪ੍ਰਮਾਤਮਾ ਦੀ ਅਪਾਰ ਕ੍ਰਿਪਾ ਸਦਕਾ ਇਸ ਰਚਨਾਵਲੀ ਦੀ ਲੜੀ ਦੇ ਬਾਕੀ ਰਹਿੰਦੇ ਚਾਰ ਭਾਗ (ਤੇਰ੍ਹਵਾਂ ਤੋਂ ਸੋਲ੍ਹਵਾਂ) ਵੀ ਸੰਗਤਾਂ ਦੇ ਰੂ-ਬ-ਰੂ ਕਰਨ ਦੇ ਉੱਦਮ ਜਾਰੀ ਹਨ ਜਿਸ ਨਾਲ ਗਿਆਨੀ ਜੀ ਦੀਆਂ ਇੱਕ ਸਦੀ ਤੋਂ ਵੀ ਵੱਧ ਪੁਰਾਣੀਆਂ ਅਨਮੋਲ ਰਚਨਾਵਾਂ, ਜਿਨ੍ਹਾਂ ਨੂੰ ਅੱਜ ਤੱਕ ਅਣਗੌਲਿਆ ਕਰ ਛੱਡਿਆ ਸੀ, ਨੂੰ ਪੁਨਰ-ਛਾਪ ਰੂਪ ਵਿੱਚ ਮੁੜ ਇੱਕੀਵੀਂ ਸਦੀ ਦੌਰਾਨ ਆਮ ਲੋਕਾਂ ਤੱਕ ਪੁੱਜਦਾ ਕੀਤਾ ਜਾ ਰਿਹਾ ਹੈ।

ਸੰਗਤਾਂ ਅਤੇ ਆਮ ਲੋਕਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੀਆਂ ਮਹਾਨ ਅਤੇ ਦੁਰਲੱਭ ਕ੍ਰਿਤਾਂ/ਲਿਖਤਾਂ ਬਤੌਰ ਪੁਨਰ-ਛਾਪ ਰੂਪ ਵਿੱਚ ਹੇਠ ਦਿੱਤੇ ਪਤੇ ਉੱਤੇ ਉਪਲਬਧ ਹਨ ਜਿੰਨਾਂ ਤੋਂ ਪੂਰਾ-ਪੂਰਾ ਲਾਭ ਉਠਾਇਆ ਜਾ ਸਕਦਾ ਹੈ।

ਚੇਅਰਮੈਨ,
ਭਾਈ ਦਿੱਤ ਸਿੰਘ ਗਿਆਨੀ ਮੈਮੋਰੀਅਲ ਚੈਰੀਟੇਬਲ ਟਰੱਸਟ (ਰਜਿ.)
ਪ੍ਰਬੰਧਕੀ ਦਫ਼ਤਰ ਨੰ: ੪੭੭੬, ਸੈਕਟਰ ੬੪, ਐਸ.ਏ.ਐਸ. ਨਗਰ (ਮੋਹਾਲੀ)
ਜਿਲ੍ਹਾ ਐਸ.ਏ.ਐਸ. ਨਗਰ, ਪੰਜਾਬ-੧੬੦੦੬੨

ਲੇਖਕ, ਸੰਪਾਦਕ ਅਤੇ ਪ੍ਰਕਾਸ਼ਕ



ਲੇਖਕ	:	ਪ੍ਰੀਤਮ ਸਿੰਘ ਐਮ. ਏ. (ਅਰਥ ਸ਼ਾਸਤਰ ਅਤੇ ਲੋਕ ਪ੍ਰਸ਼ਾਸਨ)
ਜਨਮ	:	੫-੧੦-੧੯੪੨ ਈ :
ਵਲਦੀਕ	:	ਪੁੱਤਰ ਸ: ਈਸ਼ਰ ਸਿੰਘ ਵਲਦ ਸ: ਕਿਸ਼ਨ ਸਿੰਘ
ਪਿੰਡ	:	ਅੰਧੇੜੀ ਜ਼ਿਲ੍ਹਾ ਸੰਗਰੂਰ (ਪੰਜਾਬ)
ਕਿੱਤਾ	:	ਜੌਇੰਟ ਡਾਇਰੈਕਟਰ (ਰਿਟਾ:) ਅਰਥ ਅਤੇ ਅੰਕੜਾ ਸੰਗਠਨ ਡਿਪਾਰਟਮੈਂਟ ਆਫ ਪਲਾਨਿੰਗ ਪੰਜਾਬ ਸਰਕਾਰ ਚੰਡੀਗੜ੍ਹ
ਰਿਟਾ.	:	੩੧-੧੦-੨੦੦੦ ਈ
ਮੌਜੂਦਾ ਪਤਾ	:	ਮਕਾਨ ਨੰ:- ੪੧੬, ਫੇਜ਼ ੧੦ ਐਸ. ਏ. ਐਸ. ਨਗਰ (ਮੋਹਾਲੀ) ਪੰਜਾਬ -੧੬੦੦੬੨
ਟੈਲੀਫੋਨ	:	੦੧੭੨-੨੨੧੨੦੨੦